ਦੰਦਾਂ ਦੇ ਤੁਹਾਡੇ ਆਪਣੇ ਪੰਜਾਬੀ ਡਾਕਟਰ
AV DENTAL
ਏ ਵੀ ਡੈਂਟਲ ਕਲੀਨਿਕ
Dr. Vuppala has 12 years experience
Dr. Aulakh is UoP San Francisco Graduate
Call us today at 408-295-1100 to book your Appointment
FREE ORAL B Smart Kit (valued at $175) details in our ad page 2
OPEN late evenings, Saturday and Sunday
2195 Monterey Road, Suite 30, San Jose, CA

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
□ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ
□ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
3100 Mowry Ave. #303, Fremont, CA 94538
E-mail: kuldipdhariwal@yahoo.com

ਕੁਲਦੀਪ ਸਿੰਘ ਧਾਰੀਵਾਲ

Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 31, July 31, 2010 | 20451 N Plum Grove Rd. Palatine, IL 60074 | Ph:847-359-0746, Fax:847-705-9388



ਲੋਕ ਸਭਾ ਵਿਚ ਵਿਰੋਧੀ ਧਿਰ ਦੇ ਮੈਂਬਰ ਮਹਿੰਗਾਈ ਖ਼ਿਲਾਫ਼ ਹੰਗਾਮਾ ਕਰਦੇ ਹੋਏ

## ਮਹਿੰਗਾਈ ਨੂੰ ਲੈ ਕੇ ਸੰਸਦ ਦੇ ਦੋਹਾਂ ਸਦਨਾਂ ਵਿਚ ਜ਼ਬਰਦਸਤ ਹੰਗਾਮਾ

**ਨਵੀਂ ਦਿੱਲੀ:** ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਮੰਗਲਵਾਰ ਸੰਸਦ ਦੇ ਮਾਨਸੂਨ ਰੁਤ ਸਮਾਗਮ ਦੇ ਦੂਜੇ ਦਿਨ ਸੰਸਦ ਦੇ ਦੋਹਾਂ ਸਦਨਾਂ ਵਿਚ ਜ਼ੋਰਦਾਰ ਹੰਗਾਮਾ ਹੋਇਆ ਅਤੇ ਵਿਰੋਧੀ ਧਿਰ ਨੇ ਕਾਰਵਾਈ ਨਾ ਚੱਲਣ ਦਿੱਤੀ। ਸਮੁੱਚੀ ਵਿਰੋਧੀ ਧਿਰ ਨੇ ਇਕਜੁੱਟ ਹੁੰਦਿਆਂ ਇਸ ਮੁੱਦੇ ਉਤੇ ਅਜਿਹੇ ਮਤੇ ਤਹਿਤ ਚਰਚਾ ਕਰਾਉਣ ਦੀ ਮੰਗ ਕੀਤੀ ਜਿਸ ਵਿਚ ਵੋਟਿੰਗ ਜ਼ਰੂਰੀ ਹੋਵੇ ਪਰ ਸਰਕਾਰ ਇਸ ਲਈ ਰਾਜ਼ੀ ਨਾ ਹੋਈ। ਵਿਰੋਧੀ ਧਿਰ ਦੇ ਹੰਗਾਮੇ ਨੂੰ ਵੇਖਦਿਆਂ ਅਖੀਰ ਦੋਹਾਂ ਸਦਨਾਂ ਦੇ ਸਭਾਪਤੀਆਂ ਨੇ ਕਾਰਵਾਈ ਅਗਲੇ ਦਿਨ ਤੱਕ ਲਈ ਮੁਲਤਵੀ ਕਰ ਦਿੱਤੀ।

ਪਾਰਟੀ ਪੱਧਰ ਤੋਂ ਉਪਰ ਉਠਦਿਆਂ ਭਾਜਪਾ ਦੀ ਅਗਵਾਈ ਹੇਠ ਐਨ.ਡੀ.ਏ. ਪਾਰਟੀਆਂ ਤੇ ਖੱਬੀਆਂ ਪਾਰਟੀਆਂ ਨੇ ਦੋਵੇਂ ਸਦਨਾਂ ਲੋਕ ਸਭਾ

*(ਬਾਕੀ ਸਫਾ 10 'ਤੇ)*

## ਭਾਰਤੀ ਖੇਡ ਤੰਤਰ ਦੀ ਲੁੱਚ-ਪਹੁ 'ਚ ਝੰਡੀ

ਜਲੰਧਰ: ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਫਾਡੀ ਰਹਿਣ ਵਾਲੇ ਭਾਰਤੀ ਖੇਡ ਤੰਤਰ ਨੇ ਦੁਰਕਰਮਾਂ ਤੇ ਲੁੱਚ-ਪਹੁ ਵਿਚ ਝੰਡੀ ਕਰ ਦਿੱਤੀ ਹੈ। ਪਿਛਲੇ ਡੇਢ ਕੁ ਹਫਤੇ ਦੇ ਸਮੇਂ ਵਿਚ ਹੀ ਦੋ ਸਕੈਂਡਲ ਅਜਿਹੇ ਸਾਹਮਣੇ ਆਏ ਹਨ ਜਿਹੜੇ ਦਰਸਾਉਂਦੇ ਹਨ ਕਿ ਭਾਰਤੀ ਖੇਡ ਅਧਿਕਾਰੀ, ਪ੍ਰਸਾਸ਼ਨ ਅਤੇ ਕੋਚਾਂ ਦਾ ਅਮਲਾ ਸਿਰੇ ਤੱਕ ਨਿਘਰਿਆ ਪਿਆ ਹੈ।

ਪਿਛਲੇ ਹਫਤੇ ਇਹ ਸੱਚ ਸਾਹਮਣੇ ਆਇਆ ਕਿ ਭਾਰਤੀ ਮਹਿਲਾ ਹਾਕੀ ਦੇ ਕੋਚਿੰਗ ਸਟਾਫ ਦਾ ਇਕ ਮਹੱਤਵਪੂਰਨ ਮੈਂਬਰ ਬਾਸਵ ਰਾਜ ਜਿਸਮ ਫਰੋਸ਼ੀ ਦੇ ਧੰਦੇ ਵਿਚ ਲਿਪਤ ਹੈ ਅਤੇ ਉਸ ਦੀਆਂ ਇਸ ਤਰ੍ਹਾਂ ਦੀਆਂ ਤਸਵੀਰਾਂ ਵੀ ਜੱਗ ਜ਼ਾਹਿਰ ਹੋਈਆਂ। ਇਸੇ ਤਰ੍ਹਾਂ ਇਕ ਹਾਕੀ ਖਿਡਾਰੀ ਰਨਜੀਤਾ ਨੇ ਕੋਚ ਐਮ.ਕੇ. ਕੌਸ਼ਿਕ ਉਪਰ ਵੀ ਹਾਕੀ ਖਿਡਾਰਨਾਂ ਦਾ ਕਾਮੁਕ ਸ਼ੋਸ਼ਣ ਕਰਨ ਦੇ ਦੋਸ਼ ਲਾਏ ਹਨ। ਬਾਸਵ ਰਾਜ ਉਪਰ ਦੋਸ਼ ਲੱਗੇ ਹਨ ਕਿ ਉਸ ਨੇ ਬੀਤੇ ਮਾਰਚ-ਅਪਰੈਲ ਵਿਚ ਚੀਨ ਅਤੇ ਕੈਨੇਡਾ ਦੇ ਦੌਰੇ ਦੌਰਾਨ ਇਕ ਜਿਸਮ ਫਰੋਸ਼ ਔਰਤ ਨਾਲ ਸੰਬੰਧ ਬਣਾਏ ਅਤੇ ਇਸ ਬਾਰੇ ਇਕ ਖਿਡਾਰਨ ਨੇ ਤਸਵੀਰਾਂ ਈਮੇਲ ਰਾਹੀਂ ਹਾਕੀ ਇੰਡੀਆ ਨੂੰ ਭੇਜ ਦਿੱਤੀਆਂ। ਆਪਣੇ ਉਪਰ ਲੱਗੇ ਦੋਸ਼ਾਂ ਦੇ



ਐਮ.ਕੇ. ਕੌਸ਼ਿਕ



ਰਨਜੀਤਾ ਦੇਵੀ

ਮੱਦੇਨਜ਼ਰ ਕੋਚ ਐਮ. ਕੇ. ਕੌਸ਼ਿਕ ਨੇ ਅਸਤੀਫਾ ਦੇ ਦਿੱਤਾ ਹੈ। 27 ਜੁਲਾਈ ਤੋਂ ਕੋਰੀਆ ਵਿਚ ਸ਼ੁਰੂ ਹੋਏ ਹਾਕੀ ਟੂਰਨਾਮੈਂਟ ਵਿਚ ਹੁਣ ਉਹ ਮੌਜੂਦ ਨਹੀਂ ਹਨ ਤੇ ਉਨ੍ਹਾਂ ਦੀ ਥਾਂ ਅਸਿਸਟੈਂਟ ਕੋਚ ਟੀਮ ਦੀ ਅਗਵਾਈ ਸੰਭਾਲਣਗੇ।

ਭਾਵੇਂ ਐਮ.ਕੇ ਕੌਸ਼ਿਕ ਨੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਰੱਦ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਇਨ੍ਹਾਂ ਦੋਸ਼ਾਂ ਤੋਂ ਬਰੀ ਹੋ ਕੇ ਮੈਦਾਨ ਵਿਚ ਉਤਰਨਗੇ, ਪਰ ਫਿਰ ਵੀ ਦੋਸ਼ ਲਾਉਣ

*(ਬਾਕੀ ਸਫਾ 6 'ਤੇ)*

## ਫੂਲਕਾ-ਸਰਨਾ ਵਿਵਾਦ:ਅਗਲੀ ਪੇਸ਼ੀ 7 ਅਗਸਤ ਨੂੰ

**ਬਿੰਦਰ ਬਸਰਾ**

ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਮੁਕੱਦਮੇ ਲੜ ਰਹੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ. ਐਸ. ਫੂਲਕਾ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਭਰਾ ਹਰਵਿੰਦਰ ਸਿੰਘ ਸਰਨਾ ਵਿਚਾਲੇ ਛਿੜੇ ਵਿਵਾਦ ਨੂੰ ਲੈ ਕੇ 26 ਜੁਲਾਈ ਨੂੰ ਸ੍ਰੀ ਅਕਾਲ ਤਖਤ 'ਤੇ ਸੁਣਾਇਆ ਜਾਣ ਵਾਲਾ ਫੈਸਲਾ 7 ਅਗਸਤ ਤੱਕ ਮੁਲਤਵੀ ਹੋ ਗਿਆ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਪ੍ਰਧਾਨਗੀ ਹੇਠ ਪੰਜ ਸਿੰਘ ਸਾਹਿਬਾਨ ਦੀ ਹੋਈ ਮੀਟਿੰਗ 'ਚ ਸਰਨਾ ਭਰਾਵਾਂ ਦੀ ਪੁੱਜੀ ਚਿੱਠੀ 'ਤੇ ਵਿਚਾਰ ਕਰਨ ਪਿੱਛੋਂ ਉਨ੍ਹਾਂ ਨੂੰ 7 ਅਗਸਤ ਨੂੰ ਮੁੜ ਹਾਜ਼ਰ ਹੋਣ ਦਾ ਆਦੇਸ਼ ਦਿੱਤਾ ਗਿਆ ਹੈ। ਸਰਨਾ ਭਰਾਵਾਂ ਖਿਲਾਫ ਕਿਆਸੀ ਜਾ ਰਹੀ ਸਖਤ ਕਾਰਵਾਈ ਹਾਲ ਦੀ ਘੜੀ ਟਲ ਗਈ ਹੈ ਪਰ ਇਸ ਗੱਲ ਦੇ ਸੰਕੇਤ ਸਪੱਸ਼ਟ ਹਨ ਕਿ ਉਨ੍ਹਾਂ ਖਿਲਾਫ ਇਹ ਕਾਰਵਾਈ ਹਰ ਹੀਲੇ ਹੋਵੇਗੀ। ਅਜਿਹਾ ਸੰਕੇਤ ਅਕਾਲ ਤਖਤ ਦੇ ਜਥੇਦਾਰ ਵਲੋਂ ਪੰਜਾਂ ਤਖਤਾਂ ਵਲੋਂ ਸ੍ਰੀ ਫੂਲਕਾ ਦੇ ਨਾਲ ਖੜ੍ਹੇ ਹੋਣ ਦੇ ਦਿੱਤੇ ਬਿਆਨ ਨੂੰ ਸਮਝਿਆ ਜਾ ਰਿਹਾ ਹੈ।

ਇਹ ਵਿਵਾਦ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਵਲੋਂ ਸਿੱਖ ਨਸਲਕੁਸ਼ੀ ਦੇ ਮਾਮਲਿਆਂ ਦੀ ਸ਼ੁਰੂ ਤੋਂ ਪੈਰਵਾਈ ਕਰਦੇ ਆ ਰਹੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ 'ਤੇ ਲਾਏ ਦੋਸ਼ਾਂ ਕਾਰਨ ਸ਼ੁਰੂ ਹੋਇਆ। ਸਰਨਾ ਭਰਾਵਾਂ ਨੇ ਦੋਸ਼ ਲਾਇਆ ਸੀ ਕਿ ਦੰਗਾ-ਪੀੜਤਾਂ ਨੂੰ ਇਨਸਾਫ ਦਿਵਾਉਣ

*(ਬਾਕੀ ਸਫਾ 6 'ਤੇ)*

**ਬੇਕਰਜ਼ਫੀਲਡ ਵਿਚ ਤੀਆਂ ਦਾ ਵੱਡਾ ਮੇਲਾ 7 ਅਗਸਤ ਨੂੰ**

ਇੰਡੀਆ ਕਾਲ ਕਰੋ
$100
125 ਘੰਟੇ

ਬਿਨਾ ਪਿਨ ਤੋਂ ਗੱਲ ਕਰੋ
ਵਧੀਆ ਸਾਫ ਆਵਾਜ਼
Great Rates For UK, Canada & other countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ
1-800-914-1013
WWW.1EZPIN.COM

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra

Manpreet S.Gahra
Attorney At Law
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

**Brand New 5 STAR - State of the art Upscale Dental office**



ਅਸੀਂ ਤੁਹਾਡੀ ਮੁਸਕਰਾਹਟ ਨੂੰ ਬਿਹਤਰ ਬਣਾਉਂਦੇ ਹਾਂ

OPEN late Evenings

ਦੰਦਾਂ ਦੇ ਤੁਹਾਡੇ ਆਪਣੇ ਪੰਜਾਬੀ ਡਾਕਟਰ

**AV DENTAL**

ਏ ਵੀ ਡੈਂਟਲ ਕਲੀਨਿਕ

OPEN Saturday and Sunday

ਦੰਦਾਂ ਦੀ ਅਤਿ ਆਧੁਨਿਕ ਸਾਜੋ-ਸਾਮਾਨ ਨਾਲ ਲੈਸ ਕਲੀਨਿਕ

Dr. Vuppala has 12 years experience

Dr. Aulakh is UoP San Francisco Graduate and has multitude of experience with kids and older people

MOVIES IN EVERY OPERATORY

MASSAGE CHAIRS IN EVERY OPERATORY


Located in a big shopping center "THE PLANT" where TARGET, KIDS R US, TOYS R US, HOME DEPOT and 20+ restaurants are also located.

**Call us today at 408-295-1100 to book your Appointment**

ਆਪਣੇ ਦੰਦਾਂ ਦੀ ਤਕਲੀਫ ਬਾਰੇ ਤੁਸੀਂ ਡਾ. ਔਲਖ ਨਾਲ ਖੁਲ੍ਹ ਕੇ ਪੰਜਾਬੀ ਚ ਗੱਲ ਕਰ ਸਕਦੇ ਹੋ।

*ਬਿਨਾਂ ਇੰਸ਼ੋਰੈਂਸ ਮਰੀਜ਼ਾਂ ਲਈ ਵਿਸ਼ੇਸ਼ ਰਿਆਇਤ

**DENTAL IMPLANTS $1699/Each**




FREE
*Restrictions apply
$175 VALUE
ORAL-B SMART SERIES TOOTHBRUSH KIT




Located at 2195 Monterey Road, Suite 30, (Next to GEICO), San Jose

**Ph. 408-295-1100**

You can also visit us online at www.avfamilydental.com.



Grand Opening

**GILL EXPRESS**

OPEN 24 HOURS EVERYDAY

Fast & Friendly Service

**WASH, TIRE & REPAIR**

**TRUCK OR TRAILER WASH**

ਪੰਜਾਬੀ ਢਾਬਾ



Owner Manager

**19.99**

Expire 9-1-10

Hwy 70 Exit 123 Spiceland IN

**Call Jassi : 765-987-7000**




# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!

## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲੀਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸ਼ੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਪਸ਼ਟ ਹੋ ਰਿਹਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲੀਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟੀਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ:

*ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀਡ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜਮਾ ਚੁਕੇ ਹਨ। ਜੇ ਦਰਦ ਅਤੇ ਤਕਲੀਫ ਕਰਕੇ:
***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲੀਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲੀਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇਕੱਲ ਮਹਿਸੂਸ ਕਰਦੇ ਹੋ *ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ** ...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ...

ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲੀਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਸੱਚ ਜਾਣਿਓ ਕਮਰ ਦਰਦ ਨਾਲ ਮੇਰੀ ਜਾਨ ਨਿਕਲੀ ਜਾਂਦੀ ਸੀ। ਨਾ ਬਹਿ ਹੁੰਦਾ ਸੀ, ਨਾ ਖੜ੍ਹੇ ਹੋ ਹੁੰਦਾ ਸੀ, ਨਾ ਤੁਰ ਹੁੰਦਾ ਸੀ, ਨਾ ਝੁਕ ਹੁੰਦਾ ਸੀ ਅਤੇ ਨਾ ਹੀ ਕੋਈ ਚੀਜ਼ ਚੁੱਕ ਹੁੰਦੀ ਸੀ। ਚਾਰ ਮਹੀਨੇ ਮੈਂ ਕੋਈ ਕੰਮ ਨਾ ਕਰ ਸਕਿਆ। ਆਸ ਦੀ ਕਿਰਨ ਹੱਥੋਂ ਨਿਕਲਦੀ ਜਾ ਰਹੀ ਸੀ ਤੇ ਮੈਨੂੰ ਲੱਗਣ ਲੱਗਿਆ ਕਿ ਹੁਣ ਬਾਕੀ ਦੀ ਜ਼ਿੰਦਗੀ ਇਸੇ ਤਰ੍ਹਾਂ ਨਿਕਲੇਗੀ। ਗੁਰਦੁਆਰੇ ਮੱਥਾ ਟੇਕਣ ਜਾਣਾ ਮੇਰੀ ਜ਼ਿੰਦਗੀ ਦਾ ਨੇਮ ਹੈ ਅਤੇ ਗੁਰੂ ਮਹਾਰਾਜ ਅੱਗੇ ਮੱਥਾ ਟੇਕਣ ਵੇਲੇ ਵੀ ਕਮਰ ਵਿਚ ਬੜੀ ਦਰਦ ਹੁੰਦੀ।

ਇਸੇ ਸਮੇਂ ਮੈਂ ਡਾ. ਸਿਹੋਤਾ ਦੇ ਕਮਰ ਅਤੇ ਡਿਸਕ ਦਰਦ ਦੇ ਇਲਾਜ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਮੁਫਤ ਸਲਾਹ-ਮਸ਼ਵਰੇ ਲਈ ਜਾਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ, ਅਤੇ ਜਿਸ ਤਰ੍ਹਾਂ ਉਨ੍ਹਾਂ ਮੈਨੂੰ ਦੱਸਿਆ ਕਿ ਕਿਹੜੀ ਗੱਲ ਕਰਕੇ ਮੇਰੇ ਲੱਕ ਵਿਚ ਇੰਨੀ ਦਰਦ ਹੋ ਰਹੀ ਹੈ, ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਸਰਜਰੀ, ਦਵਾਈਆਂ ਅਤੇ ਇੰਜੈਕਸ਼ਨਾਂ ਦੇ ਖਤਰਿਆਂ ਬਾਰੇ ਮੈਂ ਪਹਿਲਾਂ ਹੀ ਸੁਣਿਆ/ਪੜ੍ਹਿਆ ਹੋਇਆ ਸੀ। ਰੱਬ ਦਾ ਸ਼ੁਕਰ ਹੈ ਮੈਂ ਉਸ ਰਸਤੇ ਨਹੀਂ ਗਿਆ। ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ 10/10 ਸੀ ਅਤੇ ਹਿੱਲਜੁਲ 90 ਫੀਸਦੀ ਤੱਕ ਘਟ ਚੁਕੀ ਸੀ। ਹੁਣ ਪ੍ਰੋਗਰਾਮ ਦੇ ਅਖੀਰ 'ਤੇ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ ਘਟ ਕੇ 10 ਵਿਚੋਂ 1 ਰਹਿ ਗਈ ਹੈ ਅਤੇ ਮੇਰੀ ਹਿੱਲਜੁਲ 95 ਫੀਸਦੀ ਤੱਕ ਬਹਾਲ ਹੋ ਚੁਕੀ ਹੈ।

ਮੈਂ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਤੋਂ ਬਹੁਤ ਖੁਸ਼ ਹਾਂ। ਜੇ ਤੁਹਾਡੇ ਵਿਚੋਂ ਕਿਸੇ ਨੂੰ ਕਮਰ ਦੀ ਤਕਲੀਫ ਹੈ ਤਾਂ ਇਲਾਜ ਕਰਵਾਓ, ਤਕਲੀਫ ਵਿਚ ਰਹਿਣ ਦੀ ਲੋੜ ਨਹੀਂ। ਡਾ. ਸਿਹੋਤਾ ਨਾਲ ਅਪੁਆਇੰਟਮੈਂਟ ਬਣਾਓ ਅਤੇ ਪਤਾ ਲਾਓ ਕਿ ਇਹ ਪ੍ਰੋਗਰਾਮ ਤੁਹਾਡੇ ਲਈ ਢੁਕਵਾਂ ਹੈ ਜਾਂ ਨਹੀਂ।



*-ਮਨਜੀਤ ਸਿੰਘ*
*ਟਰੱਕ ਡਰਾਈਵਰ*
*(ਉਮਰ 37 ਸਾਲ)*

---

ਮੈਂ ਇਸ ਪ੍ਰੋਗਰਾਮ ਤਹਿਤ ਫਰਵਰੀ 2010 ਵਿਚ ਇਲਾਜ ਅਰੰਭਿਆ। ਡਾਕਟਰ ਅਤੇ ਸਟਾਫ ਬਹੁਤ ਹੀ ਪੇਸ਼ੇਵਰ ਅਤੇ ਖਿਆਲ ਰੱਖਣ ਵਾਲੇ ਹਨ। ਬਿਨਾ ਕਿਸੇ ਮਸ਼ੀਨ ਅਤੇ ਬਿਨਾ ਕਿਸੇ ਚੀਰ-ਫਾੜ ਦੇ ਕੀਤੇ ਗਏ ਇਸ ਇਲਾਜ ਨਾਲ ਮੇਰੀ ਦਰਦ ਕਾਫੀ ਘਟ ਗਈ ਹੈ। ਪਿਛਲੇ ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਮੇਰੀ ਹੇਠਲੀ ਕਮਰ ਵਿਚ ਦਰਦ ਰਹਿੰਦਾ ਸੀ। ਇਸ ਕਲੀਨਿਕ ਵਿਚ ਆਉਣ ਤੋਂ ਪਹਿਲਾਂ ਮੈਂ ਦੋ ਐਪੀਡਿਊਰਲ ਇੰਜੈਕਸ਼ਨ ਲਵਾਏ ਪਰ ਉਸ ਨਾਲ ਕੋਈ ਫਾਇਦਾ ਨਹੀਂ ਹੋਇਆ। ਮੈਂ ਅਖਬਾਰ ਵਿਚ ਇਹ ਇਸ਼ਤਿਹਾਰ ਦੇਖਿਆ ਅਤੇ ਇਹ ਇਲਾਜ ਪਰਤਿਆਉਣ ਦਾ ਫੈਸਲਾ ਕੀਤਾ।

ਕਿੰਨਾ ਆਰਾਮ ਆਇਆ ਹੈ ਮੈਨੂੰ, ਮੈਂ ਹੀ ਜਾਣਦੀ ਹਾਂ। ਮੈਨੂੰ ਵਰਜਿਸ਼ ਦੇ ਇਸ ਪ੍ਰੋਗਰਾਮ 'ਤੇ ਅਜੇ ਹੋਰ ਕੁਝ ਮਹੀਨੇ ਚੱਲਣਾ ਪਵੇਗਾ ਤਾਂ ਜੋ ਮੇਰੀ ਕਮਰ ਦੀ ਦਰਦ ਵਾਪਸ ਨਾ ਪਰਤੇ।



*-ਮੈਕਸੀਨ ਐਫ*
*(ਰਿਟਾਇਰਡ, ਉਮਰ 78 ਸਾਲ)*

Copyright 2009 CMC, LLC

## ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਸੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜ਼ਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।

**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

**ਕਲੀਨਿਕ** **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਅਸੀਂ "ਕੋਈ ਇੰਤਜਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ।
**ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 15 ਅਗਸਤ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)।
*ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

# ਭਾਰਤੀ ਹਾਕੀ ਦਾ ਯੂਰਪ ਦੌਰਾ, ਸੰਦੀਪ ਸਿੰਘ ਦੀ ਖੇਡ ਸੁਧਰੀ

**ਨਵੀਂ ਦਿੱਲੀ:** ਯੂਰਪੀ ਦੌਰੇ ਦੌਰਾਨ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੇ ਹਾਕੀ ਖਿਡਾਰੀ ਸੰਦੀਪ ਸਿੰਘ ਨੇ ਕਿਹਾ ਕਿ ਕੌਮੀ ਟੀਮ ਤੋਂ ਮਿਲੇ ਬਰੇਕ ਕਰਕੇ ਉਸ ਨੂੰ ਸ਼ਾਨਦਾਰ ਵਾਪਸੀ ਕਰਨ 'ਚ ਮਦਦ ਮਿਲੀ ਹੈ ਤੇ ਉਹ ਰਾਸ਼ਟਰਮੰਡਲ ਖੇਡਾਂ ਤੇ ਏਸ਼ੀਆਡ 'ਚ ਆਪਣੀ ਇਸੇ ਤਰ੍ਹਾਂ ਦੀ ਖੇਡ ਨੂੰ ਬਰਕਰਾਰ ਰੱਖਣ ਦੀ ਪੂਰੀ ਕੋਸ਼ਿਸ਼ ਕਰੇਗਾ।

ਯੂਰਪੀ ਦੌਰੇ ਤੋਂ ਪਰਤਣ 'ਤੇ ਬੀਤੀ 27 ਜੁਲਾਈ ਨੂੰ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਨੇ ਕਿਹਾ ਕਿ ਵਿਸ਼ਵ ਕੱਪ 'ਚ ਹੋਈਆਂ ਗਲਤੀਆਂ ਨੂੰ ਸੁਧਾਰਨ ਲਈ ਉਸ ਨੇ ਕਾਫੀ ਮਿਹਨਤ ਕੀਤੀ ਹੈ। ਟੀਮ ਜਿਸ ਵੇਲੇ ਅਜ਼ਲਾਨ ਸ਼ਾਹ ਕੱਪ ਖੇਡ ਰਹੀ ਸੀ ਤਾਂ ਉਹ ਪੁਣੇ 'ਚ ਜੁਗਰਾਜ ਸਿੰਘ ਨਾਲ ਡਰੈਗ ਫਲਿੱਕ ਦਾ ਅਭਿਆਸ ਕਰ ਰਿਹਾ ਸੀ।

ਸੰਦੀਪ ਨੇ ਕਿਹਾ ਕਿ ਪੁਣੇ ਵਾਲੀ ਮਿਹਨਤ ਰੰਗ ਲਿਆਈ ਹੈ ਤੇ ਅੱਗੇ ਵੀ ਇਹ ਮਿਹਨਤ ਜਾਰੀ ਰਹੇਗੀ। ਫਰਵਰੀ-ਮਾਰਚ 'ਚ ਦਿੱਲੀ 'ਚ ਹੋਏ ਵਿਸ਼ਵ ਕੱਪ ਦੌਰਾਨ ਭਾਰਤ ਦੇ 8ਵੇਂ ਸਥਾਨ 'ਤੇ ਰਹਿਣ ਤੋਂ ਬਾਅਦ ਸੰਦੀਪ ਨੂੰ ਅਜ਼ਲਾਨ ਸ਼ਾਹ ਕੱਪ ਲਈ ਨਹੀਂ ਚੁਣਿਆ ਗਿਆ ਸੀ। ਭਾਰਤ ਜੂਨ 'ਚ ਇਪੋਹ ਵਿਖੇ ਹੋਏ ਅਜ਼ਲਾਨ ਸ਼ਾਹ ਕੱਪ 'ਚ ਸਾਂਝੇ ਰੂਪ 'ਚ ਜੇਤੂ ਰਿਹਾ ਸੀ। ਇਸ ਤੋਂ ਬਾਅਦ ਯੂਰਪ ਦੌਰੇ ਦੌਰਾਨ ਸੰਦੀਪ ਨੂੰ ਮੁੜ ਚੁਣਿਆ ਗਿਆ ਸੀ। ਯੂਰਪੀ ਦੌਰੇ ਦੀ ਸ਼ੁਰੂਆਤ 'ਚ ਜਰਮਨੀ 'ਚ ਖੇਡੇ ਗਏ ਚਾਰ ਦੇਸ਼ਾਂ ਦੇ ਹੈਂਬਰਗਜ਼ ਮਾਸਟਰਜ਼ ਟੂਰਨਾਮੈਂਟ 'ਚ ਭਾਰਤ ਚੌਥੇ ਸਥਾਨ 'ਤੇ ਰਿਹਾ ਸੀ। ਇਹ ਟੂਰਨਾਮੈਂਟ ਜਰਮਨੀ ਨੇ ਜਿੱਤਿਆ ਸੀ ਤੇ ਦੂਜੇ ਸਥਾਨ 'ਤੇ ਜਪਾਨ ਤੇ ਤੀਜੇ 'ਤੇ ਹਾਲੈਂਡ ਰਿਹਾ ਸੀ। ਇਸ ਤੋਂ ਬਾਅਦ ਭਾਰਤ ਨੇ ਬੈਲਜੀਅਮ ਤੇ ਫਰਾਂਸ ਨੂੰ ਤਿੰਨ-ਤਿੰਨ ਮੈਚਾਂ ਦੀ ਟੈਸਟ ਦੀ ਲੜੀ 'ਚ ਹਰਾਇਆ, ਜਦੋਂ ਕਿ ਹਾਲੈਂਡ ਦੇ ਖਿਲਾਫ ਪਹਿਲਾ ਟੈਸਟ 1-1 ਨਾਲ ਡਰਾਅ ਰਿਹਾ ਤੇ ਦੂਜੇ 'ਚ ਭਾਰਤ ਨੂੰ 1-0 ਨਾਲ ਹਾਰ ਸਹਿਣੀ ਪਈ। ਬੈਲਜੀਅਮ ਖਿਲਾਫ ਤਿੰਨ ਮੈਚਾਂ 'ਚ ਦੋ-ਦੋ ਗੋਲ ਕਰਨ ਵਾਲੇ ਸੰਦੀਪ ਨੇ ਫਰਾਂਸ ਦੇ ਖਿਲਾਫ ਇਕ ਹੈਟ੍ਰਿਕ ਸਮੇਤ 6 ਗੋਲ ਦਾਗੇ, ਜਦੋਂ ਕਿ ਹਾਲੈਂਡ ਖਿਲਾਫ ਵੀ ਇਕ ਗੋਲ ਕੀਤਾ।

ਸੰਦੀਪ ਨੇ ਆਪਣੀ ਕਾਰਗੁਜ਼ਾਰੀ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਸ ਨੂੰ ਖੁਸ਼ੀ ਹੈ ਕਿ ਉਸ ਨੇ ਵਿਸ਼ਵ ਕੱਪ ਵਾਲੀਆਂ ਗਲਤੀਆਂ ਨੂੰ ਸੁਧਾਰਿਆ ਹੈ।

## ਕੁਲਦੀਪ ਧਾਲੀਵਾਲ ਬਾਰੇ ਟਿਪਣੀ ਹਾਸੋਹੀਣੀ: ਜੱਜ

**ਫਰਿਜ਼ਨੋ (ਐਸ ਅਸ਼ੋਕ ਭੌਰਾ):** ਗਦਰ ਫਾਊਂਡੇਸ਼ਨ ਅਮਰੀਕਾ ਦੇ ਪ੍ਰਧਾਨ ਸ੍ਰੀ ਚਰਨ ਸਿੰਘ ਜੱਜ ਨੇ ਕਿਹਾ ਹੈ ਕਿ ਸ. ਕੁਲਦੀਪ ਸਿੰਘ ਧਾਲੀਵਾਲ ਫਾਊਂਡੇਸ਼ਨ ਦੇ ਸਤਿਕਾਰਯੋਗ ਚੇਅਰਮੈਨ ਹਨ ਅਤੇ ਇਕ ਪੰਜਾਬੀ ਅਖਬਾਰ ਵਲੋਂ ਸਰਬਜੀਤ ਚੀਮਾ ਬਾਰੇ ਮੇਰੇ ਇਕ ਬਿਆਨ ਨੂੰ ਤੋੜ-ਮਰੋੜ ਕੇ ਤੇ ਆਪਣੇ ਕੋਲੋਂ ਕਈ ਕੁਝ ਜੋੜ ਕੇ ਇਸ ਤਰ੍ਹਾਂ ਛਾਪਿਆ ਗਿਆ ਹੈ ਕਿ ਜਾਪੇ ਜਿਵੇਂ ਸਾਡਾ ਆਪਸ ਵਿਚ ਕੋਈ ਮਤਭੇਦ ਹੈ। ਉਨ੍ਹਾਂ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਮੈਂ ਆਪਣੇ ਬਿਆਨ ਵਿਚ ਸ੍ਰੀ ਧਾਲੀਵਾਲ ਬਾਰੇ ਕੋਈ ਟਿਪਣੀ ਨਹੀਂ ਕੀਤੀ ਅਤੇ ਮੇਰੇ ਬਿਆਨ ਨਾਲ ਛੇੜਛਾੜ ਆਪਣੀ ਕੋਈ ਕਿੜ ਕੱਢਣ ਲਈ ਕੀਤੀ ਗਈ ਹੈ।

ਉਧਰ ਮਹਾਨ ਸ਼ਾਇਰ ਹਾਸ਼ਮ ਸ਼ਾਹ ਦੀ ਯਾਦ ਵਿਚ ਪਿੰਡ ਜਗਦੇਵਕਲਾਂ (ਅੰਮ੍ਰਿਤਸਰ) ਵਿਚ ਲਗਦੇ ਮੇਲੇ ਦੇ ਮੁਖ ਪ੍ਰਬੰਧਕ ਰਹੇ ਕੁਲਦੀਪ ਧਾਲੀਵਾਲ ਨੇ ਅਖਬਾਰ ਦੀ ਇਸ ਖਬਰ ਵਿਚ ਕੀਤੀ ਟਿਪਣੀ ਉਤੇ ਵਿਅੰਗ ਕਰਦਿਆਂ ਆਖਿਆ ਕਿ ਪੰਜਾਬੀ ਪੱਤਰਕਾਰੀ ਵਿਚ ਆਏ ਗੈਰ ਜਿੰਮੇਵਾਰ ਪੱਤਰਕਾਰਾਂ ਕਰ ਕੇ ਕਈ ਵਾਰ ਗੁਤੋ-ਗੁਤੀ ਤਾਂ ਨੂੰਹ-ਸੱਸ ਹੋਈਆਂ ਹੁੰਦੀਆਂ ਹਨ ਪਰ ਖਬਰ ਛਪ ਜਾਂਦੀ ਹੈ ਧੀ ਦੇ ਤਲਾਕ ਦੀ। ਖੁਦ ਪੱਤਰਕਾਰ ਰਹੇ ਸ੍ਰੀ ਧਾਲੀਵਾਲ ਨੇ ਆਖਿਆ ਕਿ ਪੱਤਰਕਾਰਾਂ ਨੂੰ ਨਿਜੀ ਕਿੜਾਂ ਕੱਢਣ ਦੀ ਥਾਂ ਪੱਤਰਕਾਰੀ ਦੀ ਸਹੀ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

## ਪਾਕਿ 'ਚ ਆਤਮਘਾਤੀ ਹਮਲਾ, 7 ਮੌਤਾਂ

**ਪਿਸ਼ਾਵਰ:** ਉਤਰ-ਪੱਛਮ ਪਾਕਿਸਤਾਨ ਵਿਚ ਬੀਤੀ 26 ਜੁਲਾਈ ਨੂੰ ਹੋਏ ਇੱਕ ਆਤਮਘਾਤੀ ਧਮਾਕੇ ਵਿਚ 7 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 25 ਹੋਰ ਜ਼ਖ਼ਮੀ ਹੋ ਗਏ। ਪ੍ਰਾਂਤ ਦੇ ਇੱਕ ਕੈਬਨਿਟ ਮੰਤਰੀ ਦੀ ਰਿਹਾਇਸ਼ ਨੇੜੇ ਹੋਏ ਇਸ ਹਮਲੇ ਵਿਚ ਮੰਤਰੀ ਵਾਲ-ਵਾਲ ਬਚ ਨਿਕਲਣ 'ਚ ਕਾਮਯਾਬ ਰਹੇ।

ਜ਼ਿਕਰਯੋਗ ਹੈ ਕਿ ਹਮਲੇ ਵਿਚ ਵਾਲ-ਵਾਲ ਬਚੇ ਖ਼ਬਰ-ਪਖ਼ਤੂਨਵਾ ਪ੍ਰਾਂਤ ਦੇ ਸੂਚਨਾ ਮੰਤਰੀ ਮੀਆਂ ਇਫ਼ਤਿਖ਼ਾਰ ਹੁਸੈਨ ਦੇ ਬੇਟੇ ਨੂੰ ਬੀਤੀ ਦਿਨੀਂ ਤਾਲਿਬਾਨੀਆਂ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਆਤਮਘਾਤੀ ਹਮਲਾਵਰ ਨੂੰ ਜਦੋਂ ਪੁਲਿਸ ਨੇ ਮੰਤਰੀ ਦੀ ਰਿਹਾਇਸ਼ ਨੇੜੇ ਮੌਜੂਦ ਇੱਕ ਚੌਕੀ 'ਤੇ ਰੋਕਿਆ ਤਾਂ ਉਸ ਨੇ ਆਪਣੀ ਕਮੀਜ਼ 'ਤੇ ਲੱਗੇ ਬੰਬ ਨਾਲ ਖ਼ੁਦ ਨੂੰ ਉਡਾ ਲਿਆ। ਹਮਲੇ ਦੌਰਾਨ ਮੰਤਰੀ ਆਪਣੀ ਰਿਹਾਇਸ਼ 'ਚ ਹੀ ਮੌਜੂਦ ਸਨ।


## ਗਰੈਜੂਏਸ਼ਨ ਪਾਰਟੀ ਬਣੀ ਹੜ੍ਹ ਪੀੜਤਾਂ ਲਈ ਮਦਦ ਦਾ ਸਾਧਨ

**ਯੂਬਾ ਸਿਟੀ:** ਮਨਦੀਪ ਸਿੰਘ ਬਾਜਵਾ (ਡਾ. ਬਾਜਵਾ ਦਾ ਪੁਤਰ) ਦੀ ਗਰੈਜੂਏਸ਼ਨ ਪਾਰਟੀ ਪੰਜਾਬ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਵਾਸਤੇ ਸਹਾਇਤਾ ਇਕੱਠੀ ਕਰਨ ਦਾ ਸਾਧਨ ਬਣ ਗਈ। ਹੋਇਆ ਇਹ ਕਿ ਇਸ ਮੌਕੇ ਇਕੱਤਰ ਹੋਏ ਮਹਿਮਾਨਾਂ (ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਅਮੈਰਿਕਨ ਹੈਰਿਟੇਜ ਸੁਸਾਇਟੀ ਦੇ ਮੈਂਬਰ ਸਨ) ਵਿਚ ਪੰਜਾਬ ਦੇ ਹੜ੍ਹਾਂ ਦੀ ਗੱਲ ਤੁਰ ਪਈ ਅਤੇ ਨਾਲ ਹੀ ਇਹ ਵੀ ਸੁਝਾਅ ਆਇਆ ਕਿ ਇਸ ਮੁਸੀਬਤ ਦਾ ਸ਼ਿਕਾਰ ਹੋਏ ਲੋਕਾਂ ਦੀ ਮਦਦ ਕੀਤੀ ਜਾਣੀ ਚਾਹੀਦੀ ਹੈ। ਉਸੇ ਵਕਤ ਮਦਦ ਲਈ ਪੈਸੇ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਦੇਖਦਿਆਂ ਹੀ ਦੇਖਦਿਆਂ ਪੰਜ ਹਜ਼ਾਰ ਡਾਲਰ ਇਕੱਠੇ ਵੀ ਹੋ ਗਏ।

ਹੁਣ ਮਾਮਲਾ ਸਾਹਮਣੇ ਆਇਆ ਕਿ ਇਹ ਮਦਦ ਕਿਸ ਰਾਹੀਂ ਭੇਜੀ ਜਾਵੇ। ਇਹ ਵਿਚਾਰ ਕੀਤੀ ਗਈ ਕਿ ਪੰਜਾਬ ਦੀਆਂ ਸੰਸਥਾਵਾਂ ਦਾ ਇਸ ਮਾਮਲੇ 'ਚ ਰਿਕਾਰਡ ਚੰਗਾ ਨਹੀਂ। ਹਾਲ ਹੀ ਵਿਚ ਹੇਤੀ ਦੇ ਭੁਚਾਲ ਵਿਚ ਲੋਕਾਂ ਦੀ ਮਦਦ ਕਰਨ ਕਰਕੇ ਸਾਹਮਣੇ ਆਈ ਸਿੱਖ ਜਥੇਬੰਦੀ ਯੂਨਾਈਟਿਡ ਸਿੱਖਸ ਰਾਹੀਂ ਇਹ ਮਦਦ ਭੇਜਣ ਦਾ ਫੈਸਲਾ ਹੋਇਆ।

# ਪਾਲ ਸਿੰਘ ਨੂੰ ਪੁਲਿਸ ਵਲੋਂ ਚੁੱਕਣ ਦਾ ਮਾਮਲਾ ਪਰਿਵਾਰ ਨੇ ਫਰਾਂਸ ਅੰਬੈਸੀ ਕੋਲ ਪੁਚਾਇਆ

**ਜਲੰਧਰ :** ਫਰਾਂਸ 'ਚ ਸਿੱਖਾਂ ਦੀ ਪੱਗ ਦੀ ਲੜਾਈ ਲੜਨ ਵਾਲੇ ਪਾਲ ਸਿੰਘ ਨੂੰ ਪੰਜਾਬ ਪੁਲਿਸ ਵਲੋਂ ਚੁੱਕੇ ਜਾਣ ਦਾ ਮਾਮਲਾ ਫਰਾਂਸ ਦੀ ਅੰਬੈਸੀ ਕੋਲ ਪਹੁੰਚ ਗਿਆ ਹੈ। ਪਾਲ ਸਿੰਘ ਜੋ ਕਿ ਫਰਾਂਸ ਦਾ ਨਾਗਰਿਕ ਹੈ, ਦੀ ਕੈਨੇਡਾ ਰਹਿੰਦੀ ਧੀ ਹਰਮਿੰਦਰ ਕੌਰ ਨੇ ਦਿੱਲੀ ਸਥਿਤ ਫਰਾਂਸ ਅੰਬੈਸੀ ਨੂੰ ਪੰਜਾਬ ਪੁਲਿਸ ਵਲੋਂ ਕੀਤੀ ਗਈ ਧੱਕੇਸ਼ਾਹੀ ਬਾਰੇ ਸੂਚਿਤ ਕਰ ਦਿੱਤਾ ਹੈ। ਪਾਲ ਸਿੰਘ ਨੂੰ ਪੁਲਿਸ ਵਲੋਂ ਚੁੱਕੇ ਜਾਣ ਕਾਰਨ ਵਿਦੇਸ਼ਾਂ 'ਚ ਵਸਦੇ ਪੰਜਾਬੀ ਭਾਈਚਾਰੇ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।



ਕੈਨੇਡਾ ਤੋਂ ਹਰਮਿੰਦਰ ਕੌਰ ਨੇ ਦੱਸਿਆ ਕਿ ਜਿਸ ਦਿਨ ਤੋਂ ਉਨ੍ਹਾਂ ਨੂੰ ਆਪਣੇ ਪਿਤਾ (ਪਾਲ ਸਿੰਘ) ਨੂੰ ਪੁਲਿਸ ਵਲੋਂ ਚੁੱਕੇ ਜਾਣ ਦਾ ਪਤਾ ਲੱਗਾ ਹੈ, ਉਸ ਦਿਨ ਤੋਂ ਉਹ ਪੰਜਾਬ ਦੇ ਵੱਖ-ਵੱਖ ਪੁਲਿਸ ਅਫ਼ਸਰਾਂ ਨੂੰ ਟੈਲੀਫ਼ੋਨ ਕਰਕੇ ਆਪਣੇ ਪਿਤਾ ਦੀ ਸਹੀ ਸਲਾਮਤੀ ਬਾਰੇ ਪੁੱਛ ਰਹੀ ਹੈ, ਪਰ ਕਿਸੇ ਪੁਲਿਸ ਅਫ਼ਸਰ ਨੇ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਾਇਆ। ਕੋਈ ਵੀ ਪੁਲਿਸ ਅਫ਼ਸਰ ਇਹ ਦੱਸਣ ਨੂੰ ਤਿਆਰ ਨਹੀਂ ਕਿ ਉਸਦੇ ਪਿਤਾ ਪਾਲ ਸਿੰਘ ਨੂੰ ਕਿਸ ਕੇਸ 'ਚ ਚੁੱਕਿਆ ਗਿਆ ਹੈ ਤੇ ਉਸ ਨੂੰ ਇਸ ਸਮੇਂ ਕਿੱਥੇ ਰੱਖਿਆ ਗਿਆ ਹੈ। ਹਰਮਿੰਦਰ ਕੌਰ ਨੇ ਇਹ ਖਦਸ਼ਾ ਪ੍ਰਗਟਾਇਆ ਕਿ ਪੁਲਿਸ ਉਨ੍ਹਾਂ ਦੇ ਪਿਤਾ ਨੂੰ ਕਿਧਰੇ ਮਾਰ ਕੇ ਨਾ ਸੁੱਟ ਦੇਵੇ ਜਾਂ ਕੋਈ ਝੂਠਾ ਪੁਲਿਸ ਮੁਕਾਬਲਾ ਨਾ ਬਣਾ ਦੇਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਫਰਾਂਸ ਦੀ ਅੰਬੈਸੀ ਨੂੰ 24 ਜੁਲਾਈ ਨੂੰ ਸੂਚਿਤ ਕਰ ਦਿੱਤਾ ਸੀ।

## ਕੁਰੈਸ਼ੀ ਨਵੇਂ ਮੁੱਖ ਚੋਣ ਕਮਿਸ਼ਨਰ

**ਨਵੀਂ ਦਿੱਲੀ :** ਚੋਣ ਕਮਿਸ਼ਨਰ ਐਸ.ਵਾਈ. ਕੁਰੈਸ਼ੀ ਨੂੰ ਨਵਾਂ ਮੁੱਖ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਉਹ ਵੀਰਵਾਰ ਨੂੰ ਅਹੁਦਾ ਛੱਡ ਰਹੇ ਸ੍ਰੀ ਨਵੀਨ ਚਾਵਲਾ ਦੀ ਥਾਂ ਲੈਣਗੇ। 63 ਸਾਲਾਂ ਕੁਰੈਸ਼ੀ ਨੂੰ ਤਿੰਨ ਮੈਂਬਰੀ ਚੋਣ ਕਮਿਸ਼ਨ ਦਾ ਮੁਖੀ ਲਾਉਣ ਦਾ ਨੋਟੀਫਿਕੇਸ਼ਨ ਬੀਤੀ 27 ਜੁਲਾਈ ਨੂੰ ਜਾਰੀ ਕੀਤਾ ਗਿਆ ਹੈ ਤੇ ਉਨ੍ਹਾਂ ਕੋਲ ਇਸ ਅਹੁਦੇ 'ਤੇ ਰਹਿਣ ਲਈ ਦੋ ਸਾਲ ਤੋਂ ਥੋੜ੍ਹਾ ਜਿਹਾ ਘੱਟ ਸਮਾਂ ਹੋਵੇਗਾ। ਉਨ੍ਹਾਂ ਦੇ ਕਾਰਜਕਾਲ ਦਾ ਆਰੰਭ 30 ਅਗਸਤ 2010 ਤੋਂ ਹੋਵੇਗਾ। ਕਾਨੂੰਨ ਮੰਤਰਾਲੇ ਦੇ ਨੋਟੀਫਿਕੇਸ਼ਨ 'ਚ ਇਹ ਕਿਹਾ ਗਿਆ ਹੈ।


ਉਹ ਇਸ ਸਾਲ ਦੇ ਅਖੀਰ 'ਚ ਬਿਹਾਰ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੇ ਤਾਮਿਲਨਾਡੂ, ਪੱਛਮੀ ਬੰਗਾਲ, ਕੇਰਲਾ ਤੇ ਅਸਾਮ ਆਦਿ 'ਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਕਰਾਉਣਗੇ।

## ਕੰਜ਼ਰਵੈਟਿਵ ਸਰਕਾਰ ਵਲੋਂ ਭਾਰਤੀਆਂ ਨੂੰ ਉਦਾਰਤਾ ਨਾਲ ਵੀਜ਼ੇ ਦੇਣ ਦਾ ਦਾਅਵਾ

**ਕੈਲਗਰੀ (ਕੈਨੇਡਾ) :** ਇਕ ਪਾਸੇ ਜਿੱਥੇ ਆਸਟਰੇਲੀਆ ਵਿਚ ਨਸਲਵਾਦ ਕਾਰਨ ਨਵੇਂ ਵੀਜ਼ੇ ਲੱਗਣੇ ਪ੍ਰਭਾਵਿਤ ਹੋਏ ਹਨ, ਉੱਥੇ ਕੈਨੇਡਾ ਦੇ ਵਿਦੇਸ਼ ਮੰਤਰਾਲੇ ਵਲੋਂ ਦਿੱਤੇ ਜਾਣ ਵਾਲੇ ਵਿਜ਼ਟਰ ਵੀਜ਼ਿਆਂ ਵਿਚ ਲਗਪਗ ਦੋ ਗੁਣਾ ਵਾਧਾ ਹੋਇਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕੈਲਗਰੀ ਦੇ ਨਾਰਥ ਈਸਟ ਤੋਂ ਐਮ.ਪੀ. ਦਵਿੰਦਰ ਸ਼ੋਰੀ ਨੇ ਦੱਸਿਆ ਕਿ ਭਾਰਤੀਆਂ ਨੂੰ ਦਿੱਤੇ ਜਾਣ ਵਾਲੇ ਵੀਜ਼ੇ ਪਹਿਲਾਂ ਤੋਂ ਦੋ ਗੁਣਾ ਹੋਏ ਹਨ। ਉਨ੍ਹਾਂ ਕਿਹਾ ਕਿ ਲਿਬਰਲ ਪਾਰਟੀ ਦੇ ਮੁਕਾਬਲੇ ਕੰਜ਼ਰਵੈਟਿਵ ਪਾਰਟੀ ਦੀ ਸਰਕਾਰ ਨੇ ਇਹ ਵੀਜ਼ਾ ਆਸਾਨ ਤਾਂ ਕੀਤਾ, ਨਾਲ ਹੀ ਨਵੇਂ ਇਮਗੀਰੈਂਟਸ 'ਤੇ ਲੱਗੀ ਵਾਧੂ ਲੈਂਡਿੰਗ ਫੀਸ ਵੀ ਘਟਾਈ ਹੈ।

ਸ੍ਰੀ ਸ਼ੋਰੀ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਸਰਕਾਰ ਨੇ ਦੇਸ਼ ਦੀ ਵਾਗਡੋਰ ਸੰਭਾਲੀ ਉਦੋਂ ਭਾਰਤੀਆਂ ਨੂੰ ਵਿਜ਼ਟਰ ਵੀਜ਼ੇ ਆਸਾਨੀ ਨਾਲ ਨਹੀਂ ਸੀ ਦਿੱਤੇ ਜਾਂਦੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਹ ਮੁੱਦਾ ਸਰਕਾਰ ਦੇ ਧਿਆਨ ਵਿਚ ਲਿਆਂਦਾ, ਜਿਸ ਤੋਂ ਮਗਰੋਂ ਵੀਜ਼ੇ ਜਾਰੀ ਕਰਨ ਵਿਚ ਵਾਧਾ ਹੋਇਆ ਹੈ। ਸ੍ਰੀ ਸ਼ੋਰੀ ਨੇ ਚੰਡੀਗੜ੍ਹ 'ਚ ਕੈਨੇਡਾ ਦੇ ਸਫਾਰਤਖਾਨੇ ਤੋਂ ਜਾਰੀ ਹੋਏ ਵਿਜ਼ਟਰ ਵੀਜ਼ਿਆਂ ਦੇ ਅੰਕੜੇ ਦਿੰਦੇ ਹੋਏ ਦੱਸਿਆ ਕਿ ਲਿਬਰਲ ਪਾਰਟੀ ਨੇ ਸਾਲ 2005 ਵਿਚ ਕੇਵਲ 6454 ਵਿਜ਼ਟਰ ਵੀਜ਼ੇ ਦਿੱਤੇ ਸਨ ਜਦ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਦੌਰਾਨ ਸਾਲ 2009 ਵਿਚ ਇਹ ਵੀਜ਼ੇ ਲਗਪਗ ਦੋ ਗੁਣਾ ਹੋ ਕੇ 10043 ਤਕ ਪਹੁੰਚ ਗਏ।


ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States






*ਨਿਸ਼ਚਿਤ ਕੀਮਤਾਂ, ਕੋਈ ਸੌਦੇਬਾਜ਼ੀ ਨਹੀਂ *ਸੇਲਜ਼ ਟੈਕਸ ਵੱਖਰਾ ਹੋਵੇਗਾ, ਇਸ ਵਿਚ ਕੋਈ ਛੋਟ ਨਹੀਂ

## ਗੁਰਦੁਆਰਾ ਫਰੀਮਾਂਟ ਚੋਣਾਂ ਵਿਰੁਧ ਕੇਸ ਖਾਰਜ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਦੀਆਂ ਮਾਰਚ ਮਹੀਨੇ ਹੋਈਆਂ ਚੋਣਾਂ ਵਿਰੁਧ ਖਾਲਸਾ ਧੜੇ ਵਲੋਂ ਕੀਤੀ ਗਈ ਪਟੀਸ਼ਨ ਅਦਾਲਤ ਨੇ ਪ੍ਰਵਾਨ ਨਹੀਂ ਕੀਤੀ। ਭਾਈ ਗੁਰਮੀਤ ਸਿੰਘ ਖਾਲਸਾ ਅਤੇ ਭਾਈ ਰਾਮ ਸਿੰਘ ਵਲੋਂ ਐਲਾਮੀਡਾ ਸੁਪੀਰੀਅਰ ਕੋਰਟ ਵਿਚ ਦਾਇਰ ਕੀਤੀ ਗਈ ਇਕ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਸੀ ਕਿ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਬਣਾਈਆਂ ਗਈਆਂ ਵੋਟਾਂ ਸਥਾਪਤ ਕਾਇਦੇ-ਕਾਨੂੰਨਾਂ ਦੀ ਅਣਦੇਖੀ ਕਰ ਕੇ ਬਣਾਈਆਂ ਗਈਆਂ ਹਨ ਅਤੇ ਵਿਰੋਧੀ ਧਿਰ ਨੂੰ ਇਨ੍ਹਾਂ ਚੋਣਾਂ ਵਿਚ ਬਰਾਬਰ ਦਾ ਮੌਕਾ ਨਹੀਂ ਮਿਲਿਆ।

ਮਾਣਯੋਗ ਜੱਜ ਜਾਰਜ ਸੀ ਹਰਨਾਂਡੇਜ਼ ਜੂਨੀਅਰ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਮੁੱਦਈ ਇਸ ਗੱਲ ਦੇ ਸਪਸ਼ਟ ਸਬੂਤ ਪੇਸ਼ ਨਹੀਂ ਕਰ ਸਕੇ ਕਿ ਮੁਦਾਇਲਾ ਯਾਨਿ ਪ੍ਰਤੀਵਾਦੀਆਂ ਸੁਪਰੀਮ ਕੌਂਸਲ ਮੈਂਬਰ ਹਰਜੋਤ ਸਿੰਘ ਖਾਲਸਾ, ਜਸਵਿੰਦਰ ਸਿੰਘ ਜੰਡੀ, ਨਿਰਮਲ ਸਿੰਘ ਖਾਲਸਾ, ਦਵਿੰਦਰ ਸਿੰਘ ਚਾਨਾ, ਗੁਰਬਖਸ਼ ਕੌਰ ਕਾਹਲੋਂ ਨੇ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ ਨਾਲ ਛੇੜਖਾਨੀ ਕੀਤੀ ਤਾਂ ਜੋ ਉਹ ਚੋਣਾਂ ਜਿੱਤ ਸਕਣ। ਅਦਾਲਤ ਅਨੁਸਾਰ ਮੁੱਦਈ ਪੱਖ ਠੋਸ ਸਬੂਤਾਂ ਨਾਲ ਇਹ ਵੀ ਸਾਬਤ ਨਹੀਂ ਕਰ ਸਕਿਆ ਕਿ ਪ੍ਰਤੀਵਾਦੀਆਂ ਨੇ ਆਪਣੇ ਵਿਰੋਧੀਆਂ ਨੂੰ ਨਵੀਂ ਮੈਂਬਰਸ਼ਿਪ ਦੀ ਪਰਖ-ਪੜਤਾਲ ਕਰਨ ਦਾ ਮੌਕਾ ਨਹੀਂ ਦਿੱਤਾ। ਫੈਸਲੇ ਅਨੁਸਾਰ ਇਸ ਗੱਲ ਦੇ ਵੀ ਪੱਕੇ ਸਬੂਤ ਨਹੀਂ ਦਿਤੇ ਗਏ ਕਿ ਪ੍ਰਤੀਵਾਦੀਆਂ ਨੇ ਇਕ ਗੁਪਤ ਅਤੇ ਨਿਯਮਾਂ ਤੋਂ ਬਾਹਰੀ ਮੀਟਿੰਗ ਕੀਤੀ ਜਿਸ ਵਿਚ ਗੁਰਦੁਆਰਾ ਡਾਇਰੈਕਟਰਾਂ ਵਲੋਂ ਪ੍ਰਵਾਨ ਕੀਤੇ ਗਏ ਕਾਇਦੇ-ਕਾਨੂੰਨ ਬਦਲ ਦਿਤੇ ਗਏ। ਜੱਜ ਅਨੁਸਾਰ ਮੁੱਦਈ ਇਹ ਸਾਬਤ ਕਰਨ ਵਿਚ ਵੀ ਅਸਫਲ ਰਹੇ ਕਿ ਚੋਣਾਂ ਵਿਚ ਬਾਕਾਇਦਾ ਪ੍ਰਵਾਨ ਕੀਤੇ ਗਏ ਕਾਇਦੇ-ਕਾਨੂੰਨਾਂ ਦੀ ਅਣਦੇਖੀ ਕੀਤੀ ਗਈ ਜਾਂ ਉਨ੍ਹਾਂ ਦੀ ਉਲੰਘਣਾ ਕੀਤੀ ਗਈ।

ਇਥੇ ਵਰਣਨਯੋਗ ਹੈ ਕਿ ਵਿਰੋਧੀ ਧਿਰ ਵਲੋਂ ਪ੍ਰਬੰਧਕਾਂ ਉਤੇ ਦੋਸ਼ ਲਾਇਆ ਗਿਆ ਸੀ ਕਿ ਉਨ੍ਹਾਂ ਨੇ ਸਥਾਪਤ ਰਵਾਇਤ ਅਨੁਸਾਰ ਗੁਰੂਘਰ ਵਿਚ ਵੋਟਾਂ ਬਣਾਉਣ ਦੀ ਥਾਂ ਲੋਕਾਂ ਦੇ ਘਰਾਂ ਵਿਚ ਜਾ ਕੇ ਵੋਟਾਂ ਬਣਾਈਆਂ ਅਤੇ ਉਨ੍ਹਾਂ ਨੂੰ ਵੋਟਰ ਲਿਸਟਾਂ ਸਮੇਂ ਸਿਰ ਮੁਹੱਈਆ ਨਹੀਂ ਕੀਤੀਆਂ। ਪਿਛਲੀਆਂ ਚੋਣਾਂ ਵਿਚ ਖਾਲਸਾ ਧੜੇ ਦੀ ਪੰਥਕ ਸਲੇਟ ਦੇ ਸਾਰੇ ਉਮੀਦਵਾਰ ਹਾਰ ਗਏ ਸਨ।

*To Advertise with us*
*call: 847-359-0746*
*Fax:847-705-9388*

## ਬੇਕਰਜ਼ਫੀਲਡ ਵਿਚ ਤੀਆਂ ਦਾ ਵੱਡਾ ਮੇਲਾ 7 ਅਗਸਤ ਨੂੰ

**ਬੇਕਰਜ਼ਫੀਲਡ:** ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਸ ਸ਼ਹਿਰ ਵਿਚ ਤੀਆਂ ਦਾ 4 ਰੋਜ਼ਾ ਮੇਲਾ ਪੰਜਾਬ ਦੀਆਂ ਤੀਆਂ ਦੀ ਨਿਆਈਂ ਆਉਂਦੀ 31 ਜੁਲਾਈ ਤੋਂ ਸ਼ੁਰੂ ਹੋਵੇਗਾ। ਇਹ ਮੇਲਾ ਸਨਿਚਰਵਾਰ 31 ਜੁਲਾਈ, ਪਹਿਲੀ ਅਗਸਤ ਅਤੇ 7-8 ਅਗਸਤ ਨੂੰ ਮਾਨੀਟਰ ਸਟਰੀਟ ਕੋਲ ਪਚੀਕੋ ਰੋਡ ਵਾਲੇ ਪਾਰਕ ਵਿਚ ਲਗੇਗਾ। ਮੇਲੇ ਦਾ ਵਡਾ ਇਕੱਠ 7 ਅਗਸਤ ਸਨਿਚਰਵਾਰ ਨੂੰ ਹੋਵੇਗਾ। 1998 ਤੋਂ ਸ਼ੁਰੂ ਹੋਇਆ ਇਹ ਮੇਲਾ ਹਰ ਸਾਲ ਨਿਆਣੀਆਂ ਤੇ ਸਿਆਣੀਆਂ, ਕੁਆਰੀਆਂ ਅਤੇ ਵਿਆਹੀਆਂ ਵਲੋਂ ਹਰ ਸਾਲ ਮਨਾਇਆ ਜਾਂਦਾ ਹੈ।

ਪਰਦੇਸਾਂ ਦੀ ਧਰਤੀ ਤੇ ਲਗਦੇ ਆਮ ਤੀਆਂ ਦੇ ਮੇਲਿਆਂ ਤੋਂ ਹਟ ਕੇ ਇਸ ਮੇਲੇ ਵਿਚ ਕਦੇ ਵੀ ਡੀ ਜੇ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ। ਮੇਲੇ ਆਈਆਂ ਬੀਬੀਆਂ ਆਪ ਬੋਲੀਆਂ ਪਾ ਕੇ ਗਿੱਧਾ ਪਾਉਂਦੀਆਂ ਹਨ। ਇਹੋ ਇਸ ਮੇਲੇ ਦੀ ਵਿਲੱਖਣਤਾ ਹੈ। ਇਸ ਮੇਲੇ ਨੂੰ ਸਫਲ ਬਣਾਉਣ ਵਿਚ ਵਿਲਸਨ ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਦਾ ਵੀ ਵਡਾ ਯੋਗਦਾਨ ਹੁੰਦਾ ਹੈ। ਮੇਲੇ ਦੇ ਚਾਰੇ ਦਿਨ ਖਾਣ-ਪੀਣ ਦੇ ਮੁਫਤ ਖੁਲ੍ਹੇ ਲੰਗਰ ਦਾ ਪ੍ਰਬੰਧ ਹੁੰਦਾ ਹੈ। ਇਸ ਵਾਰ ਮੇਲੇ ਦੇ ਅਖੀਰਲੇ ਦਿਨ 8 ਅਗਸਤ ਨੂੰ ਲੰਗਰ ਦੀ ਸੇਵਾ ਆਲ ਇੰਡੀਆ ਸਵੀਟਸ ਵਲੋਂ ਕੀਤੀ ਜਾਏਗੀ। 7 ਅਗਸਤ ਦੀ ਸ਼ਾਮ ਨੂੰ 6.30 ਤੋਂ ਜੀ ਪੰਜਾਬ ਸਾਡਾ ਚੈਨਲ ਦੇ ਪ੍ਰਤੀਨਿਧ ਮਨਦੀਪ ਮਾਨ ਆਪਣੀ ਟੀਮ ਨਾਲ ਮੇਲੇ ਦੀ ਕਵਰਿੰਗ ਕਰਨਗੇ ਜੋ ਅਗਲੇ ਦਿਨੀਂ ਡਿਸ਼ ਨੈਟਵਰਕ ਦੇ ਚੈਨਲ 621 ਉਪਰ ਦਿਖਾਈ ਜਾਏਗੀ। ਇਸ ਤੋਂ ਇਲਾਵਾ ਸਥਾਨਕ ਟੀ ਵੀ ਚੈਨਲ ਵੀ ਮੇਲੇ ਦਾ ਸਿੱਧਾ ਪ੍ਰਸਾਰਨ ਕਰਨਗੇ। ਹੋਰ ਜਾਣਕਾਰੀ ਲਈ ਬੀਬੀ ਸੁਰਿੰਦਰ ਕੌਰ ਫੋਨ 661-835-8660 ਜਾਂ ਬੀਬੀ ਮੁਖਤਿਆਰ ਕੌਰ ਫੋਨ 661-397-7432 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਮਕੈਨਿਕ ਮੈਨੇਜਰ ਦੀ ਲੋੜ ਹੈ
ਇੰਡੀਆਨਾ ਵਿਚ ਇਕ ਟਰੱਕ ਰਿਪੇਅਰ ਸ਼ਾਪ ਵਾਸਤੇ ਇਕ ਜ਼ਿਮੇਵਾਰ ਮਕੈਨਿਕ ਮੈਨੇਜਰ ਦੀ ਲੋੜ ਹੈ ਜੋ ਕਿ ਆਪਣੇ ਸਟਾਫ ਅਤੇ ਸ਼ਾਪ ਵਿਚ ਵਰਤੇ ਜਾਣ ਵਾਲੇ ਸਾਮਾਨ ਦੀ ਰੋਜ਼ਾਨਾ ਖਰੀਦੋ-ਫਰੋਖਤ ਲਈ ਜ਼ਿਮੇਵਾਰ ਹੋਵੇਗਾ। ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ।
ਸੰਪਰਕ ਕਰੋ: ਜੱਸੀ, ਫੋਨ:765-987-7000
HWY 70 Exit 123, Spiceland, IN

ਟੈਕਸਸ ਕੁਇਕ ਸਟਾਪ
ਲੋੜ ਹੈ
ਟੈਕਸਸ ਵਿਚ ਟਰੱਕ ਸਟਾਪ ਉਤੇ ਕੰਮ ਕਰਨ ਲਈ ਕੈਸ਼ੀਅਰ ਅਤੇ ਰੈਸਟੋਰੈਂਟ ਸਟਾਫ ਦੀ ਲੋੜ ਹੈ।
ਵਾਜ਼ਬ ਤਨਖਾਹ
ਰਿਹਾਇਸ਼ ਦਾ ਬੰਦੋਬਸਤ ਵੀ ਕਰ ਸਕਦੇ ਹਾਂ।
ਸੰਪਰਕ ਕਰੋ
ਕੁਲਵੰਤ ਸਿੰਘ ਜਾਂ ਮਹਿੰਦਰ ਸਿੰਘ ਸਿੱਧੂ
ਫੋਨ: 661-667-3158, 661-667-1188

SUBWAY for sale
in East Bay
Asking $ 138,888
Contact:Paul
1-888-870-0850x3

BIG RIG TIRE & SERVICE
954 Glenwood Ave, Turlock, CA 95380
Ph 209-669-6989, 209-678-6176
ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ ।
ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਕਰਦੇ ਹਾਂ ।

24 Hours Road Service
NEW & USED TIRE
SALE & SERVICE
ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ
CENTRAL VALLET TRUCK SCHOOL
Re-Opens
SCHOOL @ SAME PLACE

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD Millennium

Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 80 ਡਾਲਰ, ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤੀ ਖੇਡ ਤੰਤਰ ਦੀ ਲੁੱਚ-ਪਹੁ 'ਚ ਝੰਡੀ

ਵਾਲੀ ਖਿਡਾਰਨ ਰਨਜੀਤਾ ਦੇਵੀ ਨੇ ਰੋ-ਰੋ ਕੇ ਹਾਕੀ ਇੰਡੀਆ ਸਾਹਮਣੇ ਇੰਕਸ਼ਾਫ ਕੀਤਾ ਕਿ ਉਸ ਵਲੋਂ ਲਾਏ ਗਏ ਦੋਸ਼ ਸਹੀ ਹਨ ਅਤੇ ਕੌਸ਼ਿਕ ਨੇ ਉਸ ਨੂੰ ਇਕ ਹੋਟਲ ਦੇ ਕਮਰੇ ਵਿਚ ਬੁਲਾ ਕੇ ਆਖਿਆ ਸੀ ਕਿ ਉਹ ਮੁੰਬਈ ਵਿਚ ਇਕੱਲੀ ਰਹਿ ਰਹੀ ਹੈ ਇਸ ਲਈ ਉਸ ਨੂੰ ਜ਼ਿੰਦਗੀ ਦਾ ਮਜ਼ਾ ਲੈਣਾ ਚਾਹੀਦਾ ਹੈ। ਉਸ ਨੂੰ ਕੋਚ ਨੇ ਕਾਮੁਕਤਾ ਸਬੰਧੀ ਅਭੱਦਰ ਕਿਸਮ ਦੇ ਸੁਆਲ ਵੀ ਪੁੱਛੇ।

ਭਾਰਤੀ ਮਹਿਲਾ ਹਾਕੀ ਫੈਡਰੇਸ਼ਨ ਦੀ ਪ੍ਰਧਾਨ ਵਿਦਿਆ ਸਟੋਕਸ ਨੇ ਇਸ ਸਕੈਂਡਲ ਸਬੰਧੀ ਕਿਹਾ ਕਿ ਕੋਚ ਐਮ.ਕੇ. ਕੌਸ਼ਿਕ ਨੇ ਹਾਕੀ ਟੀਮ ਨਾਲ ਜਾਣ ਤੋਂ ਨਾਂਹ ਕਰ ਦਿੱਤੀ ਹੈ, ਕਿਉਂਕਿ ਉਹ ਚਾਹੁੰਦੇ ਹਨ ਕਿ ਜਾਂਚ ਪਹਿਲਾਂ ਪੂਰੀ ਹੋ ਲਵੇ। ਉਂਜ ਇਹ ਸੱਚ ਹੈ ਕਿ ਸ੍ਰੀ ਕੌਸ਼ਿਕ ਸੀਨੀਅਰ ਕੋਚ ਹਨ ਅਤੇ ਪਿਛਲੇ ਸਮੇਂ ਵਿਚ ਉਨ੍ਹਾਂ ਖਿਲਾਫ ਅਜਿਹਾ ਦੋਸ਼ ਕੋਈ ਨਹੀਂ ਲੱਗਿਆ। ਕਈ ਧਿਰਾਂ ਇਹ ਮਹਿਸੂਸ ਕਰ ਰਹੀਆਂ ਹਨ ਕਿ ਕੌਸ਼ਿਕ ਉਪਰ ਲੱਗੇ ਦੋਸ਼ ਹਾਕੀ ਇੰਡੀਆ ਵਿਚ ਚਲ ਰਹੀ ਸਿਆਸਤ ਦਾ ਸਿੱਟਾ ਹਨ। ਇਥੇ ਇਹ ਵੀ ਦੱਸ ਦੇਣਾ ਬਣਦਾ ਹੈ ਕਿ ਹਾਕੀ ਇੰਡੀਆ ਦੀ ਚੋਣ 28 ਨੂੰ ਹੋ ਚੁੱਕੀ ਹੈ (ਇਸ ਰਿਪੋਰਟ ਦੇ ਛਪਣ ਤੋਂ ਪਹਿਲਾਂ ਇਸ ਚੋਣ ਦੇ ਨਤੀਜੇ ਸਾਹਮਣੇ ਆ ਚੁੱਕੇ ਹੋਣਗੇ) ਅਤੇ ਇਸ ਦੀ ਪ੍ਰਧਾਨਗੀ ਲਈ ਸ੍ਰੀਮਤੀ ਵਿਦਿਆ ਸਟੋਕਸ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਪ੍ਰਧਾਨ ਪ੍ਰਗਟ ਸਿੰਘ ਮੈਦਾਨ ਵਿਚ ਹਨ।

ਤਕਰੀਬਨ ਸਾਰੇ ਹੀ ਸਾਬਕਾ ਉਲੰਪੀਅਨ ਸਰਬ ਸੰਮਤੀ ਨਾਲ ਪ੍ਰਗਟ ਸਿੰਘ ਦੀ ਹਮਾਇਤ ਕਰ ਰਹੇ ਹਨ। ਦੂਜੇ ਪਾਸੇ ਵਿੱਦਿਆ ਸਟੋਕਸ ਦੇ ਜ਼ਰੀਏ ਭਾਰਤੀ ਉਲੰਪਿਕ ਐਸੋਸੀਏਸ਼ਨ ਦਾ ਪ੍ਰਧਾਨ ਸ੍ਰੀ ਸੁਰੇਸ਼ ਕਲਮਾਡੀ ਹਾਕੀ ਇੰਡੀਆ ਉਪਰ ਕਾਬਜ਼ ਹੋਣ ਦੀ ਕੋਸ਼ਿਸ਼ ਵਿਚ ਹੈ। ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਕੁਝ ਸਮਾਂ ਪਹਿਲਾਂ ਜਦੋਂ ਖੇਡ ਫੈਡਰੇਸ਼ਨਾਂ ਦੇ ਅਧਿਕਾਰੀਆਂ ਦੀ ਉਮਰ ਸੀਮਤ ਕਰਨ ਦਾ ਮਸਲਾ ਉਠਿਆ ਸੀ ਅਤੇ ਦੋ ਟਰਮਾਂ ਤੋਂ ਵਧ ਕਿਸੇ ਨੂੰ ਪ੍ਰਧਾਨਗੀ ਨਾ ਦੇਣ ਦਾ ਪ੍ਰਸਤਾਵਿਤ ਨਿਯਮ ਖੇਡ ਮੰਤਰਾਲੇ ਨੇ ਸਾਹਮਣੇ ਲਿਆਂਦਾ ਸੀ ਤਾਂ ਸੁਰੇਸ਼ ਕਲਮਾਡੀ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਸੀ ਅਤੇ ਬਾਕੀ ਖੇਡ ਫੈਡਰੇਸ਼ਨਾਂ ਦੀ ਇਸ ਮਾਮਲੇ ਵਿਚ ਖੇਡ ਮੰਤਰਾਲੇ ਵਿਰੁਧ ਅਗਵਾਈ ਕੀਤੀ ਸੀ। ਕਾਮਨਵੈਲਥ ਖੇਡਾਂ ਦੇ ਮੱਦੇਨਜ਼ਰ ਅਤੇ ਅੰਤਰਰਾਸ਼ਟਰੀ ਖੇਡ ਫੈਡਰੇਸ਼ਨਾਂ ਦੇ ਦਬਾਅ ਕਾਰਨ ਭਾਰਤੀ ਖੇਡ ਮੰਤਰਾਲੇ ਨੂੰ ਇਸ ਮਾਮਲੇ ਵਿਚ ਝੁਕਣਾ ਪਿਆ ਸੀ। ਇੰਜ ਜਦੋਂ ਹਾਕੀ ਇੰਡੀਆ ਲਈ ਚੋਣ ਯੁੱਧ ਸ਼ਿਖਰਾਂ ਉਪਰ ਹੈ ਤਾਂ ਹਾਕੀ ਦਾ ਉਪਰੋਕਤ ਸੈਕਸ ਸਕੈਂਡਲ ਸਾਹਮਣੇ ਆ ਗਿਆ ਹੈ। ਇਸ ਨੇ ਚੋਣ ਸਥਿਤੀ ਨੂੰ ਨਵਾਂ ਸੰਦਰਭ ਵੀ ਦੇ ਦਿੱਤਾ ਹੈ ਅਤੇ ਨਾਲ ਹੀ ਇਹ ਵੀ ਸਾਹਮਣੇ ਲੈ ਆਂਦਾ ਹੈ ਕਿ ਭਾਰਤੀ ਖੇਡ ਫੈਡਰੇਸ਼ਨਾਂ ਅਤੇ ਖਾਸ ਕਰਕੇ ਹਾਕੀ ਨਾਲ ਸੰਬੰਧਿਤ ਖੇਡ ਸੰਸਥਾਵਾਂ ਦਾ ਨਿਘਾਰ ਕਿਸ ਸਥਿਤੀ ਨੂੰ ਪਹੁੰਚ ਚੁੱਕਾ ਹੈ।

ਉਂਜ ਇਸ ਮਾਮਲੇ ਵਿਚ ਖੇਡ ਮੰਤਰਾਲੇ ਨੇ ਸਹੀ ਮੌਕੇ 'ਤੇ ਦਖਲਅੰਦਾਜ਼ੀ ਦਿੰਦਿਆਂ ਆਖ ਦਿੱਤਾ ਹੈ ਕਿ ਸਾਬਕਾ ਕੋਚ ਐਮ.ਕੇ. ਕੌਸ਼ਿਕ ਖਿਲਾਫ ਲੱਗੇ ਜਿਨਸੀ ਦੋਸ਼ਾਂ ਦੀ ਜਾਂਚ ਉਹ ਖੁਦ ਕਰਨਗੇ। ਹਾਕੀ ਇੰਡੀਆ ਪਹਿਲਾਂ ਹੀ ਜਾਂਚ ਤੋਂ ਬਾਅਦ ਸ਼ਿਕਾਇਤ ਦਿੱਲੀ ਪੁਲਿਸ ਨੂੰ ਭੇਜ ਚੁੱਕੀ ਹੈ। ਖੇਡ ਮੰਤਰਾਲੇ ਨੇ ਇਨਸਾਫ ਦਾ ਯਕੀਨ ਦਿਵਾਇਆ ਹੈ।

ਉਧਰ ਇਸੇ ਦੌਰਾਨ ਸਾਬਕਾ ਵੇਟ ਲਿਫਟਰ ਕਰਨਮ ਮਲੇਸ਼ਵਰੀ ਨੇ ਭਾਰਤੀ ਵੇਟ ਲਿਫਟਿੰਗ ਦੇ ਸਕੱਤਰ ਸਹਿਦੇਵ ਯਾਦਵ ਦੀ ਬਰਖਾਸਤਗੀ ਦੀ ਮੰਗ ਕੀਤੀ ਹੈ ਅਤੇ ਕੋਚ ਮਹੇਸ਼ ਮਲਹੋਤਰਾ ਖਿਲਾਫ ਜੂਨੀਅਰ ਵੇਟ ਲਿਫਟਰਾਂ ਦਾ ਕਾਮੁਕ ਸ਼ੋਸ਼ਣ ਕਰਨ ਦੇ ਦੋਸ਼ ਲਾਏ ਹਨ। ਮਲੇਸ਼ਵਰੀ ਫੈਡਰੇਸ਼ਨ ਦੀ ਮੀਤ ਪ੍ਰਧਾਨ ਵੀ ਹੈ। ਉਨ੍ਹਾਂ ਕਿਹਾ ਕਿ ਯਾਦਵ ਨੂੰ ਬਾਹਰ ਦਾ ਰਾਸਤਾ ਦਿਖਾ ਦਿੱਤਾ ਜਾਣਾ ਚਾਹੀਦਾ ਤਾਂ ਕਿ ਮਲਹੋਤਰਾ ਵਰਗੇ ਕੋਚਾਂ ਦੀ ਨਿਯੁਕਤੀ ਨਾ ਹੋ ਸਕੇ। ਉਧਰ ਮਿਲੀਆਂ ਖ਼ਬਰਾਂ ਅਨੁਸਾਰ ਸ੍ਰੀ ਮਲਹੋਤਰਾ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਪਰ ਮਲੇਸ਼ਵਰੀ ਇਸ ਤੋਂ ਵੀ ਸੰਤੁਸ਼ਟ ਨਹੀਂ ਹੋਈ। ਉਸ ਨੇ ਕਿਹਾ ਕਿ ਸਕੱਤਰ ਵੀ ਬਰਾਬਰ ਦਾ ਦੋਸ਼ੀ ਹੈ ਜਿਸ ਨੇ ਵਾਰ-ਵਾਰ ਕਾਮੁਕ ਸ਼ੋਸ਼ਣ ਦੀਆਂ ਸ਼ਿਕਾਇਤਾਂ ਮਿਲਣ 'ਤੇ ਵੀ ਕਾਰਵਾਈ ਨਹੀਂ ਕੀਤੀ ਬਲਕਿ ਕੋਚ ਲਈ ਦਰੋਣਾਚਾਰੀਆ ਐਵਾਰਡ ਦੀ ਸਿਫਾਰਸ਼ ਕੀਤੀ, ਭਾਵੇਂ ਕਿ ਇਹ ਸਿਫਾਰਸ਼ ਮਾਮਲਾ ਉਠਣ ਤੋਂ ਬਾਅਦ ਵਾਪਸ ਲੈ ਲਈ ਗਈ ਹੈ। ਉਧਰ ਮੁਅੱਤਲ ਕੀਤੇ ਵੇਟ ਲਿਫਟਿੰਗ ਕੋਚ ਰਮੇਸ਼ ਮਲਹੋਤਰਾ ਨੇ ਕਰਨਮ ਮਲੇਸ਼ਵਰੀ ਵਲੋਂ ਲਾਏ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਇਹ ਦੋਸ਼ ਗਲਤ ਤੇ ਮਨਘੜਤ ਹਨ। ਮਲਹੋਤਰਾ ਨੇ ਕਿਹਾ ਕਿ ਸੱਚਾਈ ਜਾਨਣ ਲਈ ਫੈਡਰੇਸ਼ਨ ਨੂੰ ਖਿਡਾਰਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਲੇਸ਼ਵਰੀ ਕੌਮਾਂਤਰੀ ਪ੍ਰਸਿੱਧੀ ਦਾ ਨਾਜਾਇਜ਼ ਲਾਹਾ ਲੈ ਰਹੀ ਹੈ। ਖੇਡ ਮੰਤਰੀ ਐਮ. ਐਸ. ਗਿੱਲ ਨੇ ਇਸ ਮਾਮਲੇ ਵਿਚ ਵੀ ਦਖਲ ਦਿੰਦਿਆਂ ਕਿਹਾ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਪੇਸ਼ੇਵਰਾਨਾ ਅਤੇ ਨਿਰਪੱਖ ਢੰਗ ਨਾਲ ਕੀਤੀ ਜਾਵੇਗੀ।

ਵੇਟ ਲਿਫਟਿੰਗ ਅਤੇ ਹਾਕੀ ਕੋਚਾਂ ਉਪਰ ਲੱਗੇ ਉਪਰੋਕਤ ਦੋਸ਼ਾਂ ਕਰਕੇ ਇਨ੍ਹਾਂ ਖੇਡਾਂ ਵਿਚ ਹੋਰ ਜਵਾਨ ਕੁੜੀਆਂ ਦੀ ਆਮਦ ਘਟਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹਾਕੀ ਨੂੰ ਪਹਿਲਾਂ ਹੀ ਕੁੜੀਆਂ ਦੀ ਭਰਤੀ ਬੇਹੱਦ ਥੋੜ੍ਹੀ ਮਿਲ ਰਹੀ ਹੈ। ਇਸੇ ਤਰ੍ਹਾਂ ਵੇਟ ਲਿਫਟਿੰਗ ਵੀ ਤੱਤ ਰੂਪ ਵਿਚ ਕੁੜੀਆਂ ਦੀ ਖੇਡ ਨਹੀਂ। ਇਸ ਨੂੰ ਵੀ ਭਾਰਤ ਜਿਹੇ ਮੁਲਕ ਵਿਚ ਰੰਗਰੂਟ ਮੁਸ਼ਕਲ ਨਾਲ ਹੀ ਮਿਲਦੇ ਹਨ। ਇਥੇ ਵੀ ਅਸਰ ਆਉਣ ਵਾਲੇ ਸਮੇਂ ਵਿਚ ਸਾਫ ਵਿਖਾਈ ਦੇਵੇਗਾ।

# ਫੂਲਕਾ-ਸਰਨਾ ਵਿਵਾਦ:ਅਗਲੀ ਪੇਸ਼ੀ 7 ਅਗਸਤ ਨੂੰ

ਲਈ ਸ੍ਰੀ ਫੂਲਕਾ ਨੇ ਹੁਣ ਤੱਕ 1.09 ਕਰੋੜ ਰੁਪਏ ਜਾਇਆ ਕਰ ਦਿੱਤੇ ਹਨ ਤੇ ਦੰਗਾ ਪੀੜਤਾਂ ਨੂੰ 26 ਸਾਲਾਂ ਬਾਅਦ ਵੀ ਇਨਸਾਫ ਨਹੀਂ ਮਿਲ ਰਿਹਾ।

ਸਰਨਾ ਭਰਾਵਾਂ ਵਲੋਂ ਲਾਏ ਇਸ ਦੂਸ਼ਣ ਦੇ ਰੋਸ ਵਜੋਂ ਸ੍ਰੀ ਫੂਲਕਾ ਨੇ ਆਪਣੇ ਆਪ ਦੇ ਇਨ੍ਹਾਂ ਕੇਸਾਂ ਤੋਂ ਲਾਂਭੇ ਹੋਣ ਦਾ ਐਲਾਨ ਕਰਦਿਆਂ ਅਕਾਲ ਤਖਤ ਦੇ ਜਥੇਦਾਰ ਨੂੰ ਚਿੱਠੀ ਲਿਖ ਕੇ ਜਾਣੂ ਕਰਵਾਇਆ ਕਿ ਉਹ ਪਿਛਲੇ 26 ਸਾਲਾਂ ਤੋਂ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਮੁਲਜ਼ਮਾਂ ਖਿਲਾਫ ਆਪਣੀ ਜਾਨ ਜੋਖਮ 'ਚ ਪਾ ਕੇ ਲੜਾਈ ਲੜ ਰਹੇ ਹਨ ਅਤੇ ਕੁਝ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਉਹ ਬਹੁਤ ਹੀ ਨੇੜੇ ਪੁੱਜ ਚੁੱਕੇ ਹਨ। ਉਨ੍ਹਾਂ ਚਿੱਠੀ 'ਚ ਲਿਖਿਆ ਕਿ ਦਿੱਲੀ ਦੇ ਕੁਝ ਆਗੂ ਦੋਸ਼ੀ ਕਾਂਗਰਸੀਆਂ ਨੂੰ ਬਚਾਉਣ ਲਈ ਉਨ੍ਹਾਂ ਵਿਰੁਧ ਇਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਮੁਹਿੰਮ ਛੇੜੀ ਬੈਠੇ ਹਨ।

ਸ੍ਰੀ ਫੂਲਕਾ ਨੇ ਕਿਹਾ ਕਿ ਹੁਣ ਜਦੋਂ ਸੱਜਣ ਕੁਮਾਰ ਅਤੇ ਕਮਲ ਨਾਥ ਕੇਸਾਂ ਵਿਚ ਬੁਰੀ ਤਰ੍ਹਾਂ ਫਸ ਰਹੇ ਹਨ ਤਾਂ ਦਿੱਲੀ ਦੇ ਆਗੂਆਂ ਨੇ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਉਨ੍ਹਾਂ ਚਿੱਠੀ ਵਿਚ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ 1985 'ਚ ਜਸਟਿਸ ਰੰਗਨਾਥ ਕਮਿਸ਼ਨ ਨੇ ਸੁਰੱਖਿਆ ਦੀ ਪੇਸ਼ਕਸ਼ ਕੀਤੀ ਸੀ ਜੋ ਉਨ੍ਹਾਂ ਨੇ ਠੁਕਰਾ ਦਿੱਤੀ। 2004 ਵਿਚ ਇਕ ਨਿੱਜੀ ਚੈਨਲ 'ਤੇ ਬਹਿਸ ਦੌਰਾਨ ਜਗਦੀਸ਼ ਟਾਈਟਲਰ ਨੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਸੀ। ਉਨ੍ਹਾਂ ਲਿਖਿਆ ਕਿ ਐਨਾ ਕਰਨ ਦੇ ਬਾਵਜੂਦ ਸਿੱਖ ਕੌਮ ਦੇ ਆਗੂ ਅੱਜ ਮੇਰੇ ਵਿਰੁਧ ਝੂਠੇ ਇਲਜ਼ਾਮ ਲਗਾ ਰਹੇ ਹਨ। ਐਡਵੋਕੇਟ ਫੂਲਕਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਸਾਲ 1985 ਵਿਚ ਦਿੱਲੀ ਕਮੇਟੀ ਕੋਲੋਂ 15 ਹਜ਼ਾਰ ਰੁਪਏ ਲੈਣ ਤੋਂ ਬਾਅਦ ਅੱਜ ਤੱਕ ਬਿਨਾਂ ਕੋਈ ਪੈਸਾ ਲਏ ਕੇਸਾਂ ਦੀ ਪੈਰਵਾਈ ਕੀਤੀ ਹੈ।

ਜਥੇਦਾਰ ਗੁਰਬਚਨ ਸਿੰਘ ਨੇ ਸ੍ਰੀ ਫੂਲਕਾ ਦੇ ਪੱਤਰ ਦਾ ਗੰਭੀਰ ਨੋਟਿਸ ਲੈਂਦਿਆਂ ਸਰਨਾ ਭਰਾਵਾਂ ਨੂੰ ਪੰਜ ਸਿੰਘ ਸਾਹਿਬਾਨ ਦੀ 26 ਜੁਲਾਈ ਨੂੰ ਬੁਲਾਈ ਗਈ ਮੀਟਿੰਗ 'ਚ ਆਪਣਾ ਪੱਖ ਸਪੱਸ਼ਟ ਕਰਨ ਲਈ ਤਲਬ ਕੀਤਾ ਸੀ ਪਰ ਸਰਨਾ ਭਰਾ ਮਿਥੇ ਦਿਨ ਅਕਾਲ ਤਖਤ 'ਤੇ ਪੇਸ਼ ਨਹੀਂ ਹੋ ਸਕੇ। ਉਨ੍ਹਾਂ ਦੀ ਚਿੱਠੀ ਲੈ ਕੇ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਭਜਨ ਸਿੰਘ ਵਾਲੀਆ ਹਾਜ਼ਰ ਹੋਏ ਜਿਸ ਵਿਚ ਘਰੇਲੂ ਰੁਝੇਵਿਆਂ ਕਾਰਨ 8 ਅਗਸਤ ਤੋਂ 15 ਅਗਸਤ ਦਰਮਿਆਨ ਕਿਸੇ ਵੀ ਦਿਨ ਸੱਦਣ ਦੀ ਅਰਜੋਈ ਕੀਤੀ ਗਈ ਸੀ। ਪਰ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਗਿਆਨੀ ਗੁਰਬਚਨ




ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ, ਤਖਤ ਸ੍ਰੀ ਹਜ਼ੂਰ ਸਾਹਿਬ ਦੇ ਹੈਡ ਗ੍ਰੰਥੀ ਪ੍ਰਤਾਪ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤਰਲੋਚਨ ਸਿੰਘ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਵਿਚਾਰ ਕਰਨ ਪਿੱਛੋਂ ਉਨ੍ਹਾਂ ਨੂੰ 7 ਅਗਸਤ ਨੂੰ ਮੁੜ ਹਾਜ਼ਰ ਹੋਣ ਦਾ ਆਦੇਸ਼ ਦਿੱਤਾ ਹੈ। ਉਦੋਂ ਤੱਕ ਦੋਵਾਂ ਧਿਰਾਂ ਨੂੰ ਕੋਈ ਬਿਆਨਬਾਜ਼ੀ ਕਰਨ ਤੋਂ ਵੀ ਰੋਕਿਆ ਗਿਆ ਹੈ।

ਇਸ ਤੋਂ ਪਹਿਲਾਂ ਪਰਮਜੀਤ ਸਿੰਘ ਸਰਨਾ ਨੇ ਅਕਾਲ ਤਖਤ ਦੇ ਮੁੱਖ ਜਥੇਦਾਰ ਗਿਆਨੀ ਗੁਰਬਚਨ ਸਿੰਘ 'ਤੇ ਫੂਲਕਾ ਵਿਵਾਦ ਨੂੰ ਲੈ ਕੇ ਦੋਹਰੇ ਮਾਪਦੰਡ ਅਪਨਾਉਣ ਦਾ ਦੋਸ਼ ਲਾਇਆ ਸੀ। ਉਨ੍ਹਾਂ ਮੁੱਖ ਜਥੇਦਾਰ ਨੂੰ ਸਵਾਲ ਕੀਤਾ ਕਿ ਜਿਸ ਦਿਨ ਸ. ਪ੍ਰਹਿਲਾਦ ਸਿੰਘ ਚੰਢੋਕ ਨੇ ਸਿੱਖ ਨਸਲਕੁਸ਼ੀ ਦੇ ਦੋਸ਼ੀ ਜਗਦੀਸ਼ ਟਾਈਟਲਰ ਨੂੰ ਸਿਰੋਪਾ ਦਿੱਤਾ ਸੀ, ਉਹ ਉਦੋਂ ਕਿਉਂ ਨਹੀਂ ਬੋਲੇ? ਉਨ੍ਹਾਂ ਕਿਹਾ ਕਿ ਇਸ ਵਿਵਾਦ ਵਿਚ ਭੇਜੀ ਚਿੱਠੀ ਵਿਚ ਐਡਵੋਕੇਟ ਐਚ. ਐਸ. ਫੂਲਕਾ ਨੇ ਅਵਤਾਰ ਸਿੰਘ ਹਿੱਤ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਸ. ਹਿੱਤ ਤੇ ਚੰਢੋਕ ਨੂੰ ਕਿਉਂ ਨਹੀਂ ਸੱਦਿਆ, ਜਦਕਿ ਇਨ੍ਹਾਂ ਘਟਨਾਵਾਂ ਨੂੰ ਸ. ਫੂਲਕਾ ਨੇ ਆਪਣੀ ਕਿਤਾਬ ਵਿਚ ਦਰਜ ਕੀਤਾ ਹੈ।

ਸ. ਸਰਨਾ ਨੇ ਵਕੀਲ ਸ. ਫੂਲਕਾ ਨੂੰ ਵੀ ਸਵਾਲ ਕੀਤਾ ਕਿ 11 ਅਪਰੈਲ 2010 ਨੂੰ ਦਿੱਲੀ ਵਿਖੇ ਹੋਈ ਵਿਸ਼ਵ ਸਿੱਖ ਕਨਵੈਨਸ਼ਨ ਵਿਚ ਵੀ ਉਹ ਸ਼ਾਮਲ ਹੋਏ ਸਨ, ਉਦੋਂ ਸਰਨਾ ਠੀਕ ਸੀ। ਹੁਣ ਜਥੇਦਾਰ ਸਾਹਿਬਾਨ ਇਸ ਗੱਲ ਦੀ ਵੀ ਜਾਂਚ ਕਰਨ ਕਿ ਰਾਤੋ ਰਾਤ ਸ. ਫੂਲਕਾ ਦੇ ਵਿਚਾਰ ਕਿਵੇਂ ਬਦਲ ਗਏ? ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਤੇ ਭਾਈ ਰਣਜੀਤ ਸਿੰਘ ਵਲੋਂ ਉਨ੍ਹਾਂ ਨੂੰ ਪੰਥ ਦਾ ਗੱਦਾਰ ਕਹੇ ਜਾਣ ਸਬੰਧੀ ਸ. ਸਰਨਾ ਨੇ ਕਿਹਾ ਕਿ ਉਨ੍ਹਾਂ ਨੂੰ ਬਾਬਾ ਧੁੰਮਾ ਜਾਂ ਕਿਸੇ ਹੋਰ ਤੋਂ ਸਰਟੀਫਿਕੇਟ ਲੈਣ ਦੀ ਕੋਈ ਲੋੜ ਨਹੀਂ। ਪੰਥ ਦਾ ਗੱਦਾਰ ਕੌਣ ਹੈ? ਇਸ ਦਾ ਫੈਸਲਾ ਪੰਥ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਜੇ ਮੈਂ ਪੰਥ ਦਾ ਗੱਦਾਰ ਹਾਂ ਤਾਂ ਫਿਰ ਫਤਿਹਗੜ੍ਹ ਸਾਹਿਬ ਤੋਂ ਮਾਰਚ ਕੱਢਣ ਦਾ ਐਲਾਨ ਕਰਕੇ ਭੱਜਣ ਵਾਲੇ ਕੌਣ ਹਨ? ਪੰਥ ਦਾ ਗੱਦਾਰ ਉਹ ਹੈ ਜਿਸ ਨੇ ਸਿੱਖਾਂ ਦੀ ਆਜ਼ਾਦ ਹਸਤੀ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਦਾ ਕਤਲ ਕੀਤਾ।

ਉਧਰ ਸ੍ਰੀ ਫੂਲਕਾ ਨੇ ਪਰਮਜੀਤ ਸਿੰਘ ਸਰਨਾ ਵਲੋਂ ਲਾਏ ਦੋਸ਼ਾਂ ਦੇ ਜਵਾਬ 'ਚ ਕਿਹਾ ਹੈ ਕਿ ਉਹ ਆਮਦਨ ਕਰ ਵਿਭਾਗ ਦੀ ਕਿਸੇ ਵੀ ਤਰ੍ਹਾਂ ਦੀ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਉਹ ਆਪਣੇ ਖਿਲਾਫ ਕੀਤੀ ਜਾਣ ਵਾਲੀ ਕਿਸੇ ਵੀ ਜਾਂਚ ਦਾ ਸਵਾਗਤ ਕਰਨਗੇ ਬਸ਼ਰਤੇ ਕਿ ਅਜਿਹੀ ਜਾਂਚ ਦਿੱਲੀ ਕਮੇਟੀ ਦੇ ਮੈਂਬਰਾਂ ਦੀ ਵੀ ਕੀਤੀ ਜਾਵੇ। ਉਨ੍ਹਾਂ ਕਿਹਾ ਉਹ ਆਪਣੀ ਜਾਇਦਾਦ ਜੱਗ ਜ਼ਾਹਰ ਕਰਨ ਲਈ ਵੀ ਤਿਆਰ ਹਨ ਭਾਵੇਂ ਉਨ੍ਹਾਂ ਕੋਲ ਕੋਈ ਸਰਕਾਰੀ ਰੁਤਬਾ ਜਾਂ ਅਹੁਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਮੇਰੇ 'ਤੇ ਇਹ ਦੋਸ਼ ਸਾਜ਼ਿਸ਼ ਤਹਿਤ ਲਾਏ ਜਾ ਰਹੇ ਹਨ ਕਿਉਂਕਿ 1984 ਦੇ ਸਿੱਖ ਵਿਰੋਧੀਆਂ ਨਾਲ ਸੰਬੰਧਿਤ ਕੁਝ ਕੇਸ ਸਿਰੇ ਲੱਗਣ ਵਾਲੇ ਹਨ।

ਦੋਹਾਂ ਪੱਖਾਂ ਦੇ ਦੋਸ਼ ਅਤੇ ਤਰਕ ਸੱਤ ਅਗਸਤ ਨੂੰ ਪਰਖੇ ਜਾਣੇ ਹਨ। ਕੁਝ ਸਿੱਖ ਵਿਚਾਰਵਾਨਾਂ ਦਾ ਮੱਤ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਵੀ ਇਸ ਮੁੱਦੇ 'ਤੇ ਅਸਰ ਅੰਦਾਜ਼ ਹੋ ਸਕਣ ਦੀ ਭੂਮਿਕਾ ਨਿਭਾ ਸਕਦੀਆਂ ਹਨ।

## ਰਾਸ਼ਟਰ ਮੰਡਲ ਖੇਡਾਂ ਵਿਰੁਧ ਡਟੇ ਮਨੀਸ਼ੰਕਰ ਅਈਅਰ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਖੇਡ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਮਨੀਸ਼ੰਕਰ ਅਈਅਰ ਨੇ ਰਾਸ਼ਟਰ ਮੰਡਲ ਖੇਡਾਂ ਪ੍ਰਤੀ ਆਪਣਾ ਵਿਰੋਧ ਜਾਰੀ ਰੱਖਦਿਆਂ ਬੀਤੀ 27 ਜੁਲਾਈ ਨੂੰ ਕਿਹਾ ਕਿ ਜੇਕਰ ਇਹ ਖੇਡਾਂ ਸਹੀ ਤਰੀਕੇ ਨਾਲ ਸਿਰੇ ਚੜ੍ਹ ਗਈਆਂ ਤਾਂ ਮੈਨੂੰ ਬੇਹੱਦ ਦੁੱਖ ਹੋਵੇਗਾ। ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਤੇ ਦਿੱਲੀ ਸਰਕਾਰ ਦੀ ਕਿਰਕਿਰੀ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਦਾ ਆਯੋਜਨ ਸਿਰਫ਼ 'ਦੁਸ਼ਟ' ਹੀ ਕਰ ਸਕਦੇ ਹਨ।

ਇਸ ਸਬੰਧੀ ਸੰਸਦ ਭਵਨ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਈਅਰ ਨੇ ਕਿਹਾ ਕਿ ਬਾਰਸ਼ ਕਾਰਨ ਇਨ੍ਹਾਂ ਖੇਡਾਂ ਦੀਆਂ ਤਿਆਰੀਆਂ ਦੇ ਸਬੰਧ 'ਚ ਆ ਰਹੇ ਅੜਿੱਕਿਆਂ ਤੋਂ ਮੈਂ ਖੁਸ਼ ਹਾਂ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਨਾਲ ਦੇਸ਼ ਦਾ ਕੀਮਤੀ ਪੈਸਾ ਨਸ਼ਟ ਹੋ ਰਿਹਾ ਹੈ ਜੋ ਕਿ ਸਹੀ ਨਹੀਂ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਕੇਂਦਰ ਵਾਲੀ ਝਾਕ ਛੱਡ ਕੇ ਪੰਜਾਬ ਆਪਣੀ ਵਿਕਾਸ-ਨੀਤੀ ਸਿਰਜੇ

**-ਕੰਵਰਜੀਤ ਸਿੰਘ**

**ਜਲੰਧਰ :** ਪਿਛਲੇ ਦਿਨੀਂ ਨਵੀਂ ਦਿੱਲੀ ਵਿਚ ਹੋਈ ਕੌਮੀ ਵਿਕਾਸ ਕੌਂਸਲ ਦੀ ਮੀਟਿੰਗ ਦੇ ਮੰਚ 'ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦਾ ਆਰਥਿਕ ਸੰਕਟ ਉਭਾਰਨ ਲਈ ਕਈ ਨੁਕਤੇ ਉਠਾਏ। ਉਨ੍ਹਾਂ ਵਲੋਂ ਉਠਾਏ ਨੁਕਤਿਆਂ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਰਾਜਾਂ ਕੋਲ ਘੱਟ ਅਧਿਕਾਰ ਹੋਣ ਕਾਰਨ ਉਹ ਕੋਈ ਮਜ਼ਬੂਤ ਪਹਿਲਕਦਮੀ ਵਾਲੇ ਫੈਸਲੇ ਨਹੀਂ ਲੈ ਸਕਦੇ।

ਪੰਜਾਬ ਸਿਰ ਇਸ ਵੇਲੇ ਕੁੱਲ ਮਿਲਾ ਕੇ 64,924 ਕਰੋੜ ਦਾ ਕਰਜ਼ਾ ਹੈ, ਜੋ ਕਿ ਹਰ ਸਾਲ ਹੋਰ ਵਧਦਾ ਜਾ ਰਿਹਾ ਹੈ। ਇਹ ਕਰਜ਼ਾ ਪੰਜਾਬ ਸਿਰ ਉਸ ਵੇਲੇ ਚੜ੍ਹਿਆ ਜਦੋਂ ਇਥੇ ਖਾੜਕੂਵਾਦ ਦਾ ਦੌਰ ਚਲ ਰਿਹਾ ਸੀ ਤੇ ਰਾਜ ਅੰਦਰ ਕੇਂਦਰੀ ਰਿਜ਼ਰਵ ਪੁਲੀਸ ਫੋਰਸ ਦੀ ਤਾਇਨਾਤੀ ਕੀਤੀ ਗਈ ਸੀ। ਪੰਜਾਬ ਮੁੱਢ ਤੋਂ ਹੀ ਇਹ ਮਾਮਲਾ ਕੇਂਦਰ ਅੱਗੇ ਉਠਾਉਣ ਵੇਲੇ ਇਹ ਗੱਲ ਕਹਿੰਦਾ ਆਇਆ ਹੈ ਕਿ ਪੰਜਾਬ ਵਿਚ ਅਤਿਵਾਦ ਵਿਰੁਧ ਲੜਾਈ ਅਸਲ ਵਿਚ ਕੇਂਦਰ ਸਰਕਾਰ ਦੀ ਤਰਫੋਂ ਲੜੀ ਗਈ ਹੈ, ਇਸ ਲਈ ਕਰਜ਼ੇ ਦੇ ਬੋਝ ਹੇਠ ਇਕੱਲੇ ਪੰਜਾਬ ਨੂੰ ਹੀ ਨਾ ਦੱਬਿਆ ਜਾਵੇ। ਦੂਜਾ ਉਸ ਦੌਰ ਦੇ ਕਾਰਨ ਹੀ ਪੰਜਾਬ ਦਾ ਵਿਕਾਸ ਪ੍ਰਭਾਵਿਤ ਹੋਇਆ ਹੈ। ਪੰਜਾਬ ਖੇਤੀ, ਸਨਅਤ ਅਤੇ ਵਿੱਦਿਅਕ ਖੇਤਰਾਂ ਵਿਚ ਬੁਰੀ ਤਰ੍ਹਾਂ ਪਿੱਛੇ ਰਹਿ ਗਿਆ ਪਰ ਉਸ ਦਾ ਇਹ ਪਛੜੇਵਾਂ ਦੂਰ ਕਰਨ ਲਈ ਕੇਂਦਰ ਸਰਕਾਰ ਵਲੋਂ ਕੋਈ ਉਚੇਚਾ ਯਤਨ ਨਹੀਂ ਕੀਤਾ ਗਿਆ।

ਪੰਜਾਬ ਬਿਜਲੀ ਦੀ ਕਮੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਪੰਜਾਬ ਵਿਚ ਬਿਜਲੀ ਪੈਦਾ ਕਰਨ ਵਾਲੇ ਥਰਮਲ ਪਲਾਂਟ ਕੋਇਲੇ ਨਾਲ ਚੱਲਣ ਵਾਲੇ ਹਨ ਜੋ ਕਿ ਬਾਹਰਲੇ ਰਾਜਾਂ ਤੋਂ ਮੰਗਵਾਇਆ ਜਾਂਦਾ ਹੈ। ਘਰੇਲੂ ਲੋੜਾਂ ਤੋਂ ਇਲਾਵਾ ਖੇਤੀ ਅਤੇ ਸਨਅਤ ਵੀ ਬਿਜਲੀ 'ਤੇ ਹੀ ਨਿਰਭਰ ਹੈ ਤੇ ਜ਼ਰੂਰਤ ਪੂਰੀ ਨਾ ਹੋਣ ਕਰਕੇ ਇਨ੍ਹਾਂ ਦੋਵੇਂ ਖੇਤਰਾਂ ਦੇ ਉਤਪਾਦਨ ਅਤੇ ਉਤਪਾਦਨ ਦੀ ਲਾਗਤ ਉਤੇ ਅਸਰ ਪੈਂਦਾ ਹੈ। ਇਸੇ ਲਈ ਪੰਜਾਬ ਨੇ ਕੌਮੀ ਵਿਕਾਸ ਕੌਂਸਲ ਦੀ ਮੀਟਿੰਗ ਵਿਚ ਇਹ ਮੰਗ ਕੀਤੀ ਹੈ ਕਿ ਬਿਜਲੀ ਦਾ ਕੇਂਦਰੀ ਕੋਟਾ 20 ਪ੍ਰਤੀਸ਼ਤ ਤੋਂ ਵਧਾ ਕੇ 30 ਪ੍ਰਤੀਸ਼ਤ ਕਰ ਦਿੱਤਾ ਜਾਵੇ। ਖਾਸ ਕਰਕੇ ਝੋਨੇ ਦੇ ਸੀਜ਼ਨ ਦੌਰਾਨ ਪੰਜਾਬ ਨੂੰ ਵਧੇਰੇ ਬਿਜਲੀ ਦਿੱਤੀ ਜਾਵੇ।

ਆਰਥਿਕ ਪੱਖੋਂ ਬੁਰੀ ਤਰ੍ਹਾਂ ਝੰਬੇ ਪਏ ਪੰਜਾਬ ਦੀ ਇਸ ਵੇਲੇ ਦੀ ਆਰਥਿਕ ਹਾਲਤ ਦਾ ਨਿਰਾਸ਼ ਕਰਨ ਵਾਲਾ ਪੱਖ ਇਹ ਹੈ ਕਿ ਮਾਲੀ ਘਾਟਾ ਅਤੇ ਇਥੋਂ ਤੱਕ ਕਿ ਯੋਜਨਾ ਖਰਚੇ ਪੂਰੇ ਕਰਨ ਲਈ ਵੀ ਪੰਜਾਬ ਨੂੰ ਕਰਜ਼ਾ ਲੈਣਾ ਪੈ ਰਿਹਾ ਹੈ, ਜਿਸ ਕਾਰਨ ਪੰਜਾਬ ਦਾ ਬਹੁਤਾ ਧਨ ਲਏ ਗਏ ਕਰਜ਼ੇ ਦਾ ਵਿਆਜ ਤਾਰਨ ਵਿਚ ਹੀ ਖਰਚ ਹੋ ਜਾਂਦਾ ਹੈ।

ਪੰਜਾਬ ਅੰਦਰ ਆਏ ਹੜ੍ਹਾਂ ਕਾਰਨ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣ ਲਈ ਪੰਜਾਬ ਵਲੋਂ ਕੇਂਦਰ ਤੋਂ ਮਦਦ ਲਈ ਕੀਤੀ ਗਈ ਪੁਕਾਰ ਕਾਰਨ ਇਹ ਇਕ ਸਿਆਸੀ ਮਸਲੇ ਵਜੋਂ ਉਭਰ ਆਇਆ ਸੀ। ਜਦੋਂ ਪੰਜਾਬ ਤੇ ਹਰਿਆਣਾ ਸਰਕਾਰਾਂ ਵਲੋਂ ਹੜ੍ਹ-ਪੀੜਤਾਂ ਨੂੰ ਰਾਹਤ ਦੇਣ ਲਈ ਰੁਪਏ ਮੰਗੇ ਜਾ ਰਹੇ ਸਨ, ਉਸ ਮੌਕੇ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਕੁਦਰਤੀ ਆਫਤ ਵੇਲੇ ਸਥਿਤੀ ਨਾਲ ਫੌਰੀ ਨਜਿੱਠਣ ਲਈ ਪੰਜਾਬ ਕੋਲ 2316 ਕਰੋੜ ਅਤੇ ਹਰਿਆਣਾ ਕੋਲ 1151 ਕਰੋੜ ਰੁਪਏ ਪਏ ਹੋਣ ਦੇ ਤੱਥ ਨਸ਼ਰ ਕੀਤੇ ਗਏ। ਪੰਜਾਬ ਕੋਲ ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਕੇਂਦਰੀ ਫੰਡ ਪਹਿਲਾਂ ਹੀ ਪਏ ਹੋਣ ਸਬੰਧੀ ਪੰਜਾਬ ਨੇ ਇਹ ਮੁੱਦਾ ਉਠਾਇਆ ਕਿ ਕੇਂਦਰ ਵਲੋਂ ਮਿਲੇ ਇਨ੍ਹਾਂ ਫੰਡਾਂ ਦੀ ਵਰਤੋਂ ਲਈ ਜੋ ਦਰਜਾਬੰਦੀ ਕੀਤੀ ਗਈ ਹੈ, ਉਹ ਖਰਾਬੇ ਦੇ ਮੁਆਵਜ਼ੇ ਤੁਰੰਤ ਦਿੱਤੇ ਜਾਣ ਵਿਚ ਇਕ ਅੜਿੱਕਾ ਬਣਦੇ ਹਨ। ਪਰ ਇਸ ਮੌਕੇ ਸਵਾਲ ਇਹ ਵੀ ਖੜਾ ਹੁੰਦਾ ਹੈ ਕਿ ਕੇਂਦਰ ਸਰਕਾਰ ਵਲੋਂ ਜਿਹੜੇ ਫੰਡ ਦੀ ਇਸ ਵੇਲੇ ਗੱਲ ਕੀਤੀ ਜਾ ਰਹੀ ਹੈ, ਉਹ ਪੰਜਾਬ ਕੋਲ ਕਿੱਥੇ ਹੈ?

ਫੰਡਾਂ ਦੀ ਥੋੜ੍ਹ ਕਾਰਨ ਪੰਜਾਬ ਸਰਕਾਰ ਕੋਲ ਕਿਸੇ ਇਕ ਖਾਸ ਯੋਜਨਾ ਲਈ ਆਈ ਰਕਮ ਹਮੇਸ਼ਾਂ ਹੀ ਕਿਸੇ ਦੂਸਰੇ ਕੰਮ ਲਈ ਵਰਤ ਲਈ ਜਾਂਦੀ ਹੈ ਜਾਂ ਫਿਰ ਰਾਜ ਸਰਕਾਰ ਵਲੋਂ ਆਪਣੇ ਹਿੱਸੇ ਦਾ ਪੈਸਾ ਨਾ ਪਾਉਣ ਕਾਰਨ ਕੇਂਦਰ ਦੀ ਗਰਾਂਟ ਬਿਨਾਂ ਵਰਤੇ ਹੀ ਵਾਪਿਸ ਹੋ ਜਾਂਦੀ ਹੈ। ਯਾਦ ਰਹੇ ਕਿ ਜਵਾਹਰ ਲਾਲ ਨਹਿਰੂ ਨਵੀਨੀਕਰਨ ਮਿਸ਼ਨ ਤਹਿਤ ਮਨਜ਼ੂਰ ਹੋਈ ਲਗਭਗ 616 ਕਰੋੜ ਦੀ ਗਰਾਂਟ ਵਿਚੋਂ ਪੰਜਾਬ ਸਰਕਾਰ ਸਿਰਫ 69.57 ਕਰੋੜ ਹੀ ਵਰਤ ਸਕੀ ਹੈ।

ਪੰਜਾਬ ਨੇ ਕੁਦਰਤੀ ਆਫਤ ਰਾਹਤ ਫੰਡ ਦੀ ਨਿਯਮਵਲੀ ਵਿਚ ਸੋਧ ਦੀ ਦਲੀਲ ਦਿੰਦਿਆਂ ਖਰਾਬ ਹੋਈਆਂ ਫਸਲਾਂ ਲਈ ਪ੍ਰਤੀ ਏਕੜ ਮੁਆਵਜ਼ਾ 1600 ਰੁਪਏ ਤੋਂ ਵਧਾ ਕੇ 10 ਹਜ਼ਾਰ ਰੁਪਏ ਕਰਨ ਦੀ ਮੰਗ ਕੀਤੀ ਹੈ। ਮੁਢਲੇ ਤੌਰ 'ਤੇ ਖੇਤੀ ਪ੍ਰਤੀ ਰਾਜ ਸਰਕਾਰ ਦੀ ਹੀ ਜ਼ਿੰਮੇਵਾਰੀ ਹੁੰਦੀ ਹੈ ਪਰ ਇਹ ਵੀ ਤੱਥ ਵੀ ਧਿਆਨ ਦੇਣ ਯੋਗ ਹੈ ਕਿ ਜਿਣਸ ਦੀਆਂ ਕੀਮਤਾਂ ਨਿਰਧਾਰਿਤ ਕਰਨ ਅਤੇ ਖਾਦਾਂ ਤੇ ਡੀਜ਼ਲ ਵਗੈਰਾ ਦੀਆਂ ਕੀਮਤਾਂ ਨਿਸ਼ਚਿਤ ਕਰਨ ਵੇਲੇ ਰਾਜਾਂ ਨਾਲ ਕੋਈ ਸਲਾਹ ਨਹੀਂ ਕੀਤੀ ਜਾਂਦੀ।

ਪਿੱਛੇ ਜਿਹੇ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਕੇਂਦਰੀ ਵਿੱਤ ਮੰਤਰੀ ਪ੍ਰਣਾਬ ਮੁਖਰਜੀ ਨਾਲ ਕੀਤੀ ਗਈ ਮੀਟਿੰਗ ਦੌਰਾਨ ਕੇਂਦਰ ਵਲੋਂ ਅਪਣਾਈ ਗਈ ਹਾਂ-ਪੱਖੀ ਪਹੁੰਚ ਸ਼ਾਇਦ ਪੰਜਾਬ ਦਾ ਕੁਝ ਸੁਆਰ ਸਕੇ। ਆਰਥਿਕ ਸੰਕਟ 'ਚੋਂ ਨਿਕਲਣ ਲਈ ਪੰਜਾਬ ਨੇ ਹਮੇਸ਼ਾਂ ਕੇਂਦਰ ਵਲ ਹੀ ਝਾਕ ਰੱਖੀ ਹੈ ਪਰ ਇਸ ਨੂੰ ਆਪਣੇ ਅੰਦਰ ਵੀ ਝਾਤੀ ਮਾਰ ਕੇ ਪੰਜਾਬ ਦੇ ਬਹੁਪੱਖੀ ਵਿਕਾਸ ਲਈ ਦੂਰਅੰਦੇਸ਼ ਨੀਤੀਆਂ ਦੀ ਵਿਉਂਤਬੰਦੀ ਕਰਨੀ ਚਾਹੀਦੀ ਹੈ, ਜਿਨ੍ਹਾਂ ਨਾਲ ਪੰਜਾਬ ਵੀ ਵਿਸ਼ਵ ਆਰਥਿਕਤਾ ਵਿਚ ਆਪਣਾ ਬਣਦਾ ਮੁਕਾਮ ਹਾਸਲ ਕਰ ਸਕੇ।

## ਕੇਂਦਰ ਝੋਨੇ ਦੇ ਸੀਜ਼ਨ ਲਈ ਪੰਜਾਬ ਨੂੰ ਦੇਵੇਗਾ ਬਿਜਲੀ

### ਕੇਂਦਰ ਵਲੋਂ ਸੜਕ ਪ੍ਰੋਜੈਕਟਾਂ ਨੂੰ ਮਨਜ਼ੂਰੀ ਜਲਦ

**ਚੰਡੀਗੜ੍ਹ :** ਝੋਨੇ ਦੇ ਵਰਤਮਾਨ ਸੀਜ਼ਨ ਦੌਰਾਨ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਲਈ ਅੱਠ ਘੰਟੇ ਬਿਜਲੀ ਸਪਲਾਈ ਖਾਤਰ 345 ਮੈਗਾਵਾਟ ਬਿਜਲੀ ਮੁਹੱਈਆ ਕਰਵਾਏਗੀ। ਇਸ ਸਪਲਾਈ ਬਾਰੇ ਕੇਂਦਰੀ ਬਿਜਲੀ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਵਲੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਜੁਲਾਈ ਤੋਂ ਅਕਤੂਬਰ 2010 ਦੇ ਅੱਧ ਤੱਕ ਕੇਂਦਰੀ ਸੈਕਟਰ ਜੈਨਰੇਸ਼ਨ ਸਟੇਸ਼ਨ ਤੋਂ ਅਨ-ਐਲੋਕੇਟਿਡ ਬਿਜਲੀ ਵਿਚੋਂ ਉਪਰੋਕਤ ਬਿਜਲੀ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਮੁੱਖ ਮੰਤਰੀ ਵਲੋਂ ਕੇਂਦਰੀ ਬਿਜਲੀ ਮੰਤਰੀ ਨਾਲ ਦਿੱਲੀ ਦੇ 'ਸ਼੍ਰਮ ਸ਼ਕਤੀ ਭਵਨ' ਵਿਖੇ ਮੁਲਾਕਾਤ ਕਰਕੇ ਮੰਗ ਕੀਤੀ ਗਈ ਸੀ ਕਿ ਝੋਨੇ ਦੇ ਸੀਜ਼ਨ ਦੌਰਾਨ ਅਨ-ਐਲੋਕੇਟਿਡ ਬਿਜਲੀ ਦਾ ਕੋਟਾ 10 ਫੀਸਦੀ ਤੋਂ ਵਧਾ ਕੇ 30 ਫੀਸਦੀ ਕੀਤਾ ਜਾਵੇ।

ਪੰਜਾਬ ਵਿਚ ਬਿਜਲੀ ਸੰਕਟ ਦੇ ਮੱਦੇਨਜ਼ਰ ਰੋਪੜ ਵਿਚ ਸਥਾਪਤ ਕੀਤੇ ਜਾ ਰਹੇ 1000 ਮੈਗਾਵਾਟ ਗੈਸ ਆਧਾਰਤ ਪਾਵਰ ਪਲਾਂਟ ਲਈ ਕਾਦਰੀ-ਨੰਗਲ ਪਾਈਪ ਲਾਈਨ ਰਾਹੀਂ ਕੌਮੀ ਗੈਸ ਗਰਿੱਡ ਤੋਂ ਸਰਕਾਰੀ ਕੀਮਤ 'ਤੇ ਰੋਜ਼ਾਨਾ 4.5 ਮਿਲੀਅਨ ਮੀਟ੍ਰਿਕ ਸਟੈਂਡਰਡ ਕਿਊਬਿਕ ਮੀਟਰ ਗੈਸ ਦੀ ਸਪਲਾਈ ਵੀ ਯਕੀਨੀ ਬਣਾਉਣ ਦੀ ਮੰਗ ਸ. ਬਾਦਲ ਨੇ ਕੀਤੀ।

ਸੂਬੇ ਵਿਚ ਬਿਜਲੀ ਦੀ ਕਮੀ ਹੈ। ਰਾਜ ਪਣ ਸਮਰੱਥਾ ਨੂੰ ਪਹਿਲਾਂ ਹੀ ਵਰਤ ਚੁੱਕਿਆ ਹੈ। ਹੁਣ ਥਰਮਲ ਪਾਵਰ ਹੀ ਮੁੱਖ ਬਦਲ ਬਚਦਾ ਹੈ। ਉਨ੍ਹਾਂ ਗਿੱਦੜਬਾਹਾ ਪਾਵਰ ਪ੍ਰਾਜੈਕਟ ਲਈ ਕੋਇਲਾ ਲਿੰਕੇਜ ਦੀ ਮੰਗ ਵੀ ਕੀਤੀ ਅਤੇ ਕੇਂਦਰੀ ਬਿਜਲੀ ਅਥਾਰਟੀ ਵਲੋਂ ਪਹਿਲਾਂ ਹੀ ਇਸ ਬਾਰੇ ਸਿਫਾਰਸ਼ ਕਰਨ ਬਾਰੇ ਕੇਂਦਰੀ ਮੰਤਰੀ ਨੂੰ ਜਾਣੂ ਕਰਵਾਇਆ। ਸ੍ਰੀ ਸ਼ਿੰਦੇ ਵਲੋਂ ਪੰਜਾਬ ਦੇ ਬਿਜਲੀ ਸੰਕਟ ਪ੍ਰਤੀ ਗੰਭੀਰਤਾ ਦਿਖਾਈ ਗਈ ਤੇ ਉਨ੍ਹਾਂ ਗੇਲ ਤੋਂ ਗੈਸ ਸਪਲਾਈ ਨਾਲ ਸਬੰਧਤ ਮੁੱਦੇ ਨੂੰ ਕੁਦਰਤੀ ਗੈਸ ਬਾਰੇ ਮੰਤਰੀਆਂ ਦੇ ਸਮੂਹ ਦੇ ਚੇਅਰਮੈਨ ਪ੍ਰਣਬ ਮੁਖਰਜੀ ਕੋਲ ਉਠਾਉਣ ਲਈ ਕਿਹਾ। ਇਵੇਂ ਹੀ ਕੌਮੀ ਗੈਸ ਗਰਿੱਡ ਤੋਂ 1000 ਮੈਗਾਵਾਟ ਵਾਲੇ ਪ੍ਰਾਜੈਕਟ ਲਈ ਗੈਸ ਦੀ ਪੂਰਤੀ ਖਾਤਰ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ 'ਤੇ ਜ਼ੋਰ ਪਾਉਣ ਦੀ ਸਲਾਹ ਵੀ ਸ੍ਰੀ ਸ਼ਿੰਦੇ ਵਲੋਂ ਸ੍ਰੀ ਬਾਦਲ ਨੂੰ ਦਿੱਤੀ ਗਈ। ਸ੍ਰੀ ਸ਼ਿੰਦੇ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਗਿੱਦੜਬਾਹਾ ਦੇ ਥਰਮਲ ਪਲਾਂਟ ਦੇ ਕੋਇਲਾ ਲਿੰਕੇਜ ਦੀ ਕੋਇਲਾ ਮੰਤਰਾਲੇ ਕੋਲ ਸਿਫਾਰਸ਼ ਜਲਦੀ ਹੀ ਕੀਤੀ ਜਾਵੇਗੀ ਕਿਉਂਕਿ ਇਹ ਪ੍ਰਾਜੈਕਟ 12ਵੀਂ ਪੰਜ ਸਾਲਾ ਯੋਜਨਾ ਵਿਚ ਪਾਸ ਹੋਇਆ ਹੈ। ਕੇਂਦਰੀ ਬਿਜਲੀ ਮੰਤਰਾਲੇ ਵਲੋਂ ਕੇਂਦਰੀ ਬਿਜਲੀ ਅਥਾਰਟੀ ਦੀ ਚੇਅਰਪਰਸਨ ਨੂੰ ਤਕਨੀਕੀ ਮਾਹਰਾਂ ਦੀ ਟੀਮ ਪੰਜਾਬ ਭੇਜਣ ਲਈ ਕਿਹਾ ਗਿਆ ਹੈ ਜੋ ਰਾਜ ਦੇ ਥਰਮਲ ਤੇ ਹਾਈਡਰੋ ਪ੍ਰਾਜੈਕਟਾਂ ਦੀ ਕਾਰਗੁਜ਼ਾਰੀ ਤੇ ਬਿਜਲੀ ਪੈਦਾਵਾਰ ਵਧਾਉਣ ਬਾਰੇ ਅਧਿਐਨ ਕਰਕੇ ਸੁਝਾਅ ਦੇਵੇਗੀ।

ਇਸ ਦੇ ਨਾਲ ਹੀ ਕੇਂਦਰੀ ਸੜਕ, ਟ੍ਰਾਂਸਪੋਰਟ ਅਤੇ ਹਾਈਵੇਜ਼ ਮੰਤਰੀ ਕਮਲ ਨਾਥ ਨੇ ਬੀਤੀ 26 ਜੁਲਾਈ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭਰੋਸਾ ਦਿਵਾਇਆ ਕਿ ਅੰਤਰ-ਰਾਜੀ ਸੰਪਰਕ ਦੇ ਅਧੀਨ 9 ਸੜਕੀ ਪ੍ਰੋਜੈਕਟਾਂ ਤੋਂ ਇਲਾਵਾ ਕੇਂਦਰੀ ਸੜਕ ਫੰਡ ਦੇ ਅਧੀਨ 14 ਸੜਕਾਂ ਅਤੇ ਪੁਲਾਂ ਬਾਰੇ ਲਮਕ ਰਹੇ ਪ੍ਰੋਜੈਕਟਾਂ ਨੂੰ ਸਟੈਂਡਿੰਗ ਕਮੇਟੀ 15 ਦਿਨਾਂ ਵਿਚ ਹਰੀ ਝੰਡੀ ਦੇ ਦੇਵੇਗੀ। ਇਹ ਪ੍ਰੋਜੈਕਟ ਕ੍ਰਮਵਾਰ 351 ਅਤੇ 84 ਕਰੋੜ ਰੁਪਏ ਦੇ ਹਨ। ਇਸ ਸਬੰਧੀ ਫੈਸਲਾ ਕੇਂਦਰੀ ਮੰਤਰੀ ਕਮਲ ਨਾਥ ਨੇ ਮੁੱਖ ਮੰਤਰੀ ਸ. ਬਾਦਲ ਨਾਲ ਹੋਈ ਮੀਟਿੰਗ ਦੌਰਾਨ ਲਿਆ।


ਬੇ-ਏਰੀਆ ਕਾਲਜ ਆਫ ਨਰਸਿੰਗ

...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।

BAY AREA COLLEGE OF NURSING 2004

28 ਜੁਲਾਈ 2010 ਨੂੰ ਅਗਲੀਆਂ ਕਲਾਸਾਂ ਸ਼ੁਰੂ ਹੋਣੀਆਂ ਹਨ, ਸੀਟਾਂ ਭਰ ਜਾਣ ਤੋਂ ਪਹਿਲਾਂ ਦਾਖਲਾ ਲਓ।



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

www.bayareacollege.net

Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers


ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਪੰਜਾਬੀ ਵਿਧਾਇਕਾਂ ਦੇ ਸਕਾਟਲੈਂਡ ਦੌਰੇ ਬਾਰੇ ਵਿਵਾਦ ਹਾਲੇ ਜਾਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਕਮੇਟੀ ਦੇ ਸਕਾਟਲੈਂਡ ਦੌਰੇ ਦੀਆਂ ਨਿੱਤ ਨਵੀਆਂ ਪਰਤਾਂ ਉੱਧੜ ਰਹੀਆਂ ਹਨ। ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਅਤੇ ਪਾਰਲੀਮਾਨੀ ਮਾਮਲਿਆਂ ਬਾਰੇ ਵਿਭਾਗ ਦੇ ਮੰਤਰੀ ਤੀਕਸ਼ਨ ਸੂਦ ਦੀ ਸ਼ਮੂਲੀਅਤ ਵਾਲੇ ਅਤੇ ਚੀਫ਼ ਪਾਰਲੀਮਾਨੀ ਸਕੱਤਰ ਜਗਦੀਪ ਸਿੰਘ ਨਕਈ ਦੀ ਅਗਵਾਈ ਵਾਲੀ ਕਮੇਟੀ ਦੇ ਇਸ ਵਿਦੇਸ਼ੀ ਦੌਰੇ ਬਾਰੇ ਹੁਣ ਨਵਾਂ ਤੱਥ ਇਹ ਸਾਹਮਣੇ ਆਇਆ ਹੈ ਕਿ ਇਸ ਕਮੇਟੀ ਨੇ ਹਾਲੀਆ ਦੌਰੇ ਸਬੰਧੀ ਕੇਂਦਰ ਸਰਕਾਰ ਤੋਂ ਅਗਾਊਂ ਪ੍ਰਵਾਨਗੀ ਜਾਂ ਫਿਰ ਸਰਕਾਰ ਨੂੰ ਸੂਚਿਤ ਕਰਨ ਦੀ ਜ਼ਰੂਰਤ ਹੀ ਨਹੀਂ ਸਮਝੀ। ਭਰੋਸੇਯੋਗ ਸੂਤਰਾਂ ਦਾ ਦੱਸਣਾ ਹੈ ਕਿ ਇਸ ਕਮੇਟੀ ਵਲੋਂ ਦੋ ਕੁ ਮਹੀਨੇ ਪਹਿਲਾਂ ਵਿਦੇਸ਼ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।



ਵਿਧਾਨ ਸਭਾ ਵਲੋਂ ਇਸ ਸਬੰਧੀ ਪੰਜਾਬ ਸਰਕਾਰ ਰਾਹੀ ਕੇਂਦਰੀ ਵਿਦੇਸ਼ ਮੰਤਰਾਲੇ ਤੋਂ ਵਿਦੇਸ਼ ਦੌਰੇ ਲਈ ਪ੍ਰਵਾਨਗੀ ਦਾ ਪ੍ਰਸਤਾਵ ਭੇਜਿਆ ਗਿਆ ਸੀ। ਉਸ ਸਮੇਂ ਕੇਂਦਰ ਸਰਕਾਰ ਨੇ ਵਿਧਾਨ ਸਭਾ ਦੀ ਕਮੇਟੀ ਨੂੰ ਵਿਦੇਸ਼ ਜਾਣ ਦੀ ਇਜਾਜ਼ਤ ਨਹੀਂ ਸੀ ਦਿੱਤੀ। ਕਮੇਟੀ ਨੇ ਕੁਝ ਸਮੇਂ ਲਈ ਤਾਂ ਵਿਦੇਸ਼ ਜਾਣ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ, ਪਰ ਫਿਰ ਅਚਾਨਕ ਹੀ ਸਕਾਟਲੈਂਡ ਦੌਰੇ ਦੀ ਰੂਪ-ਰੇਖਾ ਉਲੀਕੀ ਗਈ।

ਸੂਤਰਾਂ ਦਾ ਦੱਸਣਾ ਹੈ ਕਿ ਕੇਂਦਰੀ ਵਿਦੇਸ਼ ਮੰਤਰਾਲੇ ਵਲੋਂ ਇਕ ਵਾਰੀ ਜਵਾਬ ਦੇਣ ਤੋਂ ਬਾਅਦ ਕਮੇਟੀ ਨੇ ਮੁੜ ਤੋਂ ਇਸ ਰੱਫੜ ਵਿਚ ਪੈਣ ਦੀ ਜ਼ਰੂਰਤ ਹੀ ਨਹੀਂ ਸਮਝੀ ਅਤੇ ਕੇਂਦਰ ਸਰਕਾਰ ਨੂੰ ਬਿਨਾਂ ਸੂਚਿਤ ਕਰਿਆਂ ਵਿਦੇਸ਼ ਜਾਣ ਦਾ ਪ੍ਰੋਗਰਾਮ ਉਲੀਕ ਲਿਆ। ਕੇਂਦਰ ਸਰਕਾਰ ਦੇ ਅਧਿਕਾਰੀਆਂ ਨੂੰ ਪੰਜਾਬ ਵਿਧਾਨ ਸਭਾ ਦੀ ਕਮੇਟੀ ਦੇ ਵਿਦੇਸ਼ ਦੌਰੇ ਦਾ ਪਤਾ ਮੀਡੀਆ ਅਤੇ ਖੁਫ਼ੀਆ ਵਿਭਾਗ ਦੀਆਂ ਰਿਪੋਰਟਾਂ ਤੋਂ ਹੀ ਲੱਗਿਆ। ਮਾਮਲਾ ਧਿਆਨ ਵਿਚ ਆਉਣ 'ਤੇ ਕੇਂਦਰੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਪੰਜਾਬ ਸਰਕਾਰ ਤੋਂ ਇਸ ਵਿਦੇਸ਼ ਦੌਰੇ ਸਬੰਧੀ ਜਾਣਕਾਰੀ ਵੀ ਹਾਸਲ ਕੀਤੀ। ਪੰਜਾਬ ਦੇ ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਇਨ੍ਹਾਂ ਤੱਥਾਂ ਦੀ ਪੁਸ਼ਟੀ ਵੀ ਕੀਤੀ ਹੈ।

ਰੌਚਕ ਤੱਥ ਇਹ ਵੀ ਹੈ ਕਿ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਅਤੇ ਪਾਰਲੀਮਾਨੀ ਮਾਮਲਿਆਂ ਬਾਰੇ ਵਿਭਾਗ ਦੇ ਮੰਤਰੀ ਤੀਕਸ਼ਣ ਸੂਦ, ਜਗਦੀਪ ਸਿੰਘ ਨਕਈ ਵਾਲੀ ਇਸ ਕਮੇਟੀ ਦੇ ਮੈਂਬਰ ਤਾਂ ਨਹੀਂ ਹਨ, ਪਰ ਕਮੇਟੀ ਦੇ ਸੱਦੇ 'ਤੇ ਉਹ ਕਮੇਟੀ ਦੇ ਨਾਲ ਵਿਦੇਸ਼ ਦੌਰੇ 'ਤੇ ਗਏ ਸਨ। ਇਸ ਵਿਦੇਸ਼ ਦੌਰੇ ਦਾ ਇਕ ਨਵਾਂ ਤੱਥ ਇਹ ਵੀ ਹੈ ਕਿ ਪੰਜਾਬ ਵਿਧਾਨ ਸਭਾ ਦੇ ਸਕੱਤਰ ਵੇਦ ਪ੍ਰਕਾਸ਼ ਵੀ ਇਸ ਕਮੇਟੀ ਦੇ ਦੌਰੇ ਵਿਚ ਸ਼ਾਮਲ ਸਨ।

ਇਸ ਕਮੇਟੀ ਵਲੋਂ ਆਪਣੀ ਰਿਪੋਰਟ ਅਗਸਤ-ਸਤੰਬਰ ਦੌਰਾਨ ਹੋਣ ਵਾਲੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਪੰਜਾਬ ਵਿਧਾਨ ਸਭਾ ਦੀ ਇਸ ਵਿਸ਼ੇਸ਼ ਕਮੇਟੀ ਦਾ ਦੌਰਾ ਉਸੇ ਸਮੇਂ ਤੋਂ ਵਿਵਾਦਾਂ ਵਿਚ ਹੈ ਜਦੋਂ ਤੋਂ ਇਹ ਕਮੇਟੀ ਵਿਦੇਸ਼ ਗਈ ਹੈ। ਸਕਾਟਲੈਂਡ ਵਿਚ ਵੀ ਕਮੇਟੀ ਦੇ ਮੈਂਬਰਾਂ ਨੂੰ ਸ਼ਰਾਬ ਦੀ ਫੈਕਟਰੀ ਦੇ ਮਾਲਕਾਂ ਵਲੋਂ ਭੇਟ ਕੀਤੀਆਂ ਸ਼ਰਾਬ ਦੀਆਂ 'ਬੋਤਲਾਂ' ਵੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਜਗਦੀਪ ਸਿੰਘ ਨਕਈ ਦੀ ਅਗਵਾਈ ਵਾਲੀ ਇਸ 6 ਮੈਂਬਰੀ ਕਮੇਟੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ, ਕੈਪਟਨ ਬਲਬੀਰ ਸਿੰਘ ਬਾਠ, ਭਾਰਤੀ ਜਨਤਾ ਪਾਰਟੀ ਦੇ ਅਨਿਲ ਜੋਸ਼ੀ ਅਮਰਜੀਤ ਸਿੰਘ ਸ਼ਾਹੀ, ਕਾਂਗਰਸ ਦੇ ਕੇਵਲ ਸਿੰਘ ਢਿੱਲੋਂ ਸ਼ਾਮਲ ਹਨ। ਇਸ ਸਮੂਹ ਨਾਲ ਪੰਜਾਬ ਪ੍ਰਦੂਸ਼ਣ ਬੋਰਡ ਦਾ ਇਕ ਐਕਸੀਅਨ ਵੀ ਗਿਆ ਸੀ। ਇਸ ਦੌਰੇ ਦਾ ਮੁੱਖ ਉਦੇਸ਼ ਸਕਾਟਲੈਂਡ 'ਚ ਸ਼ਰਾਬ ਦੀਆਂ ਫੈਕਟਰੀਆਂ ਵਲੋਂ ਉਤਮ ਕਿਸਮ ਦੀ ਸ਼ਰਾਬ ਬਣਾਉਣ ਅਤੇ ਉਸ ਦੇ ਉਤਪਾਦਨ ਦੌਰਾਨ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਦੀ ਵਿਧੀ ਦਾ ਅਧਿਐਨ ਦੱਸਿਆ ਗਿਆ ਸੀ।

ਵਿਧਾਇਕਾਂ ਦੀ ਕਮੇਟੀ ਵਿਧਾਨ ਸਭਾ ਦੇ ਪਿਛਲੇ ਸੈਸ਼ਨ ਦੌਰਾਨ ਉਦੋਂ ਕਾਇਮ ਕੀਤੀ ਗਈ ਸੀ, ਜਦੋਂ ਕਈ ਵਿਧਾਇਕਾਂ ਨੇ ਸ਼ਿਕਾਇਤ ਕੀਤੀ ਕਿ ਪੰਜਾਬ 'ਚ ਕੁਝ ਥਾਈਂ ਸ਼ਰਾਬ ਦੀਆਂ ਫੈਕਟਰੀਆਂ ਨਾਲ ਭਿਅੰਕਰ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ, ਜਿਸਦਾ ਅਧਿਐਨ ਕਰਕੇ ਉਸਨੂੰ ਫੌਰੀ ਤੌਰ 'ਤੇ ਰੋਕਣ ਦੀ ਜ਼ਰੂਰਤ ਹੈ। ਕਮੇਟੀ ਵਲੋਂ ਕੀਤੇ ਗਏ ਅਧਿਐਨ ਦੌਰਾਨ ਇਹ ਪਤਾ ਲੱਗਾ ਕਿ ਪੰਜਾਬ 'ਚ ਸਥਿਤ ਚਾਰ ਡਿਸਟਲਰੀਆਂ ਦੇ ਆਲੇ-ਦੁਆਲੇ 30 ਕਿਲੋਮੀਟਰ ਦੇ ਦਾਇਰੇ 'ਚ ਜ਼ਮੀਨ ਹੇਠਲਾ ਪਾਣੀ ਦੂਸ਼ਤ ਹੋ ਗਿਆ ਤੇ ਇਸ 'ਚ ਐਲਕੋਹਲ ਮਿਲ ਗਿਆ ਹੈ। ਕਮੇਟੀ ਵਲੋਂ ਸਕਾਟਲੈਂਡ ਜਾ ਕੇ ਉਨ੍ਹਾਂ ਦੀਆਂ ਸ਼ਰਾਬ ਦੀਆਂ ਫੈਕਟਰੀਆਂ ਦਾ ਅਧਿਐਨ ਕਰਨ ਦੀ ਲੋੜ ਕਿਉਂ ਪੈ ਗਈ, ਇਹ ਗੱਲ ਅਜੇ ਤਕ ਸਪੱਸ਼ਟ ਨਹੀਂ ਹੋ ਸਕੀ ਕਿਉਂਕਿ ਦੇਸ਼ ਭਰ 'ਚ ਸੈਂਕੜੇ ਡਿਸਟਲਰੀਆਂ ਕੰਮ ਕਰ ਰਹੀਆਂ ਹਨ ਤੇ ਜੇ ਅਧਿਐਨ ਕਰਨਾ ਹੀ ਹੈ ਤਾਂ ਉਨ੍ਹਾਂ ਦਾ ਦੌਰਾ ਕੀਤਾ ਜਾ ਸਕਦਾ ਸੀ ਪਰ ਫਿਰ ਵੀ ਕਮੇਟੀ ਨੇ ਸਕਟਾਲੈਂਡ ਵਲ ਹੀ ਰੁਖ ਕੀਤਾ।

ਦਿਲਚਸਪ ਗੱਲ ਇਹ ਹੈ ਕਿ ਵਿਧਾਨ ਸਭਾ ਕਮੇਟੀ ਦੀ ਇਸ ਰਿਪੋਰਟ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਇਸ ਦਾ ਅਸਲੀਅਤ ਨਾਲ ਕੋਈ ਸੰਬੰਧ ਨਹੀਂ। ਉਸਦਾ ਕਹਿਣਾ ਹੈ ਕਿ ਬੋਰਡ ਨੇ ਸਾਰੀਆਂ ਡਿਸਟਲਰੀਆਂ ਦੇ ਆਸ-ਪਾਸ ਵਾਲੇ ਇਲਾਕਿਆਂ 'ਚ ਜ਼ਮੀਨ ਹੇਠਲੇ ਪਾਣੀ ਦੇ ਸੈਂਪਲ ਭਰ ਕੇ ਟੈਸਟ ਕੀਤੇ ਹਨ ਪਰ ਉਨ੍ਹਾਂ 'ਚ ਨਾ ਤਾਂ ਪ੍ਰਦੂਸ਼ਣ ਮਿਲਿਆ ਹੈ ਤੇ ਨਾ ਹੀ ਅਲਕੋਹਲ ਦਾ ਮਿਸ਼ਰਣ। ਇਸ ਕਮੇਟੀ ਨੇ ਸਕਾਟਲੈਂਡ ਦੀ ਯਾਤਰਾ ਲਈ ਸਰਕਾਰ ਤੋਂ ਧਨ ਦੀ ਮੰਗ ਵੀ ਕੀਤੀ ਸੀ ਪਰ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਇਹ ਕਹਿ ਕੇ ਮੰਗ ਠੁਕਰਾ ਦਿੱਤੀ ਕਿ ਇਸ ਕਮੇਟੀ ਲਈ ਵਿਧਾਨ ਸਭਾ ਵਲੋਂ ਪਹਿਲਾਂ ਹੀ ਮਨਜ਼ੂਰ ਕੀਤੀ ਗਈ ਰਕਮ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਸੂਤਰਾਂ ਅਨੁਸਾਰ ਵਿਧਾਨ ਸਭਾ ਵਲੋਂ ਵਿੱਤ ਵਿਭਾਗ ਤੋਂ ਵਿਦੇਸ਼ ਦੌਰੇ ਲਈ 25 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ। ਇਸ ਤਰ੍ਹਾਂ ਨਾਲ ਸਮਝਿਆ ਜਾ ਰਿਹਾ ਹੈ ਕਿ ਵਿਧਾਨ ਸਭਾ ਦੀ ਇਸ ਕਮੇਟੀ ਦੇ ਵਿਦੇਸ਼ ਦੌਰੇ 'ਤੇ 20 ਲੱਖ ਦੇ ਕਰੀਬ ਦਾ ਖਰਚ ਆਇਆ ਹੈ।

# ਯੂ.ਜੀ.ਸੀ. ਤੋਂ ਮਾਨਤਾ ਬਿਨਾਂ ਹੀ ਐਮ.ਐਸ.ਸੀ. ਕਰੋ

**ਪਟਿਆਲਾ :** ਇਥੇ ਸਥਿਤ ਪੰਜਾਬੀ ਯੂਨੀਵਰਸਿਟੀ, ਵਿਦਿਆਰਥੀਆਂ ਨੂੰ ਕਈ ਸਾਲਾਂ ਤੋਂ ਧੋਖੇ ਵਿਚ ਰੱਖ ਰਹੀ ਹੈ। ਫ਼ਿਜ਼ਿਕਸ ਵਿਭਾਗ ਵਿਚ ਐਮ.ਐਸ.ਸੀ. ਦੇ ਕਈ ਕੋਰਸਾਂ ਵਿਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਤੋਂ ਮਾਨਤਾ ਲਏ ਬਗ਼ੈਰ ਹੀ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਜਾ ਰਹੀ ਹੈ। ਇਸ ਗੱਲ ਦਾ ਭੇਦ ਖੁਲ੍ਹ ਜਾਣ ਪਿੱਛੋਂ ਵਿਦਿਆਰਥੀਆਂ ਅਤੇ ਮਾਪਿਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੇ ਇਸ ਧੋਖੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਪੰਜਾਬੀ ਯੂਨੀਵਰਸਿਟੀ ਦੇ ਫ਼ਿਜ਼ਿਕਸ ਵਿਭਾਗ ਵਲੋਂ ਐਮ.ਐਸ.ਸੀ. ਦੇ 4 ਕੋਰਸ, ਐਮ.ਐਸ. ਪਿਊਅਰ ਫ਼ਿਜ਼ਿਕਸ, ਐਮ.ਐਸ.ਸੀ. ਅਪਲਾਈਡ ਫ਼ਿਜ਼ਿਕਸ, ਐਮ.ਐਸ.ਸੀ. ਆਸਟਰੋਨੋਮੀ ਅਤੇ ਸਪੇਸ ਸਾਇੰਸ ਅਤੇ ਐਮ.ਐਸ.ਸੀ. ਨੈਨੋ ਫ਼ਿਜ਼ਿਕਸ ਚਲਾਏ ਜਾ ਰਹੇ ਹਨ। ਪੰਜਾਬੀ ਯੂਨੀਵਰਸਿਟੀ ਵਲੋਂ ਜੇ ਕੋਈ ਨਵਾਂ ਕੋਰਸ ਸ਼ੁਰੂ ਕੀਤਾ ਜਾਂਦਾ ਹੈ ਤਾਂ ਉਸ ਦੀ ਪਹਿਲਾਂ ਯੂ.ਜੀ.ਸੀ. ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ ਪਰ ਕਈ ਸਾਲਾਂ ਤੋਂ ਯੂਨੀਵਰਸਿਟੀ ਵਲੋਂ ਐਮ.ਐਸ.ਸੀ. ਦੇ ਦੋ ਕੋਰਸਾਂ ਆਸਟਰੋਨੋਮੀ ਤੇ ਸਪੇਸ ਸਾਇੰਸ ਅਤੇ ਨੈਨੋ ਕੋਰਸਾਂ ਲਈ ਯੂ.ਜੀ.ਸੀ. ਤੋਂ ਕੋਈ ਮਾਨਤਾ ਨਹੀਂ ਲਈ ਗਈ।

ਇਸ ਬਾਰੇ ਜਦੋਂ ਫ਼ਿਜ਼ਿਕਸ ਵਿਭਾਗ ਦੇ ਮੁਖੀ ਡਾ. ਹਰਭਜਨ ਸਿੰਘ ਭੱਟੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਸਵੀਕਾਰ ਕੀਤਾ ਕਿ ਇਨ੍ਹਾਂ ਕੋਰਸਾਂ ਨੂੰ ਯੂ.ਜੀ.ਸੀ. ਵਲੋਂ ਅਜੇ ਮਾਨਤਾ ਨਹੀਂ ਦਿਤੀ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਤੋਂ ਪਹਿਲਾਂ ਵਾਲੇ ਵਿਭਾਗ ਮੁਖੀ ਨੇ ਮਾਨਤਾ ਪ੍ਰਾਪਤ ਕਰਨ ਲਈ ਯੋਗ ਉਪਰਾਲੇ ਨਹੀਂ ਕੀਤੇ ਸਨ। ਹੁਣ ਉਨ੍ਹਾਂ ਵਲੋਂ ਇਨ੍ਹਾਂ ਦੋ ਕੋਰਸਾਂ ਨੂੰ ਮਾਨਤਾ ਦਿਵਾਉਣ ਲਈ ਉਪਰਾਲੇ ਅਰੰਭ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਲੋਂ ਕਰਵਾਏ ਜਾ ਰਹੇ ਇਨ੍ਹਾਂ ਕੋਰਸਾਂ ਬਾਰੇ ਬਾਹਰਲੇ ਦੇਸ਼ਾਂ ਵਿਚ ਕੋਈ ਦਿੱਕਤ ਨਹੀਂ ਆਉਂਦੀ। ਉਨ੍ਹਾਂ ਮੰਨਿਆ ਕਿ ਵਿਦਿਆਰਥੀਆਂ ਨੂੰ ਦੇਸ਼ ਅੰਦਰ ਕੁਝ ਮੁਸ਼ਕਲਾਂ ਦਾ ਸਾਹਮਣਾ ਜ਼ਰੂਰ ਕਰਨਾ ਪੈ ਰਿਹਾ ਹੈ।

# ਅਕਾਲ ਤਖਤ ਸਾਹਮਣੇ ਖਾਲਿਸਤਾਨ ਦੇ ਨਾਹਰੇ


**ਅੰਮ੍ਰਿਤਸਰ :** ਸ਼੍ਰੋਮਣੀ ਅਕਾਲੀ ਦਲ ਇੰਟਰਨੈਸ਼ਨਲ ਦੇ ਆਗੂਆਂ ਵਲੋਂ ਬੀਤੀ 22 ਜੁਲਾਈ ਨੂੰ ਅਕਾਲ ਤਖਤ ਸਾਹਿਬ ਦੇ ਸਾਹਮਣੇ ਖਾਲਿਸਤਾਨ ਦੇ ਹੱਕ ਵਿਚ ਨਾਅਰੇ ਲਗਾਏ ਗਏ। ਉਹ ਆਪਣਾ ਮੰਗ ਪੱਤਰ ਦੇਣ ਲਈ ਇਥੇ ਪੁੱਜੇ ਸਨ। ਸ਼੍ਰੋਮਣੀ ਅਕਾਲੀ ਦਲ ਇੰਟਰਨੈਸ਼ਨਲ ਦੇ ਪ੍ਰਧਾਨ ਅਤਿੰਦਰਪਾਲ ਸਿੰਘ ਦੀ ਅਗਵਾਈ ਹੇਠ ਇਕ ਵਫਦ ਦੇ ਰੂਪ ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ, ਜਿਸ ਨੂੰ ਅਕਾਲ ਤਖਤ ਸਾਹਿਬ ਵਲੋਂ ਵਿਚਾਰਨ ਦਾ ਪੂਰਨ ਭਰੋਸਾ ਦਿੱਤਾ ਗਿਆ। ਮੰਗ ਪੱਤਰ ਦੀ ਇਕ ਕਾਪੀ ਪੱਤਰਕਾਰਾਂ ਨੂੰ ਜਾਰੀ ਕਰਦਿਆਂ ਅਤਿੰਦਰਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਮੰਗ ਕੀਤੀ ਹੈ ਕਿ ਉਹ ਸਿੱਖ ਦੀ ਪਰਿਭਾਸ਼ਾ ਬਾਰੇ ਹੁਕਮਨਾਮਾ ਜਾਰੀ ਕਰਕੇ ਸਾਰੇ ਉਠ ਰਹੇ ਵਿਵਾਦਾਂ ਨੂੰ ਠੱਲ੍ਹ ਪਾ ਦੇਣ। ਸ਼੍ਰੋਮਣੀ ਕਮੇਟੀ, ਗੁਰਦੁਆਰਾ ਐਕਟ ਵਿਚ ਲੋੜੀਂਦੀ ਸੋਧ ਪੰਥਕ ਇਕੱਠ ਸੱਦ ਕੇ ਕਰਵਾਵੇ। ਜਿਹੜੀਆਂ ਸੋਧਾਂ ਪੰਥ ਦੀ ਪ੍ਰਵਾਨਗੀ ਤੋਂ ਬਿਨਾਂ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਰੱਦ ਕੀਤਾ ਜਾਵੇ। ਭਾਰਤ ਸਰਕਾਰ ਨੂੰ ਵੀ ਤਾੜਨਾ ਕਰਨੀ ਚਾਹੀਦੀ ਹੈ ਕਿ ਉਹ ਗੁਰਦੁਆਰਾ ਐਕਟ ਵਿਚ ਕੋਈ ਵੀ ਸੋਧ ਇਕਤਰਫਾ ਨਾ ਕਰੇ।

ਸਿੱਖ ਫਰੰਟ (ਇੰਟਰਨੈਸ਼ਨਲ) ਦੇ ਸਕੱਤਰ ਜਨਰਲ ਸ. ਜੀਤ ਸਿੰਘ ਲੱਖੀਆ ਅਤੇ ਸਕੱਤਰ ਸ. ਹਰਜੀਤ ਸਿੰਘ ਦਿੱਲੀ ਨੇ ਪ੍ਰਗਟ ਕਰਦਿਆਂ ਕਿਹਾ ਕਿ ਜਿਸ ਢੰਗ ਨਾਲ ਬਾਦਲ ਧੜਾ ਸ੍ਰੀ ਅਕਾਲ ਤਕਤ ਸਾਹਿਬ ਦੀ ਬੇਹੁਰਮਤੀ ਕਰਕੇ ਇਸ ਦੀ ਮਹਾਨਤਾ ਨੂੰ ਖਤਮ ਕਰਨ 'ਤੇ ਤੁਲਿਆ ਹੋਇਆ ਹੈ, ਉਹ ਸਮੁੱਚੇ ਪੰਥ ਦੀ ਤੌਹੀਨ ਹੈ। ਉਨ੍ਹਾਂ ਕਿਹਾ ਕਿ ਸਾਡੇ ਵਲੋਂ ਸ੍ਰੀ ਬਾਦਲ ਵਿਰੁਧ ਸਬੂਤਾਂ ਸਹਿਤ ਅਨੇਕਾਂ ਵਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮਿਆਂ ਦੀ ਉਲੰਘਣਾ ਕਰਨ ਸੰਬੰਧੀ ਪੱਤਰ ਲਿਖ ਕੇ ਸਬੂਤ ਭੇਜ ਕੇ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ ਪਰ ਕਿਸੇ ਵੀ ਪੱਤਰ 'ਤੇ ਕੋਈ ਕਾਰਵਾਈ ਨਹੀਂ ਹੋਈ।


**TAJ**

**INSURANCE SERVICES**

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available



Gurdawar S. Mann

Lic#0F34231

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available

**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

**RAJ SINGH**
**Cell:510-452-7370**

RAJ SINGH
M.A., M.Ed Retd. Principal
Realtor & Financial Adviser
Lic#01776459 & OG22467

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

MISSIONPEAK
46560 Fremont Blvd.,
Suite #111 Fremont, CA 94538
singhrajpaul@yahoo.com

**Wraich Transport LLC**
**North American Truck Stop**
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310

# ਕਿਉਂ ਪੱਥਰਾਂ ਦੇ ਸ਼ਹਿਰ ਦਾ ਦਿਲ ਪੱਥਰ ਜਿਹਾ ਹੋਇਆ

-ਪੰਜਾਬ ਟਾਈਮਜ਼ ਬਿਊਰੋ

**ਚੰਡੀਗੜ੍ਹ :** ਲੋਕਾਂ ਦਾ, ਲੋਕਾਂ ਵਲੋਂ, ਲੋਕਾਂ ਲਈ ਕੀਤਾ ਜਾਂਦਾ ਰਾਜ ਹੈ ਸਾਡੇ ਦੇਸ਼ ਵਿਚ, ਪਰ ਇਸ ਵਿਚ ਆਮ ਲੋਕ ਤਾਂ ਇਨਸਾਨ ਵੀ ਨਹੀਂ ਸਮਝੇ ਜਾ ਰਹੇ। ਜੇ ਸਮਝੇ ਜਾਂਦੇ ਤਾਂ ਜੋ ਕੁਝ ਪਿਛਲੇ ਦਿਨੀਂ ਚੰਡੀਗੜ੍ਹ ਹੋਇਆ, ਉਹ ਕਦੇ ਨਹੀਂ ਸੀ ਹੋਣਾ।

ਜਿਸ ਗਰੀਬ ਛੋਟੂ ਰਾਮ ਦੇ ਪਰਿਵਾਰ ਨਾਲ ਪੰਜਾਬ ਅਤੇ ਹਰਿਆਣੇ ਦੀ ਸਾਂਝੀ ਰਾਜਧਾਨੀ ਅਤੇ ਕੇਂਦਰ ਦੇ ਪ੍ਰਬੰਧ ਹੇਠਲੇ ਸ਼ਹਿਰ ਚੰਡੀਗੜ੍ਹ ਵਿਚ ਇਕ ਦੁਖਾਂਤ ਵਾਪਰਿਆ ਹੈ, ਉਹ ਪਟਿਆਲੇ ਤੋਂ ਆਪਣੇ ਵੱਡੇ ਪੁੱਤਰ ਦੇ ਇਲਾਜ ਲਈ ਇਸ ਖਿੱਤੇ ਦੀ ਸਭ ਤੋਂ ਵੱਡੀ ਸਿਹਤ ਸੰਸਥਾ ਪੀ ਜੀ ਆਈ ਵਿਚ ਆਇਆ ਸੀ।

ਛੋਟੂ ਰਾਮ ਦੀ ਪਤਨੀ ਗਰਭਵਤੀ ਸੀ ਤੇ ਪੀ ਜੀ ਆਈ ਵਿਚ ਉਸ ਨੂੰ ਜੰਮਣ ਪੀੜਾਂ ਸ਼ੁਰੂ ਹੋ ਜਾਣ ਕਰਕੇ ਇਕ ਹੋਰ ਮਰੀਜ਼ ਦਾ ਰਿਸ਼ਤੇਦਾਰ ਪਿਆਰਾ ਸਿੰਘ ਤਰਸ ਕਰ ਕੇ ਸੈਕਟਰ ਸੋਲਾਂ ਵਾਲੇ ਜਨਰਲ ਹਸਪਤਾਲ ਲੈ ਆਇਆ ਸੀ। ਹਾਲਤ ਗੰਭੀਰ ਸੀ, ਪਰ ਡਾਕਟਰ ਨੂੰ ਮਰੀਜ਼ ਦੀ ਹਾਲਤ ਨਾਲੋਂ ਦੋ ਰੁਪਏ ਵਾਲੀ ਪਰਚੀ ਵਧ ਅਹਿਮ ਜਾਪਦੀ ਸੀ। ਛੋਟੂ ਰਾਮ ਦੀ ਪਤਨੀ ਬੁਲਬੁਲ ਚੀਕਾਂ ਮਾਰ ਰਹੀ ਸੀ, ਪਰ ਡਾਕਟਰ ਦਾ ਹੁਕਮ ਸੀ ਕਿ ਫੀਸ ਦੇ ਕੇ ਕਾਊਂਟਰ ਨੰਬਰ ਇਕ ਸੌ ਇਕਵੰਜਾ ਤੋਂ ਪਰਚੀ ਲੈ ਕੇ ਆਏ ਬਿਨਾਂ ਇਲਾਜ ਨਹੀਂ ਹੋਵੇਗਾ। ਛੋਟੂ ਰਾਮ ਕਾਊਂਟਰ ਤੱਕ ਗਿਆ ਤਾਂ ਉਨ੍ਹਾਂ ਇਹ ਕਹਿ ਦਿੱਤਾ ਕਿ ਮਰੀਜ਼ ਨੂੰ ਨਾਲ ਲੈ ਕੇ ਆਓ। ਬੁਲਬੁਲ ਬੀਬੀ ਨੂੰ ਕਾਊਂਟਰ ਅੱਗੇ ਲੈ ਕੇ ਆਏ ਤਾਂ ਪਰਚੀ ਬਣਨ ਤੱਕ ਉਸ ਵਿਚਾਰੀ ਦੇ ਪੇਟ ਵਿਚੋਂ ਬੱਚੀ ਆਪਣੇ-ਆਪ ਬਾਹਰ ਆ ਗਈ ਤੇ ਸੰਭਾਲੀ ਨਾ ਜਾ ਸਕਣ ਕਰ ਕੇ ਹੇਠਾਂ ਹਸਪਤਾਲ ਦੇ ਪੱਕੇ ਫਰਸ਼ 'ਤੇ ਵੱਜ ਕੇ ਇਸ ਬੇਸ਼ਰਮ ਪ੍ਰਬੰਧ ਨੂੰ ਲਾਹਨਤ ਪਾ ਕੇ ਜਾਨ ਦੇ ਗਈ। ਹੁਣ ਕੋਈ ਵੀ ਇਸ ਦੀ ਜਿੰਮੇਵਾਰੀ ਨਹੀਂ ਲੈ ਰਿਹਾ।

ਸਿਰਫ਼ 2 ਰੁਪਏ ਦੀ ਪਰਚੀ ਬਦਲੇ ਇਕ ਨਵ-ਜੰਮੀ ਬੱਚੀ ਇਕ ਵੀ ਸਾਹ ਲਏ ਬਿਨਾਂ ਪ੍ਰਾਣ



ਤਿਆਗ ਜਾਵੇ, ਇਸ ਤੋਂ ਵਧ ਸ਼ਰਮਨਾਕ ਗੱਲ ਹੋਰ ਨਹੀਂ ਹੋ ਸਕਦੀ। ਜਿਸ ਨੂੰ ਖੂਬਸੂਰਤ ਸ਼ਹਿਰ ਕਹਿ ਕੇ ਪ੍ਰਚਾਰਿਆ ਜਾਂਦਾ ਹੈ, ਇਹ ਕੁਝ ਓਥੇ ਹੋਇਆ ਹੈ। ਲਾਹਨਤ ਹੈ ਇਹੋ ਜਿਹੀ ਖੂਬਸੂਰਤੀ 'ਤੇ, ਜਿੱਥੇ ਇਨਸਾਨਾਂ ਦੇ ਦਿਲ ਪੱਥਰ ਹੋ ਗਏ ਹੋਣ। ਫਿਰ ਅਗਲੀ ਗੱਲ ਇਹ ਕਿ ਇਸ ਦੀ ਸ਼ਿਕਾਇਤ ਵੀ ਕਿਸੇ ਦੇ ਖਿਲਾਫ ਨਹੀਂ ਲਿਖੀ ਗਈ। ਪੁਲੀਸ ਆਖਦੀ ਹੈ ਕਿ ਉਸ ਨੇ ਬੜੀ ਭਾਲ ਕੀਤੀ, ਪਰ ਛੋਟੂ ਰਾਮ ਲੱਭਾ ਨਹੀਂ। ਲੱਭਣਾ ਵੀ ਨਹੀਂ ਸੀ, ਉਹ ਵਿਚਾਰਾ ਛੋਟੂ ਰਾਮ ਜੁ ਸੀ, ਜੇ ਕੋਈ ਪੈਸੇ ਜਾਂ ਪਹੁੰਚ ਵਾਲਾ ਬੰਦਾ ਹੁੰਦਾ ਤਾਂ ਲੱਭਣ ਦੀ ਥਾਂ ਆਪਣੇ-ਆਪ ਲਿਖ ਕੇ ਰਿਪੋਰਟ ਉਤੇ ਦਸਖਤ ਕਰਵਾਉਣ ਪੁਲਸ ਨੇ ਉਸ ਦੇ ਘਰ ਤੱਕ ਜਾ ਪਹੁੰਚਣਾ ਸੀ। ਆਮ ਆਦਮੀ ਤਾਂ ਇਸ ਦੇਸ਼ ਵਿਚ ਸਿਰਫ ਇਕ ਵੋਟਰ ਬਣ ਕੇ ਰਹਿ ਗਿਆ ਹੈ। ਇਹ ਇਕੱਲੇ ਛੋਟੂ ਰਾਮ ਦਾ ਦੁਖਾਂਤ ਨਹੀਂ, ਉਸ ਵਰਗੇ ਕਈ ਹੋਰਨਾਂ ਦਾ ਵੀ ਹੈ। ਭਾਰਤ ਦੇ ਇਕ ਹੋਰ ਰਾਜ ਵਿਚ ਇਕ ਗਰੀਬਣੀ ਦਾ ਸਿਜੇਰੀਅਨ ਅਪਰੇਸ਼ਨ ਕਰਨ ਵੇਲੇ ਨਵ-ਜੰਮੇ ਬੱਚੇ ਦੀ ਇਕ ਬਾਂਹ ਡਾਕਟਰਾਂ ਨੇ ਕੱਟ ਛੱਡੀ ਤੇ ਆਖਦੇ ਇਹ ਹਨ ਕਿ ਅਪਰੇਸ਼ਨ ਏਨਾ ਉਲਝਣ ਭਰਿਆ ਸੀ ਕਿ ਇਹ ਬਾਂਹ ਕੱਟਣ ਬਿਨਾਂ ਕੋਈ ਚਾਰਾ ਹੀ ਨਹੀਂ ਸੀ। ਜਦੋਂ ਜੱਚਾ ਦਾ ਪੇਟ ਚੀਰ ਲਿਆ ਗਿਆ, ਫਿਰ ਬਾਕੀ ਕੁਝ ਰਹਿ ਹੀ ਨਹੀਂ ਸੀ ਜਾਂਦਾ, ਜਿਸ ਦਾ ਬਹਾਨਾ ਬਣਾ ਕੇ ਕਿਹਾ ਜਾਵੇ ਕਿ ਬਾਂਹ ਕੱਟਣੀ ਪੈਣੀ ਸੀ। ਇਹ ਸਿਰਫ ਇਕ ਬਹਾਨਾ ਹੈ, ਇਸ ਤੋਂ ਬਿਨਾਂ ਹੋਰ ਕੁਝ ਨਹੀਂ। ਗੱਲ ਉਥੇ ਵੀ ਆਈ-ਗਈ ਹੋ ਜਾਵੇਗੀ, ਕਿਉਂਕਿ ਬੱਚੇ ਦਾ ਬਾਪ ਮਜ਼ਦੂਰੀ ਕਰ ਕੇ ਮਸਾਂ ਪਰਿਵਾਰ ਪਾਲਦਾ ਹੈ, ਜ਼ਿੰਦਗੀ ਭਰ ਉਹ ਬੱਚਾ ਵੀ ਡਾਕਟਰਾਂ ਦੀ ਨਾਲਾਇਕੀ ਦਾ ਸਬੂਤ ਆਪਣੇ ਮੋਢੇ ਨਾਲ ਲਮਕਾ ਕੇ ਤੁਰਿਆ ਫਿਰੇਗਾ।

ਡਾਕਟਰਾਂ ਦਾ ਹਾਲ ਹੀ ਕੀ ਹੈ, ਇਸ ਦਾ ਪਤਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਪਿਛਲੇ ਦਿਨੀਂ ਜਲੰਧਰ ਦੇ ਇਕ ਨਾਮੀ ਹਸਪਤਾਲ ਦੇ ਕੁਝ ਸਪੈਸ਼ਲਿਸਟ ਡਾਕਟਰਾਂ ਦੇ ਸੰਮਨ ਜਾਰੀ ਕੀਤੇ ਗਏ ਹਨ। ਇਨ੍ਹਾਂ ਨੇ ਇਕ ਮਰੀਜ਼ ਦਾ ਗੁਰਦਾ ਬਦਲਣਾ ਸੀ। ਗੁਰਦਾ ਮਰੀਜ਼ ਦੇ ਪਰਿਵਾਰ ਦੇ ਇਕ ਜੀਅ ਨੇ ਦਿੱਤਾ ਸੀ। ਉਸ ਦਾ ਅਪਰੇਸ਼ਨ ਕਰ ਕੇ ਗੁਰਦਾ ਕੱਢਣ ਮਗਰੋਂ ਲਾਉਣ ਵਿਚ ਏਨੀ ਦੇਰੀ ਕਰ ਦਿੱਤੀ ਕਿ ਉਹ ਗੁਰਦਾ ਪਿਆ-ਪਿਆ ਹੀ ਨਕਾਰਾ ਹੋ ਗਿਆ, ਪਰ ਮਰੀਜ਼ ਜਾਂ ਉਸ ਦੇ ਵਾਰਸਾਂ ਨੂੰ ਦੱਸੇ ਬਿਨਾਂ ਟਰਾਂਸਪਲਾਂਟ ਕਰ ਦਿੱਤਾ ਗਿਆ, ਜਿਹੜਾ ਚਲ ਨਾ ਸਕਣ ਕਰ ਕੇ ਕੁਝ ਦਿਨਾਂ ਬਾਅਦ ਮਰੀਜ਼ ਦੀ ਮੌਤ ਹੋ ਗਈ। ਪਰਿਵਾਰ ਦੇ ਇਕ ਹੋਰ ਜੀਅ ਦਾ ਗੁਰਦਾ ਵੀ ਗਿਆ ਤੇ ਮਰੀਜ਼ ਵੀ ਨਾ ਬਚ ਸਕਿਆ। ਮਗਰੋਂ ਪਤਾ ਲੱਗਾ ਕਿ ਜਿਹੜੇ ਡਾਕਟਰਾਂ ਨੇ ਇਹ ਕਰਤੂਤ ਕੀਤੀ, ਉਨ੍ਹਾਂ ਕੋਲ ਤਾਂ ਇਸ ਤਰ੍ਹਾਂ ਦੇ ਟਰਾਂਸਪਲਾਂਟ ਦੀ ਡਿਗਰੀ ਹੀ ਨਹੀਂ ਸੀ। ਹੈਰਾਨੀ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਗੁਰਦਾ ਟਰਾਂਸਪਲਾਂਟ ਕਰਨ ਦੀ ਮਨਜ਼ੂਰੀ ਸਰਕਾਰੀ ਅਫਸਰਾਂ ਦੀ ਕਮੇਟੀ ਨੇ ਵੀ ਦੇ ਦਿੱਤੀ। ਕੀ ਇਸ ਦਾ ਇਹ ਮਤਲਬ ਸਾਫ ਨਹੀਂ ਨਿਕਲਦਾ ਕਿ ਬਿਨਾਂ ਡਿਗਰੀ ਤੋਂ ਵੀ ਡਾਕਟਰ ਉਹ ਕੁਝ ਕਰ ਰਹੇ ਹਨ, ਜਿਹੜਾ ਕਰਨ ਦੀ ਉਨ੍ਹਾਂ ਨੇ ਪੜ੍ਹਾਈ ਹੀ ਨਹੀਂ ਕੀਤੀ ਹੁੰਦੀ? ਇਸ ਦੇ ਬਾਵਜੂਦ ਉਨ੍ਹਾਂ ਦਾ ਕੁਝ ਨਹੀਂ ਵਿਗੜਦਾ ਤੇ ਧੰਦਾ ਚਲਦਾ ਰਹਿੰਦਾ ਹੈ।

## Matrimonials

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com

ਜੱਟ ਸਿੱਖ ਵਿਰਕ, 26, ਨਿਊ ਯਾਰਕ ਵਿਚ ਆਪਣਾ ਬਿਜਨਸ ਕਰਦੇ, ਪਿਛੋਂ ਜ਼ਿਲਾ ਕਰਨਾਲ ਦੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ:718-600-2325, 917-519-9453, sonu_virk48@yahoo.com

ਜੱਟ ਸਿੱਖ, ਸੁੰਦਰ, ਐਮ ਕਾਮ, 22, 5'5", ਸ਼ਹਿਰੀ ਤੇ ਪੇਂਡੂ ਸੰਪਤੀ ਦੀ ਮਾਲਕ, ਲੜਕੀ ਲਈ ਅਮਰੀਕਾ, ਕੈਨੇਡਾ ਜਾਂ ਇੰਗਲੈਂਡ ਰਹਿੰਦੇ ਜੱਟ ਸਿੱਖ ਲੜਕੇ ਦੀ ਲੋੜ ਹੈ। ਸੰਪਰਕ ਕਰੋ: gurdevsidhu77@yahoo.com

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com

*To Advertise with us*
*Call: 847-359-0746*
*Fax:847-705-9388*

*e-mial:*
*punjabtimes1@sbcglobal.net*


# ਕੈਪਟਨ ਨੂੰ ਮੁਕੱਦਮਿਆਂ ਵਿਚ ਉਲਝਾਉਣ ਦੀ ਤਿਆਰੀ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਸਣੇ 5 ਸੀਨੀਅਰ ਕਾਂਗਰਸੀ ਆਗੂਆਂ ਨੂੰ ਮੈਗਾ ਪ੍ਰਾਜੈਕਟਾਂ ਵਿਚ ਕੀਤੀਆਂ ਕਥਿਤ ਗੜਬੜੀਆਂ ਦੇ ਮਾਮਲੇ ਵਿਚ ਘੇਰਨ ਦੀ ਪੂਰੀ ਤਿਆਰੀ ਕਰ ਲਈ ਹੈ। ਇਸ ਨਾਲ ਆਉਂਦੇ ਦਿਨਾਂ ਵਿਚ ਉਕਤ ਕਾਂਗਰਸੀ ਲੀਡਰਾਂ 'ਤੇ ਵਿਜੀਲੈਂਸ ਬਿਉਰੋ ਦੇ ਬੱਦਲ ਛਾਉਣੇ ਯਕੀਨੀ ਹਨ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਆਦੇਸ਼ਾਂ ਹੇਠ ਪੰਜਾਬ ਵਿਜੀਲੈਂਸ ਬਿਉਰੋ ਨੇਂ ਕੈਪਟਨ ਅਮਰਿੰਦਰ ਸਿੰਘ ਸਣੇ 5 ਲੀਡਰਾਂ ਦੀ ਮੈਗਾ ਪ੍ਰਾਜੈਕਟਾਂ ਵਿਚ ਵਿਖਾਈ ਦਿਲਚਸਪੀ ਦੇ ਸਨਮੁੱਖ ਰੀਪੋਰਟ ਤਿਆਰ ਕਰ ਲਈ ਹੈ। ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵੇਲੇ ਰੀਅਲ ਅਸਟੇਟ ਅਤੇ ਹੋਰ ਮੈਗਾ ਪ੍ਰਾਜੈਕਟ ਜਿਹੜੇ ਮੁਹਾਲੀ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਖੇ ਮਨਜ਼ੂਰ ਕੀਤੇ ਸਨ, ਦੀ ਪੜਤਾਲ ਕਰਵਾਉਣ ਲਈ ਪੁਲਿਸ ਦੇ ਇਕ ਸੀਨੀਅਰ ਐਸ.ਪੀ. ਦੀ ਅਗਵਾਈ ਹੇਠ ਪੜਤਾਲੀਆ ਕਮੇਟੀ ਦਾ ਗਠਨ ਕਰ ਦਿਤਾ ਹੈ। ਜਾਣਕਾਰਾਂ ਅਨੁਸਾਰ ਛੇਤੀ ਹੀ ਮੈਗਾ ਪ੍ਰਾਜੈਕਟ ਅਤੇ ਰੀਅਲ ਅਸਟੇਟ ਵਿਚ ਹੋਈਆਂ ਗੜਬੜੀਆਂ ਦੀਆਂ ਪਰਤਾਂ ਖੁੱਲ੍ਹ ਸਕਦੀਆਂ ਹਨ। ਬਾਦਲ ਸਰਕਾਰ ਦਾ ਦੋਸ਼ ਹੈ ਕਿ ਕਾਂਗਰਸੀ ਲੀਡਰਾਂ ਨੇ ਅਪਣੇ ਨਿੱਜੀ ਸਵਾਰਥਾਂ ਕਰ ਕੇ ਨਿਯਮਾਂ ਨੂੰ ਅਖੋਂ-ਪਰੋਖੇ ਕੀਤਾ ਸੀ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਆਉਣ ਵਾਲੀ ਰਕਮ ਹੋਰਨਾਂ ਲੋਕਾਂ ਦੀਆਂ ਜੇਬਾਂ ਵਿਚ ਚਲੀ ਗਈ। ਸੂਤਰਾਂ ਅਨੁਸਾਰ ਇਨ੍ਹਾਂ ਕਾਂਗਰਸੀ ਲੀਡਰਾਂ ਵਿਚ ਦੋ ਮੌਜੂਦਾ ਵਿਧਾਇਕ ਅਤੇ ਇਕ ਸਾਬਕਾ ਮੰਤਰੀ ਵੀ ਸ਼ਾਮਲ ਹੈ।



ਦੂਜੇ ਪਾਸੇ ਕੁਝ ਅਧਿਕਾਰੀਆਂ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਕੈਪਟਨ ਅਮਰਿੰਦਰ ਸਿੰਘ ਨੂੰ ਛੱਡ ਕੇ ਬਾਕੀ ਕਾਂਗਰਸੀ ਆਗੂਆਂ ਨੂੰ ਮੈਗਾ ਪ੍ਰਾਜੈਕਟਾਂ ਦੇ ਦੋਸ਼ਾਂ ਵਿਚ ਫਸਾ ਕੇ ਰੱਖੇਗੀ ਤਾਂ ਕਿ ਲੋੜ ਪੈਣ 'ਤੇ ਕਾਂਗਰਸ ਪਾਰਟੀ ਦਾ ਬਰਾਬਰੀ ਨਾਲ ਮੁਕਾਬਲਾ ਕੀਤਾ ਜਾ ਸਕੇ ਕਿਉਂਕਿ ਅਜਿਹੀਆਂ ਵੀ ਅਫ਼ਵਾਹਾਂ ਸੁਣਨ ਨੂੰ ਮਿਲ ਰਹੀਆਂ ਹਨ ਕਿ ਕੁਝ ਅਕਾਲੀ-ਭਾਜਪਾ ਵਿਧਾਇਕ ਕਾਂਗਰਸ ਵਿਚ ਆਪਣਾ ਭਵਿੱਖ ਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਹਨ।









# ਮਹਿੰਗਾਈ ਨੂੰ ਲੈ ਕੇ ਸੰਸਦ ਦੇ ਦੋਹਾਂ ਸਦਨਾਂ ਵਿਚ ਜ਼ਬਰਦਸਤ ਹੰਗਾਮਾ

ਅਤੇ ਰਾਜ ਸਭਾ ਵਿਚ ਮਹਿੰਗਾਈ ਸਬੰਧੀ ਆਪਣੇ ਕੰਮ ਰੋਕੂ ਮਤਿਆਂ ਉਤੇ ਚਰਚਾ ਕਰਵਾਏ ਜਾਣ ਦੀ ਮੰਗ ਕੀਤੀ। ਸੋਮਵਾਰ ਨੂੰ ਸ਼ੁਰੂ ਹੋਏ ਸੰਸਦ ਦੇ ਮੌਨਸੂਨ ਸੈਸ਼ਨ ਦਾ ਅਸਲ ਕੰਮ-ਕਾਜ ਦਾ ਪਹਿਲਾ ਦਿਨ ਸੀ ਕਿਉਂਕਿ ਸੋਮਵਾਰ ਨੂੰ ਸਿਰਫ਼ ਵਿਛੜੇ ਆਗੂਆਂ ਤੇ ਮੈਂਬਰਾਂ ਨੂੰ ਸ਼ਰਧਾਂਜਲੀਆਂ ਦੇਣ ਪਿਛੋਂ ਦੋਵੇਂ ਸਦਨ ਉਠਾ ਦਿੱਤੇ ਗਏ ਸਨ।

ਸੰਸਦ ਵਿਚ ਇਹ ਮਾਮਲਾ ਉਠਾਉਣ ਵਾਲਿਆਂ ਵਿਚ ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ ਅਤੇ ਬਹੁਜਨ ਸਮਾਜ ਪਾਰਟੀ ਵੀ ਮੋਹਰੀ ਸਨ। ਦੂਜੇ ਪਾਸੇ ਸਰਕਾਰ ਭਾਵੇਂ ਇਸ ਮੁੱਦੇ ਉਤੇ ਬਹਿਸ ਲਈ ਤਿਆਰ ਸੀ ਪਰ ਉਹ ਵੋਟਿੰਗ ਵਾਲੇ ਨਿਯਮ ਤਹਿਤ ਚਰਚਾ ਲਈ ਤਿਆਰ ਨਾ ਹੋਈ। ਸਰਕਾਰ ਦਾ ਦਾਅਵਾ ਸੀ ਕਿ ਅਜਿਹੀ ਚਰਚਾ ਪਹਿਲਾਂ ਹੀ ਅਪਰੈਲ ਮਹੀਨੇ ਕਟੌਤੀ ਮਤੇ ਵੇਲੇ ਹੋ ਚੁੱਕੀ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਕਿਹਾ ਕਿ ਸਰਕਾਰ ਵਿਰੋਧੀ ਧਿਰ ਵੱਲੋਂ ਸੂਚੀਬੱਧ ਸਾਰੇ 62 ਮੁੱਦਿਆਂ ਉਤੇ ਚਰਚਾ ਲਈ ਤਿਆਰ ਹੈ ਪਰ ਇਨ੍ਹਾਂ ਵਿਚ ਕੰਮ ਰੋਕੂ ਮਤਾ ਕਿਤੇ ਵੀ ਨਹੀਂ ਆਉਂਦਾ।

ਸੰਸਦ ਦੇ ਦੋਵੇਂ ਸਦਨਾਂ ਵਿਚ ਇਸ ਮੁੱਦੇ ਉਤੇ ਕਰੀਬ ਸਾਰੀ ਵਿਰੋਧੀ ਧਿਰ ਇਕਮੁੱਠ ਸੀ। ਮਹਿੰਗਾਈ ਖ਼ਿਲਾਫ਼ ਭਾਜਪਾ ਅਤੇ ਖੱਬੀਆਂ ਪਾਰਟੀਆਂ ਸਮੇਤ ਅਨੇਕਾਂ ਗੈਰ-ਕਾਂਗਰਸੀ ਪਾਰਟੀਆਂ ਨੇ ਸੰਸਦ ਵਿਚ ਉਸੇ ਤਰ੍ਹਾਂ ਦਾ ਸਟੈਂਡ ਲਿਆ ਜਿਵੇਂ ਦਾ ਉਨ੍ਹਾਂ ਤੇਲ ਦੀਆਂ ਕੀਮਤਾਂ ਵਿਚ ਵਾਧੇ ਖ਼ਿਲਾਫ਼ 5 ਜੁਲਾਈ ਦੇ ਭਾਰਤ ਬੰਦ ਦੌਰਾਨ ਲਿਆ ਸੀ।

ਸਰਕਾਰ ਅਤੇ ਕਾਂਗਰਸ ਵੱਲੋਂ ਪਹਿਲਾਂ ਹੀ ਇਹ ਸਾਫ਼ ਕੀਤਾ ਜਾ ਚੁੱਕਾ ਸੀ ਕਿ ਉਹ ਮਹਿੰਗਾਈ ਦੇ ਮੁੱਦੇ ਉਤੇ ਲੋਕ ਸਭਾ ਵਿਚ ਕੰਮ ਰੋਕੂ ਮਤੇ ਦੇ ਖ਼ਿਲਾਫ਼ ਹਨ ਅਤੇ ਰਾਜ ਸਭਾ ਵਿਚ ਵੀ ਉਹ ਅਜਿਹੇ ਕਿਸੇ ਨਿਯਮ ਤਹਿਤ ਚਰਚਾ ਦੇ ਖ਼ਿਲਾਫ਼ ਸੀ ਜਿਸ ਵਿਚ ਵੋਟਿੰਗ ਕਰਾਉਣੀ ਜ਼ਰੂਰੀ ਹੋਵੇ। ਦੂਜੇ ਪਾਸੇ ਲੋਕ ਸਭਾ ਵਿਚ ਵਿਰੋਧੀ ਪਾਰਟੀਆਂ ਨੇ ਆਪਣੇ ਕੰਮ ਰੋਕੂ ਮਤੇ ਵਿਚ ਮੁੱਖ ਤਵੱਜੋ ਮਿੱਟੀ ਦੇ ਤੇਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਨੂੰ ਦਿੱਤੀ ਤਾਂ ਕਿ ਹਾਕਮ ਧਿਰ ਦੇ ਮੈਂਬਰਾਂ ਨੂੰ ਇਸ ਸਬੰਧੀ ਸੰਕਟ ਵਿਚ ਪਾਇਆ ਜਾ ਸਕੇ ਕਿਉਂਕਿ ਹਾਕਮ ਧਿਰ ਦਾ ਕਹਿਣਾ ਸੀ ਕਿ ਮਹਿੰਗਾਈ ਇਕ ਆਮ ਚੱਲਦਾ ਰਹਿਣ ਵਾਲਾ ਵਰਤਾਰਾ ਹੈ ਅਤੇ ਇਸ ਲਈ ਕੰਮ ਰੋਕੂ ਮਤਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ।

ਸਰਕਾਰ ਦੀ ਹਮਾਇਤ ਕਰ ਰਹੀ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੇ ਆਗੂ ਕ੍ਰਮਵਾਰ ਮੁਲਾਇਮ ਸਿੰਘ ਯਾਦਵ ਅਤੇ ਲਾਲੂ ਪ੍ਰਸਾਦ ਯਾਦਵ ਵੀ ਮਹਿੰਗਾਈ ਖ਼ਿਲਾਫ਼ ਸਪੀਕਰ ਦੇ ਆਸਣ ਸਾਹਮਣੇ ਆ ਕੇ ਨਾਅਰੇਬਾਜ਼ੀ ਕਰਨ ਲੱਗੇ। ਲਾਲੂ ਪ੍ਰਸਾਦ ਯਾਦਵ ਤੇ ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਨੇ 'ਰੋਕੋ ਮਹਿੰਗਾਈ, ਬੰਨੋ ਦਾਮ, ਨਹੀਂ ਤਾਂ ਹੋਵੇਗਾ ਚੱਕਾ ਜਾਮ' ਦੇ ਨਾਅਰੇ ਵੀ ਲਾਏ। ਬਹੁਜਨ ਸਮਾਜ ਪਾਰਟੀ ਨੇ ਵੀ ਸਵਾਲਾਂ ਦੇ ਸਮੇਂ ਨੂੰ ਮੁਲਤਵੀ ਕਰ ਕੇ ਮਹਿੰਗਾਈ ਸਬੰਧੀ ਚਰਚਾ ਕਰਵਾਏ ਜਾਣ ਦੀ ਮੰਗ ਕੀਤੀ। ਪਾਰਟੀ ਨੇ ਇਹ ਚਰਚਾ ਅਜਿਹੇ ਨਿਯਮ ਤਹਿਤ ਕਰਾਉਣ ਲਈ ਜ਼ੋਰ ਨਹੀਂ ਦਿੱਤਾ ਜਿਸ ਤਹਿਤ ਵੋਟਿੰਗ ਕਰਾਉਣੀ ਪਵੇ ਕਿਉਂਕਿ ਬਸਪਾ ਨਹੀਂ ਸੀ ਚਾਹੁੰਦੀ ਕਿ ਉਹ 'ਭਾਜਪਾ ਨਾਲ' ਖੜੋਤੀ ਦਿਖਾਈ ਦੇਵੇ। ਹਾਕਮ ਯੂ.ਪੀ.ਏ. ਵਿਚ ਸ਼ਾਮਲ ਦੂਜੀ ਵੱਡੀ ਪਾਰਟੀ ਤ੍ਰਿਣਮੂਲ ਕਾਂਗਰਸ ਵੀ ਚਰਚਾ ਦੀ ਹਾਮੀ ਸੀ।

ਲੋਕ ਸਭਾ ਦਾ ਸੈਸ਼ਨ ਉਠਾਏ ਜਾਣ ਤੋਂ ਪਹਿਲਾਂ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਮੁਰਲੀ ਦਿਓੜਾ ਨੇ ਲੋਕ ਸਭਾ ਵਿਚ ਆਪਣੇ ਤੌਰ 'ਤੇ ਤੇਲ ਕੀਮਤਾਂ 'ਚ ਵਾਧੇ ਸਬੰਧੀ ਇਕ ਬਿਆਨ ਦਿੱਤਾ। ਉਨ੍ਹਾਂ ਇਸ ਵਿਚ ਕਿਹਾ ਕਿ ਰਸੋਈ ਗੈਸ ਦੇ ਸਿਲੰਡਰ ਦੀ ਕੀਮਤ ਵਿਚ ਕੀਤਾ ਗਿਆ 35 ਰੁਪਏ ਵਾਧਾ ਅਸਲ ਵਿਚ ਰੋਜ਼ਾਨਾ ਇਕ ਰੁਪਏ ਵੀ ਨਹੀਂ ਬਣਦਾ। ਇਸ ਦੇ ਬਾਵਜੂਦ ਵਿਰੋਧੀ ਮੈਂਬਰਾਂ ਦੇ ਹੰਗਾਮੇ ਉਤੇ ਉਤਾਰੂ ਰਹਿਣ ਕਾਰਨ ਸਪੀਕਰ ਮੀਰਾ ਕੁਮਾਰ ਨੇ ਸਦਨ ਉਠਾ ਦਿੱਤਾ।

ਰਾਜ ਸਭਾ ਵਿਚ ਵੀ ਪਹਿਲਾਂ ਨਵੇਂ ਬਣੇ ਮੈਂਬਰਾਂ ਨੇ ਅਹੁਦੇ ਦੀ ਸਹੁੰ ਚੁੱਕੀ। ਇਸ ਦੇ ਤੁਰੰਤ ਬਾਅਦ ਵਿਰੋਧੀ ਧਿਰ ਨੇ ਮਹਿੰਗਾਈ ਦੇ ਮੁੱਦੇ ਉਤੇ ਜ਼ੋਰਦਾਰ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਇਸ ਕਾਰਨ ਸਦਨ ਦਿਨ ਭਰ ਲਈ ਉਠਾ ਦਿੱਤਾ ਗਿਆ। ਮੈਂਬਰਾਂ ਨੂੰ ਜ਼ਾਬਤੇ ਵਿਚ ਰਹਿਣ ਦੀਆਂ ਚੇਅਰਮੈਨ ਹਾਮਿਦ ਅਨਸਾਰੀ ਵੱਲੋਂ ਕੀਤੀਆਂ ਅਪੀਲਾਂ ਦਾ ਉਨ੍ਹਾਂ ਉਤੇ ਕੋਈ ਅਸਰ ਨਾ ਹੋਇਆ।

ਬਸਪਾ ਆਗੂ ਐਸ.ਸੀ. ਮਿਸ਼ਰਾ ਨੇ ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੀ ਤੇਲ ਦੀਆਂ ਕੀਮਤਾਂ 'ਚ ਵਾਧੇ ਕਾਰਨ ਫਿਕਰਮੰਦ ਹੈ ਕਿਉਂਕਿ ਇਸ ਦਾ ਆਮ ਆਦਮੀ ਖ਼ਾਸਕਰ ਗਰੀਬਾਂ ਉਤੇ ਮਾੜਾ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬਸਪਾ ਨੇ ਇਸ ਮੁੱਦੇ ਉਤੇ ਸਵਾਲਾਂ ਦਾ ਸਮਾਂ ਮੁਲਤਵੀ ਕਰਨ ਦਾ ਨੋਟਿਸ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਹ ਮੰਗ ਉਸ ਵੇਲੇ ਕੀਤੀ ਜਾ ਰਹੀ ਹੈ ਜਦੋਂ ਦੇਸ਼ ਵਿਚ ਮਹਿੰਗਾਈ ਸਿਖਰਾਂ ਛੂਹ ਰਹੀ ਹੈ। ਹਾਲ ਹੀ ਵਿਚ ਤੇਲ ਕੀਮਤਾਂ ਨੂੰ ਕੰਟਰੋਲ ਮੁਕਤ ਕੀਤੇ ਜਾਣ ਤੋਂ ਬਾਅਦ ਇਹ ਹੋਰ ਵੀ ਵਧੀ ਹੈ। ਖੁਰਾਕੀ ਵਸਤਾਂ ਦੀ ਮੁਦਰਾ ਸਫੀਤੀ 12.47 ਫੀਸਦੀ ਤਕ ਪੁੱਜੀ ਹੋਈ ਹੈ।

## "ਅਨਾਜ ਦਾ ਬਰਬਾਦ ਹੋਣਾ ਅਪਰਾਧ"


**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਅਨਾਜ ਦੇ ਖ਼ਰਾਬ ਹੋਣ ਨੂੰ 'ਅਪਰਾਧ' ਕਹਿੰਦਿਆਂ ਕੇਂਦਰ ਸਰਕਾਰ ਨੂੰ ਬੀਤੀ 27 ਜੁਲਾਈ ਨੂੰ ਸੁਝਾਅ ਦਿੱਤਾ ਹੈ ਕਿ ਉਹ ਖ਼ਰਾਬ ਹੋ ਰਹੀ ਕਣਕ ਨੂੰ ਸਿੱਧੀ ਗਰੀਬਾਂ ਤੱਕ ਪਹੁੰਚਾਏ ਤੇ ਬੀ.ਪੀ.ਐਲ. (ਅਤਿ ਗਰੀਬ) ਪਰਿਵਾਰਾਂ ਸੰਬੰਧੀ ਮਾਪਦੰਡ ਨਰਮ ਕਰਕੇ ਹੋਰ ਲੋਕਾਂ ਨੂੰ ਜਨਤਕ ਵੰਡ ਪ੍ਰਣਾਲੀ ਵਿਚ ਸ਼ਾਮਲ ਕਰੇ। ਜਸਟਿਸ ਦਲਵੀਰ ਭੰਡਾਰੀ ਤੇ ਜਸਟਿਸ ਦੀਪਕ ਵਰਮਾ 'ਤੇ ਆਧਾਰਿਤ ਇਕ ਬੈਂਚ ਨੇ ਕੇਂਦਰੀ ਖੁਰਾਕ ਸਕੱਤਰ ਨੂੰ ਕਿਹਾ ਹੈ ਕਿ ਇਨ੍ਹਾਂ ਸੁਝਾਵਾਂ ਬਾਰੇ ਸਰਕਾਰ ਦਾ ਜੁਆਬ 12 ਅਗਸਤ ਤੱਕ ਅਦਾਲਤ 'ਚ ਪੇਸ਼ ਕਰੇ।

ਸਟੋਰਾਂ ਦੀ ਕਮੀ ਕਾਰਨ ਅਨਾਜ ਨੂੰ ਖ਼ਰਾਬ ਹੋਣ ਤੋਂ ਰੋਕਣ ਲਈ ਕਈ ਤਜਵੀਜ਼ਾਂ ਪੇਸ਼ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਬੀ.ਪੀ.ਐਲ. ਪਰਿਵਾਰਾਂ ਦੀ ਚੋਣ ਲਈ ਆਮਦਨ ਦੀ ਉਪਰਲੀ ਸੀਮਾ ਇਕ ਲੱਖ ਰੁਪਏ ਕਰ ਦੇਣੀ ਚਾਹੀਦੀ ਹੈ ਤਾਂ ਜੋ ਜਨਤਕ ਵੰਡ ਪ੍ਰਣਾਲੀ ਦਾ ਘੇਰਾ ਹੋਰ ਵਧ ਸਕੇ। ਇਸ ਤੋਂ ਬਾਅਦ ਗਰੀਬੀ ਰੇਖਾ ਤੋਂ ਉਪਰ ਵਾਲਿਆਂ ਲਈ ਜਨਤਕ ਵੰਡ ਸਕੀਮ ਬੰਦ ਕਰ ਦੇਣੀ ਚਾਹੀਦੀ ਹੈ। ਬਾਕੀ ਅਨਾਜ ਖੁੱਲ੍ਹੀ ਮੰਡੀ 'ਚ ਜਾਣਾ ਚਾਹੀਦਾ ਹੈ। ਆਟਾ ਮਿੱਲ ਮਾਲਕਾਂ-ਇੰਸਪੈਕਟਰਾਂ-ਦੁਕਾਨਦਾਰਾਂ ਦੀ ਮਿਲੀਭੁਗਤ ਤੋੜਨ ਲਈ ਸਕੀਮ ਦਾ ਕੰਪਿਊਟਰੀਕਰਨ ਕੀਤਾ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਜਨਤਕ ਹਿੱਤ ਪਟੀਸ਼ਨ 'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' ਜਥੇਬੰਦੀ ਨੇ ਪਾਈ ਹੈ। ਇਸ ਦੇ ਵਕੀਲ ਕੋਲਿਨ ਗੋਨਸਾਲਵੇਸ ਨੇ ਬੈਂਚ ਨੂੰ ਦੱਸਿਆ ਕਿ ਛੇ ਕਰੋੜ ਵੀਹ ਟਨ ਕਣਕ ਤੇ ਹੋਰ ਅਨਾਜ ਖੁੱਲ੍ਹੇ ਆਸਮਾਨ ਹੇਠ ਪਲਾਸਟਿਕ ਦੀਆਂ ਸ਼ੀਟਾਂ ਹੇਠ ਢਕਿਆ ਪਿਆ ਹੈ। ਜੇ ਇਸ ਨੂੰ ਸੰਭਾਲਿਆ ਨਾ ਗਿਆ ਤਾਂ ਮੌਨਸੂਨ ਦੌਰਾਨ ਇਹ ਖਾਣ-ਯੋਗ ਨਹੀਂ ਰਹੇਗਾ। ਜੱਜਾਂ ਦਾ ਕਹਿਣਾ ਸੀ, ''ਜਦੋਂ ਦੇਸ਼ ਅੰਦਰ ਲੋਕ ਭੁੱਖ ਨਾਲ ਮਰ ਰਹੇ ਹੋਣ ਤਾਂ ਅਨਾਜ ਦਾ 'ਇਕ ਵੀ ਦਾਣਾ' ਖ਼ਰਾਬ ਹੋਣਾ ਅਪਰਾਧ ਹੈ।''

## ਸਿੱਖ ਵਿਰੋਧੀ ਦੰਗਿਆਂ ਦੇ ਕੇਸ 'ਚ ਟਾਈਟਲਰ ਨੂੰ ਮੁੜ ਕਲੀਨ ਚਿੱਟ

**ਨਵੀਂ ਦਿੱਲੀ :** ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਇਕ ਸਾਲ 'ਚ ਦੂਜੀ ਵਾਰ ਸੀਨੀਅਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦਿੰਦਿਆਂ ਸੀ ਬੀ ਆਈ ਨੇ ਉਨ੍ਹਾਂ ਖ਼ਿਲਾਫ਼ ਦਾਇਰ ਅਰਜ਼ੀ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਇਕ ਅਹਿਮ ਘਟਨਾਕ੍ਰਮ ਤਹਿਤ ਬੀਤੀ 24 ਜੁਲਾਈ ਨੂੰ ਸੀ ਬੀ ਆਈ ਨੇ ਦਿੱਲੀ ਦੀ ਇਕ ਅਦਾਲਤ ਨੂੰ ਦੱਸਿਆ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਸਾਬਕਾ ਮੰਤਰੀ ਖ਼ਿਲਾਫ਼ ਲੋੜੀਂਦੇ ਸਬੂਤ ਉਪਲਬਧ ਨਹੀਂ ਹਨ।



ਸੀ ਬੀ ਆਈ ਨੇ ਟਾਈਟਲਰ ਖ਼ਿਲਾਫ਼ ਮੁਕੱਦਮਾ ਬੰਦ ਕਰਨ ਨੂੰ ਚੁਣੌਤੀ ਦੇਣ ਵਾਲੀ ਦੰਗਾ ਪੀੜਤ ਪਰਿਵਾਰ ਦੀ ਅਰਜ਼ੀ ਵੀ ਇਹ ਕਹਿੰਦਿਆਂ ਰੱਦ ਕਰਨ ਦੀ ਮੰਗ ਕੀਤੀ ਕਿ ਕਾਂਗਰਸੀ ਆਗੂ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਕੋਈ ਠੋਸ ਸਬੂਤ ਉਪਲਬਧ ਨਹੀਂ ਹਨ। ਇਸ ਸਬੰਧ 'ਚ ਸੀ ਬੀ ਆਈ ਦਾ ਹਲਫ਼ਨਾਮਾ ਵੇਖਣ ਤੋਂ ਬਾਅਦ ਐਡੀਸ਼ਨਲ ਸੈਸ਼ਨ ਜੱਜ ਵੀ ਕੇ ਖੰਨਾ ਦੀ ਅਦਾਲਤ ਨੇ ਪੀੜਤ ਪਰਿਵਾਰ ਨੂੰ ਇਸ ਦਾ ਜਵਾਬ ਦਾਖ਼ਲ ਕਰਨ ਲਈ ਕਹਿੰਦਿਆਂ ਮਾਮਲੇ ਦੀ ਸੁਣਵਾਈ 21 ਅਗਸਤ ਤੱਕ ਮੁਲਤਵੀ ਕਰ ਦਿੱਤੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੀ ਬੀ ਆਈ ਨੇ 27 ਅਪ੍ਰੈਲ ਨੂੰ ਟਾਈਟਲਰ ਖ਼ਿਲਾਫ਼ ਮਾਮਲਾ ਬੰਦ ਕਰਨ ਲਈ ਕਲੋਜ਼ਰ ਰਿਪੋਰਟ (ਮਾਮਲਾ ਬੰਦ ਕਰਨ ਵਾਲੀ ਰਿਪੋਰਟ) ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ ਸੀ। ਉਸ ਸਮੇਂ ਅਦਾਲਤ ਨੇ ਕਿਹਾ ਸੀ ਕਿ ਟਾਈਟਲਰ ਖ਼ਿਲਾਫ਼ ਇਨ੍ਹਾਂ ਦੰਗਿਆਂ 'ਚ ਸ਼ਮੂਲੀਅਤ ਦਾ ਕੋਈ ਪੁਖ਼ਤਾ ਸਬੂਤ ਨਹੀਂ ਹੈ। ਅਦਾਲਤ ਨੇ ਇਸ ਮਾਮਲੇ ਦੇ ਇਕ ਅਹਿਮ ਗਵਾਹ ਜਸਬੀਰ ਸਿੰਘ, ਜੋ ਅਮਰੀਕਾ ਰਹਿੰਦਾ ਹੈ, ਦੇ ਬਿਆਨ ਨੂੰ ਵੀ ਰੱਦ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਜਸਬੀਰ ਦੀ ਗਵਾਹੀ 3 ਨਵੰਬਰ 1984 ਨੂੰ ਵਾਪਰੀ ਘਟਨਾ ਨਾਲ ਸਬੰਧਤ ਹੈ, ਜਦਕਿ ਟਾਈਟਲਰ ਖ਼ਿਲਾਫ਼ ਮਾਮਲੇ ਦੀ ਸੁਣਵਾਈ 1 ਨਵੰਬਰ 1984 ਨੂੰ ਵਾਪਰੀ ਘਟਨਾ ਨਾਲ ਸਬੰਧਤ ਹੈ। ਇਸੇ ਦੌਰਾਨ ਇਕ ਲਖਵਿੰਦਰ ਕੌਰ ਨਾਂ ਦੀ ਦੰਗਾ ਪੀੜਤ ਨੇ ਇਹ ਮਾਮਲਾ ਮੁੜ ਖੋਲ੍ਹਣ ਦੀ ਮੰਗ ਕੀਤੀ। ਲਖਵਿੰਦਰ ਕੌਰ ਨੇ ਦਾਅਵਾ ਕੀਤਾ ਸੀ ਕਿ ਟਾਈਟਲਰ ਖ਼ਿਲਾਫ਼ ਪੁਖ਼ਤਾ ਸਬੂਤ ਮੌਜੂਦ ਹਨ ਅਤੇ ਸੀ ਬੀ ਆਈ ਨੇ ਜਗਦੀਸ਼ ਟਾਈਟਲਰ ਨੂੰ ਬਰੀ ਕਰਨ ਦਾ ਜੋ ਫ਼ੈਸਲਾ ਲਿਆ ਸੀ, ਉਸ ਵਿਰੁਧ ਦਾਇਰ ਅਰਜ਼ੀ ਨੂੰ ਹੇਠਲੀ ਅਦਾਲਤ ਨੇ ਗ਼ਲਤ ਤਰੀਕੇ ਨਾਲ ਰੱਦ ਕੀਤਾ ਸੀ। ਅੱਜ ਦੇ ਇਸ ਹਲਫ਼ਨਾਮੇ 'ਚ ਸੀ ਬੀ ਆਈ ਨੇ ਲਖਵਿੰਦਰ ਕੌਰ ਦੇ ਇਨ੍ਹਾਂ ਦਾਅਵਿਆਂ ਨੂੰ ਬੇਬੁਨਿਆਦ ਦੱਸਿਆ ਹੈ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸਿੱਖ ਵਿਰੋਧੀ ਸਾਹਿਤ ਬਾਰੇ ਚੁੱਪੀ ਤੋੜੇ-ਜਵਾਹਰਕੇ**

-ਮੁਰਦਾ ਬੋਲੂ ਕੱਫਣ ਪਾੜੂ, ਰਹਿਣ ਦਿਓ।

***ਜੇ ਹਰਿਆਣਾ ਰਾਇਲਟੀ ਦੇਣੀ ਨਾ ਮੰਨਿਆ ਤਾਂ ਹਰਿਆਣੇ ਨੂੰ ਜਾਂਦਾ ਪਾਣੀ ਰੋਕਾਂਗੇ-ਅਜਮੇਰ ਸਿੰਘ ਲੱਖੋਵਾਲ**

-ਤੇ ਜਿਦਣ ਬਾਦਲ ਸਾਬ੍ਹ ਯੂ ਟਰਨ ਮਾਰ'ਗੇ ਆਪਾਂ ਵੀ ਮਾਰ ਦਿਆਂਗੇ।

***ਰੇਡੀਓ ਵਾਲਿਆਂ ਨੇ ਕਰਵਾਇਆ 'ਪੰਜਾਬੀ ਧਮਾਕਾ-2010'**

-ਸੀ.ਆਈ.ਡੀ. ਦੀ ਅੰਦਰਲੀ ਖ਼ਬਰ ਲਗਦੀ ਐ।

***ਸਟਾਰ ਖਿਡਾਰੀਆਂ ਦੀ ਗੈਰ ਹਾਜ਼ਰੀ ਨਾਲ ਕੋਈ ਫਰਕ ਨਹੀਂ ਪਵੇਗਾ-ਟੀਮ ਇੰਡੀਆ**

-ਪਹਿਲਾਂ ਵੀ ਤਾਂ ਹਾਰ ਕੇ ਆਉਂਦੇ ਸੀ, ਹੁਣ ਵੀ ਹਾਰ ਕੇ ਆਵਾਂਗੇ।

***ਸੂਬਿਆਂ ਨੂੰ ਵੱਧ ਅਧਿਕਾਰ ਦੇਣ ਤੋਂ ਬਗੈਰ ਦੇਸ਼ ਖੁਸ਼ਹਾਲ ਨਹੀਂ ਹੋ ਸਕਦਾ-ਕੁਲਦੀਪ ਨਈਅਰ**

-ਇਸੇ ਖੁਸ਼ਹਾਲੀ ਲਈ ਜਦੋਂ ਸਿੱਖਾਂ ਨੇ ਮੋਰਚਾ ਲਾਇਆ ਤਾਂ ਬੇਈਮਾਨਾਂ ਨੇ ਵੱਖਵਾਦੀ ਤੇ ਅਤਿਵਾਦੀ ਬਣਾ ਧਰੇ।

***ਸ਼੍ਰੋਮਣੀ ਕਮੇਟੀ ਕਾਲੀ ਵੇਈਂ ਦੀ ਕਾਰ ਸੇਵਾ 'ਚ 10 ਲੱਖ ਰੁਪਏ ਦਾ ਹਿੱਸਾ ਪਾਵੇਗੀ-ਮੱਕੜ**

-ਇਹ ਤਾਂ ਸੰਗਤ ਦਾ ਪੈਸਾ ਐ ਜਿੰਨਾ ਮਰਜ਼ੀ ਦੇ ਦਿਓ। ਸੁਆਦ ਤਾਂ ਸੀ ਜੇ ਸਾਰੇ ਸ਼੍ਰੋਮਣੀ ਕਮੇਟੀ ਮੈਂਬਰ ਸੰਤ ਸੀਚੇਵਾਲ ਵਾਂਗ ਥੋੜੀ ਅਗਵਾਈ 'ਚ ਵੇਈਂ ਦੀ ਕਾਰ ਸੇਵਾ 'ਚ ਹਿੱਸਾ ਲੈਂਦੇ।

***ਬੁੱਢਾ ਦਲ ਦੇ ਦੋ ਧੜਿਆਂ ਵਿਚਕਾਰ ਗੋਲੀ ਚੱਲੀ**

-ਵਿਹਲੀਆਂ ਖਾ ਖਾ ਕੇ ਅਕਲ 'ਤੇ ਪਰਦਾ ਪੈ ਗਿਐ। ਦੁਸ਼ਮਣ ਨੂੰ ਪਛਾਣਦੇ ਨਹੀਂ, ਆਪਣਿਆਂ ਨੂੰ ਹੀ ਫੂਕੀ ਜਾਂਦੇ ਐ।

## ਭਾਰਤੀ ਰਿਜ਼ਰਵ ਬੈਂਕ ਵਲੋਂ ਰੈਪੋ ਦਰਾਂ 'ਚ ਫਿਰ ਵਾਧਾ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਦਹਾਈ ਦਾ ਅੰਕੜਾ ਛੋਹਣ ਵਾਲੀ ਮਹਿੰਗਾਈ ਨੂੰ ਕਾਬੂ ਕਰਨ ਲਈ ਮੰਗਲਵਾਰ ਨੂੰ ਰੈਪੋ ਤੇ ਰਿਵਰਸ ਰੈਪੋ ਦਰਾਂ 'ਚ ਕ੍ਰਮਵਾਰ ਇਕ ਚੌਥਾਈ ਤੇ ਅੱਧਾ ਫ਼ੀਸਦੀ ਵਾਧਾ ਕਰਨ ਦਾ ਐਲਾਨ ਕੀਤਾ। ਆਰ ਬੀ ਆਈ ਵਲੋਂ ਚੁੱਕੇ ਇਸ ਕਦਮ ਨਾਲ ਜਿਥੇ ਮਾਰਚ-2011 ਤੱਕ ਮਹਿੰਗਾਈ 6 ਫੀਸਦੀ ਰਹਿ ਜਾਣ ਦੀ ਉਮੀਦ ਹੈ, ਉਥੇ ਇਸ ਨਾਲ ਬੈਂਕਾਂ ਦੀਆਂ ਵਿਆਜ ਦਰਾਂ ਪ੍ਰਭਾਵਤ ਹੋਣ ਦੀ ਵੀ ਸੰਭਾਵਨਾ ਹੈ।


ੴ ਸਤਿਗੁਰ ਪ੍ਰਸਾਦਿ॥

# ਖਾਲਿਸਤਾਨ ਕਾਲਿੰਗ ਦੇ ਡਾ. ਅਮਰਜੀਤ ਸਿੰਘ ਨੂੰ ਸਵਾਲ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥ ਪ੍ਰਵਾਨ ਕਰਨੀ ਜੀ। ਅਦਾਰਾ ਧਰਮ ਰਾਜ ਵਲੋਂ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਕੀ ਆਪ ਜੀ ਦੱਸੋਗੇ ਕਿ ਖਾਲਸਾ ਰਾਜ ਕਦੋਂ ਗਿਆ?

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਕਹਿਣ ਅਨੁਸਾਰ ਸਰੀਰਕ ਮੌਤ ਨੂੰ ਮੌਤ ਨਹੀਂ ਸਮਝਣਾ ਚਾਹੀਦਾ ਕਿਉਂਕਿ ਆਤਮਾ ਸਦਾ ਅਮਰ ਹੈ। ਸੰਤ ਜਰਨੈਲ ਸਿੰਘ ਅੱਜ ਵੀ ਸਾਡੇ ਦਰਮਿਆਨ ਹਨ। ਰੱਬੀ ਆਤਮਾ ਵਜੋਂ ਰੱਬੀ ਗੀਤ ਬਣ ਕੇ ਸਾਡੇ ਹਿਰਦਿਆਂ ਵਿਚ ਵੱਸਦੇ ਹਨ, ਕੰਨਾਂ ਵਿਚ ਗੂੰਜਦੇ ਹਨ। ਉਨ੍ਹਾਂ ਦੀ ਸੂਖਮ ਮੂਰਤ ਸਾਡੇ ਸਾਹਵੇਂ ਸਗਵੀਂ ਦ੍ਰਿਸ਼ਟਮਾਨ ਹੈ। ਉਨ੍ਹਾਂ ਦੇ ਨੈਣ ਸਾਡੇ ਨੈਣਾਂ ਨੂੰ ਮਿਲਦੇ ਹਨ। ਰਾਜ ਕਰੇਗਾ ਖਾਲਸਾ। ਖਾਲਸਾ ਰਾਜ ਕਰਦਾ ਸੀ, ਰਾਜ ਕਰਦਾ ਹੈ ਅਤੇ ਕਰਦਾ ਰਹੇਗਾ। ਮੈਂ ਪ੍ਰੇਮ ਦੁਆਰਾ ਉਨ੍ਹਾਂ ਤੋਂ ਜੋ ਆਪਣੇ ਜੀਵਨ ਵਿਚ ਪਾਇਆ ਹੈ, ਉਸ ਬਾਰੇ ਗੁਰਬਾਣੀ ਦਾ ਫੁਰਮਾਨ ਹੈ:

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥

ਇਹ ਸੱਚ ਹੈ ਕਿ ਬਦੀ ਅਤੇ ਹਉਮੈ ਦੇ ਖਿਲਾਫ ਨੇਕੀ ਦੀ ਜੰਗ ਇਕ ਬਹੁਤ ਲੰਮੀ ਜੰਗ ਹੈ। ਨਵੇਂ ਕਲਾਕਾਰ ਧਰਮ ਰਾਜ ਨਿਰਭੈ ਅਤੇ ਨਿਰਵੈਰ ਹੋ ਕੇ ਲਿਖਣ। ਨੇਕੀ ਦੇ ਸੰਘਰਸ਼ ਲਈ ਕਲਮ ਤੋਂ ਖੰਡੇ ਬਾਟੇ ਦਾ ਕੰਮ ਲੈਣ ਤਾਂ ਜੋ "ਸਭ ਤੋਂ ਵੱਡਾ ਸਤਿਗੁਰ ਨਾਨਕ" ਦਾ ਨਾਅਰਾ ਬੁਲੰਦ ਹੋਵੇ। ਗੁਰੂ ਦੇ ਚਰਨਾਂ ਨਾਲ ਜੁੜ ਕੇ ਵੇਖੋ ਤੇ ਦੱਸੋ ਕਿ ਖਾਲਸਾ ਰਾਜ ਕਦੋਂ ਗਿਆ ਸੀ?

ਸਾਕਤ ਨਰ ਲੋਭੀ ਜਾਵੈ ਰਾਜ ਦੂਰ

*ਉਤਰ ਦੀ ਉਡੀਕ ਵਿਚ*

ਦਾਸ:ਸੁਖਦੇਵ ਸਿੰਘ ਸਿਖਿਆਰਥੀ, ਟਕਸਾਲ, ਜਥਾ ਪਹੂਵਿੰਡ
ਫੋਨ:510-734-2047, www.sikhsidhant.com

# ਪੰਜਾਬ ਕਾਂਗਰਸ ਦੀ ਪ੍ਰਧਾਨਗੀ ਲਈ ਕੈਪਟਨ ਅਮਰਿੰਦਰ ਸਿੰਘ ਦੀ ਦਾਅਵੇਦਾਰੀ ਮਜ਼ਬੂਤ

**ਚੰਡੀਗੜ੍ਹ:** ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਨੂੰ ਲੈ ਕੇ ਚਲ ਰਹੀ ਦੌੜ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੂਜਿਆਂ ਨਾਲੋਂ ਕਾਫੀ ਅੱਗੇ ਨਿਕਲ ਗਏ ਹਨ ਅਤੇ ਉਨ੍ਹਾਂ ਦਾ ਪ੍ਰਧਾਨ ਚੁਣਿਆ ਜਾਣਾ ਲਗਭਗ ਤੈਅ ਹੈ। ਸੂਬੇ 'ਚ ਪਾਰਟੀ ਦੀ ਮੌਜੂਦਾ ਗ਼ੈਰ-ਸਰਗਰਮੀ ਵਾਲੀ ਸਥਿਤੀ ਨੂੰ ਭਾਂਪਦਿਆਂ ਕਾਂਗਰਸ ਦੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੇ ਇਹ ਮਹਿਸੂਸ ਕਰ ਲਿਆ ਹੈ ਕਿ ਕੈਪਟਨ ਹੀ ਪਾਰਟੀ ਨੂੰ ਆਗਾਮੀ ਵਿਧਾਨ ਸਭਾ ਚੋਣ ਜਿਤਾ ਸਕਦੇ ਹਨ, ਇਸ ਲਈ ਉਹ ਕੈਪਟਨ ਅਮਰਿੰਦਰ ਸਿੰਘ ਲਈ ਲਾਮਬੰਦ ਹੋਣੇ ਸ਼ੁਰੂ ਹੋ ਗਏ ਹਨ।



ਸੂਬਾ ਪ੍ਰਧਾਨਗੀ ਲਈ ਦਿੱਲੀ ਵਿਚ ਚਲ ਰਹੀਆਂ ਸਰਗਰਮੀਆਂ ਇਸ ਵੇਲੇ ਆਪਣੇ ਸਿਖਰ 'ਤੇ ਹਨ। ਪਾਰਟੀ ਦੇ ਪਹਿਲੀ ਤੇ ਦੂਜੀ ਕਤਾਰ ਦੇ ਆਗੂਆਂ ਨੇ ਦਿੱਲੀ ਵਿਚ ਡੇਰੇ ਲਾਏ ਹੋਏ ਹਨ। ਇਨ੍ਹਾਂ ਵਿਚੋਂ ਹੀ ਇਕ ਸੀਨੀਅਰ ਕਾਂਗਰਸੀ ਨੇਤਾ ਅਤੇ ਪਾਰਲੀਮੈਂਟ ਮੈਂਬਰ ਨੇ ਗ਼ੈਰ-ਰਸਮੀ ਗੱਲਬਾਤ ਦੌਰਾਨ ਦੱਸਿਆ ਕਿ ਹਾਈਕਮਾਂਡ ਕੋਲ ਕੈਪਟਨ ਦੇ ਹੱਕ ਵਿਚ ਜਿੱਥੇ ਸਭ ਤੋਂ ਜ਼ਿਆਦਾ ਪਾਰਟੀ ਵਿਧਾਇਕਾਂ (44 ਵਿਚੋਂ ਤਿੰਨ ਦਰਜਨ ਦੇ ਕਰੀਬ) ਨਿਤਰੇ ਹਨ, ਉਥੇ ਜ਼ਿਆਦਾਤਰ ਸੰਸਦ ਮੈਂਬਰਾਂ ਨੇ ਵੀ ਉਨ੍ਹਾਂ ਦੀ ਹੀ ਹਮਾਇਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਹਾਈਕਮਾਂਡ ਨੇ ਸਾਰੀ ਸਥਿਤੀ ਨੂੰ ਦੇਖਣ ਤੋਂ ਬਾਅਦ ਲਗਭਗ ਕੈਪਟਨ ਸਿੰਘ ਨੂੰ ਪ੍ਰਧਾਨ ਬਣਾਉਣ ਸਬੰਧੀ ਹਰੀ ਝੰਡੀ ਦੇ ਦਿੱਤੀ ਹੈ, ਪ੍ਰੰਤੂ ਇਸ ਸਬੰਧੀ ਆਖ਼ਰੀ ਫੈਸਲਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਇੱਕ-ਦੋ ਦਿਨਾਂ ਵਿਚ ਕਰਨਾ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਜਿਹੜੀ ਗੱਲ ਜਾ ਰਹੀ ਹੈ, ਉਹ ਇਹ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਪਾਰਟੀ ਵਿਰੋਧੀ ਧਿਰ ਦਾ ਰੋਲ ਨਿਭਾਉਣ ਵਿਚ ਬਹੁਤੀ ਕਾਮਯਾਬ ਨਹੀਂ ਰਹੀ। ਇਹ ਕਿਸੇ ਵੀ ਮੁੱਦੇ ਉੱਤੇ ਸੱਤਾਧਾਰੀ ਧਿਰ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕਰ ਸਕੀ ਅਤੇ ਨਾ ਹੀ ਕੋਈ ਧਰਨੇ-ਪ੍ਰਦਰਸ਼ਨ ਅਤੇ ਨਾ ਹੀ ਵੱਡੀਆਂ ਰੈਲੀਆਂ ਦਾ ਆਯੋਜਨ ਹੀ ਕਾਂਗਰਸ ਸੂਬੇ 'ਚ ਕਰ ਸਕੀ ਹੈ। ਲੋਕ ਸਭਾ ਚੋਣਾਂ ਦੇ ਸਮੇਂ ਜ਼ਰੂਰ ਕਾਂਗਰਸ ਕੁਝ ਸਰਗਰਮ ਹੋਈ ਸੀ, ਪ੍ਰੰਤੂ ਉਹ ਚੋਣਾਂ ਦੀ ਮਜ਼ਬੂਰੀ ਵੀ ਸੀ। ਪਾਰਟੀ ਹਾਈਕਮਾਂਡ ਦੇ ਸੀਨੀਅਰ ਨੇਤਾ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਜੇਕਰ ਪੰਜਾਬ 'ਚ ਸੱਤਾਧਾਰੀ ਪਾਰਟੀ ਨੇ ਅਕਾਲੀ ਦਲ ਦਾ ਮੁਕਾਬਲਾ ਕਰਨਾ ਹੈ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਨੂੰ ਮਜ਼ਬੂਤ ਬਣਾਉਣਾ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਦੇਸ਼ ਕਾਂਗਰਸ ਦੀ ਕਮਾਂਡ ਸੌਂਪਣੀ ਹੀ ਪੈਣੀ ਹੈ। ਇਸ ਦੇ ਨਾਲ ਹੀ ਅਕਾਲੀ ਦਲ ਨੂੰ ਮੌਜੂਦਾ ਪ੍ਰਦੇਸ਼ ਕਾਂਗਰਸ ਦੀ ਅਗਵਾਈ ਵਾਲੀ ਟੀਮ ਤੋਂ ਕੋਈ ਡਰ ਜਾਂ ਚੁਣੌਤੀ ਨਹੀਂ ਸਾਹਮਣੇ ਆ ਰਹੀ ਅਤੇ ਨਾ ਹੀ ਅਜਿਹਾ ਹੁਣ ਤੱਕ ਨਜ਼ਰ ਆਇਆ ਹੈ।

ਹਾਲਾਤ ਅਜਿਹੇ ਬਣੇ ਪਏ ਹਨ ਕਿ ਵਿਧਾਨ ਸਭਾ ਚੋਣਾਂ ਵਿਚ ਡੇਢ ਸਾਲ ਬਾਕੀ ਰਹਿੰਦੇ ਵੀ ਕਾਂਗਰਸ ਖ਼ੁਦ ਨੂੰ ਸਰਗਰਮ ਕਰਨ ਵਿਚ ਨਾਕਾਮ ਰਹੀ ਹੈ। ਮੌਜੂਦਾ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਤੇ ਵਿਧਾਇਕ ਦਲ ਦੀ ਨੇਤਾ ਰਾਜਿੰਦਰ ਕੌਰ ਭੱਠਲ ਵੀ ਪਾਰਟੀ 'ਚ ਨਵੀਂ ਰੂਹ ਫੂਕਣ 'ਚ ਅਤੇ ਅਕਾਲੀ ਦਲ ਦਾ ਟਾਕਰਾ ਕਰਨ 'ਚ ਕੋਈ ਜ਼ਿਆਦਾ ਅਹਿਮ ਭੂਮਿਕਾ ਨਹੀਂ ਨਿਭਾਅ ਸਕੇ। ਇਥੋਂ ਤੱਕ ਕਿ ਦੋਵੇਂ ਨੇਤਾਵਾਂ ਦੇ ਸੂਬੇ ਦੇ ਅਹਿਮ ਮਸਲਿਆਂ 'ਤੇ ਵੀ ਬਿਆਨ ਘੱਟ-ਵੱਧ ਹੀ ਨਜ਼ਰ ਆਉਂਦੇ ਹਨ। ਇੱਥੋਂ ਤੱਕ ਕਿ ਦੋਵੇਂ ਨੇਤਾ ਮੀਡੀਆ ਨਾਲ ਗੱਲਬਾਤ ਕਰਨ ਤੋਂ ਵੀ ਅਕਸਰ ਗੁਰੇਜ਼ ਹੀ ਕਰਦੇ ਹਨ। ਪਿਛਲੇ ਤਿੰਨ ਸਾਲਾਂ ਦੌਰਾਨ ਪ੍ਰਦੇਸ਼ ਕਾਂਗਰਸ ਅਕਾਲੀ-ਭਾਜਪਾ ਸਰਕਾਰ ਦੀਆਂ ਨਾਕਾਮੀਆਂ ਨੂੰ ਉਭਾਰਨ ਵਿਚ ਅਸਫਲ ਰਹੀ ਹੈ, ਜਿਸ ਕਾਰਨ ਵਰਕਰਾਂ ਤੇ ਪ੍ਰਦੇਸ਼ ਅਤੇ ਜ਼ਿਲ੍ਹਾ ਪੱਧਰ ਦੇ ਨੇਤਾ ਵੀ ਬਿਆਨਬਾਜ਼ੀ ਤੋਂ ਖੁਦ ਨੂੰ ਦੂਰ ਰੱਖ ਰਹੇ ਹਨ। ਇਸ ਸਭ ਦਾ ਅਸਰ ਪਾਰਟੀ ਦੇ ਹੇਠਲੇ ਪੱਧਰ ਤੋਂ ਲੈ ਕੇ ਉਪਰਲੇ ਪੱਧਰ ਤੱਕ ਦੇ ਵਰਕਰਾਂ ਅਤੇ ਨੇਤਾਵਾਂ 'ਤੇ ਵੀ ਪੈ ਰਿਹਾ ਹੈ। ਨੇਤਾਵਾਂ ਦੀ ਢਿੱਲੀ ਅਗਵਾਈ ਦੇ ਕਾਰਨ ਵਰਕਰ ਵੀ ਬੁਝੇ ਮਨ ਨਾਲ ਘਰ ਬੈਠੇ ਹੋਏ ਹਨ।

ਇਸ ਦੇ ਨਾਲ ਹੀ ਪਾਰਟੀ ਦੇ ਸੰਸਦ ਮੈਂਬਰ ਤੇ ਵਿਧਾਇਕ ਜ਼ਰੂਰ ਆਪਣੇ ਹਲਕਿਆਂ ਵਿਚ ਸਰਗਰਮ ਹਨ। ਇਸ ਨੂੰ ਦੇਖਦੇ ਹੋਏ ਕਾਂਗਰਸ ਹਾਈਕਮਾਂਡ ਨੇ ਕਿਸੇ ਅਜਿਹੇ ਨੇਤਾ ਨੂੰ ਪ੍ਰਧਾਨ ਬਣਾਉਣ ਦਾ ਫੈਸਲਾ ਕੀਤਾ ਹੈ ਜੋ ਰਾਜ ਵਿਚ ਤੇਜ਼ ਤਰਾਰ ਰੁਖ ਨਾਲ ਪ੍ਰਚਾਰ ਕਰਕੇ ਵਰਕਰਾਂ ਵਿਚ ਉਤਸ਼ਾਹ ਵਧਾ ਸਕੇ। ਇਸ ਲਈ ਪਾਰਟੀ ਨੇ ਰਾਜ ਦੇ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਹੋਰਨਾਂ ਸੀਨੀਅਰ ਨੇਤਾਵਾਂ ਦੇ ਵਿਚਾਰ ਜਾਣਨ ਤੋਂ ਇਲਾਵਾ ਆਪਣੇ ਪੱਧਰ ਉਤੇ ਵੀ ਸੂਬੇ ਦੇ ਲੋਕਾਂ ਦੀ ਨਬਜ ਪਹਿਚਾਣਨ ਦਾ ਯਤਨ ਕੀਤਾ ਹੈ। ਪਾਰਟੀ ਦੇ ਵਿਧਾਇਕਾਂ, ਸੰਸਦ ਮੈਂਬਰਾਂ, ਸੀਨੀਅਰ ਨੇਤਾਵਾਂ ਅਤੇ ਵਰਕਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਨੂੰ ਟੱਕਰ ਕੇਵਲ ਅਮਰਿੰਦਰ ਸਿੰਘ ਹੀ ਦੇ ਸਕਦੇ ਹਨ। ਉਨ੍ਹਾਂ ਦੇ ਤਿੱਖੇ ਰੁਖ ਦੇ ਚੱਲਦੇ ਹੀ ਪਾਰਟੀ ਚਾਰ ਸਾਲ ਪਹਿਲਾਂ ਸੱਤਾ ਵਿਚ ਆਈ ਸੀ। ਵਰਕਰਾਂ ਦਾ ਕਹਿਣਾ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਕਾਂਗਰਸ ਵਿਚ ਜੇਕਰ ਕੋਈ ਨਵੀਂ ਜਾਨ ਫੂਕ ਸਕਦਾ ਹੈ ਤਾਂ ਉਹ ਸਿਰਫ ਕੈਪਟਨ ਅਮਰਿੰਦਰ ਸਿੰਘ ਹੀ ਹਨ।


**SUPER TRAVEL**
847-676-9090
E-mail: supertravel2003@yahoo.com
Lowest Fares With Excellent Service
AMERICAN AIR, JET AIRWAYS DELTA, AIR INDIA,

For Emergency Call anytime at
India $545
EARLY BIRD SALE!!!!

**B & Sons Travel**
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri: 9am -6pm
Saturday 9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

ਆਪਣਾ ਕਰੈਡਿਟ ਬਚਾਓ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

Manjit Gill
President
CA Lic#0B23990
- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com

ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?
ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:
ਰਵੀ ਗੋਂਡਲ
ਫੋਨ: 916-812-1044
ਮਨੀ ਗੋਂਡਲ
ਫੋਨ: 775-224-6076
ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।

# ਸੋਹਰਾਬੁਦੀਨ ਫਰਜ਼ੀ ਮੁਕਾਬਲਾ ਮਾਮਲੇ 'ਚ ਅਮਿਤ ਸ਼ਾਹ ਗ੍ਰਿਫ਼ਤਾਰ



ਅਹਿਮਦਾਬਾਦ: ਸੋਹਰਾਬੁਦੀਨ ਫਰਜ਼ੀ ਮੁਕਾਬਲੇ ਦੇ ਕੇਸ ਦੇ ਇਕ ਮੁਲਜ਼ਮ ਅਤੇ ਸਾਬਕਾ ਪੁਲਿਸ ਅਫਸਰ ਐਨ.ਕੇ. ਅਮੀਨ ਨੇ ਬੀਤੀ 26 ਜੁਲਾਈ ਨੂੰ ਵਾਅਦਾ ਮੁਆਫ ਗਵਾਹ ਬਣਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਕੇਸ ਦੇ ਮੁੱਖ ਮੁਲਜ਼ਮ ਗੁਜਰਾਤ ਦੇ ਸਾਬਕਾ ਮੰਤਰੀ ਅਮਿਤ ਸ਼ਾਹ ਲਈ ਦਿੱਕਤਾਂ ਵਧ ਸਕਦੀਆਂ ਹਨ।

ਅਮੀਨ ਦੇ ਵਕੀਲ ਜਗਦੀਸ਼ ਰਮਾਨੀ ਨੇ ਗਾਂਧੀਨਗਰ ਵਿਖੇ ਸੀ.ਬੀ.ਆਈ. ਦੇ ਦਫਤਰ 'ਚੋਂ ਬਾਹਰ ਆਉਂਦਿਆਂ ਕਿਹਾ "ਅਸੀਂ ਅਮੀਨ ਦੀ ਤਰਫੋਂ ਉਸ ਨੂੰ ਕੇਸ ਵਿਚ ਵਾਅਦਾ ਮੁਆਫ ਗਵਾਹ ਬਣਨ ਲਈ ਸੀ.ਬੀ.ਆਈ. ਅਦਾਲਤ ਵਿਚ ਇਕ ਅਰਜ਼ੀ ਦਾਖਲ ਕਰਨ ਜਾ ਰਹੇ ਹਾਂ।" ਅਦਾਲਤ ਨੇ ਮਗਰੋਂ ਅਮੀਨ ਦੀ ਅਰਜ਼ੀ 'ਤੇ ਸੀ. ਬੀ. ਆਈ. ਨੂੰ ਨੋਟਿਸ ਜਾਰੀ ਕਰ ਦਿੱਤਾ ਅਤੇ ਭਲਕੇ ਇਸ 'ਤੇ ਸੁਣਵਾਈ ਹੋਵੇਗੀ। ਇਸੇ ਦੌਰਾਨ ਅਮੀਨ ਨੇ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਉਸ ਨੂੰ ਸਾਬਰਮਤੀ ਜੇਲ੍ਹ ਤੋਂ ਤਬਦੀਲ ਕਰਨ ਦੀ ਅਪੀਲ ਕੀਤੀ ਹੈ। ਇਸ ਦੌਰਾਨ ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ ਏ.ਆਈ. ਰਾਵਲ ਨੇ ਸੀ.ਬੀ.ਆਈ. ਨੂੰ ਅਮਿਤ ਸ਼ਾਹ ਤੋਂ 28 ਤੋਂ 30 ਜੁਲਾਈ ਤਕ ਸਾਬਰਮਤੀ ਜੇਲ੍ਹ ਵਿਚ ਪੁੱਛ-ਪੜਤਾਲ ਕਰਨ ਦੀ ਆਗਿਆ ਦੇ ਦਿੱਤੀ ਹੈ।

ਸਾਬਕਾ ਡੀ.ਐਸ.ਪੀ. ਅਮੀਨ ਦਾ ਇਹ ਫੈਸਲਾ ਸਾਬਕਾ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਬਾਅਦ ਆਇਆ ਹੈ। ਉਨ੍ਹਾਂ ਉਤੇ 25 ਜੁਲਾਈ ਨੂੰ ਇਸ ਕੇਸ ਵਿਚ ਸਾਰੇ 15 ਮੁਲਜ਼ਮਾਂ ਉਤੇ ਅਪਰਾਧਿਕ ਸਾਜ਼ਿਸ਼, ਹੱਤਿਆ, ਅਗਵਾ ਅਤੇ ਫਿਰੌਤੀ ਦੀਆਂ ਧਾਰਾਵਾਂ ਆਇਦ ਕੀਤੀਆਂ ਗਈਆਂ ਸਨ। ਗੁਜਰਾਤ ਸਰਕਾਰ ਦੇ ਬੁਲਾਰੇ ਜੈ ਨਰਾਇਣ ਵਿਆਸ ਨੇ ਅਮੀਨ ਦੇ ਇਸ ਫੈਸਲੇ ਦੇ ਨਿਕਲਣ ਵਾਲੇ ਸਿੱਟਿਆਂ ਬਾਰੇ ਕੁਝ ਵੀ ਕਹਿਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਨਿਆਂਇਕ ਪ੍ਰਕਿਰਿਆ ਆਪਣਾ ਰੁਖ਼ ਅਖ਼ਤਿਆਰ ਕਰੇਗੀ।

ਸੀ.ਬੀ.ਆਈ. ਨੇ ਗਾਂਧੀਨਗਰ ਵਿਚ ਸੀ.ਬੀ.ਆਈ. ਕੋਰਟ ਵਿਚ ਅਰਜ਼ੀ ਦਾਖ਼ਲ ਕਰਕੇ ਆਖਿਆ ਕਿ ਸ਼ਾਹ ਤੋਂ ਜੇਲ੍ਹ ਅੰਦਰ ਹੀ ਪੁੱਛ-ਪੜਤਾਲ ਕਰਨਾ ਚਾਹੁੰਦੀ ਹੈ। ਸੀ.ਬੀ.ਆਈ. ਮੈਜਿਸਟਰੇਟ ਏ.ਵਾਈ. ਦਵੇ ਨੇ ਸ਼ਾਹ ਨੂੰ 7 ਅਗਸਤ ਤਕ ਜੁਡੀਸ਼ਲ ਰਿਮਾਂਡ 'ਤੇ ਭੇਜ ਦਿੱਤਾ ਸੀ।

ਸੀ.ਬੀ.ਆਈ. ਨੇ ਸੋਹਰਾਬੁਦੀਨ ਸ਼ੇਖ ਫਰਜ਼ੀ ਮੁਕਾਬਲੇ ਦੇ ਕੇਸ ਦੀ ਜਾਂਚ ਕਰਨ ਵਾਲੇ ਦੋ ਸੇਵਾਮੁਕਤ ਆਈ.ਪੀ.ਐਸ. ਅਫਸਰਾਂ ਨੂੰ ਵੀ ਤਲਬ ਕੀਤਾ ਹੈ। ਏਜੰਸੀ ਵਿਚਲੇ ਸੂਤਰਾਂ ਨੇ ਦੱਸਿਆ ਕਿ ਜੀ.ਸੀ. ਰਾਇਮਰ ਅਤੇ ਓ.ਪੀ. ਮਾਥੁਰ ਜਿਨ੍ਹਾਂ ਨੂੰ ਪਹਿਲਾਂ ਵੀ ਸੋਹਰਾਬੁਦੀਨ ਦੇ ਫਰਜ਼ੀ ਮੁਕਾਬਲੇ ਅਤੇ ਉਸ ਦੀ ਪਤਨੀ ਕੌਸਰ ਬੀ ਦੀ ਹੱਤਿਆ ਦੇ ਕੇਸ ਵਿਚ ਤਲਬ ਕੀਤਾ ਗਿਆ ਸੀ, ਨੂੰ ਹੋਰ ਪੁੱਛ-ਪੜਤਾਲ ਲਈ ਸੱਦਿਆ ਗਿਆ ਹੈ। ਰਾਇਮਰ ਤੋਂ ਗਾਂਧੀਨਗਰ ਵਿਚ ਪੁੱਛਗਿੱਛ ਕੀਤੀ ਗਈ। ਮਾਥੁਰ ਇਸ ਵੇਲੇ ਰਾਜ ਸਰਕਾਰ ਵੱਲੋਂ ਕਾਇਮ ਕੀਤੀ ਰਕਸ਼ਾ ਸ਼ਕਤੀ ਯੂਨੀਵਰਸਿਟੀ ਦਾ ਮੁਖੀ ਹੈ। ਇਸ ਸਾਲ ਜਨਵਰੀ ਵਿਚ ਸੀ.ਬੀ.ਆਈ. ਨੂੰ ਜਾਂਚ ਸੌਂਪੇ ਜਾਣ ਤੋਂ ਪਹਿਲਾਂ ਇਹ ਦੋਵੇਂ ਆਈ.ਪੀ.ਐਸ. ਅਫਸਰ ਇਸ ਕੇਸ ਨੂੰ ਦੇਖਦੇ ਰਹੇ ਸਨ। ਸੀ.ਬੀ.ਆਈ. ਵਲੋਂ ਦਾਖਲ ਕੀਤੀ ਚਾਰਜਸ਼ੀਟ ਵਿਚ ਸਾਬਕਾ ਆਈ.ਪੀ.ਐਸ. ਡੀ.ਜੀ. ਵਣਜ਼ਾਰਾ, ਰਾਜ ਕੁਮਾਰ ਪਾਂਡੀਅਨ, ਐਮ.ਐਨ. ਦਿਨੇਸ਼ ਅਤੇ ਅਭੈ ਚੂੜਾਸਮਾ ਸਣੇ 15 ਮੁਲਜ਼ਮਾਂ ਦੇ ਨਾਂ ਦਰਜ ਕੀਤੇ ਗਏ ਹਨ। ਚਾਰਜਸ਼ੀਟ ਮੁਤਾਬਕ ਸੋਹਰਾਬੁਦੀਨ ਨੂੰ ਖਤਮ ਕਰਨ ਦਾ ਜ਼ਿੰਮਾ ਸ਼ਾਹ ਨੇ ਵਨਜ਼ਾਰਾ, ਪਾਂਡੀਅਨ ਅਤੇ ਚੂੜਾਸਮਾ ਨੂੰ ਸੌਂਪਿਆ ਸੀ। ਸ੍ਰੀ ਸ਼ਾਹ ਦੇ ਵਕੀਲਾਂ ਨੇ ਦੱਸਿਆ ਕਿ ਵਿਸ਼ੇਸ਼ ਜੱਜ ਜੀ. ਕੇ. ਉਪਾਧਿਆਇ ਦੀ ਅਦਾਲਤ ਵਿਚ ਜ਼ਮਾਨਤ ਲਈ ਅਰਜ਼ੀ ਦਾਖਲ ਕੀਤੀ ਗਈ ਹੈ।

ਯਾਦ ਰਹੇ ਚਾਰ ਦਿਨਾਂ ਤੋਂ ਸੀ.ਬੀ.ਆਈ. ਨਾਲ ਲੁਕਣ-ਮੀਚੀ ਖੇਡ ਰਹੇ ਗੁਜਰਾਤ ਦੇ ਸਾਬਕਾ ਮੰਤਰੀ ਅਮਿਤ ਸ਼ਾਹ ਨੇ ਬੀਤੀ 25 ਜੁਲਾਈ ਨੂੰ ਏਜੰਸੀ ਅੱਗੇ ਆਤਮ-ਸਮਰਪਣ ਕਰ ਦਿੱਤਾ ਸੀ। ਸੋਹਰਾਬੁਦੀਨ ਸ਼ੇਖ ਝੂਠੇ ਮੁਕਾਬਲੇ ਵਿਚ ਲੋੜੀਂਦੇ ਸ਼ਾਹ ਨੂੰ ਏਜੰਸੀ ਨੇ ਗ੍ਰਿਫਤਾਰ ਕਰਨ ਮਗਰੋਂ ਅਦਾਲਤ ਵਿਚ ਪੇਸ਼ ਕਰ ਦਿੱਤਾ। ਅਦਾਲਤ ਨੇ 7 ਅਗਸਤ ਤੱਕ ਦਾ ਜੁਡੀਸ਼ੀਅਲ ਰਿਮਾਂਡ ਦੇ ਦਿੱਤਾ।

ਇਥੇ ਭਾਜਪਾ ਦੇ ਮੁੱਖ ਦਫਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਾਬਕਾ ਮੰਤਰੀ ਨੇ ਆਪਣੇ ਨਿਰਦੋਸ਼ ਹੋਣ ਦੀ ਗੱਲ ਕਹੀ ਤੇ ਉਥੋਂ ਸੀ ਬੀ ਆਈ ਦਫਤਰ ਚਲਾ ਗਿਆ। ਸੀ ਬੀ ਆਈ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਤੇ ਐਡੀਸ਼ਨਲ ਚੀਫ ਮੈਟਰੋਪੋਲਿਟਨ ਮੈਜਿਸਟਰੇਟ ਏ. ਵਾਈ. ਦਵੇ ਅੱਗੇ ਪੇਸ਼ ਕਰ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਕਤਲ, ਅਗਵਾ ਤੇ ਫਿਰੌਤੀ ਵਰਗੇ ਗੰਭੀਰ ਦੋਸ਼ ਹੋਣ ਦੇ ਬਾਵਜੂਦ ਏਜੰਸੀ ਨੇ ਅਦਾਲਤ ਵਿਚ ਸ਼ਾਹ ਦਾ ਰਿਮਾਂਡ ਲੈਣ ਲਈ ਜ਼ੋਰ ਨਹੀਂ ਪਾਇਆ। ਇਸ 'ਤੇ ਜੱਜ ਨੇ ਉਸ ਨੂੰ ਜੁਡੀਸ਼ੀਅਲ ਹਿਰਾਸਤ ਵਿਚ ਭੇਜ ਦਿੱਤਾ।

ਸ਼ਾਹ ਨੇ ਗ੍ਰਿਫਤਾਰੀ ਤੋਂ ਪਹਿਲਾਂ ਕਿਹਾ ਕਿ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਇਸ ਮਾਮਲੇ 'ਚ ਨਾ ਘੜੀਸੋ। ਇਸ ਮਾਮਲੇ ਦੀ ਚਾਰਜਸ਼ੀਟ ਵਿਚ ਸ਼ਾਹ ਮੁੱਖ ਦੋਸ਼ੀ ਹੈ। ਉਸ ਤੋਂ ਇਲਾਵਾ ਆਈ.ਪੀ.ਐਸ. ਅਧਿਕਾਰੀ ਡੀ. ਜੀ. ਵਣਜਾਰਾ, ਰਾਜ ਕੁਮਾਰ ਪਾਂਡੇ, ਐਮ. ਐਨ. ਦਿਨੇਸ਼ ਤੇ ਅਭੈ ਚੂੜਾਸਮਾ ਸਣੇ 15 ਦੇ ਨਾਂ ਹਨ।

ਸੀ ਬੀ ਆਈ ਦੇ ਗਾਂਧੀਨਗਰ ਦਫਤਰ ਵਿਚ ਪੇਸ਼ ਹੋਣ ਮਗਰੋਂ ਸ਼ਾਹ ਨੂੰ ਜੱਜ ਦੇ ਘਰ ਲਿਜਾਇਆ ਗਿਆ ਕਿਉਂਕਿ ਐਤਵਾਰ ਹੋਣ ਕਰਕੇ ਅਦਾਲਤ 'ਚ ਛੁੱਟੀ ਸੀ। ਘਰ ਦੇ ਬਾਹਰ ਭਾਜਪਾ ਵਰਕਰ ਵੱਡੀ ਗਿਣਤੀ ਵਿਚ ਖੜ੍ਹੇ ਸਨ ਤੇ ਉਹ ਸੀ ਬੀ ਆਈ ਖਿਲਾਫ ਨਾਅਰੇਬਾਜ਼ੀ ਕਰਦੇ ਰਹੇ। ਸ਼ਾਹ ਉਪਰ ਸੋਹਰਾਬੁਦੀਨ ਤੇ ਉਸ ਦੀ ਪਤਨੀ ਕੌਸਰ ਬੀ ਨੂੰ 2005 ਵਿਚ ਝੂਠੇ ਮੁਕਾਬਲੇ 'ਚ ਮਰਵਾਉਣ ਦਾ ਦੋਸ਼ ਹੈ।

## ਜ਼ਹਿਰੀਲਾ ਟੀਕਾ ਲਾ ਕੇ ਮਾਰੀ ਗਈ ਸੀ ਕੌਸਰ

**ਨਵੀਂ ਦਿੱਲੀ:** ਸੋਹਰਾਬੁਦੀਨ ਫਰਜ਼ੀ ਮੁਕਾਬਲਾ ਕਾਂਡ ਦੀ ਜਾਂਚ ਕਰ ਰਹੀ ਸੀ.ਬੀ.ਆਈ. ਦੇ ਸੂਤਰਾਂ ਦਾ ਦਾਅਵਾ ਹੈ ਕਿ ਜਾਂਚ ਏਜੰਸੀ ਸੋਹਰਾਬੁਦੀਨ ਦੇ ਨਾਲ-ਨਾਲ ਉਸ ਦੀ ਪਤਨੀ ਕੌਸਰ ਬੀ ਦੇ ਕਤਲ ਦੀ ਸਚਾਈ ਤੱਕ ਵੀ ਪਹੁੰਚ ਗਈ ਹੈ। ਸੀ.ਬੀ.ਆਈ. ਦੇ ਸੂਤਰਾਂ ਦਾ ਦਾਅਵਾ ਹੈ ਕਿ ਗੁਜਰਾਤ ਦੇ ਗ੍ਰਹਿ ਰਾਜ ਮੰਤਰੀ ਅਮਿਤ ਸ਼ਾਹ, ਸੋਹਰਾਬੁਦੀਨ ਦੇ ਫਰਜ਼ੀ ਐਨਕਾਊਂਟਰ ਤੋਂ ਇਲਾਵਾ ਉਸ ਦੀ ਪਤਨੀ ਕੌਸਰ ਬੀ ਦੇ ਕਤਲ ਦੇ ਦੋਸ਼ ਹੇਠ ਵੀ ਗਲੇ ਤਕ ਫਸੇ ਹਨ। ਕੌਸਰ ਬੀ ਆਂਧਰਾ ਪ੍ਰਦੇਸ਼ ਦੀ ਐਸ.ਆਰ.ਟੀ. ਸੀ. ਦੀ ਬੱਸ ਵਿਚ ਬੈਠੀ ਹੋਈ ਸੀ, ਉਸ ਦਾ ਪਤੀ ਸੋਹਰਾਬੁਦੀਨ ਤੇ ਦੋਸਤ ਤੁਲਸੀ ਵੀ ਨਾਲ ਹੀ ਬੈਠੇ ਸਨ। ਇਹ ਘਟਨਾ 22 ਨਵੰਬਰ 2005 ਨੂੰ ਵਾਪਰੀ। ਬੱਸ ਸਾਂਗਲੀ ਨੇੜੇ ਪੁੱਜੀ ਅਚਾਨਕ ਬੱਸ ਦੇ ਅੱਗੇ ਪੁਲਿਸ ਦੀ ਇਕ ਮੋਟਰ ਗੱਡੀ ਆ ਕੇ ਖੜ੍ਹੀ ਹੋਈ। ਸੋਹਰਾਬੁਦੀਨ ਅਤੇ ਕੌਸਰ ਬੀ ਕੁਝ ਸਮਝਦੇ, ਤੁਰੰਤ ਹੀ ਗੁਜਰਾਤ ਏ.ਟੀ.ਐਸ. ਅਤੇ ਰਾਜਸਥਾਨ ਪੁਲਿਸ ਦੀ ਟੀਮ ਅੰਦਰ ਦਾਖਲ ਹੋਈ। ਉਸ ਨੇ ਕੌਸਰ ਬੀ, ਉਸਦੇ ਪਤੀ ਸੋਹਰਾਬੁਦੀਨ ਅਤੇ ਤੁਲਸੀ ਪ੍ਰਜਾਪਤੀ ਨੂੰ ਆਪਣੇ ਕਬਜ਼ੇ ਵਿਚ ਲਿਆ ਅਤੇ ਆਪਣੀ ਮੋਟਰ ਗੱਡੀ, ਜਿਸ ਉਪਰ ਨੰ. ਜੀ ਜੇ-25-7007 ਲਿਖਿਆ ਸੀ, 'ਚ ਬਿਠਾ ਲਿਆ। ਹੁਣ ਇਹ ਗੱਡੀ ਗੁਜਰਾਤ ਵਲ ਚਲ ਪਈ। ਪੁਲਿਸ ਉਨ੍ਹਾਂ ਨੂੰ ਫੜ ਕੇ ਗਾਂਧੀ ਨਗਰ ਦੇ ਬਾਹਰੀ ਇਲਾਕੇ ਜਮੀਅਤਪੁਰ ਦੇ ਇਕ ਫਾਰਮ ਹਾਊਸ ਵਲ ਲੈ ਗਈ।

26 ਨਵੰਬਰ 2005 ਨੂੰ ਕੌਸਰ ਬੀ ਦੇ ਪਤੀ ਸੋਹਰਾਬੁਦੀਨ ਨੂੰ ਉਸ ਤੋਂ ਵੱਖ ਕਰ ਦਿੱਤਾ ਗਿਆ। ਪੁਲਿਸ ਵਾਲੇ ਸੋਹਰਾਬੁਦੀਨ ਨੂੰ ਲੈਕੇ ਕਿਤੇ ਹੋਰ ਚਲੇ ਗਏ। ਉਸੇ ਦਿਨ ਸੋਹਰਾਬੁਦੀਨ ਨੂੰ ਫਰਜ਼ੀ ਮੁਕਾਬਲੇ ਵਿਚ ਕਤਲ ਕਰ ਦਿੱਤਾ ਗਿਆ। ਹੁਣ ਕੀ ਹੋਵੇਗਾ ਕੌਸਰ ਬੀ ਦਾ, ਇਹ ਸਵਾਲ ਪੁਲਿਸ ਦੇ ਸਾਹਮਣੇ ਖੜ੍ਹਾ ਸੀ। ਸੀ.ਬੀ.ਆਈ. ਨੂੰ ਦਰਜ ਕਰਵਾਏ ਗਏ ਕੁਝ ਪੁਲਿਸ ਵਾਲਿਆਂ ਦੇ ਬਿਆਨਾਂ ਦੀ ਮੰਨੀਏ ਤਾਂ ਕੌਸਰ ਬੀ ਨੂੰ ਲੈ ਕੇ ਏ.ਟੀ.ਐਸ. ਦੇ ਡੀ.ਆਈ.ਜੀ. ਵਣਜਾਰਾ ਨਿਸ਼ਚਿੰਤ ਸਨ ਪਰ ਅਚਾਨਕ ਇਕ ਫੋਨ ਕਾਲ ਨੇ ਡੀ.ਡੀ. ਵਣਜਾਰਾ ਦੇ ਹੋਸ਼ ਉਡਾ ਦਿੱਤੇ। ਫੋਨ ਕਾਲ ਗ੍ਰਹਿ ਰਾਜ ਮੰਤਰੀ ਅਮਿਤ ਸ਼ਾਹ ਦੀ ਸੀ, ਜੋ ਇਹ ਕਹਿ ਰਹੇ ਸਨ ਕਿ ਕੌਸਰ ਬੀ ਦਾ ਜ਼ਿੰਦਾ ਰਹਿਣਾ ਅਤਿਅੰਤ ਖਤਰਨਾਕ ਹੈ। ਇਸ ਲਈ ਉਸ ਨੂੰ ਇਸ ਢੰਗ ਨਾਲ ਟਿਕਾਣੇ ਲਾਇਆ ਜਾਏ ਕਿ ਉਸ ਦੀ ਲਾਸ਼ ਤਕ ਨਾ ਮਿਲੇ। ਹੁਣ ਇਹ ਗੱਲ ਪੱਕੀ ਹੋ ਗਈ ਸੀ ਕਿ ਕੌਸਰ ਬੀ ਨੇ ਤਾਂ ਮਰਨਾ ਹੀ ਹੈ। ਸੀ.ਬੀ.ਆਈ. ਦੇ ਸੂਤਰਾਂ ਦੇ ਹਵਾਲੇ ਨਾਲ ਇਹ ਜਾਣਕਾਰੀ ਮਿਲੀ ਹੈ ਕਿ ਕੌਸਰ ਬੀ ਨੂੰ ਜ਼ਹਿਰ ਦਾ ਟੀਕਾ ਲਗਾ ਕੇ ਮਾਰਿਆ ਗਿਆ ਸੀ। ਕੌਸਰ ਬੀ ਨੂੰ ਇਕ ਫਾਰਮ ਹਾਊਸ ਵਿਖੇ 28 ਨਵੰਬਰ 2005 ਦੀ ਅੱਧੀ ਰਾਤ ਨੂੰ ਇਹ ਟੀਕਾ ਲਗਾਇਆ ਗਿਆ ਸੀ। ਸੀ.ਬੀ.ਆਈ. ਦੇ ਸੂਤਰਾਂ ਦੀ ਮੰਨੀਏ ਤਾਂ ਉਸ ਦਵਾਈ ਦੀ ਉਹ ਦੁਕਾਨ ਵੀ ਮਿਲ ਗਈ ਹੈ, ਜਿੱਥੋਂ ਇਹ ਟੀਕਾ ਖਰੀਦਿਆ ਗਿਆ ਸੀ। ਕੌਸਰ ਬੀ ਦੇ ਕਤਲ ਪਿਛੇ ਡਿਪਟੀ ਐਸ.ਪੀ. ਐਨ.ਕੇ ਅਮੀਨ ਦਾ ਵੱਡਾ ਹੱਥ ਹੈ। ਅਮੀਨ ਨੂੰ ਹੀ ਇਹ ਜ਼ਿੰਮੇਵਾਰੀ ਮਿਲੀ ਸੀ ਕਿ ਕੌਸਰ ਬੀ ਨੂੰ ਖਤਮ ਕਰਕੇ ਉਸ ਦੀ ਲਾਸ਼ ਨੂੰ ਟਿਕਾਣੇ ਲਗਾਇਆ ਜਾਏ। ਸੀ.ਬੀ.ਆਈ. ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਏ.ਟੀ.ਐਸ. ਦੀ ਮੋਟਰ ਗੱਡੀ ਵਿਚ ਦਮ ਤੋੜ ਚੁੱਕੀ ਕੌਸਰ ਬੀ ਦੀ ਮ੍ਰਿਤਕ ਦੇਹ ਨੂੰ ਲੱਭ ਕੇ ਫਾਰਮ ਹਾਊਸ ਤੋਂ ਇਲੋਲ ਪਿੰਡ ਵਲ ਲਿਜਾਇਆ ਗਿਆ। ਕੌਸਰ ਬੀ ਦੀ ਲਾਸ਼ ਨੂੰ ਪਿੰਡ ਤੋਂ 2 ਕਿਲੋਮੀਟਰ ਅੰਦਰ ਤਕ ਲਿਜਾਇਆ ਗਿਆ, ਉਥੇ ਏ.ਟੀ.ਐਸ. ਦੀ ਡੀ.ਆਈ.ਜੀ. ਵਣਜਾਰਾ ਉਡੀਕ ਕਰ ਰਹੇ ਸਨ। ਇਧਰ ਕੌਸਰ ਬੀ ਦੀ ਲਾਸ਼ ਨੂੰ ਮੋਟਰ ਗੱਡੀ 'ਚ ਇਕ ਇਲਾਕੇ ਵਲ ਲਿਜਾਇਆ ਜਾ ਰਿਹਾ ਸੀ ਤਾਂ ਦੂਜੇ ਪਾਸਿਓਂ ਇਕ ਟਾਟਾ 407 ਮੋਟਰ ਗੱਡੀ ਤੇਜ਼ੀ ਨਾਲ ਉਸੇ ਇਲਾਕੇ ਵਲ ਆ ਰਹੀ ਸੀ। ਇਸ ਗੱਡੀ 'ਚ ਲੱਦੀ ਹੋਈ ਸੀ 400 ਕਿਲੋ ਲੱਕੜ। ਇਸ ਲੱਕੜ ਨਾਲ ਬੰਨ੍ਹੀ ਸੀ ਕੌਸਰ ਬੀ ਦੀ ਚਿਤਾ। ਇਹ ਲੱਕੜ ਭਗਵਤੀ ਫਾਰਮ ਤੋਂ ਮੰਗਵਾਈ ਗਈ ਸੀ।

ਸੀ.ਬੀ.ਆਈ. ਦੇ ਸੂਤਰਾਂ ਦਾ ਕਹਿਣਾ ਹੈ ਕਿ ਰਾਹ ਵਿਚ ਇਹ ਗੱਡੀ ਇਕ ਟੋਏ 'ਚ ਫਸ ਗਈ। ਸੀ.ਬੀ.ਆਈ. ਨੇ ਇਹ ਵੀ ਪਤਾ ਲਗਾ ਲਿਆ ਹੈ ਕਿ ਟੋਏ ਵਿਚ ਫਸੀ ਉਕਤ ਟਾਟਾ 407 ਮੋਟਰ ਗੱਡੀ ਨੂੰ ਬਾਹਰ ਕੱਢਣ ਲਈ ਇਕ ਕਰੇਨ ਮੰਗਵਾਈ ਗਈ। ਗਣੇਸ਼ ਮੂਵਰਜ਼ ਨਾਮੀ ਇਕ ਕੰਪਨੀ ਦੀ ਕਰੇਨ ਨਾਲ ਗੱਡੀ ਨੂੰ ਬਾਹਰ ਕੱਢਣ ਪਿੱਛੋਂ ਕੌਸਰ ਬੀ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ।

## ਨਾਇਡੂ ਨਾਲ ਜਵਾਈਆਂ ਵਰਗੀ ਨਰਮੀ ਕਿਉਂ ਵਰਤੀ ਚਵਾਨ ਨੇ - ਬਾਲ ਠਾਕਰੇ

**ਮੁੰਬਈ :** ਸ਼ਿਵ ਸੈਨਾ ਨੇ ਮਹਾਰਾਸ਼ਟਰ ਸਰਕਾਰ 'ਤੇ ਦੋਸ਼ ਲਗਾਇਆ ਹੈ ਕਿ ਬਾਭਲੀ ਬੰਨ੍ਹ ਪ੍ਰਾਜੈਕਟ ਨੂੰ ਲੈ ਕੇ ਤੇਲਗੂ ਦੇਸਮ ਦੇ ਮੁਖੀ ਚੰਦਰ ਬਾਬੂ ਨਾਇਡੂ ਨਾਲ ਨਰਮੀ ਵਰਤ ਰਹੀ ਹੈ। ਸ਼ਿਵ ਸੈਨਾ ਮੁਖੀ ਬਾਲ ਠਾਕਰੇ ਨੇ ਮੁੱਖ ਮੰਤਰੀ ਅਸ਼ੋਕ ਚਵਾਨ 'ਤੇ ਹਮਲਾ ਕਰਦੇ ਹੋਏ ਇਹ ਸਪੱਸ਼ਟ ਕਰਨ ਦੀ ਮੰਗ ਕੀਤੀ ਕਿ ਚੰਦਰ ਬਾਬੂ ਨਾਇਡੂ ਕੀ ਉਨ੍ਹਾਂ ਦੇ ਜਵਾਈ ਲੱਗਦੇ ਹਨ ਜੋ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਤੀਰਾ ਕੀਤਾ ਜਾ ਰਿਹਾ ਹੈ। ਠਾਕਰੇ ਨੇ ਕਿਹਾ ਕਿ ਕਾਂਗਰਸ ਨੇ ਨਾਇਡੂ ਨੂੰ ਮਹਾਂਰਾਸ਼ਟਰ ਵਿਚ ਆਉਣ ਦੀ ਇਜਾਜ਼ਤ ਦਿੱਤੀ ਤਾਂ ਕਿ ਲੋਕਾਂ ਦਾ ਧਿਆਨ ਕਾਂਗਰਸੀ ਨੇਤਾ ਜਗਨ ਮੋਹਨ ਰੈਡੀ ਦੀਆਂ ਸਿਆਸੀ ਰੈਲੀਆਂ ਤੋਂ ਹਟਾਇਆ ਜਾ ਸਕੇ।



ਠਾਕਰੇ ਨੇ ਪਾਰਟੀ ਦੇ ਮੁੱਖ ਰਸਾਲੇ ਸਾਮਨਾ ਦੇ ਸੰਪਾਦਕੀ ਨੇ ਲਿਖਿਆ ਹੈ ਕਿ ਨਾਇਡੂ ਨੂੰ ਔਰੰਗਾਬਾਦ ਤਬਦੀਲ ਕਰਨ ਤੋਂ ਬਾਅਦ ਸਰਕਾਰ ਨੂੰ ਉਨ੍ਹਾਂ ਨੂੰ ਜੇਲ੍ਹ ਵਾਲੇ ਕੱਪੜੇ ਪੁਆਉਣੇ ਚਾਹੀਦੇ ਸਨ। ਉਨ੍ਹਾਂ ਨੂੰ ਖਾਣ ਲਈ ਇਕ ਕਟੋਰੀ ਦਿੱਤੀ ਜਾਣੀ ਚਾਹੀਦੀ ਸੀ ਅਤੇ ਪਾਣੀ ਲਈ ਇਕ ਮੱਗ ਦੇਣਾ ਚਾਹੀਦਾ ਸੀ। ਠਾਕਰੇ ਨੇ ਕਿਹਾ ਕਿ ਮੁੱਖ ਮੰਤਰੀ ਚਵਾਨ ਨੂੰ ਸਪੱਸ਼ਟ ਕਰਨਾ ਪਵੇਗਾ ਕਿ ਨਾਇਡੂ ਉਨ੍ਹਾਂ ਦੇ ਜਵਾਈ ਹਨ ਜਾਂ ਉਨ੍ਹਾਂ ਦੇ ਵਪਾਰ ਵਿਚ ਭਾਈਵਾਲ ਹਨ।

## ਪ੍ਰਿਟੀ ਤੇ ਨੈਸ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ

**ਚੰਡੀਗੜ੍ਹ :** ਸਥਾਨਕ ਅਦਾਲਤ ਨੇ ਆਈ ਪੀ ਐਲ ਦੀ ਕਿੰਗਜ਼ ਇਲੈਵਨ ਪੰਜਾਬ ਫਰੈਂਚਾਇਜ਼ੀ ਦੀ ਸਹਿ-ਹਿੱਸੇਦਾਰ ਪ੍ਰਿਟੀ ਜ਼ਿੰਟਾ, ਉਦਯੋਗਪਤੀ ਨੈਸ ਵਾਡੀਆ ਤੇ ਮੋਹਿਤ ਬਰਮਨ ਖ਼ਿਲਾਫ਼ ਜ਼ਮਾਨਤਯੋਗ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਅਦਾਲਤ ਨੇ ਫਰੈਂਚਾਇਜ਼ੀ ਦੀ ਸਾਲਾਨਾ ਰਿਟਰਨ ਤੇ ਬੈਲੇਂਸ ਸੀਟ ਜਮ੍ਹਾਂ ਨਾ ਕਰਵਾਉਣ ਸਬੰਧੀ ਉਨ੍ਹਾਂ ਵਿਰੁਧ ਦਰਜ ਸ਼ਿਕਾਇਤ ਦੀ ਸੁਣਵਾਈ ਕਰਦਿਆਂ ਇਹ ਵਾਰੰਟ ਜਾਰੀ ਕੀਤੇ ਹਨ। ਬੀਤੀ 24 ਜੁਲਾਈ ਨੂੰ ਸੁਣਵਾਈ ਦੌਰਾਨ ਇਹ ਤਿੰਨੇ ਵਿਅਕਤੀ ਨਾ ਤਾਂ ਖ਼ੁਦ ਪੇਸ਼ ਹੋਏ ਤੇ ਨਾ ਹੀ ਇਨ੍ਹਾਂ ਦੇ ਵਕੀਲ, ਜਿਸ ਤੋਂ ਬਾਅਦ ਅਦਾਲਤ ਨੇ ਕਿਹਾ ਕਿ ਇਹ ਤਿੰਨੇ ਵਿਅਕਤੀ 4 ਅਕਤੂਬਰ ਨੂੰ ਅਦਾਲਤ 'ਚ ਜ਼ਰੂਰ ਪੇਸ਼ ਹੋਣ। ਦੂਜੇ ਪਾਸੇ ਫਰੈਂਚਾਇਜ਼ੀ ਦੇ ਇਕ ਹੋਰ ਮਾਲਕ ਕਰਨਪਾਲ ਦਾ ਵਕੀਲ ਅਦਾਲਤ 'ਚ ਪੇਸ਼ ਹੋਇਆ, ਜਿਸ ਨੇ ਕਿਹਾ ਕਿ ਅਗਲੀ ਪੇਸ਼ੀ 'ਚ ਉਨ੍ਹਾਂ ਦਾ ਮੁਵੱਕਲ ਜ਼ਰੂਰ ਪੇਸ਼ ਹੋਵੇਗਾ।



## ਅਬੂ 'ਤੇ ਦਾਊਦ ਗਿਰੋਹ ਦੇ ਮੈਂਬਰ ਵਲੋਂ ਹਮਲਾ

**ਮੁੰਬਈ :** ਪੁਰਤਗਾਲ ਤੋਂ ਲਿਆਂਦੇ ਗਏ ਮਾਫੀਆ ਸਰਗਨਾ ਅਬੂ ਸਲੇਮ 'ਤੇ ਬੀਤੀ 24 ਜੁਲਾਈ ਨੂੰ ਇਥੋਂ ਦੀ ਉਚ ਸੁਰੱਖਿਆ ਵਾਲੀ ਆਰਥਰ ਰੋਡ ਜੇਲ੍ਹ ਵਿਚ ਦਾਊਦ ਇਬਰਾਹਿਮ ਗਿਰੋਹ ਦੇ ਇਕ ਮੈਂਬਰ ਨੇ ਹਮਲਾ ਕੀਤਾ, ਜਿਸ 'ਚ ਉਹ ਫੱਟੜ ਹੋ ਗਿਆ। ਐਨ. ਐਮ. ਜੋਸ਼ੀ ਮਾਰਗ ਥਾਣੇ ਦੇ ਸੀਨੀਅਰ ਇੰਸਪੈਕਟਰ ਨੇ ਦੱਸਿਆ ਕਿ ਮੁਸਤਫਾ ਦੌਸਾ ਨੇ ਸਲੇਮ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ, ਜਿਸ 'ਚ ਉਹ ਫੱਟੜ ਹੋ ਗਿਆ। ਜੇਲ੍ਹ 'ਚ ਡਾਕਟਰ ਉਸ ਦਾ ਇਲਾਜ ਕਰ ਰਹੇ ਹਨ।

ਸਾਲ 1993 ਵਿਚ ਹੋਏ ਲੜੀਵਾਰ ਬੰਬ ਧਮਾਕਿਆਂ ਦਾ ਮੁੱਖ ਮੁਲਜ਼ਮ ਸਲੇਮ 2005 'ਚ ਪੁਰਤਗਾਲ ਤੋਂ ਭਾਰਤ ਲਿਆਂਦਾ ਗਿਆ ਸੀ ਅਤੇ ਉਹ 2 ਕਤਲਾਂ ਸਮੇਤ 9 ਕੇਸਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਘਟਨਾ ਤੋਂ ਅਗਲੇ ਦਿਨ ਅਬੂ ਸਲੇਮ ਨੂੰ ਰਾਇਗੜ੍ਹ ਜ਼ਿਲ੍ਹੇ ਦੀ ਤਲੋਜਾ ਕੇਂਦਰੀ ਜੇਲ੍ਹ 'ਚ ਬਦਲ ਦਿੱਤਾ ਗਿਆ ਹੈ ਜਦਕਿ ਦੌਸਾ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ।

## ਦਸੰਬਰ ਤੱਕ ਘਟੇਗੀ ਮਹਿੰਗਾਈ : ਮਨਮੋਹਨ ਸਿੰਘ

**ਨਵੀਂ ਦਿੱਲੀ:** ਖ਼ੁਰਾਕੀ ਵਸਤਾਂ ਦੀ ਉਪਲਬਧਤਾ ਨੂੰ ਮਹਿੰਗਾਈ ਦਾ ਸਭ ਤੋਂ ਵੱਡਾ ਕਾਰਨ ਦਸਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਉਮੀਦ ਪ੍ਰਗਟਾਈ ਕਿ ਜੇ ਮਾਨਸੂਨ ਇਸੇ ਤਰ੍ਹਾਂ ਸਰਗਰਮ ਰਹੀ ਤਾਂ ਚਾਲੂ ਸਾਲ ਦੀ ਦੂਜੀ ਛਿਮਾਹੀ (ਦਸੰਬਰ) ਤੱਕ ਮਹਿੰਗਾਈ ਜ਼ਰੂਰ ਘਟ ਜਾਵੇਗੀ। ਇਸ ਦੇ ਨਾਲ ਹੀ ਡਾ. ਸਿੰਘ ਨੇ ਕਿਹਾ ਕਿ ਨਕਲਸਵਾਦ ਕਾਰਨ ਪੈਦਾ ਹੋ ਰਹੀਆਂ ਸੁਰੱਖਿਆ ਸਬੰਧੀ ਵੰਗਾਰਾਂ ਨਾਲ ਵੀ ਨਜਿੱਠ ਲਿਆ ਜਾਵੇਗਾ।

ਇਹ ਦਾਅਵੇ ਡਾ. ਸਿੰਘ ਨੇ ਦੇਸ਼ ਦੀ ਸਭ ਤੋਂ ਵੱਡੀ ਨੀਤੀ ਨਿਰਧਾਰਤ ਜਥੇਬੰਦੀ ਕੌਮੀ ਵਿਕਾਸ ਕੌਂਸਲ ਦੀ ਬੀਤੀ 24 ਜੁਲਾਈ ਨੂੰ ਹੋਈ 55ਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤੇ। ਮੀਟਿੰਗ ਦੌਰਾਨ ਡਾ. ਸਿੰਘ ਨੇ ਕਿਹਾ ਕਿ ਮਹਿੰਗਾਈ ਘਟਾਉਣ ਲਈ ਸੂਬਿਆਂ ਨੂੰ ਖੇਤੀਬਾੜੀ ਵਲ ਵਧੇਰੇ ਧਿਆਨ ਦੇਣਾ ਪਵੇਗਾ, ਕਿਉਂਕਿ ਜਦੋਂ ਤੱਕ ਪੈਦਾਵਾਰ 'ਚ ਵਾਧਾ ਨਹੀਂ ਹੁੰਦਾ, ਉਦੋਂ ਤੱਕ ਮਹਿੰਗਾਈ ਘਟਣੀ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਮਹਿੰਗਾਈ ਘਟਾਉਣ ਲਈ ਕਈ ਕਦਮ ਚੁੱਕੇ ਹਨ, ਪਰ ਇਨ੍ਹਾਂ ਕਦਮਾਂ ਨੂੰ ਤਾਂ ਹੀ ਜਾਰੀ ਰੱਖ ਸਕਦੇ ਹਾਂ, ਜੇਕਰ ਸੂਬੇ ਖੇਤੀਬਾੜੀ 'ਚ ਸੁਧਾਰ ਕਰਨ।

ਡਾ. ਸਿੰਘ ਨੇ ਕਿਹਾ ਕਿ 11ਵੀਂ ਯੋਜਨਾ ਦਾ ਸ਼ੁਰੂਆਤੀ ਉਦੇਸ਼ ਔਸਤ 9 ਫ਼ੀਸਦੀ ਸਾਲਾਨਾ ਆਰਥਿਕ ਵਿਕਾਸ ਦਰ ਹਾਸਲ ਕਰਨਾ ਸੀ, ਪਰ ਕੌਮਾਂਤਰੀ ਸੰਕਟ ਤੇ 2009 'ਚ ਪਏ ਭਿਅੰਕਰ ਸੋਕੇ ਕਾਰਨ ਅਸੀਂ ਇਹ ਹਾਸਲ ਨਾ ਕਰ ਸਕੇ। ਇਸ ਦੇ ਬਾਵਜੂਦ ਸਾਡੀ ਅਰਥ ਵਿਵਸਥਾ ਦਾ ਪ੍ਰਦਰਸ਼ਨ ਬਿਹਤਰ ਰਿਹਾ।

ਉਨ੍ਹਾਂ ਕਿਹਾ ਕਿ ਯੋਜਨਾ ਦੀ ਮੱਧ ਵਰਤੀ ਸਮੀਖਿਆ 'ਚ ਔਸਤਨ ਸਾਲਾਨਾ 8.1 ਫ਼ੀਸਦੀ ਆਰਥਿਕ ਵਿਕਾਸ ਦਰ ਦਾ ਟੀਚਾ ਰੱਖਿਆ ਗਿਆ ਹੈ। ਇਹ ਟੀਚਾ ਭਾਵੇਂ 9 ਫ਼ੀਸਦੀ ਤੋਂ ਘੱਟ ਹੈ,

### ਬਾਦਲ ਵਲੋਂ ਸੰਘਾਤਮਕ ਕਾਰਜ-ਪ੍ਰਣਾਲੀ ਅਪਨਾਉਣ 'ਤੇ ਜੋਰ

ਪਰ ਕਿਸੇ ਵੀ 5 ਸਾਲਾ ਯੋਜਨਾ 'ਚ ਹਾਸਲ ਵਾਧਾ ਦਰ ਦੇ ਮੁਕਾਬਲੇ ਇਹ ਕਾਫ਼ੀ ਜ਼ਿਆਦਾ ਹੈ।

ਨਕਸਲੀ ਸਮੱਸਿਆ ਨਾਲ ਨਜਿੱਠਣ ਸਬੰਧੀ ਸੂਬਿਆਂ ਤੋਂ ਮਦਦ ਮੰਗਣ ਦੇ ਨਾਲ-ਨਾਲ ਉਨ੍ਹਾਂ ਯੋਜਨਾ ਕਮਿਸ਼ਨ ਨੂੰ ਨਕਸਲ ਪ੍ਰਭਾਵਤ ਇਲਾਕਿਆਂ



'ਚ ਸਰਬਪੱਖੀ ਵਿਕਾਸ ਯੋਜਨਾਵਾਂ ਬਣਾਉਣ ਦਾ ਮਸ਼ਵਰਾ ਦਿੱਤਾ। ਡਾ. ਸਿੰਘ ਨੇ ਕਿਹਾ ਕਿ ਇਸ ਸਬੰਧੀ ਯੋਜਨਾ ਕਮਿਸ਼ਨ ਨੂੰ ਸੂਬਿਆਂ ਤੇ ਹੋਰਨਾਂ ਧਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਇਨ੍ਹਾਂ ਇਲਾਕਿਆਂ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਅਸੀਂ ਇਸ ਸਬੰਧੀ ਕਮਿਸ਼ਨ ਨੂੰ ਨਿਰਦੇਸ਼ ਵੀ ਦੇ ਦਿੱਤੇ ਹਨ।

ਨਕਸਲੀ ਸਮੱਸਿਆ ਨਾਲ ਨਜਿੱਠਣ ਸਬੰਧੀ ਉਨ੍ਹਾਂ ਕਿਹਾ ਕਿ ਇਸ ਬਾਰੇ ਕਿਸੇ ਨੂੰ ਵੀ ਸ਼ੱਕ ਨਹੀਂ ਹੋਣਾ ਚਾਹੀਦਾ ਅਤੇ ਅਸੀਂ ਹਰ ਹੀਲੇ ਨਕਸਲਵਾਦ ਨਾਲ ਨਜਿੱਠਾਂਗੇ, ਪਰ ਇਹ ਤਾਂ ਹੀ ਸੰਭਵ ਹੈ, ਜੇਕਰ ਕੇਂਦਰ ਤੇ ਸੂਬੇ ਪੂਰੇ ਤਾਲਮੇਲ ਨਾਲ ਕੰਮ ਕਰਨ। ਡਾ. ਸਿੰਘ ਨੇ ਨਕਸਲੀਆਂ ਖ਼ਿਲਾਫ਼ ਕਾਰਵਾਈ ਦੇ ਨਾਲ-ਨਾਲ ਸਾਨੂੰ ਜੰਗਲ ਅਧਿਕਾਰ ਕਾਨੂੰਨ ਨੂੰ ਲਾਗੂ ਕਰਨ ਦੇ ਨਾਲ-ਨਾਲ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਹੋਵੇਗਾ। ਦੂਜਾ ਇਨ੍ਹਾਂ ਇਲਾਕਿਆਂ 'ਚ ਵਿਸ਼ੇਸ਼ ਵਿਕਾਸ ਯੋਜਨਾਵਾਂ ਲਈ ਵਾਧੂ ਵਸੀਲੇ ਮੁਹੱਈਆ ਕਰਵਾਉਣੇ ਪੈਣਗੇ। ਮੀਟਿੰਗ ਦੌਰਾਨ ਡਾ. ਸਿੰਘ ਨੇ ਵਾਤਾਵਰਣ 'ਚ ਵਧ ਰਹੇ ਪ੍ਰਦੂਸ਼ਣ ਦਾ ਮੁੱਦਾ ਵੀ ਜ਼ੋਰ-ਸ਼ੋਰ ਨਾਲ ਉਠਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਵਸਤੂ ਤੇ ਸੇਵਾ ਕਰ ਲਾਗੂ ਕੀਤੇ ਜਾਣ ਦੇ ਮਾਮਲਿਆਂ 'ਚ ਸੂਬਿਆਂ ਤੋਂ ਸਹਿਯੋਗ ਮੰਗਿਆ। ਇਸ ਮੀਟਿੰਗ 'ਚ ਕਈ ਕੇਂਦਰੀ ਮੰਤਰੀਆਂ ਤੋਂ ਇਲਾਵਾ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਹਿੱਸਾ ਲਿਆ।

ਇਸ ਸੰਮੇਲਨ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੁਦਰਤੀ ਆਫਤ ਰਾਹਤ ਫੰਡ ਦੇ ਵਰਤਮਾਨ ਮਾਪਦੰਡਾਂ ਅਧੀਨ ਕੇਵਲ 2 ਹੈਕਟੇਅਰ ਤਕ 1600 ਰੁਪਏ ਪ੍ਰਤੀ ਏਕੜ ਮੁਆਵਜੇ ਦੀ ਥਾਂ ਕਿਸਾਨਾਂ ਦੀ ਖਰਾਬੇ ਅਧੀਨ ਆਈ ਸਮੁੱਚੀ ਜ਼ਮੀਨ ਦੇ ਫਸਲੀ ਨੁਕਸਾਨ ਲਈ ਪ੍ਰਤੀ ਏਕੜ 10000 ਰੁਪਏ ਮੁਆਵਜ਼ੇ ਦੀ ਮੰਗ ਕੀਤੀ ਹੈ।

# ਪੰਜਾਬੀ ਦੇ ਅੱਠ ਗੀਤਾਂ ਦੀ ਵੀ ਸੀ ਡੀ "ਪੰਜਾਬੀ ਢੋਲ" ਰਿਲੀਜ਼

**ਕਾਂਕਰਡ, ਕੈਲੀਫੋਰਨੀਆ:** ਗਾਇਕ ਕੁਮਾਰ ਖਟਕੜ ਦੀ ਸੁਰੀਲੀ ਅਤੇ ਮਿਠਾਸ ਭਰੀ ਆਵਾਜ਼ ਨਾਲ ਸ਼ਿੰਗਾਰੀ "ਪੰਜਾਬੀ ਢੋਲ" ਨਾਂ ਦੀ ਐਲਬਮ 19 ਜੁਲਾਈ ਨੂੰ ਇਥੇ ਬਿਜਨਮੈਨ ਅਤੇ ਪ੍ਰਮੋਟਰ ਹਰਦਿਆਲ ਬੰਗਾ ਨੇ ਡਾ. ਹਰਮੇਸ਼ ਕੁਮਾਰ, ਸੰਗੀਤ ਅਧਿਆਪਕਾ ਅਲਕਾ ਭਟਨਾਗਰ, ਦਸ਼ਵਿੰਦਰ ਪਾਲ, ਅਜੈ ਕਟਾਰੀਆ ਅਤੇ ਰਾਮ ਲੁਭਾਇਆ ਰੱਲ੍ਹ ਦੇ ਸਹਿਯੋਗ ਨਾਲ ਰਿਲੀਜ ਕੀਤੀ।


*ਗਾਇਕ ਕੁਮਾਰ ਖਟਕੜ*

ਐਸ ਐਮ ਆਈ ਕੰਪਨੀ ਵਲੋਂ ਜਾਰੀ ਇਸ ਸੀ ਡੀ ਦੀ ਰੂਪ ਰੇਖਾ ਸੱਜਣ ਦੁਹਾਣ ਅਤੇ ਸੰਗੀਤ ਜੱਸੀ ਬ੍ਰਦਰਜ਼ ਨੇ ਤਿਆਰ ਕੀਤਾ ਹੈ। ਸਮਾਗਮ ਦਾ ਅਰੰਭ ਪੰਜਾਬੀ ਗਜ਼ਲਗੋ ਕਮਲ ਦੇਵ ਪਾਲ ਦੇ ਸੁਆਗਤੀ ਭਾਸ਼ਣ ਨਾਲ ਹੋਇਆ ਜਿਨ੍ਹਾਂ ਨੇ ਗਾਇਕ ਕੁਮਾਰ ਖਟਕੜ ਦੀ ਆਵਾਜ਼ ਦੀ ਤਾਰੀਫ ਕਰਦਿਆਂ ਇਸ ਐਲਬਮ ਨੂੰ ਸ਼ਬਦ ਤੇ ਸੁਰਾਂ ਦਾ ਸੰਗਮ ਆਖਿਆ।





ਇਸ ਤੋਂ ਬਾਅਦ ਕੁਮਾਰ ਖਟਕੜ ਨੇ ਇਸ ਸੀ ਡੀ ਵਿਚੋਂ ਕੁਝ ਗੀਤ ਤੇ ਸ਼ੇਅਰ ਸਰੋਤਿਆਂ ਦੀ ਨਜ਼ਰ ਕੀਤੇ। ਕੁਮਾਰ ਨੇ ਕੈਲੀਫੋਰਨੀਆਂ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਸਰੋਤਿਆਂ ਤੇ ਪ੍ਰਸ਼ੰਸਕਾਂ ਦਾ ਧੰਨਵਾਦ ਕੀਤਾ। ਸ਼੍ਰੀਮਤੀ ਅਲਕਾ ਭਟਨਾਗਰ, ਜਿਨ੍ਹਾਂ ਤੋਂ ਕੁਮਾਰ ਖਟਕੜ ਨੇ ਸੰਗੀਤ ਦੀ ਵਿਦਿਆ ਹਾਸਿਲ ਕੀਤੀ ਹੈ, ਨੇ ਉਸ ਨੂੰ ਅਸ਼ੀਰਵਾਦ ਦਿੱਤਾ। ਵਿਸ਼ੇਸ਼ ਤੌਰ 'ਤੇ ਪਧਾਰੇ ਡਾ. ਹਰਮੇਸ਼ ਕੁਮਾਰ ਨੇ ਦਸਿਆ ਕਿ ਕੁਮਾਰ ਦੀ ਗਾਇਕੀ ਬੇਦਾਗ ਹੈ ਜਿਸਦੇ ਗੀਤਾਂ ਨੂੰ ਪੂਰੇ ਪਰਿਵਾਰ ਵਿਚ ਬਿਨ੍ਹਾਂ ਕਿਸੇ ਝਿਜਕ ਦੇ ਸੁਣ ਸਕਦੇ ਹਾਂ। ਸਰਬਜੀਤ ਗੁਰੂ ਨੇ ਕਿਹਾ ਕੇ 'ਪੰਜਾਬੀ ਢੋਲ' ਇਕ ਬਹੁਤ ਹੀ ਚੰਗਾ ਉਪਰਾਲਾ ਹੈ। ਪੰਜਾਬੀ ਸ਼ਾਇਰ ਸੋਢੀ ਸੁਲਤਾਨ ਅਤੇ ਦਸ਼ਵਿੰਦਰ ਪਾਲ ਨੇ ਪੰਜਾਬੀ ਢੋਲ ਐਲਬਮ ਨੂੰ ਪੰਜਾਬੀ ਗਾਇਕੀ ਵਿਚ ਸ਼ੁਭ ਸ਼ਗਨ ਦਸਿਆ ਅਤੇ ਕਿਹਾ ਕਿ ਇਨ੍ਹਾਂ ਗੀਤਾਂ ਵਿਚ ਆਪਣੀ ਮਿੱਟੀ ਨਾਲ ਮੋਹ ਦੀ ਝਲਕ ਦਿਸਦੀ ਹੈ। ਇਸ ਮੌਕੇ ਹਾਜ਼ਰ ਹੋਰ ਸੱਜਣਾਂ ਵਿਚ ਰਾਮ ਪ੍ਰਕਾਸ਼ ਰਾਜੂ, ਕੁੰਦਨ ਲਾਲ ਪਾਲ, ਚੰਚਲ ਹੀਰਾ, ਜੈਸਮਿਨ ਪਾਕੀਜਾ ਬਾਜਾਰ, ਸਰਜੀਵਨ ਲਾਲ, ਰਾਮਪਾਲ ਸਿੰਘ, ਦਿਲਬਾਗ ਸਿੰਘ, ਸੰਤੋਖ ਝਿੰਗੜ, ਗੋਲਡੀ, ਰਿਕੀ ਵੀਡੀਓ, ਆਸਾ ਰਾਮ ਕਲਸੀ, ਗਿਆਨੀ ਹਰਬਲਾਸ ਸਿੰਘ, ਅਹਿਮਦ ਅਬਾਸੀ ਸ਼ਾਮਲ ਸਨ। ਬੀਬੀ ਪਰਮਜੀਤ ਕੁਮਾਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਭਾਈ ਜਤਿੰਦਰਪਾਲ ਸਿੰਘ ਦੀ ਆਡੀਓ ਐਮ ਪੀ-3 ਰਿਲੀਜ਼

**ਸੈਕਰਾਮੈਂਟੋ:** ਪੰਥ ਪ੍ਰਸਿਧ ਕਥਾਵਾਚਕ ਅਤੇ ਗੁਰਮਤਿ ਗਿਆਨੀ ਭਾਈ ਜਤਿੰਦਰਪਾਲ ਸਿੰਘ (ਪਾਲ ਜੀ ਦਿੱਲੀਵਾਲਿਆਂ) ਦੀ ਗੁਰਬਾਣੀ ਵਿਚਾਰ ਬਾਰੇ 15 ਘੰਟਿਆਂ ਦੀ ਆਡੀਓ ਐਮ ਪੀ-3 ਇਥੇ ਗੁਰਦੁਆਰਾ ਸੱਚ ਖੰਡ ਰੋਜ਼ਵਿਲ ਵਿਖੇ ਰਿਲੀਜ਼ ਕੀਤੀ ਗਈ। ਇਸ ਮੌਕੇ ਬੋਲਦਿਆਂ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਜਰਨੈਲ ਸਿੰਘ ਨੇ ਆਖਿਆ ਕਿ ਇਸ ਕਿਸਮ ਦੇ ਉਪਰਾਲੇ ਗੁਰਮਤਿ ਗਿਆਨ ਦਾ ਚਾਨਣ ਵੰਡਣ ਵੱਲ ਸਹੀ ਕਦਮ ਹਨ ਅਤੇ ਅਜਿਹੇ ਹੋਰ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।



ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਲੋਕ ਸੰਪਰਕ ਇੰਚਾਰਜ ਸ. ਦਰਸ਼ਨ ਸਿੰਘ ਮੁੰਡੀ ਨੇ ਭਾਈ ਜਤਿੰਦਰਪਾਲ ਸਿੰਘ ਨਾਲ ਆਪਣੇ ਪੁਰਾਣੇ ਸਬੰਧਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਵਲੋਂ ਪੰਥ ਦੀ ਕੀਤੀ ਜਾ ਰਹੀ ਸੇਵਾ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਨਵੀਂ ਪੀੜੀ ਨੂੰ ਸਿੱਖੀ ਨਾਲ ਜੋੜਨ ਲਈ ਅਜਿਹੇ ਉਪਰਾਲੇ ਬਹੁਤ ਅਹਿਮ ਹਨ।

ਗੁਰਦੁਆਰਾ ਫੇਅਰਫੀਲਡ ਤੋਂ ਉਚੇਚੇ ਸਮਾਗਮ ਵਿਚ ਪਹੁੰਚੇ ਪ੍ਰਧਾਨ ਭਾਈ ਸਤਿੰਦਰਪਾਲ ਸਿੰਘ ਹੇਅਰ, ਮੀਤ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਅਤੇ ਮਨਜੀਤ ਸਿੰਘ ਮਿਨਹਾਸ, ਦਲਬੀਰ ਸਿੰਘ ਪਾਹਲ ਅਤੇ ਹੁਸ਼ਿਆਰ ਸਿੰਘ ਨੇ ਭਾਈ ਜਤਿੰਦਰਪਾਲ ਸਿੰਘ ਨੂੰ ਇਸ ਮੌਕੇ ਵਧਾਈ ਦਿੱਤੀ। ਗੁਰਦੁਆਰਾ ਰੋਜ਼ਵਿਲ ਦੇ ਪ੍ਰਬੰਧਕਾਂ ਕੁਲਦੀਪ ਸਿੰਘ ਚਾਹਲ, ਡਾ. ਗੁਰਿੰਦਰ ਕੰਵਰ, ਜਸਪਾਲ ਸਿੰਘ ਥਿਆੜਾ, ਪਰਮਜੀਤ ਸਿੰਘ ਪੱਡਾ, ਜੋਗਾ ਸਿੰਘ ਮਾਨ, ਹਰਨੇਕ ਅਟਵਾਲ, ਪਰਮਜੀਤ ਸੋਹਲ, ਹਰਵਿੰਦਰ ਗਿੱਲ ਅਤੇ ਜਸਬੀਰ ਬਰਾੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਹੋਰ ਜਾਣਕਾਰੀ ਫੋਨ: 510-501-4648 ਤੋਂ ਲਈ ਜਾ ਸਕਦੀ ਹੈ।



## ਅਟਾਰਨੀ ਜਸਪ੍ਰੀਤ ਸਿੰਘ ਦੇ ਫਰਿਜ਼ਨੋ ਦਫਤਰ ਦਾ ਉਦਘਾਟਨ 13 ਨੂੰ

**ਫਰਿਜ਼ਨੋ:** ਅਟਾਰਨੀ ਜਸਪ੍ਰੀਤ ਸਿੰਘ ਦੇ ਫਰਿਜ਼ਨੋ ਵਿਚ ਨਵੇਂ ਦਫਤਰ ਦਾ ਉਦਘਾਟਨ ਆਉਂਦੀ 13 ਅਗਸਤ ਨੂੰ ਸ਼ਾਮ 7 ਵਜੇ ਅਕਾਲੀ ਦਲ (ਬਾਦਲ) ਦੇ ਐਨ ਆਰ ਆਈ ਵਿੰਗ ਦੇ ਇੰਚਾਰਜ ਸ. ਸੁਰਜੀਤ ਸਿੰਘ ਰੱਖੜਾ ਕਰਨਗੇ। ਇਹ ਦਫਤਰ 4491 ਵੈਸਟ ਸ਼ਾਹ ਐਵਨਿਊ, #ਬੀ ਵਿਖੇ ਸਥਿਤ ਹੋਵੇਗਾ। ਅਕਾਲੀ ਦਲ (ਅਮਰੀਕਾ) ਦੇ ਪ੍ਰਧਾਨ ਸ. ਮਨਜੀਤ ਸਿੰਘ ਦਸੂਹਾ ਅਤੇ ਚੇਅਰਮੈਨ ਹੈਰੀ ਗਿੱਲ ਤੋਂ ਬਿਨਾ ਨਿਊ ਯਾਰਕ ਇਕਾਈ ਦੇ ਪ੍ਰਧਾਨ ਰਘਬੀਰ ਸਿੰਘ ਸੁਭਾਨਪੁਰ ਇਸ ਮੌਕੇ ਵਿਸ਼ੇਸ਼ ਮਹਿਮਾਨ ਹੋਣਗੇ।

ਇਮੀਗਰੇਸ਼ਨ ਮਾਮਲਿਆਂ ਦੇ ਮਾਹਰ ਵਕੀਲ ਸ. ਜਸਪ੍ਰੀਤ ਸਿੰਘ ਦੇ ਇਸ ਤੋਂ ਪਹਿਲਾਂ ਨਿਊ ਯਾਰਕ ਤੋਂ ਇਲਾਵਾ ਫਰੀਮਾਂਟ, ਸੈਕਰਾਮੈਂਟੋ ਅਤੇ ਬੇਕਰਜ਼ਫੀਲਡ ਵਿਚ ਦਫਤਰ ਹਨ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


*Attorny At Law*

**Law Offices Of Jaspreet Singh**

*4491 W. Shaw Ave., Suite 300 B (Near Costco) Fresno, CA 93722*
*Ph: 559-271-5511*

*44790 S. Grimmer Blvd. #204 Fremont CA-94538*
*Ph:510-657-6444*
*Fax: 510-657-6443*

*2945 W. Capitol Ave, Sacramento CA-95691*
*Ph: 916-372-4448*
*Fax: 916-372-4440*






ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

ਮੈਡੀਕਲ ਇੰਸ਼ੋਰੈਂਸ

ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



**Major Singh Chauhan**
**AGENT**
CA Ins. Lic #0D36632
New York Life Insurance Company

Cell:916-337-1683
Off :661-369-4865
Off :916-983-4890
Fax :916-984-0110
Fax :888-327-6115

mc101048@gmail.com

THE COMPANY YOU KEEP

# ਪੰਜਾਬ ਟਾਈਮਜ਼

**ਸਨਿਚਰਵਾਰ, 31 ਜੁਲਾਈ 2010**


ਸੰਕਟ ਵੇਲੇ ਧੀਰਜ ਰੱਖਣਾ, ਅੱਧੀ ਜਿੱਤ ਪ੍ਰਾਪਤ ਕਰਨ ਬਰਾਬਰ ਹੈ -ਪਲਾਟਮ

## '84 ਦੇ ਦੰਗੇ ਤੇ ਸਿੱਖ ਸਿਆਸਤ

1984 ਵਿਚ ਦਿੱਲੀ ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਕੇਸਾਂ ਦੇ ਇਨਸਾਫ ਨੇ 26 ਵਰ੍ਹਿਆਂ ਬਾਅਦ ਥੋੜ੍ਹੀ ਜਿਹੀ ਗਤੀ ਹੀ ਫੜੀ ਸੀ ਕਿ ਹੁਣ ਇਕ ਨਵਾਂ ਵਿਵਾਦ ਸ਼ੁਰੂ ਹੋ ਗਿਆ ਹੈ। ਇਨ੍ਹਾਂ ਮੁਕੱਦਮਿਆਂ ਦੀ ਪੈਰਵੀ ਕਰ ਰਹੇ ਐਡਵੋਕੇਟ ਐਚ. ਐਸ. ਫੂਲਕਾ ਉਪਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਨ੍ਹਾਂ ਮੁਕੱਦਮਿਆਂ ਦੀ ਕਾਰਵਾਈ ਵਾਸਤੇ ਕਰੋੜਾਂ ਰੁਪਏ ਅਜਾਈਂ ਗੁਆਉਣ ਦੇ ਦੋਸ਼ ਲਾਏ ਗਏ ਹਨ। ਇਸੇ ਕਾਰਨ ਐਡਵੋਕੇਟ ਫੂਲਕਾ ਨੇ ਆਪਣੇ-ਆਪ ਨੂੰ ਇਨ੍ਹਾਂ ਮੁਕੱਦਮਿਆਂ ਤੋਂ ਅਲੱਗ ਕਰਦਿਆਂ ਅੱਗੇ ਤੋਂ ਵਕੀਲ ਵਜੋਂ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਨੇ ਇਹ ਮਸਲਾ ਇਕ ਲੰਬੀ ਚਿੱਠੀ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਧਿਆਨ ਵਿਚ ਵੀ ਲਿਆਂਦਾ ਹੈ। ਇਸ ਚਿੱਠੀ 'ਤੇ ਕਾਰਵਾਈ ਕਰਦਿਆਂ ਜਥੇਦਾਰ ਗੁਰਬਚਨ ਸਿੰਘ ਨੇ ਐਡਵੋਕੇਟ ਫੂਲਕਾ ਨੂੰ ਮੁਕੱਦਮਿਆਂ ਦੀ ਪੈਰਵਾਈ ਜਾਰੀ ਰੱਖਣ ਅਤੇ ਦਿੱਲੀ ਕਮੇਟੀ ਦੇ ਕਰਤਾ-ਧਰਤਾ ਸਰਨਾ ਭਰਾਵਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਦੀ ਹਦਾਇਤ ਕੀਤੀ ਹੈ।

ਦਰਅਸਲ ਐਡਵੋਕੇਟ ਫੂਲਕਾ ਨੇ ਬੀਤੇ ਦਿਨੀਂ ਪਰਮਜੀਤ ਸਿੰਘ ਸਰਨਾ 'ਤੇ ਦੰਗਿਆਂ ਵਿਚ ਸ਼ਾਮਲ ਕਾਂਗਰਸੀਆਂ ਦੀ ਹਮਾਇਤ ਦਾ ਦੋਸ਼ ਲਗਾਉਂਦੇ ਹੋਏ ਖ਼ੁਦ ਨੂੰ ਇਨ੍ਹਾਂ ਕੇਸਾਂ ਦੀ ਵਕਾਲਤ ਤੋਂ ਅਲੱਗ ਕਰਨ ਦਾ ਐਲਾਨ ਕੀਤਾ ਸੀ । ਇਸ ਸੰਬੰਧੀ ਉਨ੍ਹਾਂ ਵਲੋਂ ਅਕਾਲ ਤਖ਼ਤ ਨੂੰ ਇਕ ਲੰਬੀ ਚਿੱਠੀ ਲਿਖੀ ਗਈ ਸੀ। ਸਰਨਾ ਵਲੋਂ ਕਰੋੜਾਂ ਰੁਪਏ ਦੀ ਰਕਮ ਅਜਾਈਂ ਗੁਆਉਣ ਦੇ ਲਾਏ ਗਏ ਦੋਸ਼ਾਂ ਨੂੰ ਨਕਾਰਦੇ ਹੋਏ ਐਡਵੋਕੇਟ ਫੂਲਕਾ ਨੇ ਕਿਹਾ ਹੈ ਕਿ ਦੋਸ਼ ਲਾਉਣ ਵਾਲੇ ਸਾਰੇ ਆਗੂ ਅਕਾਲ ਤਖ਼ਤ ਸਾਹਿਬ 'ਤੇ ਮੇਰੇ ਵਿਰੁਧ ਸਬੂਤ ਪੇਸ਼ ਕਰਨ। ਐਡਵੋਕੇਟ ਫੂਲਕਾ ਅਨੁਸਾਰ ਉਨ੍ਹਾਂ ਉਪਰ ਅਜਿਹੇ ਦੋਸ਼ ਦਿੱਲੀ ਕਮੇਟੀ ਦੇ ਪਹਿਲਾਂ ਰਹੇ ਪ੍ਰਧਾਨ ਅਵਤਾਰ ਸਿੰਘ ਹਿੱਤ ਤੇ ਪ੍ਰਹਿਲਾਦ ਸਿੰਘ ਚੰਡੋਕ ਨੇ ਵੀ ਲਾਏ ਸਨ। ਉਨ੍ਹਾਂ ਕਿਹਾ ਕਿ ਸ਼ਿਕੰਜਾ ਸੱਜਣ ਕੁਮਾਰ 'ਤੇ ਕੱਸਿਆ ਜਾ ਰਿਹਾ ਹੈ ਪਰ ਤਕਲੀਫ ਕਿਤੇ ਹੋਰ ਹੋ ਰਹੀ ਹੈ। ਅਕਾਲ ਤਖ਼ਤ ਸਾਹਿਬ ਨੂੰ ਭੇਜੀ ਚਿੱਠੀ ਵਿਚ ਉਨ੍ਹਾਂ ਲਿਖਿਆ ਹੈ ਕਿ ਬੀਤੀ 17 ਜੁਲਾਈ ਨੂੰ ਉਹ ਦਿੱਲੀ ਕਮੇਟੀ ਦੇ ਦਫ਼ਤਰ ਵਿਚ ਸਰਨਾ ਭਰਾਵਾਂ ਨੂੰ ਮਿਲੇ ਅਤੇ ਆਪਣੇ ਉਪਰ ਲਾਏ ਜਾ ਰਹੇ ਝੂਠੇ ਇਲਜ਼ਾਮਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਮੇਰੀ ਬੇਇੱਜ਼ਤੀ ਕੀਤੀ। ਐਡਵੋਕੇਟ ਫੂਲਕਾ ਅਨੁਸਾਰ ਅਜਿਹੀ ਇਲਜ਼ਾਮਤਰਾਸ਼ੀ ਦਾ ਮਕਸਦ ਸੱਜਣ ਕੁਮਾਰ ਅਤੇ 1984 ਦੇ ਕਤਲੇਆਮ ਨਾਲ ਜੁੜੇ ਹੋਰ ਮਸਲਿਆਂ ਤੋਂ ਧਿਆਨ ਲਾਂਭੇ ਕਰਨਾ ਹੋ ਸਕਦਾ ਹੈ।

ਦੂਜੇ ਪਾਸੇ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਕਮੇਟੀ ਦੰਗਾ ਪੀੜਤਾਂ ਲਈ ਰਾਜਸੀ ਤੇ ਕਾਨੂੰਨੀ ਲੜਾਈ ਲੜ ਰਹੀ ਹੈ, ਲੜਦੀ ਰਹੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਐਡਵੋਕੇਟ ਫੂਲਕਾ ਦਿੱਲੀ ਕਮੇਟੀ ਵਲੋਂ ਦੰਗਿਆਂ ਸੰਬੰਧੀ ਕਿਸੇ ਦੋਸ਼ੀ ਨੂੰ ਸਜ਼ਾ ਨਾ ਹੋਣ ਅਤੇ ਪੀੜਤਾਂ ਨੂੰ ਇਨਸਾਫ ਨਾ ਮਿਲਣ ਦੇ ਕਾਰਨਾਂ ਦੀ ਜਾਂਚ ਲਈ ਬਣਾਏ ਗਏ ਕਮਿਸ਼ਨ ਕਾਰਨ ਅਜਿਹਾ ਵਿਹਾਰ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਦਿੱਲੀ ਕਮੇਟੀ ਵਲੋਂ ਇਹ ਕਮਿਸ਼ਨ ਬੀਤੀ 7 ਮਈ ਨੂੰ ਕਾਇਮ ਕੀਤਾ ਗਿਆ ਹੈ ਤੇ ਇਸ ਦੇ ਮੈਂਬਰਾਂ ਵਿਚ ਸ. ਫੂਲਕਾ ਵੀ ਸ਼ਾਮਲ ਹਨ। ਉਨ੍ਹਾਂ ਇਹ ਮੰਨਿਆ ਕਿ ਐਡਵੋਕੇਟ ਫੂਲਕਾ ਨੇ ਕਿਸੇ ਕੇਸ ਵਿਚ ਕੋਈ ਫੀਸ ਨਹੀਂ ਲਈ ਪਰ ਨਾਨਾਵਤੀ ਕਮਿਸ਼ਨ ਦੇ ਮੁੱਦੇ 'ਤੇ 88 ਲੱਖ ਰੁਪਏ ਖਰਚ ਹੋਏ ਤੇ ਸਾਢੇ 8 ਲੱਖ ਰੁਪਏ ਸ. ਫੂਲਕਾ ਦੇ ਦਫ਼ਤਰ ਲਈ ਖਰਚ ਕੀਤੇ ਗਏ ਸਨ।

ਅਸਲ ਵਿਚ ਦੋਵਾਂ ਧਿਰਾਂ ਦੌਰਾਨ ਤਣਾਅ ਦਾ ਕਾਰਨ ਕੇਂਦਰੀ ਮੰਤਰੀ ਤੇ ਕਾਂਗਰਸੀ ਆਗੂ ਕਮਲਨਾਥ ਵਿਰੁਧ ਦੰਗਿਆਂ ਨਾਲ ਸੰਬੰਧਤ ਮਾਮਲਾ ਦਰਜ ਕਰਨ ਸੰਬੰਧੀ ਹੈ। ਐਡਵੋਕੇਟ ਫੂਲਕਾ ਵਲੋਂ ਬੀਤੀ 11 ਮਈ ਨੂੰ ਸ. ਸਰਨਾ ਨੂੰ ਕਿਹਾ ਗਿਆ ਸੀ ਕਿ ਸ੍ਰੀ ਕਮਲਨਾਥ ਵਿਰੁਧ ਪਾਰਲੀਮੈਂਟ ਥਾਣੇ ਵਿਚ ਕੇਸ ਦਰਜ ਕਰਵਾਇਆ ਜਾਵੇ। ਪਰ ਸ. ਸਰਨਾ ਵਲੋਂ ਇਸ ਵਿਚ ਅਕਾਲੀ ਦਲ (ਬਾਦਲ) ਦੀ ਕੋਈ ਸਾਜ਼ਿਸ਼ ਹੋਣ ਦਾ ਖਦਸ਼ਾ ਜਤਾਉਂਦੇ ਹੋਏ ਅਜਿਹਾ ਕਰਨ ਤੋਂ ਪਹਿਲਾਂ ਪੂਰੀ ਘੋਖ ਕਰ ਲੈਣ ਬਾਰੇ ਕਿਹਾ ਗਿਆ। ਇਸ ਤੋਂ ਬਾਅਦ ਐਡਵੋਕੇਟ ਫੂਲਕਾ ਇਸ ਮਸਲੇ ਨੂੰ ਮੀਡੀਆ ਵਿਚ ਲੈ ਗਏ ਅਤੇ ਸਰਨਾ ਅਤੇ ਉਨ੍ਹਾਂ ਦਰਮਿਆਨ ਤਣਾਅ ਦਾ ਮਾਹੌਲ ਬਣ ਗਿਆ। ਇਹ ਤਣਾਅ ਹੁਣ ਪੂਰੀ ਤਰ੍ਹਾਂ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਦੂਜੇ ਪਾਸੇ ਇਸ ਮਸਲੇ ਸੰਬੰਧੀ ਸ. ਸਰਨਾ ਦਾ ਕਹਿਣਾ ਹੈ ਕਿ ਸ. ਫੂਲਕਾ 26 ਸਾਲ ਤਾਂ ਕਮਲ ਨਾਥ ਬਾਰੇ ਚੁੱਪ ਰਹੇ ਪਰ ਹੁਣ ਅਚਾਨਕ ਇਹ ਮੁੱਦਾ ਖੜ੍ਹਾ ਕਰ ਰਹੇ ਹਨ।

ਉਧਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸ. ਫੂਲਕਾ ਨੂੰ ਸਿੱਖ ਕੌਮ ਵਲੋਂ ਹਦਾਇਤ ਕੀਤੀ ਹੈ ਕਿ ਉਹ ਇਨ੍ਹਾਂ ਕੇਸਾਂ ਦੀ ਪੈਰਵਾਈ ਪਹਿਲਾਂ ਵਾਂਗ ਹੀ ਜਾਰੀ ਰੱਖਣ। ਸ. ਫੂਲਕਾ 'ਤੇ ਕਰੋੜਾਂ ਦੀ ਰਕਮ ਮਿੱਟੀ-ਘੱਟੇ ਰੋਲਣ ਦੇ ਦੋਸ਼ ਲਾਉਣ ਵਾਲੇ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਭਰਾ ਹਰਵਿੰਦਰ ਸਿੰਘ ਸਰਨਾ ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਕਿਹਾ ਹੈ। ਇਸ ਦੇ ਜਵਾਬ ਵਿਚ ਸਰਨਾ ਵਲੋਂ ਮਿੱਥੀ ਤਾਰੀਕ ਨੂੰ ਪੇਸ਼ ਹੋਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ।

ਇਸ ਤਰ੍ਹਾਂ ਸ. ਫੂਲਕਾ ਤੇ ਦਿੱਲੀ ਕਮੇਟੀ ਦੇ ਕਰਤਿਆਂ-ਧਰਤਿਆਂ ਦਾ ਇਹ ਵਿਵਾਦ ਹੁਣ ਅਕਾਲ ਤਖ਼ਤ 'ਤੇ ਪੁੱਜ ਗਿਆ ਹੈ, ਜਿਸ ਕਾਰਨ ਇਸ ਦੇ ਹੋਰ ਵੀ ਜ਼ਿਆਦਾ ਉਲਝ ਜਾਣ ਦੇ ਆਸਾਰ ਬਣ ਗਏ ਹਨ। ਸ. ਸਰਨਾ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਤਿਆਂ-ਧਰਤਿਆਂ ਤੇ ਬਾਦਲ ਦਲ ਨਾਲ ਤਿੱਖਾ ਵਿਰੋਧ ਹੈ ਤੇ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸ. ਸਰਨਾ, ਬਾਦਲ ਦਲ ਨੂੰ ਸ਼੍ਰੋਮਣੀ ਕਮੇਟੀ ਤੋਂ ਲਾਂਭੇ ਕਰਨ ਲਈ ਪੂਰਾ ਜ਼ੋਰ ਲਾ ਰਹੇ ਹਨ। ਇਸ ਮਸਲੇ ਦੇ ਉਠ ਖੜ੍ਹੇ ਹੋਣ ਨਾਲ ਪਿਛਲੇ ਕੁਝ ਕੁ ਮਹੀਨਿਆਂ ਦੌਰਾਨ ਸਿਆਸੀ ਤੇ ਕਾਨੂੰਨੀ ਪੱਧਰ 'ਤੇ ਜਿੰਨੀ ਤੇਜ਼ ਗਤੀ ਨਾਲ '84 ਦੇ ਦੰਗਾ ਪੀੜਤਾਂ ਨੂੰ ਇਨਸਾਫ ਦਿਵਾਉਣ ਦੀ ਮੁਹਿੰਮ ਚਲ ਰਹੀ ਸੀ, ਉਸ ਨੂੰ ਵੀ ਹੁਣ ਬਰੇਕਾਂ ਲੱਗਣ ਦੇ ਆਸਾਰ ਬਣਦੇ ਲਗਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਹਾਰਾਜੇ ਦਾ ਤਾਜ!*

ਲਿਸ਼ਕ-ਪੁਸ਼ਕ ਸਟੇਜਾਂ 'ਤੇ ਆਣ ਖੜ੍ਹਦੇ, ਨਾਟਕ ਜਿਸ ਤਰ੍ਹਾਂ ਕਰਨ ਫਨਕਾਰ ਚੱਲੇ।
ਖਾਨਾਪੂਰਤੀ ਵਾਲੇ ਐਲਾਨ ਕਰਦੇ, ਧੇਲਾ ਨਹੀਂ ਹੈ ਉਂਜ ਸਰਕਾਰ ਪੱਲੇ।
ਰੀਝ ਸਿੱਖਾਂ ਦੀ ਇਕ ਨਾ ਕਰੇ ਪੂਰੀ, ਨਾਂ ਪੰਥ ਦੇ 'ਕਾਲੀ ਸਰਕਾਰ ਚੱਲੇ।
ਉਤੋਂ ਦੁਸ਼ਮਣੀ, ਅੰਦਰੋਂ ਘਿਓ ਖਿਚੜੀ, ਚਾਲੇ ਜਿਸ ਤਰ੍ਹਾਂ ਕੋਈ ਬਦਕਾਰ ਚੱਲੇ।
ਅੱਗਿਓਂ ਟੱਕਰੇ ਮੁੱਛਾਂ ਨੂੰ ਵੱਟ ਦੇ ਕੇ, ਰੱਬ ਸੱਚਾ ਕੋਈ ਮਰਦ 'ਸਰਦਾਰ' ਘੱਲੇ।
ਮਹਾਰਾਜੇ ਦੇ ਤਾਜ ਕਦ ਸਜੂ ਸਿਰ 'ਤੇ, ਲੋਕੀਂ ਦੇਖਦੇ 'ਦਿੱਲੀ-ਦਰਬਾਰ' ਵੱਲੇ!

## ਪੰਜਾਬ ਦੇ ਖੇਤੀ ਉਤਪਾਦਾਂ ਦੇ ਵਪਾਰ ਦੀਆਂ ਸੰਭਾਵਨਾਵਾਂ

**ਡਾ. ਸ. ਸ. ਛੀਨਾ**



ਖੇਤੀ ਵਸਤੂਆਂ, ਖਾਸ ਕਰਕੇ ਖੁਰਾਕ ਨਾਲ ਸੰਬੰਧਿਤ ਵਸਤੂਆਂ ਦੀ ਮੰਗ ਘੱਟ ਲਚਕਦਾਰ ਹੈ, ਜਿਸ ਦਾ ਅਰਥ ਹੈ ਕਿ ਕੀਮਤ ਬਹੁਤ ਵਧ ਜਾਣ 'ਤੇ ਵੀ ਇਨ੍ਹਾਂ ਵਸਤੂਆਂ ਦੀ ਮੰਗ ਬਹੁਤੀ ਨਹੀਂ ਘਟਦੀ ਅਤੇ ਕੀਮਤਾਂ ਬਹੁਤ ਘੱਟ ਜਾਣ 'ਤੇ ਵੀ ਇਨ੍ਹਾਂ ਵਸਤੂਆਂ ਦੀ ਮੰਗ ਬਹੁਤੀ ਨਹੀਂ ਵਧਦੀ। ਪੰਜਾਬ ਭਾਰਤ ਦਾ ਸਭ ਤੋਂ ਵਿਕਸਤ ਖੇਤੀ ਪ੍ਰਾਂਤ ਹੈ, ਪਰ ਖੇਤੀ ਨਿਰਯਾਤ ਵਿਚ ਇਸ ਦੀ ਭੂਮਿਕਾ ਬਹੁਤ ਹੀ ਨਾਂਮਾਤਰ ਰਹੀ ਹੈ, ਜਿਸ ਕਾਰਨ ਵਿਦੇਸ਼ਾਂ ਵਿਚ ਵਸਤੂਆਂ ਦੀ ਮੰਗ ਦੀ ਕਮੀ ਨਹੀਂ, ਸਗੋਂ ਬਹੁਤੀਆਂ ਹਾਲਤਾਂ ਵਿਚ ਵਸਤੂਆਂ ਦੀ ਪੂਰਤੀ ਦੀ ਕਮੀ ਹੈ, ਜਿਸ ਤਰ੍ਹਾਂ ਕਪਾਹ ਦੀ ਪੂਰਤੀ ਘਟਣ ਕਰਕੇ ਅੱਜ-ਕੱਲ੍ਹ ਇਸ ਦੀ ਨਿਰਯਾਤ ਘਟੀ ਹੈ। ਖੁਰਾਕ ਦੀਆਂ ਅੰਤਰਰਾਸ਼ਟਰੀ ਕੀਮਤਾਂ, ਭਾਰਤ ਦੀਆਂ ਕੀਮਤਾਂ ਤੋਂ ਜ਼ਿਆਦਾ ਹਨ, ਪਰ ਭਾਰਤ ਦੀ ਆਪਣੀ ਖੁਰਾਕ ਸਮੱਸਿਆ, ਇਨ੍ਹਾਂ ਵਸਤੂਆਂ ਦੇ ਨਿਰਯਾਤ ਵਿਚ ਇਕ ਵੱਡੀ ਰੁਕਾਵਟ ਹੈ। ਪੰਜਾਬ ਹੀ ਉਹ ਪ੍ਰਾਂਤ ਹੈ, ਜੋ ਦੇਸ਼ ਦੇ ਕੁੱਲ ਅਨਾਜ ਭੰਡਾਰ ਵਿਚ 60 ਫੀਸਦੀ ਦਾ ਯੋਗਦਾਨ ਪਾਉਂਦਾ ਹੈ ਅਤੇ ਸਿਰਫ ਝੋਨੇ ਅਤੇ ਕਣਕ ਦੀ ਫਸਲ ਅਧੀਨ ਕੁੱਲ ਵਾਹੀਯੋਗ ਖੇਤਰ ਦਾ 70 ਫੀਸਦੀ ਆਉਂਦਾ ਹੈ। ਇਹ ਇਕ ਕਾਰਨ ਬਣਦਾ ਹੈ, ਉਨ੍ਹਾਂ ਹੋਰ ਖੇਤੀ ਵਸਤਾਂ ਲਈ ਕਾਸ਼ਤ ਨਾ ਕਰਨ ਦਾ। ਇਸ ਲਈ ਉਨ੍ਹਾਂ ਨਿਰਯਾਤਯੋਗ ਵਸਤਾਂ ਦੀ ਕਾਸ਼ਤ ਕਰਕੇ ਨਿਰਯਾਤ ਦੇ ਮੌਕਿਆਂ ਦਾ ਲਾਭ ਨਹੀਂ ਲਿਆ ਜਾ ਸਕਿਆ।

ਪੰਜਾਬ ਵਿਚ ਖੁਰਾਕ ਦਾ ਉਤਪਾਦਨ 2.5 ਕਰੋੜ ਮੀਟਰਿਕ ਟਨ ਦੇ ਕਰੀਬ ਹੈ। ਕਣਕ ਅਤੇ ਝੋਨੇ ਦੀ ਪ੍ਰਤੀ ਏਕੜ ਉਪਜ ਨਾ ਸਿਰਫ ਭਾਰਤ ਵਿਚ ਹੀ ਸਭ ਪ੍ਰਾਂਤਾਂ ਤੋਂ ਵਧ ਹੈ, ਸਗੋਂ ਬਹੁਤ ਸਾਰੇ ਵਿਕਸਤ ਦੇਸ਼ਾਂ ਦੀ ਉਪਜ ਤੋਂ ਵੀ ਉਪਰ ਹੈ। ਮੂੰਗਫਲੀ ਵਰਗੀ ਫਸਲ, ਜਿਸ ਨੂੰ ਅੱਜ-ਕੱਲ੍ਹ ਬਹੁਤ ਹੀ ਘੱਟ ਖੇਤਰ 'ਤੇ ਬੀਜਿਆ ਜਾਂਦਾ ਹੈ, ਉਸ ਦੀ ਪ੍ਰਤੀ ਹੈਕਟੇਅਰ ਉਪਜ 865 ਕਿਲੋ ਹੈ। ਸਰ੍ਹੋਂ ਦੇ ਤੇਲਾਂ ਦੇ ਬੀਜ ਅਧੀਨ ਭਾਵੇਂ ਖੇਤਰ ਦਿਨ-ਬ-ਦਿਨ ਘਟ ਰਿਹਾ ਹੈ, ਪਰ ਇਸ ਫਸਲ ਦੀ ਪ੍ਰਤੀ ਹੈਕਟੇਅਰ ਉਪਜ 1119 ਕਿਲੋ, ਸੂਰਜਮੁਖੀ ਦੇ ਬੀਜਾਂ ਦੀ 1639 ਕਿਲੋ, ਆਲੂ 17033 ਕਿਲੋ ਪ੍ਰਤੀ ਹੈਕਟੇਅਰ ਹੈ ਅਤੇ ਇਸ ਤਰ੍ਹਾਂ ਹੀ ਹੋਰ ਫਸਲਾਂ ਦੀ। ਕਿਨੂੰ ਵਰਗੀ ਫਸਲ ਦੀ ਉਪਜ 4 ਲੱਖ ਮੀਟਰਿਕ ਟਨ ਤੋਂ ਉਪਰ ਅਤੇ ਅੰਗੂਰਾਂ ਦੀ 3700 ਮੀਟਰਿਕ ਟਨ ਅਤੇ ਇਸ ਤਰ੍ਹਾਂ ਹੀ ਹੋਰ ਫਲਾਂ ਅਤੇ ਸਬਜ਼ੀਆਂ ਦੀ ਉਪਜ, ਜੋ ਇਹ ਦਰਸਾਉਂਦੀ ਹੈ ਕਿ ਪੰਜਾਬ ਵਿਚ ਖੇਤੀ ਉਪਜ ਨੂੰ ਨਿਰਯਾਤ ਕਰਨ ਦੇ ਬਹੁਤ ਵੱਡੇ ਮੌਕੇ ਹਨ, ਜਿਸ ਲਈ ਵਿਦੇਸ਼ਾਂ ਵਿਚ ਮੰਗ ਦੀ ਕਮੀ ਨਹੀਂ ਹੈ, ਪਰ ਇਨ੍ਹਾਂ ਦੀ ਪੂਰਤੀ ਦੀ ਕਮੀ ਹੋਣ ਦੇ ਕਈ ਕਾਰਨ ਹਨ।

ਅੰਤਰਰਾਸ਼ਟਰੀ ਵਪਾਰ ਤੁਲਨਾਤਮਿਕ ਲਾਗਤਾਂ ਦੇ ਸਿਧਾਂਤ 'ਤੇ ਆਧਾਰਤ ਹੈ, ਜਿਹੜੀ ਚੀਜ਼ ਦੀ ਪੈਦਾਵਾਰ ਵਿਚ ਘੱਟ ਲਾਗਤ ਆਉਂਦੀ ਹੈ, ਉਹ ਪੈਦਾ ਕਰ ਲਈ ਜਾਵੇ ਅਤੇ ਜਿਹੜੀ ਵਸਤੂ ਦੀ ਤੁਲਨਾਤਮਿਕ ਲਾਗਤ ਜ਼ਿਆਦਾ ਆਉਂਦੀ ਹੈ, ਉਸ ਨੂੰ ਬਾਹਰ ਤੋਂ ਆਯਾਤ ਕਰ ਲਿਆ ਜਾਵੇ। ਇਹ ਹਮੇਸ਼ਾ ਹੀ ਖਰੀਦਦਾਰ ਦੇ ਹਿਤ ਵਿਚ ਹੁੰਦਾ ਹੈ ਕਿ ਵਸਤੂਆਂ ਨੂੰ ਯੋਗ ਕੀਮਤਾਂ 'ਤੇ ਲੋੜੀਂਦੀ ਮਾਤਰਾ ਵਿਚ ਖਰੀਦ ਸਕਦਾ ਹੋਵੇ। ਖੇਤੀ ਦੀਆਂ ਵਸਤੂਆਂ ਦੋ ਭਾਗਾਂ ਵਿਚ ਵੰਡੀਆਂ ਜਾਂਦੀਆਂ ਹਨ, ਨਾਸ਼ਵਾਨ ਅਤੇ ਗੈਰ-ਨਾਸ਼ਵਾਨ। ਨਾਸ਼ਵਾਨ ਵਸਤੂਆਂ, ਜਿਨ੍ਹਾਂ ਵਿਚ ਸਬਜ਼ੀਆਂ, ਫਲ, ਦੁੱਧ ਆਦਿ ਆਉਂਦਾ ਹੈ, ਇਨ੍ਹਾਂ ਦੇ ਨਿਰਯਾਤ ਦੇ ਮੌਕੇ, ਗੈਰ-ਨਾਸ਼ਵਾਨ ਵਸਤੂਆਂ ਤੋਂ ਕਿਤੇ ਜ਼ਿਆਦਾ ਹਨ, ਪਰ ਇਨ੍ਹਾਂ ਮੌਕਿਆਂ ਨੂੰ ਸਾਂਭਣਾ ਵਪਾਰੀਆਂ ਅਤੇ ਸਰਕਾਰ ਦੇ ਵੱਸ ਦੀ ਗੱਲ ਹੈ। ਕੋਚੀਨ ਦੀ ਬੰਦਰਗਾਹ ਤੋਂ ਅਤੇ ਹਵਾਈ ਅੱਡੇ ਤੋਂ ਬਹੁਤ ਸਾਰੀਆਂ ਸਬਜ਼ੀਆਂ ਅਤੇ ਫਲ ਨੇੜੇ ਦੇ ਦੇਸ਼ਾਂ ਨੂੰ ਨਿਰਯਾਤ ਕੀਤੇ ਜਾਂਦੇ ਹਨ। ਇੱਥੋਂ ਤੱਕ ਕਿ ਗੰਨੇ ਵੀ ਨਿਰਯਾਤ ਕੀਤੇ ਜਾਂਦੇ ਹਨ।

ਅੰਮ੍ਰਿਤਸਰ ਨੂੰ ਅੰਤਰਰਾਸ਼ਟਰੀ ਅੱਡੇ ਦੇ ਤੌਰ 'ਤੇ ਵਿਕਸਤ ਕੀਤਾ ਗਿਆ ਹੈ ਅਤੇ ਇੱਥੋਂ ਅਰਬ ਦੇਸ਼ਾਂ ਅਤੇ ਯੂਰਪ ਵਲ ਉਡਾਣਾਂ ਜਾਂਦੀਆਂ ਹਨ। ਅਰਬ ਦੇਸ਼ਾਂ ਦੀਆਂ ਮੰਡੀਆਂ ਵਿਚ ਪੰਜਾਬ ਦੀਆਂ ਸਬਜ਼ੀਆਂ ਅਤੇ ਫਲਾਂ ਨੂੰ ਕੁਝ ਕੁ ਘੰਟਿਆਂ ਵਿਚ ਉਨ੍ਹਾਂ ਦੇ ਖਰਾਬ ਹੋਣ ਤੋਂ ਬਹੁਤ ਪਹਿਲਾਂ ਭੇਜਿਆ ਜਾ ਸਕਦਾ ਹੈ। ਬਹੁਤ ਸਾਰੇ ਅਰਬ ਦੇਸ਼ਾਂ ਵਿਚ ਤਾਂ 4 ਘੰਟੇ ਤੱਕ ਹੀ ਇਹ ਵਸਤੂਆਂ ਭੇਜੀਆਂ ਜਾ ਸਕਦੀਆਂ ਹਨ। ਹਵਾਈ ਆਵਾਜਾਈ ਦੀ ਲਾਗਤ ਅਤੇ ਉਥੋਂ ਦੀਆਂ ਹਾਲਤਾਂ ਇਸ ਗੱਲ ਨੂੰ ਨਿਰਧਾਰਤ ਕਰਦੀਆਂ ਹਨ ਕਿ ਇਨ੍ਹਾਂ ਹਾਲਤਾਂ ਦਾ ਲਾਭ ਉਠਾਇਆ ਜਾਵੇ। ਜੇ ਹਵਾਈ ਸਫਰ ਦੇ ਨਿਯਮ ਅਤੇ ਇਨ੍ਹਾਂ ਵਸਤੂਆਂ ਨੂੰ ਸੰਭਾਲ ਕੇ ਰੱਖਣ ਵਿਚ ਕੋਈ ਊਣਤਾਈ ਆਉਂਦੀ ਹੋਵੇ ਤਾਂ ਨਾ ਵਪਾਰੀਆਂ ਦੇ ਹਿਤ ਵਿਚ ਹੈ ਅਤੇ ਨਾ ਹੀ ਦੇਸ਼ ਦੀ ਆਰਥਿਕਤਾ ਦੇ ਹਿਤ ਵਿਚ। ਇਸ ਢੁਆਈ ਨੂੰ ਛੇਤੀ ਤੋਂ ਛੇਤੀ ਕਰਨ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ ਸਰਕਾਰ ਦੀ ਭੂਮਿਕਾ 'ਤੇ ਨਿਰਭਰ ਕਰਦਾ ਹੈ, ਨਾ ਕਿ ਵਪਾਰੀਆਂ 'ਤੇ।

ਕੁਝ ਉਨ੍ਹਾਂ ਖੇਤੀ ਵਸਤੂਆਂ ਦੀ ਪਛਾਣ ਕਰਨ ਦੀ ਲੋੜ ਹੈ, ਜੋ ਭਾਵੇਂ ਨਾਸ਼ਵਾਨ ਹਨ, ਪਰ ਉਨ੍ਹਾਂ ਦੀ ਨੇੜੇ ਦੇ ਦੇਸ਼ਾਂ, ਖਾਸ ਕਰਕੇ ਸਾਰਕ ਅਤੇ ਅਰਬ ਦੇਸ਼ਾਂ ਵਿਚ ਮੰਗ ਹੈ। ਫਿਰ ਉਨ੍ਹਾਂ ਮੰਡੀਆਂ ਦੀ ਪਛਾਣ ਕਰਨ ਦੀ ਵੀ ਲੋੜ ਹੈ, ਜੋ ਹਵਾਈ ਸਫਰ ਨਾਲ ਜੁੜੀਆਂ ਹੋਈਆਂ ਹਨ ਅਤੇ ਉਨ੍ਹਾਂ ਦੇਸ਼ਾਂ ਵਿਚ ਕੁਝ ਕੁ ਘੰਟਿਆਂ ਵਿਚ ਹੀ ਉਹ ਵਸਤਾਂ ਭੇਜੀਆਂ ਜਾ ਸਕਦੀਆਂ ਹਨ। ਇਨ੍ਹਾਂ ਮੰਡੀਆਂ ਵਿਚ ਇਰਾਨ, ਇਰਾਕ, ਲੀਬੀਆ, ਕੁਵੈਤ, ਸਾਉਦੀ ਅਰਬ, ਲਿਬਨਾਨ, ਆਬੂਧਾਬੀ, ਡੁਬਈ ਆਦਿ ਹੋ ਸਕਦੇ ਹਨ। ਡੇਅਰੀ ਵਸਤੂਆਂ ਨੂੰ ਵੀ ਇਨ੍ਹਾਂ ਨਾਸ਼ਵਾਨ ਵਸਤੂਆਂ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਇਹ ਗੱਲ ਸਾਹਮਣੇ ਆਈ ਹੈ ਕਿ ਅਰਬ ਦੇਸ਼ਾਂ ਵਿਚ ਬਹੁਤ ਸਾਰੀਆਂ ਡੇਅਰੀ ਵਸਤੂਆਂ, ਯੂਰਪ ਅਤੇ ਅਮਰੀਕਾ ਦੇ ਦੇਸ਼ਾਂ ਤੋਂ ਆ ਕੇ ਬਹੁਤ ਉਚੀਆਂ ਕੀਮਤਾਂ 'ਤੇ ਵਿਕਦੀਆਂ ਹਨ, ਜਿਸ ਕਾਰਨ ਭਾਰਤ ਦੀਆਂ ਵਸਤੂਆਂ ਮੁਕਾਬਲੇ ਵਿਚ ਆ ਕੇ ਆਸਾਨੀ ਨਾਲ ਉਨ੍ਹਾਂ ਮੰਡੀਆਂ ਵਿਚ ਮੁਕਾਬਲਾ ਕਰ ਸਕਦੀਆਂ ਹਨ।

ਪੰਜਾਬ ਦੇਸ਼ ਤੋਂ ਨਿਰਯਾਤ ਹੋਣ ਵਾਲੀ ਬਾਸਮਤੀ ਵਿਚ 85 ਫੀਸਦੀ ਹਿੱਸਾ ਪਾਉਂਦਾ ਹੈ। 2007 ਵਿਚ ਇਸ ਤਰ੍ਹਾਂ ਦੀ ਸਥਿਤੀ ਬਣ ਗਈ ਸੀ ਕਿ ਪੰਜਾਬ ਦੀ ਬਾਸਮਤੀ ਦੀ ਯੂਰਪ ਅਤੇ ਅਮਰੀਕਾ ਦੇ ਦੇਸ਼ਾਂ ਵਿਚ ਇੰਨੀ ਵੱਡੀ ਮੰਗ ਸੀ ਕਿ ਓਨੀ ਪੂਰਤੀ ਨਹੀਂ ਸੀ। ਇਸ ਕਰਕੇ ਪੰਜਾਬ ਤੋਂ ਬਾਸਮਤੀ ਨਾਲ ਮਿਲਦੀ ਇਕ ਹੋਰ ਫਸਲ ਸ਼ਰਬਤੀ ਅਤੇ ਪੂਸਾ, ਜਿਨ੍ਹਾਂ ਨੂੰ ਆਮ ਚੌਲਾਂ ਵਿਚ ਗਿਣਿਆ ਜਾਂਦਾ ਹੈ, ਉਨ੍ਹਾਂ ਦੀ ਵੀ ਮੰਗ ਕੀਤੀ ਗਈ, ਪਰ ਖੁਰਾਕ ਸਮੱਸਿਆ ਕਰਕੇ, ਪੰਜਾਬ ਤੋਂ ਚੌਲਾਂ ਦਾ ਨਿਰਯਾਤ ਕਰਨ ਦੀ ਮਨਾਹੀ ਹੈ। ਬਾਸਮਤੀ ਨਿਰਯਾਤ ਕਰਨ ਵਾਲੇ ਵਪਾਰੀਆਂ ਨੇ ਉਨ੍ਹਾਂ ਆਮ ਚੌਲਾਂ ਦੀਆਂ ਬਾਸਮਤੀ ਨਾਲ ਮਿਲਦੀਆਂ ਫਸਲਾਂ ਸ਼ਰਬਤੀ, ਪੂਸਾ ਆਦਿ ਨੂੰ ਨਿਰਯਾਤ ਕਰਨ ਦੀ ਮੰਗ ਕੀਤੀ, ਕਿਉਂਕਿ ਜਿੱਥੇ ਇਸ ਦਾ ਵਪਾਰੀਆਂ ਨੂੰ ਲਾਭ ਹੋ ਰਿਹਾ ਸੀ, ਉਥੇ ਆਮ ਕਿਸਾਨਾਂ ਅਤੇ ਕਿਰਤੀਆਂ ਨੂੰ ਵੀ ਇਸ ਨਿਰਯਾਤ ਦੇ ਅਪ੍ਰਤੱਖ ਲਾਭ ਕੀਮਤਾਂ ਅਤੇ ਕਿਰਤ ਦੀਆਂ ਉਜਰਤਾਂ ਵਧਣ ਦੇ ਰੂਪ ਵਿਚ ਮਿਲ ਰਹੇ ਸਨ। ਸਰਕਾਰ ਨੇ ਇਨ੍ਹਾਂ ਲਾਭਾਂ ਨੂੰ ਵੇਖਦੇ ਹੋਇਆਂ, ਇਨ੍ਹਾਂ ਫਸਲਾਂ ਦੇ ਨਿਰਯਾਤ ਦੀ ਇਜਾਜ਼ਤ ਦੇ ਦਿੱਤੀ।

ਸਾਰਕ ਦੇਸ਼ਾਂ ਵਿਚ 160 ਕਰੋੜ ਦੀ ਵਸੋਂ ਰਹਿੰਦੀ ਹੈ ਅਤੇ ਉਸ ਵਿਚੋਂ 60 ਫੀਸਦੀ ਲੋਕ ਗਰੀਬ ਹਨ। ਉਨ੍ਹਾਂ ਦੇ ਖਰਚ ਦਾ 60 ਫੀਸਦੀ ਖਰਚ ਸਿਰਫ ਖੁਰਾਕ 'ਤੇ ਹੀ ਕੀਤਾ ਜਾਂਦਾ ਹੈ, ਭਾਵੇਂ ਕਿ ਇਹ ਸਾਰੇ ਹੀ ਦੇਸ਼ ਖੇਤੀ ਪ੍ਰਧਾਨ ਦੇਸ਼ ਹਨ, ਪਰ ਇਨ੍ਹਾਂ ਨੂੰ ਆਪਣੀਆਂ ਬਹੁਤ ਸਾਰੀਆਂ ਖੇਤੀ ਵਸਤੂਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਿਦੇਸ਼ਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਇਨ੍ਹਾਂ ਅੱਠਾਂ ਦੇਸ਼ਾਂ ਵਿਚਕਾਰ, ਇਨ੍ਹਾਂ ਦੇ ਕੁੱਲ ਅੰਤਰਰਾਸ਼ਟਰੀ ਵਪਾਰ ਦਾ ਸਿਰਫ ਚਾਰ ਫੀਸਦੀ ਵਪਾਰ ਹੀ ਆਪਸ ਵਿਚ ਹੁੰਦਾ ਹੈ, ਜਦੋਂ ਕਿ ਯੂਰਪੀ ਯੂਨੀਅਨ ਦੇ ਦੇਸ਼ਾਂ ਵਿਚ ਆਪਸ ਵਿਚਕਾਰ 60 ਫੀਸਦੀ ਦਾ ਵਪਾਰ ਹੁੰਦਾ ਹੈ, ਭਾਵੇਂਕਿ ਸਾਰਕ ਅਤੇ ਯੂਰਪੀ ਯੂਨੀਅਨ ਸੰਗਠਿਤ ਕਰਨ ਦਾ ਸਭ ਤੋਂ ਵੱਡਾ ਉਦੇਸ਼ ਆਪਸੀ ਵਪਾਰ ਵਧਾਉਣਾ ਹੀ ਹੈ, ਪਰ ਸਾਰਕ ਦੇਸ਼ਾਂ ਵਿਚ ਇਹ ਵਪਾਰ ਨਹੀਂ ਵਧ ਸਕਿਆ। ਇਸ ਦੇ ਕਾਰਨ ਆਰਥਿਕ ਨਹੀਂ, ਬਲਕਿ ਰਾਜਨੀਤਕ ਹਨ। ਪੰਜਾਬ ਨੂੰ ਸਾਰਕ ਦੇਸ਼ਾਂ ਵਿਚ ਵਪਾਰ ਦਾ ਸਭ ਤੋਂ ਜ਼ਿਆਦਾ ਲਾਭ ਹੋ ਸਕਦਾ ਹੈ। ਪੰਜਾਬ ਤੋਂ ਪਾਕਿਸਤਾਨ ਅਤੇ ਅਫਗਾਨਿਸਤਾਨ ਨਾਲ ਸੜਕ ਦੇ ਰਸਤੇ ਵਪਾਰ ਕੀਤਾ ਜਾ ਸਕਦਾ ਹੈ। ਭਾਵੇਂ 2004 ਵਿਚ ਪਾਕਿਸਤਾਨ ਨਾਲ ਇਕ ਸਾਫਟਾ (ਖੁੱਲ੍ਹੇ ਵਪਾਰ ਦਾ ਸਮਝੌਤਾ) ਇਸ ਵਪਾਰ ਨੂੰ ਵਧਾਉਣ ਦੇ ਉਦੇਸ਼ ਨਾਲ ਕੀਤਾ ਗਿਆ ਸੀ, ਪਰ ਇਸ ਦਾ ਕੋਈ ਖਾਸ ਲਾਭ ਨਹੀਂ ਹੋ ਸਕਿਆ। ਨਾ ਸਿਰਫ ਖੁਰਾਕ ਹੀ, ਸਗੋਂ ਕਪਾਹ, ਤੇਲਾਂ ਦੇ ਬੀਜ, ਫਲਾਂ ਅਤੇ ਸਬਜ਼ੀਆਂ ਦੀਆਂ ਤਿਆਰ ਵਸਤੂਆਂ ਨੂੰ ਸ੍ਰੀਲੰਕਾ, ਨੇਪਾਲ, ਬੰਗਲਾ ਦੇਸ਼ ਵਿਚ ਨਿਰਯਾਤ ਕਰਨ ਦੇ ਬਹੁਤ ਵੱਡੇ ਮੌਕੇ ਹਨ, ਜਿਨ੍ਹਾਂ ਲਈ ਅਨੁਕੂਲ ਮਾਹੌਲ ਨਾ ਬਣਨ ਕਰਕੇ, ਪੰਜਾਬ ਤੋਂ ਖੇਤੀ ਵਸਤੂਆਂ ਦੇ ਨਿਰਯਾਤ ਵਿਚ ਰੁਕਾਵਟਾਂ ਆ ਜਾਂਦੀਆਂ ਹਨ।

ਖੇਤੀ ਨੂੰ ਕੁਦਰਤੀ ਕਾਰਨਾਂ 'ਤੇ ਨਿਰਭਰ ਹੋਣ ਕਰਕੇ, ਖੇਤੀ ਉਪਜ ਲੈਣ ਦਾ ਸਮਾਂ ਬਹੁਤ ਸੀਮਤ ਜਿਹਾ ਹੁੰਦਾ ਹੈ। ਇਸ ਲਈ ਇਸ ਥੋੜ੍ਹੇ ਜਿਹੇ ਸਮੇਂ ਵਿਚ ਹੀ ਵਸਤੂਆਂ ਨੂੰ ਤਿਆਰ ਕਰਕੇ ਉਨ੍ਹਾਂ ਦੇ ਮੁੱਲ ਵਿਚ ਵਾਧਾ ਕੀਤਾ ਜਾ ਸਕਦਾ ਹੈ। ਇਨ੍ਹਾਂ ਦੇ ਮੁੱਲ ਵਾਧੇ ਲਈ ਸੀਮਤ ਸਮੇਂ ਵਿਚ ਉਸ ਤਰ੍ਹਾਂ ਦੇ ਆਰਥਿਕ ਢਾਂਚੇ ਨੂੰ ਵਿਕਸਤ ਕਰਨ ਦੀ ਲੋੜ ਹੈ, ਜਿਸ ਵਿਚ ਇਹ ਖੇਤ ਤੋਂ, ਉਸ ਖੇਤੀ ਆਧਾਰਤ ਉਦਯੋਗਿਕ ਇਕਾਈ ਅਤੇ ਬਾਅਦ ਵਿਚ ਹਵਾਈ ਅੱਡੇ ਤੱਕ ਪਹੁੰਚਣ ਲਈ ਘੱਟ ਤੋਂ ਘੱਟ ਸਮਾਂ ਲਵੇ।

ਨਿੱਜੀ ਕੰਪਨੀਆਂ ਕੋਲ ਆਟੇ ਨੂੰ ਬਰੈਂਡ, ਮੈਦਾ, ਸੂਜੀ, ਬਿਸਕੁਟ ਆਦਿ ਸਾਧਾਰਨ ਵਸਤੂਆਂ ਤਿਆਰ ਕਰਨ ਦੇ ਬਹੁਤ ਮੌਕੇ ਹਨ। ਇਸ ਤਰ੍ਹਾਂ ਹੀ ਗੰਨੇ ਤੋਂ ਖੰਡ, ਫਲਾਂ ਤੋਂ ਜੈਮ, ਤਾਜ਼ੀਆਂ ਅਤੇ ਡੱਬੇਬੰਦ ਸਬਜ਼ੀਆਂ ਵਿਚ ਨਿੱਜੀ ਕੰਪਨੀਆਂ ਦੀ ਭੂਮਿਕਾ ਹੋ ਸਕਦੀ ਹੈ, ਪਰ ਪੰਜਾਬ ਵਿਚ ਇਹ ਕੰਪਨੀਆਂ ਉਸ ਉਤਸ਼ਾਹ ਨਾਲ ਕਿਉਂ ਕੰਮ ਨਹੀਂ ਕਰ ਰਹੀਆਂ, ਜਿਸ ਨਾਲ ਉਹ ਕੇਰਲਾ ਅਤੇ ਕਰਨਾਟਕਾ ਵਿਚ ਕਰ ਰਹੀਆਂ ਹਨ। ਨਿਰਯਾਤ ਵਪਾਰ ਲਈ ਨਾ ਸਿਰਫ ਨਿੱਜੀ ਵਪਾਰੀਆਂ ਦੀ ਭੂਮਿਕਾ, ਸਗੋਂ ਸਰਕਾਰ ਵਲੋਂ ਯੋਗ ਢਾਂਚਾ ਅਤੇ ਹਵਾਈ ਢੋਆ-ਢੁਆਈ ਦੇ ਉਹ ਮੁੱਦੇ ਹਨ, ਜੋ ਕੇਂਦਰੀ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਨਾਲ ਸੰਬੰਧਿਤ ਹਨ।

ਅੱਜ-ਕੱਲ੍ਹ ਸਰਕਾਰ ਵਲੋਂ ਖੇਤੀ ਵਿਚ ਵਿਭਿੰਨਤਾ ਪੈਦਾ ਕਰਨ ਲਈ ਯੋਜਨਾ ਕਮਿਸ਼ਨ ਰਾਹੀਂ ਪੰਜਾਬ ਤੋਂ ਹੀ ਇਕ ਹੋਰ ਇਨਕਲਾਬ ਨੂੰ ਸ਼ੁਰੂ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਖੇਤੀ ਵਿਭਿੰਨਤਾ ਵਿਚ ਉਨ੍ਹਾਂ ਖੇਤੀ ਵਸਤੂਆਂ ਨੂੰ ਪਛਾਣ ਕੇ ਉਤਪਾਦਨ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ, ਜਿਨ੍ਹਾਂ ਲਈ ਨਿਰਯਾਤ ਦੇ ਸਾਰਕ ਅਤੇ ਅਰਬ ਦੇਸ਼ਾਂ ਵਿਚ ਮੌਕੇ ਹਨ, ਜਿੱਥੇ ਇਹ ਵਸਤੂਆਂ ਕੁਝ ਹੀ ਘੰਟਿਆਂ ਵਿਚ ਭੇਜੀਆਂ ਜਾ ਸਕਦੀਆਂ ਹਨ। ਪੰਜਾਬ ਸਰਕਾਰ ਵਲੋਂ ਖੇਤੀ ਵਸਤੂਆਂ ਦੇ ਨਿਰਯਾਤ ਲਈ 'ਐਗਰੀ ਐਕਸਪੋਰਟ ਕਾਰਪੋਰੇਸ਼ਨ' ਦੀ ਸਥਾਪਨਾ ਕੀਤੀ ਗਈ ਹੈ, ਜਿਸ ਦਾ ਮੁੱਖ ਉਦੇਸ਼ ਹੀ ਖੇਤੀ ਨਿਰਯਾਤ ਵਧਾਉਣਾ ਹੈ, ਪਰ ਪਿਛਲੇ ਸਮੇਂ ਵਿਚ ਇਸ ਦੀ ਭੂਮਿਕਾ ਨਿਰਾਸ਼ਾਜਨਕ ਰਹੀ ਹੈ। ਮੌਜੂਦਾ ਫਸਲੀ ਚੱਕਰ, ਜਿਸ ਵਿਚ ਕਣਕ, ਝੋਨਾ ਹੀ ਮੁੱਖ ਫਸਲਾਂ ਹਨ, ਉਸ ਨੂੰ ਬਦਲ ਕੇ ਨਿਰਯਾਤਯੋਗ ਫਸਲਾਂ ਦੀ ਬਿਜਾਈ ਕਰਨ ਦੇ ਨਾਲ-ਨਾਲ ਆਰਥਿਕ ਢਾਂਚੇ ਦੀ ਤਬਦੀਲੀ ਕਰਨ ਲਈ ਸਿਰਫ ਕਿਸਾਨਾਂ 'ਤੇ ਹੀ ਨਿਰਭਰ ਨਹੀਂ ਕੀਤਾ ਜਾ ਸਕਦਾ। ਇਸ ਲਈ ਸਰਕਾਰ ਦੀ ਅਗਵਾਈ ਬਹੁਤ ਜ਼ਰੂਰੀ ਹੈ, ਜਿਸ ਦੇ ਜ਼ਿੰਮੇ ਸਭ ਤੋਂ ਵੱਡਾ ਕੰਮ ਹੈ, ਯੋਗ ਆਰਥਿਕ ਢਾਂਚਾ ਪੈਦਾ ਕਰਨਾ ਅਤੇ ਹਵਾਈ ਢੁਆਈ ਨੂੰ ਖਾਸ ਤੌਰ 'ਤੇ ਨਿਰਯਾਤ ਦੇ ਮੌਕਿਆਂ ਦਾ ਲਾਭ ਲੈਣ ਲਈ ਢੁਕਵਾਂ ਬਣਾਉਣਾ।

# '84 ਦੇ ਦੋਸ਼ੀਆਂ ਨੂੰ ਫਾਹੇ ਲਾ ਕੇ ਹੀ ਸਿੱਖਾਂ ਦਾ ਮਨ ਜਿੱਤਿਆ ਜਾ ਸਕਦੈ-ਨਈਅਰ

*ਹਿੰਦੋਸਤਾਨ ਦੇ ਪੱਤਰਕਾਰੀ ਖੇਤਰ ਵਿਚ ਇਕ ਸਤਿਕਾਰਯੋਗ ਥਾਂ ਰੱਖਣ ਵਾਲੇ ਪੱਤਰਕਾਰ ਕੁਲਦੀਪ ਨਈਅਰ ਬਾਰੇ ਪੰਜਾਬੀਆਂ ਦੇ ਮਨਾਂ 'ਚ ਵੀ ਹਮੇਸ਼ਾ ਡੂੰਘਾ ਅਦਬ ਇਸ ਕਰਕੇ ਰਿਹਾ ਹੈ ਕਿ ਉਨ੍ਹਾਂ ਨੇ ਪੰਜਾਬ ਦੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਅਤੇ ਡੂੰਘਾਈ 'ਚ ਜਾ ਕੇ ਵਧੀਆ ਢੰਗ ਨਾਲ ਪੇਸ਼ ਕਰਨ ਦਾ ਸਫਲ ਯਤਨ ਕੀਤਾ ਹੈ-ਗੱਲ ਚਾਹੇ ਭਾਰਤ-ਪਾਕਿ ਸੰਬੰਧਾਂ ਦੀ ਹੋਵੇ, ਬਲੂ ਸਟਾਰ ਅਪਰੇਸ਼ਨ ਜਾਂ '84 ਦੇ ਸਿੱਖ ਕਤਲੇਆਮ ਦੀ। ਕਰੀਬ 85 ਵਰ੍ਹਿਆਂ ਦੀ ਉਮਰ ਵਿਚ ਵੀ ਉਹ ਪੱਤਰਕਾਰੀ ਨਾਲ ਗਹਿਗੱਚ ਹਨ। ਖਬਰ ਏਜੰਸੀ ਪ੍ਰੈਸ ਟਰੱਸਟ ਆਫ ਇੰਡੀਆ (ਪੀ.ਟੀ.ਆਈ.), ਬਰਤਾਨੀਆ ਵਿਚ ਭਾਰਤੀ ਹਾਈ ਕਮਿਸ਼ਨਰ ਅਤੇ ਅਨੇਕਾਂ ਹੋਰ ਅਹਿਮ ਅਹੁਦਿਆਂ 'ਤੇ ਕੰਮ ਕਰ ਚੁਕੇ ਸ੍ਰੀ ਨਈਅਰ ਦੀ ਸ਼ਖਸੀਅਤ ਤੋਂ ਹਰ ਪੰਜਾਬੀ ਵਾਕਿਫ ਹੈ। ਪੇਸ਼ ਹਨ ਸਾਡੇ ਕਾਲਮਨਵੀਸ ਐਸ. ਅਸ਼ੋਕ ਭੌਰਾ ਵਲੋਂ ਹਾਲ ਹੀ 'ਚ ਉਨ੍ਹਾਂ ਦੀ ਅਮਰੀਕਾ ਫੇਰੀ ਦੌਰਾਨ ਕੀਤੀ ਗਈ ਗੱਲਬਾਤ ਦੇ ਅਹਿਮ ਅੰਸ਼। -ਸੰਪਾਦਕ*

---

**? ਨਈਅਰ ਸਾਹਿਬ ਤੁਸੀਂ ਗਦਰ ਮੈਮੋਰੀਅਲ ਫਾਊਂਡੇਸ਼ਨ ਵਲੋਂ ਕਰਵਾਈ ਗਈ ਇਸ ਅਹਿਮ ਕਾਨਫਰੰਸ ਵਿਚ ਹਿੱਸਾ ਲੈਣ ਲਈ ਉਚੇਚੇ ਤੌਰ 'ਤੇ ਪਹੁੰਚੇ ਹੋ। ਕਿਵੇਂ ਮਹਿਸੂਸ ਹੋ ਰਿਹੈ?**

-ਮੈਂ ਆਪਣੇ ਆਪ ਨੂੰ ਬਹੁਤ ਖੁਸ਼ਕਿਸਮਤ ਮਹਿਸੂਸ ਕਰਦਾਂ ਕਿ ਗਦਰੀ ਬਾਬਿਆਂ ਸਬੰਧੀ ਸਮਾਗਮ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ। ਗਦਰੀ ਬਾਬਿਆਂ ਬਾਰੇ ਸੁਣਿਆ ਵੀ ਸੀ ਤੇ ਥੋੜ੍ਹਾ ਪੜ੍ਹਿਆ ਵੀ ਸੀ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਚਲ ਰਹੇ ਸੰਗਰਾਮ ਵਿਚ ਬਾਬਾ ਸੋਹਣ ਸਿੰਘ ਭਕਨਾ ਹੋਰਾਂ ਨੇ ਅਮਰੀਕਾ ਤੋਂ ਜੋ ਲਹਿਰ ਚਲਾਈ, ਉਹਨੇ ਇਸ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ। ਸ. ਕਰਤਾਰ ਸਿੰਘ ਸਰਾਭਾ ਦਾ ਇਸੇ ਲਹਿਰ ਤੋਂ ਪ੍ਰਭਾਵਿਤ ਹੋ ਕੇ ਦੇਸ਼ ਲਈ ਕੁਰਬਾਨ ਹੋ ਜਾਣਾ ਆਜ਼ਾਦੀ ਇਤਿਹਾਸ ਦਾ ਅਹਿਮ ਅਧਿਆਇ ਸੀ। ਜਿਸ ਲਹਿਰ ਦੀ ਸ਼ਤਾਬਦੀ 2013 ਵਿਚ ਅਮਰੀਕਾ 'ਚ ਮਨਾਈ ਜਾ ਰਹੀ ਹੈ, ਉਸ ਦੇ ਅਗਾਊਂ ਯਤਨਾਂ 'ਚ ਮੇਰੀ ਹਾਜ਼ਰੀ, ਮੈਂ ਆਪਣੇ ਧੰਨਭਾਗ ਮੰਨਦਾ ਹਾਂ ਤੇ ਇਹਦੇ ਲਈ ਚਰਨ ਜੱਜ ਤੇ ਕੁਲਦੀਪ ਧਾਲੀਵਾਲ ਦੇ ਉਦਮ ਦੀ ਵੀ ਸ਼ਲਾਘਾ ਕਰਦਾ ਹਾਂ।

**? ਇਸ ਵਾਰ ਦੀ ਕਾਨਫਰੰਸ ਵਿਚ ਜਿਹੜੇ ਕੁਝ ਅਹਿਮ ਮਤੇ ਰੱਖੇ ਗਏ ਹਨ, ਮਸਲਨ ਗਦਰ ਲਹਿਰ ਦੀ ਸ਼ਤਾਬਦੀ ਮੌਕੇ ਡਾਕ ਟਿਕਟ ਜਾਰੀ ਕਰਵਾਉਣਾ, ਗਦਰੀ ਬਾਬਿਆਂ ਦੇ ਪਿੰਡਾਂ ਨੂੰ ਜਾਂਦੇ ਮਾਰਗਾਂ ਦੇ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਣੇ ਅਤੇ ਮੌਲਵੀ ਬਰਕਤ ਉਲ੍ਹਾ ਦੀ ਕਬਰ ਨੂੰ ਕੌਮੀ ਯਾਦਗਾਰ ਬਣਾਉਣਾ, ਇਹ ਮਤੇ ਕੀ ਤੁਸੀਂ ਭਾਰਤ ਸਰਕਾਰ ਦੇ ਧਿਆਨ ਵਿਚ ਲਿਆਉਗੇ?**

-ਇਹ ਤਾਂ ਮੈਂ ਕਹਿ ਨਹੀਂ ਸਕਦਾ ਕਿ ਉਥੇ ਮੇਰੀ ਗੱਲ ਕਿੰਨੀ ਸੁਣੀ ਜਾਵੇਗੀ ਜਾਂ ਮੰਨੀ ਜਾਵੇਗੀ ਪਰ ਇਹ ਜ਼ਰੂਰ ਹੈ ਕਿ ਮੈਂ ਹਰ ਮਤੇ ਦੀ ਭਾਵਨਾ ਸਰਕਾਰ ਤੀਕ ਪਹੁੰਚਦੀ ਜ਼ਰੂਰ ਕਰ ਦਿਆਂਗਾ। ਮੈਂ ਸਪੱਸ਼ਟ ਵੀ ਕਰ ਦਿਆਂ ਕਿ ਹਿੰਦੋਸਤਾਨ ਵਿਚ ਗਦਰੀ ਬਾਬਿਆਂ ਦਾ ਬੜਾ ਘੱਟ ਨਾਮ ਹੈ ਤੇ ਇਥੋਂ ਤੀਕਰ ਕਿ ਕਈਆਂ ਨੂੰ ਸ਼ਾਇਦ ਪਤਾ ਵੀ ਨਾ ਹੋਵੇ, ਹਾਲਾਂ ਕਿ ਉਨ੍ਹਾਂ ਦੀ ਕੁਰਬਾਨੀ ਏਨੀ ਜ਼ਿਆਦਾ ਹੈ ਕਿ ਸਿਰ ਝੁਕਦੈ। ਪੰਜਾਬ 'ਚ ਨ੍ਹੀਂ ਪਤਾ, ਦਿੱਲੀ 'ਚ ਨ੍ਹੀਂ ਪਤਾ, ਮੈਂ ਪਹਿਲਾਂ ਇਹਦੇ ਬਾਰੇ ਸੱਚ ਨੂੰ ਉਥੇ ਖਾਨੇ 'ਚ ਪਾਵਾਂਗਾ। ਗਦਰੀ ਬਾਬਿਆਂ ਬਾਰੇ ਸਕੂਲਾਂ, ਕਾਲਜਾਂ ਦੀਆਂ ਕਿਤਾਬਾਂ ਵਿਚ ਚੈਪਟਰ ਸ਼ਾਮਿਲ ਕਰਨ ਬਾਰੇ ਜਿਹੜੀ ਅਹਿਮ ਗੱਲ ਹੋਈ ਹੈ, ਪਹਿਲਾਂ ਉਸ ਨੂੰ ਅਮਲ ਵਿਚ ਲਿਆਉਣ ਦਾ ਯਤਨ ਕਰਾਂਗਾ। ਦੇਖੋ ਜਿਵੇਂ ਸ਼ਹੀਦ ਭਗਤ ਸਿੰਘ ਹੋਰਾਂ ਨੂੰ ਬੜੇ ਸਤਿਕਾਰ ਨਾਲ ਯਾਦ ਕੀਤਾ ਜਾ ਰਿਹਾ ਹੈ, ਇਵੇਂ ਗਦਰੀ ਬਾਬਿਆਂ ਬਾਰੇ ਵੀ ਹਰ ਕੋਈ ਜਾਣੇ। ਮੈਂ ਅਮਰੀਕਾ 'ਚ ਗਦਰੀ ਬਾਬਿਆਂ ਦੇ ਮੇਲਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਆਪ ਵੀ ਇਤਿਹਾਸ ਤੋਂ ਜਾਣੂ ਹੋਣ ਅਤੇ ਨਵੀਂ ਪੀੜ੍ਹੀ ਨੂੰ ਵੀ ਜਾਗਰੂਕ ਕਰਨ, ਫੇਰ ਹੀ ਸਹੀ ਅਰਥਾਂ ਵਿਚ ਉਨ੍ਹਾਂ ਦੀਆਂ ਯਾਦਾਂ ਸਦੀਵੀ ਤੌਰ 'ਤੇ ਚਲਦੀਆਂ ਰਹਿਣਗੀਆਂ।

**? ਜਿਸ ਕਾਨਫਰੰਸ ਵਿਚ ਤੁਸੀਂ ਭਾਗ ਲੈਣ ਆਏ ਸੀ, ਕੀ ਉਹ ਆਪਣੇ ਮਿੱਥੇ ਗਏ ਮਿਸ਼ਨ ਵਿਚ ਮੁਕੰਮਲ ਸੀ?**

-ਮੈਂ ਇਸਨੂੰ ਬਿਲਕੁਲ ਸਫਲ ਆਖਾਂਗਾ। 2013 ਵਿਚ ਮਨਾਈ ਜਾਣ ਵਾਲੀ ਗਦਰੀ ਬਾਬਿਆਂ ਦੀ ਸ਼ਤਾਬਦੀ ਪ੍ਰਤੀ ਆਮ ਲੋਕਾਂ ਨੂੰ ਜੋੜਨ ਦੀ ਜੋ ਵਿਉਂਤ ਬਣ ਰਹੀ ਹੈ, ਉਹ ਆਪਣੇ ਇਤਿਹਾਸ ਵਲ ਮੂੰਹ ਘੁਮਾਉਣ ਵਾਲੀ ਗੱਲ ਹੈ। ਇਥੇ ਆ ਕੇ ਮੇਰੀ ਵੀ ਜਾਣਕਾਰੀ ਵਿਚ ਬਹੁਤ ਸਾਰੀਆਂ ਗੱਲਾਂ ਨਵੀਆਂ ਸ਼ਾਮਲ ਹੋਈਆਂ ਹਨ। ਅਸੀਂ ਇਕ ਸਥਾਨਕ ਡਾਕਖਾਨੇ ਵਿਚ ਗਏ ਤਾਂ ਸਾਨੂੰ ਇਕ ਰਜਿਸਟਰ ਦੇਖਣ ਦਾ ਮੌਕਾ ਮਿਲਿਆ ਕਿ ਕਿਵੇਂ ਆਜ਼ਾਦੀ ਸੰਗਰਾਮ ਨੂੰ ਸਫਲ ਬਣਾਉਣ ਲਈ ਗਦਰੀ ਬਾਬਿਆਂ ਅਤੇ ਹੋਰ ਲੋਕਾਂ ਨੇ ਦਸ-ਦਸ ਡਾਲਰ ਵੀ ਇੰਡੀਆ ਭੇਜੇ। ਇਸ ਗੱਲ ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਆਪਣੇ ਮੁਲਕ ਨੂੰ ਆਜ਼ਾਦ ਵੇਖਣ ਦੀ ਕਿੰਨੀ ਲਗਨ ਸੀ। ਮੰਨਣਾ ਪਵੇਗਾ ਕਿ ਗਦਰ ਮੈਮੋਰੀਅਲ ਫਾਊਂਡੇਸ਼ਨ ਦਾ ਯਤਨ ਤੇ ਕਾਨਫਰੰਸ ਦਾ ਮਿਸ਼ਨ ਸਫਲ ਸੀ। ਮੈਂ ਪੰਜਾਬ ਸਰਕਾਰ ਤੱਕ ਵੀ ਇਹ ਸੋਚ ਪਹੁੰਚਦੀ ਕਰਾਂਗਾ ਕਿ ਜੇ ਖਾਲਸਾ ਸਥਾਪਨਾ ਦੇ ਤਿੰਨ ਸੌ ਵਰ੍ਹੇ ਮਨਾਏ ਜਾ ਸਕਦੇ ਹਨ ਤਾਂ ਗਦਰ ਲਹਿਰ ਦੀ ਸ਼ਤਾਬਦੀ ਮਨਾਉਣ ਵਿਚ ਸਹਿਯੋਗ ਕਿਉਂ ਨਹੀਂ ਦਿੱਤਾ ਜਾ ਸਕਦਾ? ਮੇਰਾ ਮੰਨਣਾ ਹੈ ਕਿ 2013 ਵਿਚ ਸਰਕਾਰੀ ਨੁਮਾਇੰਦਗੀ ਵੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

**? 1984 ਵਿਚ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜੋ ਹੋਇਆ, ਉਹਨੂੰ ਅਸੀਂ ਸਿੱਖ ਕਤਲੇਆਮ ਕਹਾਂਗੇ। ਏਨੀ ਵੱਡੀ ਗਿਣਤੀ ਵਿਚ ਸਿੱਖ ਤੇ ਪੰਜਾਬੀ ਕਤਲ ਹੋਏ, ਜਿਹਦੇ ਲਈ ਤੁਸੀਂ ਵੀ ਅੱਖ ਭਰੀ ਹੈ। ਸੱਜਣ ਕੁਮਾਰ ਹੋਵੇ, ਚਾਹੇ ਜਗਦੀਸ਼ ਟਾਈਟਲਰ-ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਹੋਈ। ਹਾਲੇ ਤੱਕ ਇਕ ਵੀ ਦੋਸ਼ੀ ਫਾਹੇ ਨਹੀਂ ਲੱਗਾ। ਕੀ ਕਹੋਗੇ ਦੇਸ਼ ਦੀ ਨਿਆਂ ਪ੍ਰਣਾਲੀ ਬਾਰੇ?**

-ਤਿੰਨ ਹਜ਼ਾਰ ਦੇ ਕਰੀਬ ਸਿੱਖਾਂ ਦਾ ਸਿਰਫ ਦਿੱਲੀ ਵਿਚ ਕਤਲ ਹੋਇਆ। ਸਾਰੇ ਜਾਣਦੇ ਸਨ ਕਿ ਉਸ ਵੇਲੇ ਸਰਕਾਰ ਕਾਂਗਰਸ ਦੀ ਸੀ, ਇਹ ਕਤਲ ਕਰਨ ਵਾਲੇ ਲੋਕ ਕੌਣ ਸਨ? ਹਥਿਆਰ ਕਿਥੋਂ ਆਏ? ਪੁਲਿਸ ਤਮਾਸ਼ਬੀਨ ਕਿਉਂ ਬਣੀ? ਸਾਫ ਜ਼ਾਹਿਰ ਹੈ ਕਿ ਇਹਦੇ ਵਿਚ ਸਰਕਾਰ ਦਾ ਹੱਥ ਸੀ। ਰਾਜੀਵ ਗਾਂਧੀ ਗੱਦੀ 'ਤੇ ਬਿਰਾਜਮਾਨ ਹੁੰਦਿਆਂ ਇਹ ਆਖਦਾ ਹੈ ਕਿ 'ਜਦੋਂ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ', ਇਸ ਤੋਂ ਸਾਫ ਜ਼ਾਹਿਰ ਹੈ ਕਿ ਇਨ੍ਹਾਂ ਕਤਲਾਂ ਨੂੰ ਜਾਇਜ਼ ਠਹਿਰਾਉਣ ਦੀ ਤਸਦੀਕ ਕੀਤੀ ਜਾ ਰਹੀ ਹੈ। ਦਰਬਾਰ ਸਾਹਿਬ 'ਚ ਜੋ ਅਪਰੇਸ਼ਨ ਕੀਤਾ ਗਿਆ, ਉਹ ਸਰਾਸਰ ਗ਼ਲਤ ਸੀ। ਉਹਦੇ ਲਈ ਜਿੰਨੀ ਵੀ ਮੁਆਫੀ ਮੰਗੀ ਜਾਵੇ, ਸਿੱਖ ਹਿਰਦਿਆਂ ਨੂੰ ਸ਼ਾਂਤੀ ਨਹੀਂ ਮਿਲੇਗੀ ਕਿਉਂਕਿ ਹਰ ਸਿੱਖ ਦੀਆਂ ਭਾਵਨਾਵਾਂ ਦਰਬਾਰ ਸਾਹਿਬ ਤੇ ਅਕਾਲ ਤਖਤ ਨਾਲ ਜੁੜੀਆਂ ਹੋਈਆਂ ਹਨ। ਜੋ ਪੰਜਾਬ ਦਾ ਕਲਚਰ ਹੈ, ਉਹ ਸਿੱਖ ਕਲਚਰ ਹੈ। ਦਰਬਾਰ ਸਾਹਿਬ ਸਾਰੇ ਪੰਜਾਬੀਆਂ ਦਾ ਸਾਂਝਾ ਹੈ, ਉਹਦੇ ਨਾਲ ਮੈਂ ਤਾਂ ਕਹਾਂਗਾ ਕਿ ਹਰ ਪੰਜਾਬੀ ਦੀ ਸ਼ਰਧਾ ਜੁੜੀ ਹੋਈ ਹੈ। 1984 ਵਿਚ ਅਤਿ ਮਚਾਉਣ ਦੇ ਜਿਹੜੇ ਵੀ ਮੁਜ਼ਰਿਮ ਸਨ, ਉਨ੍ਹਾਂ ਨੂੰ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ। ਦੇਸ਼ ਦਾ ਕਾਨੂੰਨ ਹਰ ਇਕ ਲਈ ਬਰਾਬਰ ਹੈ। ਇਹ ਸਾਰਾ ਕੁਝ ਇਕੱਲੇ ਸਿੱਖਾਂ ਨਾਲ ਨਾ ਆਖੋ ਕਿ ਹੋਇਆ, ਇਹ ਸਭ ਕੁਝ ਮੇਰੇ ਵਤਨ ਦੇ ਲੋਕਾਂ ਨਾਲ ਹੋਇਆ। ਸਿੱਖ ਵੀ ਉਸ ਮੁਲਕ ਦੀਆਂ ਸੱਜੀਆਂ-ਖੱਬੀਆਂ ਬਾਹਾਂ ਦੇ ਹਿੱਸੇ ਨੇ। ਦੇਸ਼ ਦੀ ਆਜ਼ਾਦੀ 'ਚ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਪਿੱਛੇ ਨਹੀਂ ਛੱਡਿਆ ਜਾ ਸਕਦਾ। ਸਵਾਲ ਹੈ ਕਿ ਫਿਰ ਕਿਉਂ ਨਹੀਂ ਸਜ਼ਾਵਾਂ ਹੋ ਰਹੀਆਂ? ਸੱਜਣ ਕੁਮਾਰ ਤੁਰਿਆ ਫਿਰਦੈ, ਟਾਈਟਲਰ ਵੀ, ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤੇ ਉਹ ਵੀ ਸਖ਼ਤ।

**? ਡਾ. ਮਨਮੋਹਨ ਸਿੰਘ ਨੇ ਐਤਕਾਂ ਪ੍ਰਧਾਨ ਮੰਤਰੀ ਬਣਦਿਆਂ ਹੀ ਪਹਿਲਾਂ ਪਾਰਲੀਮੈਂਟ 'ਚ ਤੇ ਹੁਣ ਕੈਨੇਡਾ ਆ ਕੇ ਵੀ '84 ਦੇ ਸਿੱਖ ਘਾਣ ਲਈ ਮੁਆਫੀ ਮੰਗੀ ਹੈ। ਚਲੋ ਇਹ ਉਨ੍ਹਾਂ ਦੀ ਫਰਾਖ-ਦਿਲੀ ਹੈ ਤੇ ਨਾਲ ਹੀ ਉਨ੍ਹਾਂ ਇਹ ਵੀ ਆਖਿਆ ਕਿ ਇਸ ਨੂੰ ਭੁਲਾ ਦੇਣਾ ਚਾਹੀਦੈ। ਪਰ ਏਡੇ ਦੁਖਾਂਤਕ ਘਟਨਾਕ੍ਰਮ ਨੂੰ ਭੁਲਾਉਣਾ ਔਖਾ ਹੈ? ਜੇ ਇਕ ਵੀ ਦੋਸ਼ੀ ਫਾਹੇ ਲੱਗ ਜਾਵੇ ਤਾਂ ਸਿੱਖ ਹਿਰਦੇ ਕੁਝ ਸ਼ਾਂਤ ਜ਼ਰੂਰ ਹੋ ਸਕਦੇ ਨੇ। ਕੀ ਕਹੋਗੇ?**

-ਦੇਖੋ, ਮੈਂ ਪਹਿਲਾਂ ਕਿਹਾ ਹੈ ਕਿ ਦੋਸ਼ੀ ਜਿਹੜਾ ਵੀ ਹੋਵੇ, ਉਹਨੂੰ ਸਜ਼ਾ ਜ਼ਰੂਰ ਮਿਲੇ। ਅਸ਼ੋਕ, ਕੋਈ ਏਨਾ ਕੁਝ ਕਰੇ ਤੇ ਉਹਨੂੰ ਸਜ਼ਾ ਨਾ ਮਿਲੇ ਤਾਂ ਲੋਕ ਸ਼ਾਂਤ ਕਿਵੇਂ ਹੋਣਗੇ? ਰਿਕਾਰਡ ਗੁੰਮ ਹੈ, ਫਾਈਲਾਂ ਨਹੀਂ ਮਿਲਦੀਆਂ, ਇਹ ਕੀ ਹੈ? ਚਲੋ ਮੰਨ ਲੈਂਦੇ ਹਾਂ ਕਿ ਪ੍ਰਧਾਨ ਮੰਤਰੀ ਦੇ ਕਹਿਣ ਅਨੁਸਾਰ ਪਿੱਛਾ ਭੁੱਲ ਕੇ ਅੱਗੇ ਦੇਖਣਾ ਚਾਹੀਦੈ ਪਰ ਲੋਕਾਂ ਦੇ ਦਿਲ ਤਾਂ ਜਿੱਤੋ। ਇਹ ਵਿਸ਼ਵਾਸ ਤਾਂ ਬਹਾਲ ਕਰੋ ਕਿ ਅੱਗੋਂ ਕਦੀ ਨਹੀਂ ਹੋਵੇਗਾ। ਪਹਿਲਾਂ '84 ਵਿਚ ਦਿੱਲੀ ਤੇ ਹੋਰ ਥਾਂਵਾਂ ਉਤੇ ਪੰਜਾਬੀਆਂ ਤੇ ਸਿੱਖਾਂ ਨਾਲ ਹੋਇਆ, ਉਸ ਤੋਂ ਪਿੱਛੋਂ ਜੋ ਗੁਜਰਾਤ 'ਚ ਮੁਸਲਮਾਨਾਂ ਨਾਲ ਹੋਇਆ, ਉਹ ਕੀ ਸੀ? ਇਹ ਵਾਰ-ਵਾਰ ਸਭ ਕੁਝ ਕਿਉਂ ਹੋ ਰਿਹਾ? ਇਹ ਵੀ ਤਾਂ ਵਿਚਾਰਨ ਵਾਲੀ ਗੱਲ ਹੈ। ਜਿਹੜੇ ਉਸ ਵੇਲੇ ਬਿਊਰੋਕਰੈਟ ਸਨ, ਅਫਸਰ ਸਨ ਅਤੇ ਰਾਜਨੀਤਕ ਲੋਕ ਸਨ, ਉਹ ਹਾਲੇ ਹੈਗੇ ਨੇ, ਉਨ੍ਹਾਂ ਨੂੰ ਨੰਗੇ ਤਾਂ ਕਰੋ, ਸਜ਼ਾਵਾਂ ਤਾਂ ਦਿਓ। ਪੰਜਾਬ ਸਰਕਾਰ ਨੂੰ ਵੀ ਤੇ



*ਐਸ. ਅਸ਼ੋਕ ਭੌਰਾ (ਖੱਬੇ) ਸ੍ਰੀ ਕੁਲਦੀਪ ਨਈਅਰ ਨਾਲ ਗੱਲ ਕਰਦੇ ਹੋਏ (ਤਸਵੀਰ: ਸ਼ਿਆਰਾ ਢੀਂਡਸਾ)*

ਕੇਂਦਰ ਸਰਕਾਰ ਨੂੰ ਵੀ ਅਜਿਹਾ ਮਾਹੌਲ ਬਣਾ ਕੇ ਦੇਣਾ ਪਵੇਗਾ ਕਿ ਹਰ ਕੋਈ ਸੁਰੱਖਿਅਤ ਮਹਿਸੂਸ ਕਰਨ ਲੱਗੇ।

**? ਜੋ ਪਹਿਲਾਂ ਦਿੱਲੀ 'ਚ ਹੋਇਆ, ਫਿਰ ਗੁਜਰਾਤ 'ਚ ਹੋਇਆ, ਉਹ ਬਿਲਕੁਲ ਸਮਾਨੰਤਰ ਸੀ। ਜਰਨੈਲ ਸਿਘ ਵਰਗੇ ਪੱਤਰਕਾਰਾਂ ਦਾ ਪੀ. ਚਿੰਦਬਰਮ 'ਤੇ ਜੁੱਤੀਆਂ ਸੁੱਟਣਾ, ਮਾੜਾ ਤਾਂ ਕਹਿ ਸਕਦੇ ਹਾਂ ਪਰ ਇਹਦੇ ਪਿਛਲੀ ਭਾਵਨਾ ਨੂੰ ਸਮਝਿਆ ਕਿਉਂ ਨਹੀਂ ਜਾਂਦਾ? ਟਾਈਟਲਰ ਨੂੰ ਕਦੇ ਕਲੀਨ ਚਿੱਟ ਦੇ ਦੇਣੀ, ਫਿਰ ਕੇਸ ਖੋਲ੍ਹ ਲੈਣਾ, ਕੀ ਹੈ ਇਹ ਤਮਾਸ਼ਾ?**

-ਕਿਸੇ ਹੱਦ ਤੱਕ ਤਾਂ ਮੀਡੀਆ ਦਾ ਰੋਲ ਬਹੁਤ ਚੰਗਾ ਹੈ, ਪਰ ਗੁਜਰਾਤ 'ਚ ਕੁਝ ਨਾ ਹੁੰਦਾ ਜੇ ਮੀਡੀਆ ਉਥੇ ਅਜਿਹੇ ਹਾਲਾਤ ਪੈਦਾ ਕਰਨ ਦੀ ਸਥਿਤੀ ਨਾ ਸਿਰਜਦਾ। ਭੁਪਾਲ ਗੈਸ ਕਾਂਡ ਬਾਰੇ ਮੀਡੀਏ ਦਾ ਰੋਲ ਬੜਾ ਸਲਾਹੁਣਯੋਗ ਹੈ ਪਰ ਕ੍ਰਿਕਟਰਾਂ ਦੇ ਮਾਮਲੇ ਵਿਚ ਮੀਡੀਆ ਉਲਾਰ ਹੋਈ ਜਾ ਰਿਹੈ। ਐਕਟਰਾਂ ਨੂੰ ਤਾਂ ਬੇਲੋੜਾ ਸਲਾਹਿਆ ਜਾਂਦੈ ਪਰ '84 ਬਾਰੇ ਕੋਈ ਫਿਲਮ ਬਾਹਰੋਂ ਜਾ ਕੇ ਤਾਂ ਕੋਈ ਬਣਾਵੇ ਪਰ ਉਥੇ ਬੈਠਾ ਕੋਈ ਇਸ ਦਰਦ ਚੀਸ 'ਤੇ ਅਜਿਹਾ ਕੰਮ ਨਾ ਕਰੇ ਤਾਂ ਅਸੀਂ ਕੀ ਸੋਚੀਏ? ਦੇਸ਼ ਲਈ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਕੋਈ ਮਨਫੀ ਕਰਕੇ ਦੇਖੇ ਤਾਂ ਇਹ ਬਹੁਤ ਵੱਡੀ ਮੂਰਖਤਾ ਮੰਨੀ ਜਾਵੇਗੀ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਸਾਰੇ ਧਰਮਾਂ ਦੇ ਸਤਿਕਾਰ ਦਾ ਸੰਕਲਪ ਸੀ। ਦੇਸ਼ ਦੀ ਆਜ਼ਾਦੀ ਵਿਚ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਸਭ ਨੇ ਯੋਗਦਾਨ ਪਾਇਆ। ਗਾਂਧੀ ਜੀ ਨੇ ਕਿਹਾ ਸੀ ਕਿ ਅਸੀਂ ਇਕ ਹਾਂ ਪਰ ਹੁਣ ਨਫਰਤ ਦਾ ਬੀਜ ਘਟੀਆ ਰਾਜਨੀਤੀ ਲਈ ਕਿਉਂ ਬੀਜਿਆ ਜਾ ਰਿਹਾ ਹੈ?

**? ਨਈਅਰ ਸਾਹਿਬ, ਲਗਦੇ ਹੱਥ ਮੀਡੀਏ ਦੀ ਗੱਲ ਥੋੜ੍ਹੀ ਹੋਰ ਤੋਰ ਲਈਏ ਕਿ ਜੇ ਧੋਨੀ ਦਾ ਵਿਆਹ ਹੋਣ ਲੱਗਾ ਤਾਂ ਇਲੈਕਟ੍ਰਾਨਿਕ ਮੀਡੀਆ ਦੱਸ ਰਿਹੈ 'ਅੱਜ ਦੀ ਸਭ ਤੋਂ ਵੱਡੀ ਖਬਰ।' ਰੋਣਾ ਆ ਰਿਹੈ ਜਿਹੜੀ ਚਟਨੀ ਬਣ ਰਹੀ ਹੈ, ਕ੍ਰਿਕਟ ਦੇ ਗੋਡੇ 'ਤੇ ਖਾਜ ਹੋਵੇ ਤਾਂ ਵੱਡੀ ਖਬਰ ਪਰ ਕਾਮਨਵੈਲਥ ਖੇਡਾਂ ਬਾਰੇ ਵਿਖਾਈ ਜਾਂਦੇ ਨੇ ਬਿਲਡਿੰਗਾਂ ਤਿਆਰ ਨਹੀਂ ਹੋ ਰਹੀਆਂ। ਮਿਲਖਾ ਸਿੰਘ ਨੂੰ ਪੁੱਛੀ ਜਾਂਦੇ ਨੇ ਚਾਰ-ਪੰਜ ਮੈਡਲ ਜਿੱਤਣ ਦੀ ਵੀ ਆਸ ਨਹੀਂ। ਮੀਡੀਆ ਸਾਰਾ ਕ੍ਰਿਕਟ ਦੇ ਚਰਨਾਂ 'ਚ ਡਿੱਗ ਪਿਐ, ਹਾਕੀ ਸਣੇ ਬਾਕੀ ਖੇਡਾਂ ਮੀਡੀਏ ਨੇ ਨਿਗਲ ਲਈਆਂ, ਕੀ ਕਹੋਗੇ?**

-ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ ਕਿ ਮੀਡੀਏ 'ਤੇ ਕਾਰਪੋਰੇਟ ਸੈਕਟਰ ਦਾ ਅਸਰ ਹੈ। ਇਹ ਸੋਚਿਆ ਜਾਂਦਾ ਹੈ ਕਿ ਪੈਸਾ ਕਿੱਥੋਂ ਬਣਦੈ, ਕਿਵੇਂ ਬਣਦੈ। ਸਿਲੈਕਸ਼ਨ ਗ਼ਲਤ ਹੋ ਰਹੀ ਹੈ। ਆਡੀਐਂਸ ਵਧਾਉਣ ਦੇ ਚੱਕਰ ਵਿਚ ਬਹੁਤ ਕੁਝ ਗ਼ਲਤ ਹੋਈ ਜਾ ਰਿਹੈ। ਮੀਡੀਆ ਨੂੰ ਸੋਸ਼ਲ ਆਬਲੀਗੇਸ਼ਨ (ਸਮਾਜਿਕ ਜ਼ਿੰਮੇਵਾਰੀ) ਨਿਭਾਉਣੀ ਚਾਹੀਦੀ ਹੈ ਪਰ ਇੱਥੇ ਤਾਂ ਰੋਜ਼ਾਨਾ ਕਿਸੇ ਕ੍ਰਿਕਟਰ ਜਾਂ ਐਕਟਰ ਨੂੰ ਹੀਰੋ ਬਣਾਉਣ 'ਤੇ ਜ਼ੋਰ ਲੱਗਿਆ ਹੁੰਦਾ ਹੈ।

**? ਸਾਡੇ ਪੰਜਾਬੀ ਸੁਭਾਅ 'ਚ ਹਾਲੇ ਵੀ ਮੁਕਲਾਵੇ ਆਈ ਨਵੀਂ ਬਹੂ ਦਾ ਘੁੰਡ ਚੁੱਕਣ ਲਈ ਦਸ-ਵੀਹ ਰੁਪਏ ਦਿੱਤੇ ਜਾਂਦੇ ਹਨ, ਮੂੰਹ ਦਿਖਾਈ। ਮੀਡੀਆ ਵੀ ਵਿਕਾਊ ਨਹੀਂ ਬਣ ਰਿਹਾ ਕਈ ਥਾਂ?**

-ਇਹ ਗੱਲ ਬਿਲਕੁੱਲ ਦਰੁਸਤ ਹੈ, ਖਾਸ ਤੌਰ 'ਤੇ ਇਲੈਕਟ੍ਰਾਨਿਕ ਮੀਡੀਆ ਦੇ ਮਾਮਲੇ ਵਿਚ। ਚੋਣਾਂ ਵੇਲੇ ਕੀ ਹੁੰਦੈ, ਸਭ ਜਾਣਦੇ ਨੇ। ਟੀ.ਵੀ. ਦੇ ਮਾਧਿਅਮ ਦਾ ਸਿੱਧਾ ਅਤੇ ਬਹੁਤ ਛੇਤੀ ਅਸਰ ਹੁੰਦਾ ਹੈ। ਐਂਕਰ ਐਦਾਂ ਬੈਠ ਜਾਂਦੇ ਨੇ, ਜਿਵੇਂ ਉਨ੍ਹਾਂ ਹੱਥ ਸਭ ਕੁਝ ਲੱਗ ਗਿਆ ਹੋਵੇ। ਉਨ੍ਹਾਂ ਵਿਚ ਵਿਸ਼ੇ ਬਾਰੇ ਨਾ ਗੰਭੀਰਤਾ ਹੈ, ਨਾ ਉਨ੍ਹਾਂ ਨੂੰ ਜਾਨਣ ਦੀ ਲੋੜ ਮਹਿਸੂਸ ਹੁੰਦੀ ਹੈ। ਅਫਗਾਨਿਸਤਾਨ ਸਾਡੇ ਲਈ ਸਮੱਸਿਆ ਸਮਝਣ ਤੇ ਸਮਝਾਉਣ ਦਾ ਇਕ ਭਖਵਾਂ ਮੁੱਦਾ ਹੈ ਪਰ ਮੀਡੀਆ ਇਹਦੀ ਡੂੰਘਾਈ ਵਿਚ ਨਹੀਂ ਜਾਂਦਾ। ਮੀਡੀਏ ਨਾਲ ਦੂਰ ਦਾ ਵਾਸਤਾ ਵੀ ਨਾ ਰੱਖਣ ਵਾਲੇ ਵੀ ਇਸ ਵਿਚ ਆ ਗਏ ਹਨ।

**? ਅਫਗਾਨਿਸਤਾਨ 'ਚੋਂ ਅਮਰੀਕਾ ਜਾਂ ਨਾਟੋ ਦੀਆਂ ਫੌਜਾਂ ਦੇ ਪਿੱਛੇ ਹਟਣ ਨਾਲ ਕੀ ਏਸ਼ੀਆ ਖਿੱਤੇ 'ਚ ਸ਼ਾਂਤੀ ਪਰਤੇਗੀ ਜਾਂ ਫਿਕਰ ਹੋਰ ਵੀ ਵਧ ਜਾਣਗੇ?**

-ਮੇਰਾ ਜਾਤੀ ਖਿਆਲ ਹੈ ਕਿ ਅਜਿਹਾ ਹੋਣ ਨਾਲ ਤਾਲਿਬਾਨ ਫਿਰ ਹੋਰ ਅੱਗੇ ਵਧਣਗੇ। ਹਿੰਦੋਸਤਾਨ ਇਸ ਖਿੱਤੇ 'ਚ ਸਭ ਤੋਂ ਵੱਡਾ ਮੁਲਕ ਹੈ। ਇਕ ਸਾਊਥ ਏਸ਼ੀਅਨ ਫੋਰਸ ਬਣਾਏ ਜਾਣ ਦੀ ਲੋੜ ਹੈ ਜੋ ਕਿ ਲੜਨ ਦੀ ਬਜਾਇ ਅਤਿਵਾਦ ਖਤਮ ਕਰਨ ਲਈ ਖੇਤਰੀ ਰਾਇ ਸਿਰਜਣ ਲਈ ਆਧਾਰ ਬਣਾਵੇ। ਇਕ ਪਾਕਿਸਤਾਨੀ ਮਾਹਿਰ ਨੇ ਇਕ ਵਾਰ ਮੈਨੂੰ ਕਿਹਾ ਕਿ ਵੇਖ ਕੁਲਦੀਪ, ਜੇ ਤਾਲਿਬਾਨ ਇਸਲਾਮਾਬਾਦ ਤੀਕਰ ਆ ਗਏ ਤਾਂ ਅਸੀਂ ਲੱਖਾਂ ਦੀ ਤਦਾਦ ਵਿਚ ਹਿੰਦੋਸਤਾਨ ਆਵਾਂਗੇ, ਮਾਰ ਲਿਓ ਕਿੰਨੇ ਮਾਰ ਹੁੰਦੇ ਨੇ। ਇਹ ਵੀ ਠੀਕ ਹੈ ਕਿ ਪਾਕਿਸਤਾਨ ਇਹ ਸਮੱਸਿਆ ਸਹੇੜਨ ਲਈ ਆਪ ਜ਼ਿੰਮੇਵਾਰ ਹੈ। ਅਮਰੀਕਾ ਨੇ ਰੂਸ ਨਾਲ ਲੜਨਾ ਸੀ, ਉਹਨੂੰ ਤਾਲਿਬਾਨ ਜ਼ਰੀਏ ਆਪਣੇ ਹੀ ਹਥਿਆਰਾਂ ਨਾਲ ਆਪ ਲੜਨਾ ਪੈ ਗਿਆ। ਹੁਣ ਭੁਗਤਣਾ ਸਾਨੂੰ ਪੈ ਰਿਹਾ ਹੈ। ਅਮਰੀਕਾ ਅੱਜ ਨਹੀਂ ਤਾਂ ਕੱਲ੍ਹ ਚਲੇ ਜਾਊ, ਸਾਨੂੰ ਆਪਣਾ ਘਰ ਸੰਭਾਲਣ ਲਈ ਆਪ ਯਤਨ ਤੇ ਹਿੰਮਤ ਕਰਨੀ ਪਵੇਗੀ।

**? ਨਈਅਰ ਸਾਹਿਬ, ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਆਪਣੇ ਪ੍ਰਧਾਨ ਮੰਤਰੀ ਬਾਰੇ ਅਕਸਰ ਟਿੱਪਣੀ ਕਰਦੇ ਨੇ ਕਿ 'ਜਦੋਂ ਸਿੰਘ ਬੋਲਦੈ ਤਾਂ ਦੁਨੀਆਂ ਸੁਣਦੀ ਹੈ।' ਇਹ ਗੱਲ ਤੁਹਾਡੇ ਮਨ ਨੂੰ ਲੱਗਦੀ ਐ?**

-ਵਾਕਿਆ ਹੀ ਦੁਨੀਆਂ ਸੁਣਦੀ ਐ ਕਿਉਂਕਿ ਇਹ ਸਾਰੀ ਗੱਲ ਇਕਾਨਮੀ 'ਤੇ ਨਿਰਭਰ ਕਰਦੀ ਐ। ਸੰਸਾਰੀਕਰਨ ਹੋਣ ਕਰਕੇ ਫਰੀ ਮਾਰਕਿਟ ਸਾਡੇ ਵੀ ਲੱਗ ਰਹੀ ਹੈ ਤੇ ਇਕਾਨਮੀ ਵੀ ਸੁਧਰ ਰਹੀ ਹੈ, ਇਸ ਦਾ ਸਾਨੂੰ ਥੋੜਾ ਜਿਹਾ ਲਾਭ ਹੋ ਰਿਹਾ ਹੈ ਪਰ ਸਾਨੂੰ ਆਪਣਾ ਕੁਝ ਕਰਨਾ ਪਊ। ਇਸ ਕਾਰਪੋਰੇਟ ਵਰਲਡ ਵਿਚ ਅਮੀਰ ਨੂੰ ਵਧ ਲਾਭ ਹੋ ਰਿਹੈ। ਧਿਆਨ ਨਾਲ ਦੇਖੋ ਜੇ ਸੜਕ ਦੇ ਇਕ ਪਾਸੇ ਟ੍ਰੈਫਿਕ ਬੜੀ ਤੇਜ਼ੀ ਨਾਲ ਚਲ ਰਿਹੈ, ਦੂਜੇ ਪਾਸੇ ਰੁਕਿਆ ਪਿਐ ਤਾਂ ਸਾਨੂੰ ਰੁਕੇ ਟ੍ਰੈਫਿਕ ਨੂੰ ਚਲਾਉਣ ਦੀ ਲੋੜ ਹੈ। ਡਾ. ਮਨਮੋਹਨ ਸਿੰਘ ਚੰਗਾ ਕਰ ਰਹੇ ਨੇ ਪਰ ਪੈਸਾ ਹਾਲੇ ਵੀ ਅਮੀਰਾਂ ਕੋਲ ਹੈ। ਸਰਕਾਰੀ ਅੰਕੜੇ ਕਹਿੰਦੇ ਨੇ ਕਿ ਹਿੰਦੋਸਤਾਨ 'ਚ 70 ਫੀਸਦੀ ਲੋਕ ਹਾਲੇ ਵੀ ਭੁੱਖੇ ਨੇ। ਉਥੇ ਲੋਕ ਹਰ ਗੱਲ ਨੂੰ ਰੋਟੀ ਨਾਲ ਤੋਲਦੇ ਨੇ ਪਰ ਸੱਚ ਹੈ ਕਿ ਫਿਰ ਵੀ ਮਨਮੋਹਨ ਸਿੰਘ ਤੇ ਹਿੰਦੋਸਤਾਨ ਦੇ ਸੱਚ ਨੂੰ ਦੁਨੀਆਂ ਸੁਣਦੀ ਹੈ।

**? ਪੰਜਾਬ ਵਿਚ ਜ਼ਿਮੀਦਾਰ ਕਰਜ਼ੇ ਕਰਕੇ ਆਤਮ-ਹੱਤਿਆ ਕਰ ਰਿਹੈ, ਬਿਜਲੀ ਦੀ ਸਮੱਸਿਆ ਹੈ, ਪਾਣੀ ਦੀ ਘਾਟ ਨਾਲ ਦੋ-ਚਾਰ ਹੋਣਾ ਪੈ ਰਿਹੈ, ਯੂਥ ਨਸ਼ਿਆਂ ਵਲ ਜਾ ਰਿਹੈ। ਕੋਈ ਟਿੱਪਣੀ?**

-ਪੰਜਾਬ ਵਿਚ ਉਹੀ ਚੱਕਰ ਚੱਲੀ ਜਾਂਦੈ-ਅਕਾਲੀ ਆਉਂਦੇ ਨੇ, ਕਾਂਗਰਸੀ ਚਲੇ ਜਾਂਦੇ ਨੇ ਤੇ ਫਿਰ ਕਾਂਗਰਸੀ ਆ ਜਾਂਦੇ ਨੇ ਤੇ ਅਕਾਲੀ ਚਲੇ ਜਾਂਦੇ ਨੇ। ਇਹ ਲੋਕਾਂ ਦੇ ਕੰਮ ਨਹੀਂ ਆ ਰਹੇ। ਇਨ੍ਹਾਂ ਲੋਕਾਂ ਨੇ ਚਾਦਰਾਂ ਵਿਛਾਈਆਂ ਹੋਈਆਂ ਨੇ। ਪੰਜਾਬ ਵਿਚ ਪੜ੍ਹਿਆ-ਲਿਖਿਆ ਤਬਕਾ ਹੈ, ਚੰਗੀ ਸੋਚ ਵਾਲੇ ਲੋਕ ਹਨ, ਉਨ੍ਹਾਂ ਨੂੰ ਅੱਗੇ ਆ ਕੇ ਸੋਚਣਾ ਪਵੇਗਾ ਕਿ ਪੰਜਾਬ ਨੂੰ ਬਚਾਉਣਾ ਕਿਵੇਂ ਹੈ। ਸਾਡਾ ਸਿਸਟਮ ਵਿਗੜ ਚੁਕੈ। ਇਹਦੇ 'ਚ ਰਾਜਨੀਤਕ ਲੋਕ ਮਿਲੇ ਨੇ, ਬਿਊਰੋਕਰੇਟ ਮਿਲੇ ਨੇ, ਪੁਲਿਸ ਮਿਲੀ ਹੈ, ਅਫਸਰ ਮਿਲੇ ਨੇ, ਕ੍ਰਿਮੀਨਲ ਲੋਕ ਮਿਲੇ ਹਨ ਤੇ ਪੰਜਾਬੀਆਂ ਨੂੰ ਕੱਠੇ ਹੋ ਕੇ ਕੁਝ ਨਵਾਂ ਕਰਨ ਲਈ ਹੰਭਲਾ ਮਾਰਨਾ ਪਊ, ਤਦ ਬਚੇਗਾ ਪੰਜਾਬ। ਕਿਸਾਨ ਖੁਦਕੁਸ਼ੀ ਕਰ ਰਹੇ ਨੇ ਅਤੇ ਝੋਨੇ ਤੇ ਕਣਕ ਦਾ ਚੱਕਰ ਨਹੀਂ ਮੁੱਕ ਰਿਹਾ, ਇਹਦੇ 'ਚੋਂ ਕਿਸਾਨਾਂ ਨੂੰ ਕੱਢਣਾ ਪਊ। ਡੈਮੋਕਰੇਟਿਕ ਸੋਚ ਰੱਖਦੇ ਹੋ ਤਾਂ ਇਲੈਕਸ਼ਨ ਪ੍ਰਣਾਲੀ ਵਲੋਂ ਸੁਹਿਰਦ ਸਚੇਤ ਤੇ ਚੁਕੰਨੇ ਹੋਵੋਗੇ, ਤਦ ਕੁਝ ਬਣ-ਸਰ ਸਕਦਾ ਹੈ।

**? ਇਥੇ ਵਸਦੇ ਪੰਜਾਬੀਆਂ ਲਈ ਕੁਝ ਕਹੋਗੇ?**

-ਦੋ ਗੱਲਾਂ ਕਰਕੇ ਇਥੇ ਆਇਆ ਸਾਂ-ਇਕ ਤੇ ਇਸ ਕਰਕੇ ਕਿ ਗਦਰੀ ਬਾਬਿਆਂ ਨੂੰ ਨਮਸਕਾਰ ਕਰ ਆਵਾਂ, ਸਿਰ ਨੀਵਾਂ ਕਰ ਆਵਾਂ ਤੇ ਦੂਜੀ ਗੱਲ ਸਿੱਖਾਂ ਨੂੰ ਕਹਿਣ ਕਿ ਹੁਣ ਪਰਤ ਆਵੋ, ਤੁਹਾਡਾ ਆਪਣਾ ਦੇਸ਼ ਹੈ, ਤੁਸੀਂ ਆਪਣੇ ਮੁਲਕ ਲਈ ਅਥਾਹ ਕੁਰਬਾਨੀਆਂ ਕੀਤੀਆਂ ਹਨ, ਇਸ ਸੱਚ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਤੁਸੀਂ ਸਾਡੀ ਜਾਨ ਹੋ ਅਤੇ ਅਸੀਂ ਤੁਹਾਡੇ ਬਿਨਾਂ ਰਹਿ ਨਹੀਂ ਸਕਦੇ।

**? ਸਾਡਾ ਇਕ ਗੀਤ ਹੈ 'ਵਸੇ ਕਸ਼ਮੀਰ ਮੁੱਕੇ ਰੇੜਕਾ ਪਿਸ਼ੌਰ ਦਾ, ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ।' ਤੁਸੀਂ ਹਰ ਸਾਲ ਵਾਹਗਾ ਸਰਹੱਦ 'ਤੇ ਮੋਮਬੱਤੀਆਂ ਬਾਲ ਕੇ ਪਿਆਰ ਦੀ ਲੋਅ ਜਗਾਉਂਦੇ ਹੋ। ਇਹ ਇਕ ਦੂਜੇ ਨੂੰ ਮਿਲਣ ਦੀ ਸਿੱਕ-ਤੜਫਣ ਮੁੱਕੇਗੀ ਕਿਵੇਂ?**

-ਰੱਬ ਕਰੇ ਇਹ ਹੱਦਾਂ-ਸਰਹੱਦਾਂ ਟੁੱਟ ਜਾਣ। ਅਸੀਂ ਇਕ ਦੂਜੇ ਦੇ ਨੇੜੇ ਚਲੇ ਜਾਈਏ। ਦੋਹਾਂ ਪਾਸਿਆਂ ਤੋਂ ਲੋਕ ਗਲ ਬਾਹਾਂ ਪਾਉਣ ਲਈ ਉਤਾਵਲੇ ਹਨ, ਬਸ ਸਰਕਾਰਾਂ ਦੇ ਪੁਆੜੇ ਨਹੀਂ ਸਿਆਪਾ ਮੁੱਕਣ ਦਿੰਦੇ। ਦੇਖੋ, ਯੂਰਪ ਕੱਠਾ ਹੋ ਸਕਦੈ, ਬਰਲਿਨ ਦੀ ਦੀਵਾਰ ਤੋੜ ਕੇ ਜਰਮਨ ਇਕ ਹੋ ਸਕਦੈ ਤਾਂ ਅਸੀਂ ਕਿਉਂ ਨਹੀਂ? ਕਿਉਂ ਅਸੀਂ ਬੰਬ, ਗੋਲੀਆਂ ਚੁੱਕੀ ਫਿਰਦੇ ਆਂ? ਮੈਂ ਤਾਂ ਚਾਹਾਂਗਾ ਕਿ ਸਾਊਥ ਏਸ਼ੀਆ ਖਿੱਤੇ ਦੀ ਇਕ ਸਾਂਝੀ ਮਾਰਕਿਟ ਹੋਵੇ, ਆਪਣੀ ਪਛਾਣ ਹੋਵੇ। ਹਿੰਦੋਸਤਾਨ ਵਿਕਸਤ ਦੇਸ਼ ਹੈ, ਕੁਝ ਟੈਕਸ ਵਧਣਗੇ ਪਰ ਨਫਰਤ ਦੀ ਹੱਦ ਤੋੜ ਕੇ ਅਤੇ ਪਿਆਰ ਦੀ ਗਲਵੱਕੜੀ ਪਾ ਕੇ ਸਰਬੱਤ ਦਾ ਭਲਾ ਹੋ ਜਾਵੇਗਾ।

# ਜਨਰਲ ਕਿਆਨੀ ਤੇ ਪਾਕਿਸਤਾਨ ਦੀ ਸਿਆਸਤ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

22 ਜੁਲਾਈ ਦੀ ਰਾਤ ਦੇ ਪੌਣੇ ਗਿਆਰਾਂ ਵਜੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਈਦ ਯੂਸਫ ਰਜ਼ਾ ਗਿਲਾਨੀ ਅਚਾਨਕ ਟੀ.ਵੀ. 'ਤੇ ਪ੍ਰਗਟ ਹੋਏ ਤੇ ਉਨ੍ਹਾਂ ਢਾਈ-ਤਿੰਨ ਮਿੰਟ ਲਈ ਕੌਮ ਨੂੰ ਸੰਬੋਧਨ ਕੀਤਾ, ਜਿਸ ਵਿਚ ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਫੌਜਾਂ ਦੇ ਮੁਖੀ ਅਸ਼ਫਾਕ ਪ੍ਰਵੇਜ਼ ਕਿਆਨੀ ਦੀਆਂ ਸੇਵਾਵਾਂ 'ਚ ਤਿੰਨ ਸਾਲ ਦਾ ਵਾਧਾ ਕਰ ਦਿੱਤਾ ਗਿਆ ਹੈ। ਜਨਰਲ ਕਿਆਨੀ ਨੇ ਇਸੇ ਸਾਲ ਨਵੰਬਰ 'ਚ ਰਿਟਾਇਰ ਹੋਣਾ ਸੀ ਪਰ ਸਰਕਾਰ ਦੇ ਇਸ ਫੈਸਲੇ ਨਾਲ ਹੁਣ ਉਹ 2013 'ਚ ਰਿਟਾਇਰ ਹੋਣਗੇ। ਜਨਰਲ ਕਿਆਨੀ 1952 'ਚ ਰਾਵਲਪਿੰਡੀ ਕੋਲ ਗੁਜਰਾਂਵਾਲੇ ਦੇ ਇਕ ਗਰੀਬ ਪਰਿਵਾਰ 'ਚ ਜਨਮੇ। ਉਨ੍ਹਾਂ ਦੇ ਅੱਬਾ ਵੀ ਪਾਕਿਸਤਾਨੀ ਫੌਜ 'ਚ ਜੇ.ਸੀ.ਓ. ਸਨ। ਕਿਆਨੀ 1971 'ਚ ਫੌਜ 'ਚ ਭਰਤੀ ਹੋਏ ਤੇ ਫਿਰ ਬਹੁਤ ਤੇਜ਼ੀ ਨਾਲ ਅੱਗੇ ਵਧਦੇ ਗਏ। 2004 'ਚ ਉਹ ਪਾਕਿਸਤਾਨ ਦੀ ਅਤਿ ਮਹੱਤਵਪੂਰਨ ਏਜੰਸੀ ਆਈ ਐਸ ਆਈ ਦੇ ਮੁਖੀ ਬਣੇ। 2007 ਵਿਚ ਜਦ ਮੁਸ਼ੱਰਫ ਨੇ ਵਰਦੀ ਉਤਾਰੀ ਤਾਂ ਜਨਰਲ ਕਿਆਨੀ ਨੂੰ ਆਰਮੀ ਚੀਫ ਬਣਾ ਦਿੱਤਾ ਗਿਆ।



ਪ੍ਰੋ. ਰੋਮਾਣਾ

ਜਨਰਲ ਕਿਆਨੀ ਆਪਣੇ ਤੋਂ ਪਹਿਲੇ ਪਾਕਿ ਜਰਨੈਲਾਂ ਨਾਲੋਂ ਕਈ ਗੱਲਾਂ 'ਚ ਵੱਖਰਾ ਹੈ। ਕੋਈ ਵੀ ਹੋਰ ਜਰਨੈਲ ਕਿਆਨੀ ਜਿੰਨੇ ਗਰੀਬ ਪਰਿਵਾਰ 'ਚੋਂ ਉਠ ਕੇ ਪਾਕਿਸਤਾਨੀ ਫੌਜਾਂ ਦਾ ਜਰਨੈਲ ਨਹੀਂ ਬਣਿਆ। ਪਹਿਲੇ ਸਾਰੇ ਜਰਨੈਲ ਪਹੁੰਚ ਵਾਲੇ ਪਰਿਵਾਰਾਂ ਨਾਲ ਸੰਬੰਧਿਤ ਸਨ। ਕੋਈ ਵੀ ਹੋਰ ਜਰਨੈਲ ਕਿਆਨੀ ਜਿੰਨੀ ਤੇਜ਼ੀ ਨਾਲ ਤਰੱਕੀ ਦੀਆਂ ਪੌੜੀਆਂ ਨਹੀਂ ਚੜ੍ਹਿਆ। ਅੱਜ ਤੱਕ ਕਿਸੇ ਵੀ ਆਈ.ਐਸ.ਆਈ. ਚੀਫ ਨੂੰ ਪਾਕਿ ਫੌਜ ਦਾ ਚੀਫ ਨਹੀਂ ਬਣਾਇਆ ਗਿਆ। ਸਿਰਫ ਜਨਰਲ ਜ਼ਿਆ-ਉਲ-ਹੱਕ ਨੂੰ ਥੋੜ੍ਹੀ ਜਿਹੀ ਐਕਸਟੈਨਸ਼ਨ ਮਿਲੀ ਸੀ ਪਰ ਤਿੰਨ ਸਾਲ ਤਾਂ ਕਿਸੇ ਨੂੰ ਵੀ ਨਹੀਂ। ਪਾਕਿਸਤਾਨ ਦਾ ਕੋਈ ਹੋਰ ਫੌਜੀ ਮੁਖੀ ਆਮ ਲੋਕਾਂ 'ਚ ਨਾ ਇੰਨਾ ਹਰਮਨ ਪਿਆਰਾ ਰਿਹਾ ਹੈ ਤੇ ਨਾ ਹੀ ਇੰਨਾ ਸ਼ਕਤੀਸ਼ਾਲੀ, ਜਿੰਨਾ ਕਿਆਨੀ।

ਜਨਰਲ ਕਿਆਨੀ ਦੇ ਸੇਵਾ-ਕਾਲ 'ਚ ਕੀਤੇ ਗਏ ਵਾਧੇ ਦੇ ਹਵਾਲੇ ਨਾਲ ਪਾਕਿਸਤਾਨ 'ਚ ਇਸ ਮੁੱਦੇ 'ਤੇ ਤਿੱਖੀ ਬਹਿਸ ਹੋ ਰਹੀ ਹੈ ਕਿ ਕੀ ਇਹ ਵਾਧਾ ਕੀਤਾ ਗਿਆ ਹੈ ਜਾਂ ਕਰਵਾ ਲਿਆ ਗਿਆ ਹੈ ਕਿਉਂਕਿ ਦੋਵਾਂ ਤਰੀਕਿਆਂ 'ਚ ਜ਼ਮੀਨ ਆਸਮਾਨ ਦਾ ਫਰਕ ਹੈ। ਸਰਕਾਰੀ ਧਿਰ ਦੇ ਬੁਲਾਰੇ ਤੇ ਹਮਾਇਤੀ ਕਹਿ ਰਹੇ ਹਨ ਕਿਉਂਕਿ ਦੇਸ਼ ਅਤਿਵਾਦ ਨਾਲ ਜੂਝਣ ਦੇ ਨਾਲ ਨਾਲ ਅੰਦਰੋਂ-ਬਾਹਰੋਂ ਹੋਰ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਸੋ ਇਸ ਹਾਲਤ 'ਚ ਦੇਸ਼ ਦੀ ਫੌਜ ਦੇ ਮੁਖੀ ਨੂੰ ਬਦਲਣਾ ਠੀਕ ਨਹੀਂ ਸੀ। ਦੂਜਾ, ਜਨਰਲ ਕਿਆਨੀ ਨੇ ਅਤਿਵਾਦ ਖਿਲਾਫ ਬੇਕਿਰਕ ਤੇ ਕਾਮਯਾਬ ਲੜਾਈ ਲੜੀ ਹੈ ਅਤੇ ਲੜ ਰਿਹਾ ਹੈ, ਸੋ ਇਸ ਲੜਾਈ ਨੂੰ ਅੰਜਾਮ ਤੱਕ ਪਹੁੰਚਾਣ ਲਈ ਉਸ ਦੀਆਂ ਸੇਵਾਵਾਂ ਦੀ ਦੇਸ਼ ਨੂੰ ਬਹੁਤ ਜ਼ਰੂਰਤ ਸੀ। ਅਗਲੀ ਗੱਲ ਕਿ ਕਿਆਨੀ ਇਕ ਐਸਾ ਜਰਨੈਲ ਹੈ, ਜੋ ਪਾਕਿਸਤਾਨ ਦੀ ਜਮਹੂਰੀਅਤ ਦਾ ਹਮਾਇਤੀ ਹੈ। ਉਹ ਤਰਕ ਦਿੰਦੇ ਹਨ ਕਿ ਦੇਸ਼ 'ਚ ਜਮਹੂਰੀ ਪ੍ਰਕਿਰਿਆ ਦੇ ਸ਼ੁਰੂ ਹੁੰਦਿਆਂ ਹੀ ਉਸ ਨੇ ਸੈਂਕੜੇ ਫੌਜੀ ਅਫਸਰ ਵਾਪਸ ਬੁਲਾ ਲਏ, ਜਿਨ੍ਹਾਂ ਨੂੰ ਮੁਸ਼ੱਰਫ ਨੇ ਮਹੱਤਵਪੂਰਨ ਸਿਵਲ ਅਹੁਦਿਆਂ 'ਤੇ ਤਾਇਨਾਤ ਕਰ ਰੱਖਿਆ ਸੀ। ਉਸ ਨੇ 2008 ਦੀਆਂ ਆਮ ਚੋਣਾਂ ਬੜੇ ਪਾਰਦਰਸ਼ੀ ਤੇ ਇਮਾਨਦਾਰ ਤਰੀਕੇ ਨਾਲ ਕਰਵਾਈਆਂ। ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਅਨੁਸਾਰ ਕਿਆਨੀ ਇਕ ਗੈਰ-ਸਿਆਸੀ ਜਰਨੈਲ ਹੈ।

ਕਦੇ ਖ਼ਬਰ ਆਉਂਦੀ ਹੈ ਕਿ ਬੇਸ਼ੁਮਾਰ ਜਾਅਲੀ ਡਿਗਰੀਆਂ ਵਾਲੇ ਮੈਂਬਰ ਪਾਰਲੀਮੈਂਟ ਹੋਣ ਕਾਰਨ ਇਹ ਸਰਕਾਰ ਜਾਣ ਵਾਲੀ ਹੈ, ਕਦੇ ਸੁਣਿਆ ਜਾਂਦਾ ਹੈ ਕਿ ਸਰਕਾਰ ਜ਼ਰਦਾਰੀ ਖਿਲਾਫ ਮੁਕੱਦਮਾ ਸ਼ੁਰੂ ਕਰਵਾਉਣ ਤੋਂ ਟਾਲਾ ਵੱਟ ਰਹੀ ਹੈ ਤੇ ਇਸ ਹਵਾਲੇ ਨਾਲ ਸੁਪਰੀਮ ਕੋਰਟ ਆਪਣੇ ਹੁਕਮ ਲਾਗੂ ਕਰਵਾਉਣ ਲਈ ਫੌਜ ਦੀ ਮਦਦ ਲੈ ਸਕਦੀ ਹੈ। ਪਰ ਕਿਆਨੀ ਹੈ ਕਿ ਸਰਕਾਰ ਦੀ ਐਸੀ ਸਥਿਤੀ ਤੋਂ ਲਾਹਾ ਖੱਟਣ ਦੀ ਬਜਾਇ ਸਰਕਾਰ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਸੋ ਇਸ ਧਿਰ ਦਾ ਖਿਆਲ ਹੈ ਕਿ ਸੇਵਾ ਕਾਲ 'ਚ ਇਹ ਵਾਧਾ ਦੇਸ਼ ਦੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਕੀਤਾ ਗਿਆ ਹੈ।

ਪਰ ਲਗਭਗ ਸਾਰਾ ਮੀਡੀਆ ਤੇ ਕਾਫੀ ਜ਼ਿਆਦਾ ਰਿਟਾਇਰ ਹੋ ਚੁੱਕੇ ਫੌਜੀ ਜਰਨੈਲ ਤੇ ਪੁਰਾਣੇ ਸਰਕਾਰੀ ਵਜ਼ੀਰ ਤੇ ਮਸ਼ੀਰ ਇਹ ਸੋਚਦੇ ਹਨ ਕਿ ਕਿਆਨੀ ਦੇ ਸੇਵਾ-ਕਾਲ 'ਚ ਇਹ ਵਾਧਾ ਦੇਸ਼ ਦੇ ਹਿਤਾਂ ਲਈ ਜਾਂ ਕਿਆਨੀ ਦੀਆਂ ਚੰਗੀਆਂ ਸੇਵਾਵਾਂ ਕਰਕੇ ਨਹੀਂ ਕੀਤਾ ਗਿਆ ਸਗੋਂ ਕਿਸੇ ਵੱਡੀ ਮਜਬੂਰੀ ਕਰਕੇ ਤੇ ਆਪਣੀ ਕਮਜ਼ੋਰੀ ਕਰਕੇ ਕੀਤਾ ਗਿਆ ਹੈ। ਸਰਕਾਰ ਖੁਦ ਹਰ ਫਰੰਟ 'ਤੇ ਫੇਲ੍ਹ ਹੈ। ਜੇ ਕਰਾਚੀ 'ਚ ਟਾਰਗੈਟ ਕਿਲਿੰਗ ਹੋ ਰਹੀਆਂ ਹਨ ਤਾਂ ਬਾਕੀ ਥਾਵਾਂ 'ਤੇ ਤਾਲਿਬਾਨ ਲਾਸ਼ਾਂ ਦੇ ਢੇਰ ਲਗਾ ਰਹੇ ਹਨ। ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ ਤੇ ਲਾ-ਕਾਨੂੰਨੀ ਅਮਰ ਵੇਲ ਵਾਂਗ ਵਧ ਰਹੀਆਂ ਹਨ। ਪਾਣੀ, ਬਿਜਲੀ ਲੱਭਿਆਂ ਨਹੀਂ ਲੱਭਦੇ। ਕੀ ਐਸੀ ਸਰਕਾਰ ਦੇ ਮਾਲਕ ਜਨਰਲ ਕਿਆਨੀ ਨੂੰ ਕੋਈ ਹੁਕਮ ਦੇ ਸਕਦੇ ਹਨ ਜਿਸਦਾ ਫੌਜ 'ਤੇ ਪੂਰਾ ਕੰਟਰੋਲ ਹੈ, ਆਈ.ਐਸ.ਆਈ. ਉਸ ਦੇ ਹੱਥ 'ਚ ਹੈ, ਲੋਕਾਂ 'ਚ ਸਰਕਾਰ ਦੀ ਸਾਖ ਜਿੰਨੀ ਮਾੜੀ ਹੈ, ਕਿਆਨੀ ਦਾ ਇਮੇਜ਼ ਉਨਾ ਹੀ ਚੰਗਾ ਹੈ। ਅਮਰੀਕਾ ਗਿਲਾਨੀ ਤੇ ਜ਼ਰਦਾਰੀ ਨਾਲੋਂ ਕਿਆਨੀ 'ਤੇ ਵਧ ਇਤਬਾਰ ਕਰਦਾ ਹੈ। ਚਲੋ ਜੇ ਸਰਕਾਰ ਦੀ ਗੱਲ ਮੰਨ ਵੀ ਲਈ ਜਾਵੇ ਕਿ ਉਸ ਨੇ ਇਹ ਵਾਧਾ ਦੇਸ਼ ਦੀ ਲੋੜ ਕਰਕੇ ਬੜੀ ਖੁਸ਼ੀ-ਖੁਸ਼ੀ ਕੀਤਾ ਹੈ ਤਾਂ ਪਾਕਿਸਤਾਨ ਦਾ ਰੱਖਿਆ ਮੰਤਰੀ ਅਹਿਮਦ ਮੁਖਤਾਰ ਕੁਝ ਹੀ ਹਫਤੇ ਪਹਿਲਾਂ ਇਹ ਬਿਆਨ ਕਿਉਂ ਦਿੰਦਾ ਕਿ ਨਾ ਹੀ ਜਨਰਲ ਕਿਆਨੀ ਨੇ ਕੋਈ ਐਕਸਟੈਨਸ਼ਨ ਮੰਗੀ ਹੈ ਤੇ ਨਾ ਹੀ ਐਸਾ ਕੋਈ ਸਰਕਾਰ ਦਾ ਇਰਾਦਾ ਹੈ ਜਾਂ ਪ੍ਰਧਾਨ ਮੰਤਰੀ ਗਿਲਾਨੀ ਇਕ ਮੁਲਾਕਾਤ ਦੌਰਾਨ ਇਹ ਕਿਉਂ ਕਹਿੰਦਾ ਕਿ ਫੌਜ ਦੇ ਚੀਫ ਨੂੰ ਐਕਸਟੈਨਸ਼ਨ ਦੇਣਾ ਜਾਂ ਨਾ ਦੇਣਾ ਉਕਾ-ਪੁੱਕਾ ਉਸ ਦੇ ਅਧਿਕਾਰ 'ਚ ਹੈ ਤੇ ਸਮਾਂ ਆਉਣ 'ਤੇ ਵੇਖ ਲਵੇਗਾ। ਕੁਝ ਲੋਕ ਇਹ ਸਵਾਲ ਵੀ ਕਰਦੇ ਹਨ ਕਿ ਪ੍ਰਧਾਨ ਮੰਤਰੀ ਗਿਲਾਨੀ ਕੋਲੋਂ ਆਪਣੇ ਦੋ ਮਨਿਸਟਰ ਲਤੀਫ ਖੋਸਾ ਤੇ ਬਾਬਰ ਅਵਾਨ ਤਾਂ ਸੰਭਾਲੇ ਨਹੀਂ ਜਾਂਦੇ, ਜਿਨ੍ਹਾਂ ਨੂੰ ਜ਼ਰਦਾਰੀ ਦੀ ਪੂਰੀ ਹਮਾਇਤ ਹਾਸਲ ਹੈ, ਉਹ ਕਿਆਨੀ ਨੂੰ ਐਕਸਟੈਂਸ਼ਨ ਦੇਣ ਜਾਂ ਨਾ ਦੇਣ ਦੀ ਗੱਲ ਕਿਹੜੇ ਮੂੰਹ ਨਾਲ ਕਰਦਾ ਹੈ?

ਅਰੇ (Ary) ਟੀ.ਵੀ. ਨੈਟਵਰਕ ਦੇ ਪ੍ਰੈਜ਼ੀਡੈਂਟ ਡਾ. ਸ਼ਾਹਿਦ ਮਸੂਦ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਜੇ ਕਿਆਨੀ ਦੇ ਸੇਵਾ-ਕਾਲ 'ਚ ਵਾਧਾ ਸਰਕਾਰ ਦੀ ਲੰਬੀ ਤੇ ਸੋਚੀ-ਸਮਝੀ ਨੀਤੀ ਦਾ ਨਤੀਜਾ ਹੈ ਤਾਂ ਇਸਦੇ ਐਲਾਨ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸੁੱਤਾ ਉਠ ਕੇ, ਰਾਤ ਦੇ ਪੌਣੇ ਗਿਆਰਾਂ ਵਜੇ ਕੌਮ ਨੂੰ ਸੰਬੋਧਨ ਕਰਨ ਦੀ ਕੀ



ਲੋੜ ਪੈ ਗਈ? ਇਸ ਸਬੰਧ 'ਚ ਤਾਂ ਰੁਟੀਨ 'ਚ ਹੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਸਕਦਾ ਸੀ। ਅਗਲੀ ਗੱਲ ਉਹ ਕਹਿੰਦਾ ਹੈ ਕਿ ਗਿਲਾਨੀ ਆਪਣੇ ਪਹਿਰਾਵੇ ਬਾਰੇ ਇੰਨਾ ਚੇਤੰਨ ਹੈ ਕਿ ਉਹ ਕਦੇ ਵੀ ਸੂਟ ਤੇ ਰੰਗ-ਬਰੰਗੀ ਟਾਈ ਤੋਂ ਬਿਨਾਂ ਜਨਤਾ 'ਚ ਨਹੀਂ ਜਾਂਦਾ। ਲੋਕਾਂ ਸਾਹਮਣੇ ਉਹ ਐਨਕ ਨਹੀਂ ਪਹਿਨਦਾ ਸਗੋਂ ਕਨਟੈਕਟ ਲੈਂਜ਼ ਲਾ ਕੇ ਰੱਖਣ ਦਾ ਸ਼ੌਕੀਨ ਬੰਦਾ ਹੈ। ਪਰ ਉਸ ਰਾਤ ਉਹ ਐਨਕ ਲਾ ਕੇ ਤੇ ਕਮੀਜ਼ ਪਜਾਮਾ ਪਹਿਨ ਕੇ ਸਾਰੇ ਪਾਕਿਸਤਾਨ ਨੂੰ ਸੰਬੋਧਨ ਕਰ ਰਿਹਾ ਸੀ। ਉਸਦੇ ਹੱਥ 'ਚ ਚਾਰ ਉਂਗਲਾਂ ਦਾ ਕਾਗਜ਼ ਦਾ ਟੁਕੜਾ ਸੀ, ਜਿਸ 'ਤੇ ਹੱਥ ਨਾਲ ਕੁਝ ਲਾਈਨਾਂ ਲਿਖੀਆਂ ਹੋਈਆਂ ਸਨ ਅਤੇ ਜੋ ਉਸ ਨੇ ਦੋ ਮਿੰਟਾਂ 'ਚ ਪੜ੍ਹ ਦਿੱਤੀਆਂ ਕਿ ਜਨਰਲ ਕਿਆਨੀ ਦੇ ਸੇਵਾ ਕਾਲ 'ਚ ਤਿੰਨ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

ਇਸ ਸੰਬੋਧਨ ਦੇ ਪਹਿਲੇ ਸ਼ਬਦ "ਮੇਰੇ ਅਜ਼ੀਜ਼ ਹਮਵਤਨੋ...।" ਆਮ ਤੌਰ 'ਤੇ ਫੌਜੀ ਜਰਨੈਲਾਂ ਦੇ ਸ਼ਬਦ ਹੁੰਦੇ ਹਨ। ਪਾਕਿਸਤਾਨ ਦੇ ਸੇਵਾਮੁਕਤ ਫੌਜੀ ਜਰਨੈਲਾਂ ਨੇ ਵੀ ਕਿਸੇ ਫੌਜ ਮੁਖੀ ਦੇ ਸੇਵਾ-ਕਾਲ 'ਚ ਤਿੰਨ ਸਾਲ ਦੇ ਵਾਧੇ ਨੂੰ ਬਹੁਤ ਅਸਾਧਾਰਣ ਤੇ ਉਨ੍ਹਾਂ ਜਰਨੈਲਾਂ ਨਾਲ ਧੱਕਾ ਦੱਸਿਆ ਹੈ ਜਿਨ੍ਹਾਂ ਨੂੰ ਇਨ੍ਹਾਂ ਤਿੰਨ ਸਾਲਾਂ 'ਚ ਫੌਜ ਦਾ ਮੁਖੀ ਬਣਨ ਦਾ ਮੌਕਾ ਮਿਲ ਸਕਦਾ ਸੀ। ਅਗਲੇ ਹੀ ਦਿਨ ਅਮਰੀਕਾ ਨੇ ਪਾਕਿਸਤਾਨ 'ਚ ਆਪਣੀ ਸਫੀਰ ਐਨੀ ਪੈਟਰਸਨ ਦੀ ਮਿਆਦ 'ਚ ਹੋਰ ਵਾਧਾ ਕਰ ਦਿੱਤਾ। ਉਹ ਵੀ ਲਗਪਗ ਤਿੰਨ ਸਾਲ ਹੋਰ ਪਾਕਿਸਤਾਨ 'ਚ ਟਿਕੇਗੀ ਪਰ ਨਾਲ ਹੀ ਅਮਰੀਕਾ ਨੇ ਕਿਹਾ ਹੈ ਕਿ ਕਿਆਨੀ ਦੀ ਐਕਸਟੈਨਸ਼ਨ ਪਾਕਿਸਤਾਨ ਦਾ ਅੰਦਰੂਨੀ ਮਾਮਲਾ ਹੈ ਅਤੇ ਅਮਰੀਕਾ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਜਨਰਲ ਕਿਆਨੀ ਦੇ ਸੇਵਾਕਾਲ ਵਿਚ ਵਾਧੇ ਤੋਂ ਬਾਅਦ, ਅਗਲੇ ਦੋ ਦਿਨਾਂ 'ਚ ਪ੍ਰਧਾਨ ਮੰਤਰੀ ਤੇ ਉਸਦੇ ਦਫਤਰ ਵਲੋਂ ਆਏ ਬਿਆਨਾਂ ਨੇ ਇਸ ਫੈਸਲੇ ਨੂੰ ਹੋਰ ਸ਼ੱਕੀ ਬਣਾ ਦਿੱਤਾ ਹੈ। ਅਗਲੇ ਦਿਨ ਹੀ ਪ੍ਰਧਾਨ ਮੰਤਰੀ ਗਿਲਾਨੀ ਨੇ ਕਿਹਾ ਕਿ ਜਨਰਲ ਕਿਆਨੀ ਵੀ 2013 ਤੱਕ ਰਹਿਣਗੇ ਤੇ ਸਰਕਾਰ ਦੀ ਮਿਆਦ ਵੀ 2013 'ਚ ਹੀ ਖਤਮ ਹੋਣੀ ਹੈ, ਸੋ ਹੁਣ ਸਰਕਾਰ ਨੂੰ 2013 ਤੱਕ ਕੋਈ ਖਤਰਾ ਨਹੀਂ ਹੈ। ਯਾਨਿ ਕਿ ਜਨਰਲ ਕਿਆਨੀ ਨੂੰ ਐਕਸਟੈਨਸ਼ਨ ਨਾ ਮਿਲਣ ਕਾਰਨ ਖਤਰਾ ਹੋ ਸਕਦਾ ਸੀ। ਪ੍ਰਧਾਨ ਮੰਤਰੀ ਦਾ ਦਫਤਰ ਉਸ ਤੋਂ ਦੋ ਕਦਮ ਅੱਗੇ ਲੰਘ ਗਿਆ ਹੈ। 'ਦਾ ਨਿਊਜ਼' ਅਖਬਾਰ ਦੇ ਪੱਤਰਕਾਰ ਤਾਰਿਕ ਬੱਟ ਅਨੁਸਾਰ ਪ੍ਰਧਾਨ ਮੰਤਰੀ ਦੇ ਦਫਤਰ ਨੇ ਉਸਨੂੰ ਦੱਸਿਆ ਹੈ ਕਿ ਰਾਤ ਦੇ 9.45 'ਤੇ ਜਨਰਲ ਨੂੰ ਐਕਸਟੈਨਸ਼ਨ ਦੇਣ ਦਾ ਫੈਸਲਾ ਲਿਆ ਗਿਆ। ਉਸੇ ਵੇਲੇ ਸੰਬੋਧਨ ਲਿਖ ਲਿਆ ਗਿਆ ਜੋ 10.15 'ਤੇ ਰਿਕਾਰਡ ਕੀਤਾ ਗਿਆ ਤੇ 10.45 'ਤੇ ਨਸ਼ਰ ਕਰ ਦਿੱਤਾ ਗਿਆ। ਜਦੋਂ ਉਸਨੂੰ ਪੁੱਛਿਆ ਗਿਆ ਕਿ ਕੀ ਪ੍ਰੈਜ਼ੀਡੈਂਟ ਜ਼ਰਦਾਰੀ ਨਾਲ ਸਲਾਹ ਹੋਈ ਸੀ ਤਾਂ ਬੁਲਾਰੇ ਨੇ ਦੱਸਿਆ ਕਿ ਜ਼ਰਦਾਰੀ ਸਾਹਿਬ ਨਾਲ ਸਲਾਹ-ਮਸ਼ਵਰਾ ਤਾਂ ਪਹਿਲਾਂ ਹੋਇਆ ਹੀ ਸੀ ਪਰ ਉਨ੍ਹਾਂ ਨੂੰ ਫੋਨ ਤੇ ਸੰਬੋਧਨ ਲਿਖਣ ਤੋਂ ਬਾਅਦ ਅਤੇ ਉਸਨੂੰ ਰਿਕਾਰਡ ਕਰਨ ਤੋਂ ਪਹਿਲਾਂ ਦੱਸ ਦਿੱਤਾ ਗਿਆ ਸੀ ਕਿ ਵਾਧਾ ਕਰ ਦਿੱਤਾ ਗਿਆ ਹੈ। ਉਪਰੋਕਤ ਬਿਆਨ ਅਤੇ ਤੱਥ ਆਉਣ ਵਾਲੇ ਸਮੇਂ 'ਚ ਪਾਕਿਸਤਾਨ ਦੀ ਸਰਕਾਰ ਬਾਰੇ ਕੋਈ ਚੰਗੇ ਸੰਕੇਤ ਨਹੀਂ ਦਿੰਦੇ।

ਜੇ ਜਨਰਲ ਕਿਆਨੀ ਦੀ ਸ਼ਖਸੀਅਤ ਦੀ ਗੱਲ ਕਰੀਏ ਤਾਂ ਉਹ ਜਨਤਕ ਚਮਕ-ਦਮਕ ਤੇ ਛੂੰ-ਛੈਂ ਤੋਂ ਪਰ੍ਹੇ ਰਹਿ ਕੇ ਚੁੱਪ-ਚਾਪ ਆਪਣਾ ਕੰਮ ਕਰਨ 'ਚ ਦਿਲਚਸਪੀ ਰਖਦੇ ਲਗਦੇ ਹਨ। ਪਰ ਇਹ ਧੀਮੀ ਤੇ ਨਰਮ ਬੋਲੀ ਬੋਲਣ ਵਾਲਾ ਜਰਨੈਲ ਬੜੇ ਸਖਤ ਫੈਸਲੇ ਲੈਣ ਤੋਂ ਵੀ ਨਹੀਂ ਝਿਜਕਦਾ ਤੇ ਡਿਪਲੋਮੈਟਕ ਢੰਗ ਤਰੀਕਿਆਂ ਦਾ ਵੀ ਚੰਗਾ ਜਾਣੂ ਹੈ। ਇਹ ਫੌਜੀ ਮੁਹਾਰਤ ਦੇ ਨਾਲ-ਨਾਲ ਸਿਵਲ ਸਰਕਾਰਾਂ ਦੀਆਂ ਖੂਬੀਆਂ ਤੇ ਕਮਜ਼ੋਰੀਆਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੈ। ਇਹ ਸਭ ਕੁਝ ਇਸਦੇ ਲੰਬੇ ਸਿਵਲ ਤੇ ਫੌਜੀ ਤਜਰਬੇ ਦੀ ਦੇਣ ਹੈ। ਇਸ ਜਰਨੈਲ ਨੇ ਬੜੀਆਂ ਮਹੱਤਵਪੂਰਨ ਯੂਨਿਟਾਂ ਦੀ ਕਮਾਨ ਕੀਤੀ ਹੈ, ਜਿਨ੍ਹਾਂ 'ਚ ਰਾਵਲਪਿੰਡੀ ਕਾਰਪਸ ਵੀ ਸ਼ਾਮਲ ਹੈ ਜਿਸਦੀ ਬ੍ਰਿਗੇਡ ਨੇ ਪਾਕਿਸਤਾਨ 'ਚ ਹੋਏ ਸਾਰੇ ਫੌਜੀ ਰਾਜ ਪਲਟਿਆਂ ਦੀ ਅਗਵਾਈ ਕੀਤੀ ਹੈ। ਕਿਆਨੀ ਕਿਸੇ ਵੇਲੇ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦਾ ਮਿਲਟਰੀ ਅਸਿਸਟੈਂਟ ਰਿਹਾ ਹੈ। ਨਵਾਜ਼ ਸ਼ਰੀਫ ਨਾਲ ਉਸਦੇ ਚੰਗੇ ਸਬੰਧ ਹਨ। ਕੁਝ ਹਫਤੇ ਪਹਿਲਾਂ ਸਾਹਬਾਜ਼ ਸ਼ਰੀਫ ਉਸ ਨਾਲ ਗੁਪਤ ਮੀਟਿੰਗ ਕਰਕੇ ਆਇਆ ਹੈ। ਪ੍ਰਵੇਜ਼ ਮੁਸ਼ੱਰਫ ਨੇ ਸੱਤਾ ਹਥਿਆਈ ਤਾਂ ਪਹਿਲਾਂ 2004 ਵਿਚ ਉਸਨੂੰ ਆਈ ਐਸ ਆਈ ਦਾ ਮੁਖੀ ਬਣਾਇਆ, ਫਿਰ 2007 'ਚ ਫੌਜ ਦਾ ਮੁਖੀ ਬਣਾਇਆ। ਲੰਡਨ ਵਿਚ ਅਮਰੀਕਾ ਤੇ ਇੰਗਲੈਂਡ ਦੀ ਵਿਚੋਲਗੀ ਨਾਲ ਮੁਸ਼ੱਰਫ ਤੇ ਬੇਨਜ਼ੀਰ ਵਿਚ ਹੋਈ ਸਿਆਸੀ ਸੌਦੇਬਾਜ਼ੀ 'ਚ ਕਿਆਨੀ ਮੁੱਖ ਪਾਕਿਸਤਾਨੀ ਖਿਡਾਰੀ ਸੀ ਅਤੇ ਬੇਨਜ਼ੀਰ ਨੇ ਉਥੇ ਹੀ ਕਹਿ ਦਿੱਤਾ ਸੀ ਕਿ ਕਿਆਨੀ ਉਸਦੀ ਫੌਜ ਦਾ ਵੀ ਮੁਖੀ ਹੋਵੇਗਾ। ਸਰਕਾਰ ਦੀਆਂ ਕੁਤਾਹੀਆਂ ਤੇ ਕਮਜ਼ੋਰੀਆਂ ਕਾਰਨ ਜਨਰਲ ਕਿਆਨੀ ਏਨਾ ਸ਼ਕਤੀਸ਼ਾਲੀ ਹੋ ਗਿਆ ਹੈ ਕਿ ਅਮਰੀਕਾ ਤੇ ਇੰਗਲੈਂਡ ਹਰ ਗੰਭੀਰ ਮਸਲਾ ਪਹਿਲਾਂ ਉਸ ਨਾਲ ਹੀ ਵਿਚਾਰਦੇ ਹਨ।

ਦੇਸ਼ ਦੇ ਰਾਜ ਭਾਗ 'ਚ ਜਨਰਲ ਕਿਆਨੀ ਕਿੰਨਾ ਕੁ ਸ਼ਕਤੀਸ਼ਾਲੀ ਹੈ, ਇਸ ਗੱਲ ਦਾ ਅੰਦਾਜ਼ਾ ਪਿਛਲੇ ਸਮੇਂ 'ਚ ਵਾਪਰੀਆਂ ਇਨ੍ਹਾਂ ਕੁਝ ਘਟਨਾਵਾਂ ਤੋਂ ਲਾਇਆ ਜਾ ਸਕਦਾ ਹੈ। ਕੈਰੀ-ਲੂਗਰ ਬਿਲ ਰਾਹੀਂ ਜੋ ਪਾਕਿਸਤਾਨ ਨੂੰ ਸਹਾਇਤਾ ਦਿੱਤੀ ਜਾਣੀ ਸੀ, ਉਸ ਵਿਚ ਫੌਜ ਲਈ ਇਕ ਧੇਲਾ ਵੀ ਨਹੀਂ ਸੀ ਰੱਖਿਆ ਗਿਆ। ਅਮਰੀਕੀ ਤੇ ਪਾਕਿਸਤਾਨੀ ਸਰਕਾਰਾਂ ਸਹਿਮਤ ਹੋ ਗਈਆਂ, ਖਰੜਾ ਤਿਆਰ ਹੋ ਗਿਆ ਪਰ ਜਨਰਲ ਕਿਆਨੀ ਨੇ ਬਿਲ ਨੂੰ ਵੀਟੋ ਕਰ ਦਿੱਤਾ। ਦੋਵੇਂ ਸਰਕਾਰਾਂ ਉਸਦੀ 'ਹਾਂ' ਬਿਨਾਂ ਬਿਲ ਨਹੀਂ ਮਨਜ਼ੂਰ ਕਰ ਸਕੀਆਂ ਸਨ। ਮੁੰਬਈ ਹਮਲਿਆਂ ਤੋਂ ਫੌਰੀ ਬਾਅਦ ਮਾਹੌਲ ਠੀਕ ਕਰਨ ਲਈ ਪਾਕਿਸਤਾਨੀ ਵਫਦ ਭਾਰਤ ਆਉਣਾ ਸੀ, ਜਿਸ ਵਿਚ ਆਈ ਐਸ ਆਈ ਮੁਖੀ ਜਨਰਲ ਪਾਸ਼ਾ ਦਾ ਨਾਂ ਵੀ ਸੀ। ਐਨ ਮੌਕੇ 'ਤੇ ਜਨਰਲ ਕਿਆਨੀ ਨੇ ਜਨਰਲ ਪਾਸ਼ਾ ਨੂੰ ਵਫਦ ਵਿਚ ਭੇਜਣ ਤੋਂ ਇਨਕਾਰ ਕਰ ਦਿੱਤਾ। ਅਮਰੀਕੀ, ਪਾਕਿ ਤੇ ਭਾਰਤ ਸਰਕਾਰਾਂ ਵੇਂਹਦੀਆਂ ਰਹਿ ਗਈਆਂ। ਅਮਰੀਕਾ, ਭਾਰਤ, ਪਾਕਿ ਤੇ ਅਫਗਾਨਿਸਤਾਨ ਦੀਆਂ ਸਰਕਾਰਾਂ ਕਹਿੰਦੀਆਂ ਹਨ ਕਿ ਕੋਈ ਚੰਗਾ ਜਾਂ ਮਾੜਾ ਤਾਲਿਬਾਨ ਨਹੀਂ, ਸਾਰੇ ਅਤਿਵਾਦੀਆਂ ਦਾ ਸਫਾਇਆ ਹੋਣਾ ਚਾਹੀਦਾ ਹੈ, ਚਾਹੇ ਉਹ ਲਸ਼ਕਰੇ ਤੋਇਬਾ ਹੈ, ਚਾਹੇ ਜਮਾਤ-ਏ-ਦਾਵਾ ਤੇ ਚਾਹੇ ਕੋਈ ਹੋਰ। ਪਰ ਜਨਰਲ

## ਵਿਸ਼ਲੇਸ਼ਣ

ਕਿਆਨੀ ਤੇ ਉਸਦੀ ਆਈ ਐਸ ਆਈ ਦੀ ਸਮਝ ਹੈ ਕਿ ਜੋ ਅਤਿਵਾਦੀ ਤਨਜ਼ੀਮਾਂ ਭਾਰਤ ਦੇ ਨੱਕ 'ਚ ਦਮ ਕਰਦੀਆਂ ਹਨ, ਉਹ ਠੀਕ ਹਨ ਅਤੇ ਜੋ ਅਮਰੀਕਾ, ਪਾਕਿਸਤਾਨ ਜਾਂ ਅਫਗਾਨਿਸਤਾਨ ਦਾ ਨੁਕਸਾਨ ਕਰਦੀਆਂ ਹਨ, ਉਨ੍ਹਾਂ ਦਾ ਸਫਾਇਆ ਹੋਣਾ ਚਾਹੀਦਾ ਹੈ। ਉਸ ਦੀ ਪਾਲਿਸੀ 'ਤੇ ਅਮਲ ਹੋ ਰਿਹਾ ਹੈ, ਬਾਕੀ ਗੱਲਾਂ ਕਰੀ ਜਾਂਦੇ ਹਨ। ਪਿਛਲੇ ਦਿਨੀਂ ਭਾਰਤ-ਪਾਕਿ ਵਿਚ ਹੋਣ ਵਾਲੀ ਗੱਲਬਾਤ 'ਚੋਂ ਚੰਗੇ ਨਤੀਜੇ ਕੱਢਣ ਲਈ ਭਾਰਤ, ਪਾਕਿ ਤੇ ਅਮਰੀਕਾ ਦੇ ਮਾਹਰਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ। ਪਹਿਲਾਂ ਦੋਹਾਂ ਦੇਸ਼ਾਂ ਦੇ ਗ੍ਰਹਿ ਮੰਤਰੀ ਮਿਲੇ, ਕੁਝ ਸ਼ੰਕੇ ਨਿਵਾਰਣ ਹੋਏ। ਹੋਰ ਭੁਲੇਖੇ ਦੂਰ ਕਰਨ ਅਤੇ ਗੱਲਬਾਤ ਨੂੰ ਸਿਰੇ ਲਾਉਣ ਲਈ ਦੋਵਾਂ ਦੇਸ਼ਾਂ ਦੇ ਵਿਦੇਸ਼ ਸਕੱਤਰ ਮਿਲੇ। ਇੱਥੋਂ ਤਕ ਸਭ ਕੁਝ ਠੀਕ ਲਗਦਾ ਸੀ। ਭਾਰਤ ਦਾ ਵਿਦੇਸ਼ ਮੰਤਰੀ ਚੰਗੀ ਖ਼ਬਰ ਦੀ ਆਸ ਨਾਲ ਸਕੱਤਰਾਂ, ਮਸ਼ੀਰਾਂ ਤੇ ਪੱਤਰਕਾਰਾਂ ਦਾ ਇਕ ਵੱਡਾ ਲਾਮ-ਲਸ਼ਕਰ ਲੈ ਕੇ ਪਾਕਿਸਤਾਨ ਪਹੁੰਚਿਆ। ਦੋਵਾਂ ਨੇ ਕੁਝ ਗੱਲਬਾਤ ਤੋਂ ਬਾਅਦ ਅਗਲੇ ਦਿਨ ਢਾਈ ਵਜੇ ਸਾਂਝੀ ਪ੍ਰੈਸ ਕਾਨਫਰੰਸ ਕਰਨੀ ਸੀ। ਪਾਕਿਸਤਾਨੀ ਤੇ ਭਾਰਤੀ ਮੀਡੀਏ ਅਨੁਸਾਰ 11 ਵਜੇ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਕੋਈ ਗੁਪਤ ਸੁਨੇਹਾ ਮਿਲਿਆ ਤੇ ਢਾਈ ਵਜੇ ਹੋਣ ਵਾਲੀ ਸਾਂਝੀ ਕਾਨਫਰੰਸ 6 ਵਜੇ ਸ਼ਾਮ ਨੂੰ ਹੋਈ, ਜਿਹੜੀ ਦੂਸ਼ਣਬਾਜ਼ੀ ਤੇ ਤਾਹਨੇ-ਮਿਹਣਿਆਂ 'ਚ ਖਤਮ ਹੋਈ। ਕਾਰਨ ਇਹ ਸੀ ਕਿ ਭਾਰਤ ਦਾ ਸਿੱਧਾ ਦੋਸ਼ ਸੀ ਕਿ ਬੰਬਈ ਹਮਲਿਆਂ ਦੀ ਪੂਰੀ ਅਗਵਾਈ ਆਈ ਐਸ ਆਈ ਨੇ ਕੀਤੀ। ਅਤਿਵਾਦੀਆਂ ਨੂੰ ਹਥਿਆਰ ਤੇ ਸਮੁੰਦਰੀ ਟਰੇਨਿੰਗ ਦੇ ਨਾਲ 25 ਲੱਖ ਦੀ ਇਕ ਕਿਸ਼ਤੀ ਵੀ ਖਰੀਦ ਕੇ ਦਿੱਤੀ। ਇਹ ਸਭ ਇੰਕਸਾਫ ਕੋਲਮੈਨ ਹੈਡਲੀ ਨੇ ਕੀਤੇ ਸਨ। ਏਨਾ ਸ਼ਕਤੀਸ਼ਾਲੀ ਹੈ ਪਾਕਿਸਤਾਨ ਦੀ ਹਕੂਮਤ 'ਚ ਜਨਰਲ ਅਸ਼ਫਾਕ ਪ੍ਰਵੇਜ਼ ਕਿਆਨੀ। ਇਸੇ ਕਰਕੇ ਅਮਰੀਕਾ, ਪਾਕਿਸਤਾਨ ਨਾਲ ਆਪਣੀ ਹਰ ਗੱਲਬਾਤ 'ਚ ਜਨਰਲ ਕਿਆਨੀ ਨੂੰ ਪਾਕਿਸਤਾਨ ਦੇ ਸਿਆਸੀ ਹਾਕਮਾਂ ਨਾਲੋਂ ਵਧ ਮਹੱਤਤਾ ਦਿੰਦਾ ਹੈ, ਜਿਸ ਦੇ ਸੇਵਾ ਕਾਲ 'ਚ ਤਿੰਨ ਸਾਲ ਦਾ ਵਾਧਾ ਕਰਨ ਦੀ ਗੱਲ ਕਰਦਾ ਹੈ ਪ੍ਰਧਾਨ ਮੰਤਰੀ ਗਿਲਾਨੀ। ਇਸ ਸਬੰਧ 'ਚ ਪਾਕਿਸਤਾਨ ਦੇ ਸੀਨੀਅਰ ਪੱਤਰਕਾਰ ਹਰੂਨ ਰਸ਼ੀਦ ਦੀ ਇਹ ਟਿੱਪਣੀ ਬੜਾ ਕੁਝ ਕਹਿੰਦੀ ਹੈ ਕਿ ਜਨਰਲ ਕਿਆਨੀ ਨੂੰ ਇਸ ਸਰਕਾਰ ਦਾ ਤਖਤਾ ਪਲਟਣ ਦੀ ਕੀ ਲੋੜ ਹੈ, ਇਹ ਤਾਂ ਆਪਣੇ ਭਾਰ ਨਾਲ ਪਹਿਲਾਂ ਹੀ ਤਖਤੇ ਹੇਠਾਂ ਆਈ ਹੋਈ ਹੈ। ਅਸਲੀ ਸ਼ਾਸਕ ਤਾਂ ਕਿਆਨੀ ਹੀ ਹੈ।

---

# ਕਸ਼ਮੀਰ ਬਿਨਾਂ ਗੱਲਬਾਤ ਸੰਭਵ ਨਹੀਂ - ਕੁਰੈਸ਼ੀ


**ਲਾਹੌਰ :** ਪਾਕਿਸਤਾਨ ਨੇ ਇਕ ਵਾਰ ਫਿਰ ਕਸ਼ਮੀਰ ਮੁੱਦੇ ਦਾ ਰਾਗ ਅਲਾਪਦਿਆਂ ਕਿਹਾ ਕਿ ਜੇਕਰ ਭਾਰਤ ਇਸ ਮੁੱਦੇ ਨੂੰ ਬਹੁਤੀ ਅਹਿਮੀਅਤ ਨਹੀਂ ਦਿੰਦਾ ਤਾਂ ਦੋਵੇਂ ਦੇਸ਼ਾਂ ਵਿਚਾਲੇ ਗੱਲਬਾਤ ਜਾਰੀ ਰੱਖਣਾ ਸੰਭਵ ਨਹੀਂ ਹੋਵੇਗਾ। ਪਾਕਿ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਜੇਕਰ ਦੋਵੇਂ ਦੇਸ਼ਾਂ ਦਰਮਿਆਨ ਗੱਲਬਾਤ ਜਾਰੀ ਰੱਖਣੀ ਹੈ ਤਾਂ ਭਾਰਤ ਨੂੰ ਕਸ਼ਮੀਰ ਮੁੱਦੇ ਨੂੰ ਇਸ 'ਚ ਸ਼ਾਮਲ ਕਰਨਾ ਹੀ ਹੋਵੇਗਾ।

ਜਨਾਬ ਕੁਰੈਸ਼ੀ ਬੀਤੀ 25 ਜੁਲਾਈ ਨੂੰ ਇੱਥੇ ਹਵਾਈ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਪ੍ਰਸਤਾਵਤ ਪਾਕਿਸਤਾਨ-ਅਫਗਾਨਿਸਤਾਨ ਵਪਾਰ ਸਮਝੌਤੇ ਨੂੰ ਉਨ੍ਹਾਂ ਮਹੱਤਵਪੂਰਨ ਉਪਲਬਧੀ ਦੱਸਿਆ, ਪਰ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਸਮਝੌਤੇ 'ਚ ਕੋਈ ਅਜਿਹੀ ਤਜਵੀਜ਼ ਹੈ, ਜਿਸ ਦੇ ਤਹਿਤ ਭਾਰਤ ਪਾਕਿਸਤਾਨ ਦੇ ਰਸਤੇ ਆਪਣਾ ਸਾਮਾਨ ਅਫ਼ਗਾਨਿਸਤਾਨ ਤੱਕ ਪਹੁੰਚਾ ਸਕੇ। ਵਿਦੇਸ਼ ਮੰਤਰੀ ਨੇ ਅਮਰੀਕੀ ਅਧਿਕਾਰੀਆਂ ਅਤੇ ਆਗੂਆਂ ਦੇ ਇਸ ਬਿਆਨ ਨੂੰ ਵੀ ਰੱਦ ਕਰ ਦਿੱਤਾ ਕਿ ਓਸਾਮਾ ਬਿਨ ਲਾਦੇਨ ਅਤੇ ਮੁੱਲਾ ਉਮਰ ਸਮੇਤ ਅਲਕਾਇਦਾ ਤੇ ਤਾਲਿਬਾਨ ਦੇ ਉਚ ਕੋਟੀ ਦੇ ਆਗੂ ਪਾਕਿਸਤਾਨ 'ਚ ਹਨ। ਜਨਾਬ ਕੁਰੈਸ਼ੀ ਨੇ ਕਿਹਾ ਕਿ ਜੇਕਰ ਕੋਈ ਦਾਅਵਾ ਕਰਦਾ ਹੈ ਕਿ ਲਾਦੇਨ ਅਤੇ ਉਮਰ ਪਾਕਿਸਤਾਨ ਛੁਪੇ ਹਨ ਤਾਂ ਉਸ ਨੂੰ ਇਸ ਗੱਲ ਨੂੰ ਸਾਬਤ ਕਰਨ ਲਈ ਪਾਕਿਸਤਾਨ ਸਰਕਾਰ ਨੂੰ ਠੋਸ ਸਬੂਤ ਉਪਲਬਧ ਕਰਵਾਉਣੇ ਹੋਣਗੇ।

---

# ਚਿਦੰਬਰਮ ਤੇ ਦਿਗਵਿਜੈ 'ਚ ਸ਼ਬਦੀ ਜੰਗ ਭਖੀ


**ਨਵੀਂ ਦਿੱਲੀ :** ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਤੇ ਕਾਂਗਰਸੀ ਆਗੂ ਦਿਗਵਿਜੈ ਸਿੰਘ ਵਿਚਾਲੇ ਸ਼ੁਰੂ ਹੋਈ ਸ਼ਬਦੀ ਜੰਗ ਹੋਰ ਤੇਜ਼ ਹੁੰਦੀ ਜਾ ਰਹੀ ਹੈ। ਚਿਦੰਬਰਮ ਦੀ ਨਕਸਲ ਵਿਰੋਧੀ ਰਣਨੀਤੀ ਨੂੰ ਨਿਸ਼ਾਨਾ ਬਣਾਉਣ ਵਾਲੇ ਦਿਗਵਿਜੈ ਸਿੰਘ ਖ਼ਿਲਾਫ਼ ਬੀਤੀ 22 ਜੁਲਾਈ ਨੂੰ ਟਿੱਪਣੀ ਕਰਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਜੇਕਰ ਕੋਈ ਮੇਰੇ ਤੋਂ ਵਧੀਆ ਕੰਮ ਕਰ ਸਕਦਾ ਹੈ ਤਾਂ ਮੈਨੂੰ ਬੇਹੱਦ ਖੁਸ਼ੀ ਹੋਵੇਗੀ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਦਿਗਵਿਜੈ ਸਿੰਘ ਨੇ ਇਕ ਲੇਖ ਲਿਖ ਕੇ ਜਿੱਥੇ ਚਿਦੰਬਰਮ ਦੀ ਨਕਸਲ ਵਿਰੋਧੀ ਰਣਨੀਤੀ ਦੀ ਆਲੋਚਨਾ ਕੀਤੀ ਸੀ, ਉਥੇ ਉਨ੍ਹਾਂ ਨੂੰ ਇਕ ਕਠੋਰ ਤੇ ਜਿੱਦੀ ਬੁੱਧੀਜੀਵੀ ਦੱਸਿਆ ਸੀ। ਇਸ ਤੋਂ ਇਲਾਵਾ ਬੀਤੇ ਦਿਨੀਂ ਉਨ੍ਹਾਂ ਆਪਣੀ ਇਸ ਗੱਲ 'ਤੇ ਕਾਇਮ ਰਹਿਣ ਦਾ ਦਾਅਵਾ ਵੀ ਕੀਤਾ ਸੀ, ਜਿਸ ਮਗਰੋਂ ਕਾਂਗਰਸ ਹਾਈਕਮਾਂਡ ਨੇ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ।



ਇਸ ਤੋਂ ਹੌਸਲੇ 'ਚ ਆਏ ਸ੍ਰੀ ਚਿਦੰਬਰਮ ਨੇ ਇਹ ਟਿੱਪਣੀ ਕਰਕੇ ਦਿਗਵਿਜੈ ਸਿੰਘ ਨੂੰ ਇਕ ਤਰ੍ਹਾਂ ਨਾਲ ਨਸੀਹਤ ਦੇ ਦਿੱਤੀ ਹੈ। ਸ੍ਰੀ ਚਿਦੰਬਰਮ ਨੇ ਕਿਹਾ ਕਿ ਸੂਬਿਆਂ 'ਚ ਨਕਸਲੀਆਂ ਵਿਰੁਧ ਕੇਂਦਰ ਦੇ ਨਿਰਦੇਸ਼ ਅਨੁਸਾਰ ਕੋਈ ਮੁਹਿੰਮ ਨਹੀਂ ਚਲਾਈ ਜਾ ਰਹੀ, ਸਗੋਂ ਕੇਂਦਰ ਤਾਂ ਉਥੇ ਸੂਬਿਆਂ ਦੀ ਮਦਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸੂਬਿਆਂ ਨੂੰ ਅਰਧ ਸੈਨਿਕ ਦਸਤੇ ਉਪਲਬਧ ਕਰਵਾਉਂਦੇ ਹਾਂ। ਸ੍ਰੀ ਚਿਦੰਬਰਮ ਨੇ ਨਕਸਲੀਆਂ ਵਿਰੁਧ ਅਪਰੇਸ਼ਨ ਗਰੀਨ ਹੰਟ ਨਾਂ ਦੀ ਮੁਹਿੰਮ ਚਲਾਉਣ ਤੋਂ ਇਨਕਾਰ ਕੀਤਾ, ਪਰ ਉਨ੍ਹਾਂ ਨਾਲ ਹੀ ਕਿਹਾ ਕਿ ਨਕਸਲੀ ਦੇਸ਼ ਦੇ ਸਭ ਤੋਂ ਚਲਾਕ ਪੂੰਜੀਪਤੀ ਹਨ ਜੋ ਗ਼ੈਰ ਕਾਨੂੰਨੀ ਕਾਰੋਬਾਰ ਕਰਦੇ ਹਨ। ਉਹ ਲੋਕਾਂ ਤੋਂ ਜਬਰੀ ਧਨ ਵਸੂਲਦੇ ਹਨ ਪਰ ਕਰ ਨਹੀਂ ਦਿੰਦੇ।

# ਸੈਰ, ਸਿਮਰਨ ਤੇ ਸਵੈ-ਸੰਵਾਦ ਦੀ ਜਕੋ-ਤਕ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਡਾਕਟਰ ਦੇ ਹੁਕਮਾਂ ਤਹਿਤ ਬਣੀ ਹੋਈ ਰੋਜ਼ਾਨਾ ਸੈਰ ਕਰਨ ਦੀ ਰੁਟੀਨ ਮੁਤਾਬਕ ਸ਼ਾਮ ਦੀ ਲੰਬੀ ਸੈਰ 'ਤੇ ਜਾਣ ਲੱਗਿਆਂ, ਪੰਜਾਬ ਰਹਿੰਦੇ ਇੱਕ ਦੋਸਤ ਦਾ ਮੋਬਾਈਲ ਫੋਨ ਨੰਬਰ ਕਾਗਜ਼ 'ਤੇ ਨੋਟ ਕਰਕੇ ਜੇਬ 'ਚ ਪਾ ਲਿਆ। ਘਰੋਂ ਬਾਹਰ ਆ ਕੇ ਨੰਬਰ ਡਾਇਲ ਕਰਦਾ ਹਾਂ। ਕਿਸੇ ਰਿੰਗ-ਟੋਨ ਦੀ ਥਾਂ ਅੱਗਿਉਂ ਬੜੀ ਮਧੁਰ ਤੇ ਰਸਿਕ ਆਵਾਜ਼ ਵਿਚ ਇਹ ਪੰਕਤੀਆਂ ਕੰਨੀਂ ਪਈਆਂ :

'ਨਾਮ ਬਿਨਾ ਸਭ ਕੂੜ ਗਾਲੀ ਹੋਛੀਆ...!' ਦੋਸਤ ਸ਼ਾਇਦ ਬਿਜ਼ੀ ਹੋਵੇਗਾ। ਕਾਲ ਕਿਸੇ ਨੇ ਰਿਸੀਵ ਨਹੀਂ ਕੀਤੀ। ਇਸ ਲਈ ਸੁਖਦ-ਸੰਗੀਤ ਸਹਿਤ ਅਗਲੀਆਂ ਤੁਕਾਂ ਦਾ ਰਸ-ਭਿੰਨਾ ਗਾਇਨ ਕੰਨੀਂ ਪੈਣ ਲੱਗਾ। ਜਿਨ੍ਹਾਂ ਦਾ ਅਰਥ ਕੁਝ ਅਜਿਹਾ ਬਣਦਾ ਹੈ ਕਿ ਵੇਦ-ਪੁਰਾਣ, ਸ਼ਾਸਤਰ, ਸਿਮ੍ਰਤੀਆਂ ਆਦਿ ਪੋਥੀਆਂ ਪੁਕਾਰ-ਪੁਕਾਰ ਕੇ ਕਹਿ ਰਹੇ ਹਨ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ, ਬਾਕੀ ਦੀਆਂ ਤਮਾਮ ਗੱਲਾਂ ਹੋਛੀਆਂ ਹਨ! ਅੱਧਾ-ਪੌਣਾ ਮਿੰਟ ਇਹ ਗਾਇਨ ਚੱਲਣ ਉਪਰੰਤ ਕੰਪਿਊਟਰ ਬੋਲਿਆ ਕਿ 'ਉਪਭੋਗਤਾ ਵਿਅਸਤ' ਹੈ।

ਇਸ ਉਪਭੋਗਤਾ ਨਾਲ ਪੰਦਰਾ-ਵੀਹ ਮਿੰਟ ਹੋਛੀਆਂ ਗੱਲਾਂ ਮਾਰਨ ਦੀ ਬਜਾਏ, ਕਿੰਨਾ ਚੰਗਾ ਹੋਵੇ, ਜੇ ਇਨ੍ਹਾਂ ਵਿਹਲ ਦੇ ਪਲਾਂ ਵਿਚ 'ਨਾਮ' ਜਪਿਆ ਜਾਏ? ਇਹ ਰੂਹਾਨੀ ਫੁਰਨਾ ਫੁਰਦਿਆਂ ਹੀ ਮਨ-ਮਸਤਿਕ ਵਿਚ ਧਾਰਮਿਕ ਜਜ਼ਬਿਆਂ ਦਾ ਅਥਾਹ ਪ੍ਰਵਾਹ ਚਲ ਪਿਆ। ਭਾਵੇਂ ਗੁਰਬਾਣੀ ਦੀਆਂ ਉਪਰੋਕਤ ਤੁਕਾਂ ਪਹਿਲਾਂ ਵੀ ਬਹੁਤ ਵਾਰੀ ਪੜ੍ਹੀਆਂ ਜਾਂ ਸੁਣੀਆਂ ਸਨ ਪਰ ਕਹਿੰਦੇ ਨੇ ਕੋਈ ਘੜੀ-ਪਲ ਐਸਾ ਸੁਲੱਖਣਾ ਹੋ ਨਿੱਬੜਦਾ ਹੈ ਕਿ ਜੀਵਨ ਪਲਟ ਜਾਂਦਾ ਹੈ। ਸਾਂਈ ਬੁੱਲੇ ਸ਼ਾਹ ਦਾ ਮੁਰਸ਼ਦ ਉਦੋਂ ਗੰਢਿਆਂ ਦੀ ਪਨੀਰੀ ਪੁੱਟ ਕੇ ਦੂਸਰੇ ਕਿਆਰੇ ਵਿਚ ਜੜ ਰਿਹਾ ਸੀ, ਜਦੋਂ ਬੁੱਲ੍ਹੇ ਨੇ ਉਸ ਨੂੰ ਮਨ ਸਮਝਾਉਣ ਦੀ 'ਵਿਧੀ' ਪੁੱਛੀ ਸੀ। ਕੋਈ ਲੰਮੇ ਚੌੜੇ ਉਪਦੇਸ਼-ਵਖਿਆਨ ਦੇਣ ਦੀ ਥਾਂ ਮੁਰਸ਼ਦ ਨੇ ਸਹਿਵਨ ਹੀ ਗੰਢਿਆਂ ਦੀ ਪਨੀਰੀ ਵਲ ਇਸ਼ਾਰਾ ਕਰਦਿਆਂ ਕਹਿ ਦਿੱਤਾ ਸੀ ਕਿ,

'ਬੁੱਲ੍ਹਿਆ, ਮਨ ਦਾ ਕੀ ਸਮਝਾਉਣਾ
ਇੱਧਰੋਂ ਪੁੱਟਣਾ 'ਤੇ ਇੱਧਰ ਲਾਉਣਾ!'

ਦੋਸਤ ਦਾ ਫੋਨ ਨੰਬਰ ਦੁਬਾਰਾ 'ਰੀ-ਡਾਇਲ' ਕਰਨ ਦੀ ਦਿਲ ਨੇ ਮਨਜ਼ੂਰੀ ਨਹੀਂ ਦਿੱਤੀ। 'ਸਹੀ ਗੱਲ ਹੈ... ਭਲਾ ਕੀ ਲੋੜ ਹੈ ਫਜ਼ੂਲ ਗੱਲਾਂ ਮਾਰਨ ਦੀ! ਪੰਜਾਬ ਵਾਲੇ ਮਿੱਤਰ ਨੇ ਕਿਹੜਾ ਅਫਲਾਤੂਨੀ ਬਾਤਾਂ ਸੁਣਾਉਣੀਆਂ ਸਨ। ਇਹੀ ਦੱਸਣਾ ਸੀ.... 'ਪਹਿਲਾਂ ਇੱਥੇ ਗਰਮੀ ਨੇ ਕੜ੍ਹਿੱਲ ਕੱਢੇ ਪਏ ਸਨ... ਹੁਣ ਹੜ੍ਹਾਂ ਨੇ ਮੱਤ ਮਾਰੀ ਪਈ ਐ... ਬਿਜਲੀ ਦਾ ਬੁਰਾ ਹਾਲ ਹੈ... ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਭਈਆਂ ਦੀਆਂ ਵੀ ਬਣਾਈ ਜਾਂਦੇ ਐ... ਸੁਖਬੀਰ ਬਾਦਲ ਨੇ ਆਹ ਕਿਹਾ, ਬੜੇ ਬਾਦਲ ਨੇ ਔਹ ਕਿਹਾ...!'

ਦਫਾ ਕਰੋ, ਮਾਰੋ ਗੋਲੀ ਇਨ੍ਹਾਂ ਜਾਭਾਂ ਦੇ ਭੇੜ ਨੂੰ... ਜਿਸ ਨੇ ਸੰਸਾਰ 'ਤੇ ਭੇਜਿਆ ਹੈ, ਉਹਦਾ ਸਿਮਰਨ ਵੀ ਕਰਨਾ ਚਾਹੀਦਾ ਹੈ। ਅੱਠੇ ਪਹਿਰ ਕਬੀਲਦਾਰੀ ਦੇ ਝੱਜੂ-ਝੇੜਿਆਂ 'ਚ ਉਲਝੇ ਰਹੀਦਾ ਐ। ਘੱਟ ਤੋਂ ਘੱਟ ਸੈਰ ਵੇਲੇ ਸਿਮਰਨ ਤਾਂ ਜ਼ਰੂਰ ਕਰਨਾ ਚਾਹੀਦਾ ਹੈ। ਉਪਰ ਵਾਲੇ ਨੇ ਵੀ ਲੇਖਾ-ਹਿਸਾਬ ਪੁੱਛਣਾ ਐ! ਅਜਿਹੇ ਨੁਕਤੇ ਵਿਚਾਰਦਿਆਂ ਸੈਲ ਫੋਨ ਨੂੰ ਜੈਕਟ ਦੀ ਜੇਬ ਵਿਚ ਇਕ ਤਰ੍ਹਾਂ ਨਾਲ 'ਸੁੱਟ' ਹੀ ਦਿੱਤਾ।

ਸੜਕ ਦੇ ਕੰਢੇ ਤੁਰਦਿਆਂ-ਤੁਰਦਿਆਂ, ਪ੍ਰਭੂ ਦਾ ਨਾਮ ਧਿਆਉਣ ਦੀ ਤਾਕੀਦ ਕਰਦੀਆਂ ਕਈ ਹੋਰ ਗੁਰਬਾਣੀ-ਪੰਕਤੀਆਂ ਮਨ-ਚਿੱਤ ਵਿਚ ਘੁੰਮਣ ਲੱਗੀਆਂ... ਮਸਕੀਨ ਜੀ ਦੀ ਕਥਾ ਦੇ ਇਹ ਲਫਜ਼ ਯਾਦ ਆਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਈ ਇਕ ਪੰਨਾ ਵੀ ਐਸਾ ਨਹੀਂ, ਜਿੱਥੇ ਸਿਮਰਨ ਜਾਂ ਬੰਦਗੀ ਦੀ ਮਹਿਮਾ ਨਾ ਲਿਖੀ ਹੋਈ ਹੋਵੇ!... ਅਸੀਂ ਕਿੱਡੇ ਨਾ-ਸ਼ੁਕਰੇ ਅਤੇ ਅਕ੍ਰਿਤਘਣ ਹਾਂ!!.... ਮੂੰਹੋਂ ਖੁਦ-ਬ-ਖੁਦ 'ਵਾਹਿਗੁਰੂ ਵਾਹਿਗੁਰੂ' ਨਿਕਲ ਗਿਆ!!!

ਹੁਣ ਮੈਂ ਸਿਮਰਨ ਸ਼ੁਰੂ ਕਰਦਾ ਹਾਂ... ਪਰ ਇਕ ਸਵਾਲ ਮੋਹਰੇ ਆ ਗਿਆ... 'ਸਤਿਨਾਮ-ਵਾਹਿਗੁਰੂ ਕਰਦਾ ਜਾਵਾਂ ਜਾਂ ਕਿਸੇ ਸ਼ਬਦ ਦਾ ਪਾਠ ਕਰਾਂ?' ਆਮ ਤੌਰ 'ਤੇ 'ਵਾਹਿਗੁਰੂ ਵਾਹਿਗੁਰੂ' ਕਰਦਿਆਂ ਸੁਰਤੀ ਛੇਤੀ ਹੀ ਖਿੰਡਣ ਲੱਗ ਪੈਂਦੀ ਹੈ, ਜਦ ਕਿ ਕਿਸੇ ਸ਼ਬਦ ਦਾ ਜਾਪ ਕਰਨ ਵੇਲੇ, ਮਨ ਉਸਦੇ ਅਰਥ-ਭਾਵਾਂ ਵਿਚ ਖੁੱਭਿਆ ਰਹਿੰਦਾ ਹੈ। ਇਸ ਕਰਕੇ ਕੋਈ ਸ਼ਬਦ ਠੀਕ ਰਹੇਗਾ! ਸ਼ਬਦ ਸ਼ੁਰੂ ਕਰਨ ਤੋਂ ਪਹਿਲਾਂ ਹੀ ਇਕ ਹੋਰ 'ਸਵਾਲ' ਉਭਰਿਆ... ਬਿਲਾਵਲ ਰਾਗ ਦਾ 'ਤਾਤੀ ਵਾਓ ਨਾ ਲਗਈ' ਵਾਲਾ ਸ਼ਬਦ ਪੜ੍ਹਾਂ ਕਿ ਗਉੜੀ ਰਾਗ ਦਾ 'ਤਾਪ ਗਏ ਪਾਈ ਪ੍ਰਭ ਸਾਂਤਿ' ਵਾਲਾ?' ... ਮਨ, ਘੋੜੇ ਵਾਂਗ ਫਿਰ ਹੋਰ ਹੀ ਪਾਸੇ ਦੁੜ੍ਹਕੀ ਮਾਰ ਗਿਆ, "ਅਹਿ ਕੋਈ ਸਿਮਰਨ ਕਰਨ ਦਾ ਤਰੀਕਾ ਐ?... ਘਰੋਂ ਤੁਰਨ ਲੱਗਿਆਂ ਮੈਂ ਬੂਟਾਂ ਦੇ ਤਸਮੇ ਬੰਨ੍ਹ ਕੇ ਹੱਥ ਤਾਂ ਧੋਤੇ ਈ ਨਹੀਂ ਸੀ.. ਯਾਦ ਹੈ ਭਾਈਆ ਜੀ ਸਿਮਰਨ ਕਰਨ ਤੋਂ ਪਹਿਲਾਂ ਕਿਵੇਂ ਮੋਟਰ ਦੇ ਚਲ੍ਹੇ ਵਿਚ ਆਪਣਾ ਢਾਂਗੂ ਤੱਕ ਧੋ ਕੇ, ਮੰਜੇ ਦੇ ਸਰ੍ਹਾਣੇ ਵਲ ਮੂੰਹ ਕਰਕੇ ਬਹਿੰਦੇ ਹੁੰਦੇ ਸਨ? ਕਿਵੇਂ ਦਸਤਾਰ ਦੁਬਾਰਾ ਬੰਨ੍ਹ ਕੇ ਬੜੀ ਨਿਹਚਾ ਨਾਲ ਹੌਲੀ-ਹੌਲੀ ਬੋਲਦਿਆਂ ਸੰਸਕ੍ਰਿਤੀ ਸਲੋਕ ਦਾ ਜਾਪ ਕਰਦੇ ਹੁੰਦੇ ਸਨ, 'ਹੇ ਪ੍ਰਾਣ ਨਾਥ ਕ੍ਰਿਪਾ ਨਿਧਾਨ ਜਗਦ ਗੁਰੋ॥ ਹੇ ਸੰਸਾਰ ਤਾਪ ਹਰਣਹ ਕਰੁਣਾਮਯ ਸਭ ਦੁੱਖ ਹਰੋ॥' ... ਫਿਰ ਹੁਣ ਕੀ ਕੀਤਾ ਜਾਏ? ... ਚਲੋ ਕੋਈ ਨਹੀਂ, ਵਖਤੁ ਵੀਚਾਰੇ ਸੁ ਬੰਦਾ ਹੋਇ.... ਗੁਰੂ ਜਾਣੀ-ਜਾਣ ਤੇ ਬਖਸ਼ਿੰਦ ਹੈ!"

ਓ ਹੋ ਮਨਾ, ਤੂੰ ਕਿਹੜੇ ਵਹਿਮਾਂ ਵਿਚ ਪੈ ਗਿਆ! ਬਾਣੀ ਵਿਚ ਤਾਂ ਲਿਖਿਆ ਐ, 'ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੋ ਬਿਨੁ ਹਰਿ ਜਾਪਤ ਹੈ ਨਹੀਂ ਹੋਰ॥'... ਇਨ੍ਹਾਂ ਪੰਖੀਆਂ-ਜਨੌਰਾਂ ਮਗਰ ਕੌਣ ਪਾਣੀ ਦੀਆਂ ਬਾਲਟੀਆਂ ਚੁੱਕੀ ਫਿਰਦਾ ਹੈ? ਕਿ ਲਓ ਬਈ ਪਹਿਲਾਂ 'ਸੁੱਚੇ' ਹੋ ਲਓ!... ਸਿੱਖੀ ਵਿਚ ਇਹੋ ਜਿਹੇ ਭਰਮਾਂ ਨੂੰ ਕੋਈ ਥਾਂ ਨਹੀਂ। ਜਦ ਵੀ ਸਮਾਂ ਮਿਲੇ, ਵਾਹਿਗੁਰੂ ਦੀ ਯਾਦ ਵਿਚ ਜੁੜ ਜਾਣਾ ਚਾਹੀਦਾ ਹੈ। ਜੀਵਨ ਦਾ ਇਹੀ ਲਾਹਾ ਹੈ।... ਸਾਹਮਣੇ ਇਕ ਬੋਹੜ ਵਰਗੇ ਸੰਘਣੇ ਦਰਖਤ ਤੋਂ 'ਚੀਂ-ਚੀਂ-ਚੀਂ' ਕਰਦੇ ਪੰਛੀਆਂ ਦਾ ਝੁਰਮਟ ਖੁੱਲ੍ਹੇ ਅਕਾਸ਼ ਵਲ ਉਡਾਰੀ ਮਾਰ ਗਿਆ... ਸ਼ਾਮਾਂ ਵੇਲੇ ਰੱਬ ਦੇ ਏਹ ਜੀਅ ਵੀ ਆਪੋ-ਆਪਣੇ ਆਲ੍ਹਣਿਆਂ ਵਿਚ ਬੈਠੇ ਬੱਚਿਆਂ ਕੋਲ ਨੂੰ ਭੱਜੇ ਜਾ ਰਹੇ ਨੇ!... 'ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ...' ਇਸ ਪੰਕਤੀ ਦੇ ਅਗਲੇ ਹਿੱਸੇ ਵਿਚ 'ਮਨ ਮਹਿ ਸਿਮਰਨ ਕਰਿਆ' ਆਇਆ ਤਾਂ ਠੂੰਕਰ ਵੱਜਣ ਵਾਂਗ ਯਾਦ ਆਇਆ...'ਮੈਂ ਤਾਂ ਅੱਜ ਸੈਰ ਕਰਦਿਆਂ ਸਿਮਰਨ ਕਰਨ ਦਾ ਫੈਸਲਾ ਕੀਤਾ ਸੀ!... ਅੱਧੀ ਵਾਟ ਤਾਂ ਨਾਮ ਜਪਣ ਦੀਆਂ ਜੁਗਤਾਂ ਅਤੇ ਗਿਣਤੀਆਂ-ਮਿਣਤੀਆਂ ਵਿਚ ਹੀ ਕੱਢ ਆਇਆ ਹਾਂ।...'

'ਪੀਂ-ਪੀਂ-ਪੀਂ!'... ਹੈਂਅ?...ਮੈਨੂੰ 'ਫੁੱਟ-ਪਾਥ' ਉਤੇ ਪੈਦਲ ਤੁਰੇ ਜਾ ਰਹੇ ਨੂੰ ਕਾਰ ਦਾ ਹੌਰਨ? ਕੱਚ ਟੁੱਟਣ ਵਾਂਗ ਮੇਰੀ ਸੋਚ-ਲੜੀ 'ਤੜੱਕ' ਕਰਕੇ ਟੁੱਟ ਗਈ!!... ਇਹ ਕੌਣ ਹੋਵੇਗਾ, ਜਿਸ ਨੇ ਮੈਨੂੰ ਦੇਖ ਕੇ ਹੌਰਨ ਮਾਰਿਆ?... ਇਕਦਮ ਸਿਰ ਉਤਾਂਹ ਚੁੱਕ ਕੇ ਕੋਲੋਂ ਲੰਘੀ ਜਾ ਰਹੀ ਕਾਰ ਦੇ ਸ਼ੀਸ਼ਿਆਂ ਵਿਚੀਂ ਨਜ਼ਰ ਫੇਰ ਕੇ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ। ਕਾਰ ਵਾਲਾ ਕੋਈ ਦਸਤਾਰ-ਧਾਰੀ ਸੀ, ਜਿਸ ਨੇ ਮੇਰੀ ਪੱਗ ਦੇਖ ਕੇ ਸ਼ਾਇਦ ਹੌਰਨ ਰਾਹੀਂ ਮੈਨੂੰ 'ਹੈਲੋ' ਕਹਿ ਦਿੱਤਾ ਹੋਏਗਾ!... ਭਲਾ ਇਹ ਕਿਹੜਾ ਤਰੀਕਾ ਹੋਇਆ, ਇਕ ਸਿੱਖ ਵਲੋਂ ਦੂਜੇ ਸਿੱਖ ਨੂੰ ਬੁਲਾਉਣ ਦਾ? ...ਪਈ ਭਲਿਆ ਮਾਣਸਾ, ਜੇ ਇਕ ਸਿੱਖ ਨੂੰ ਦੇਖ ਕੇ ਤੇਰੇ ਮਨ 'ਚ ਸਤਿਕਾਰ ਆਇਆ ਹੀ ਹੈ ਤਾਂ ਤੂੰ ਚੱਜ ਨਾਲ ਫਤਿਹ ਤਾਂ ਬੁਲਾ ਕੇ ਜਾਹ? ...ਪਤਾ ਲੱਗੇ ਕਿ ਤੂੰ ਕਿੱਥੋਂ ਐਂ ਤੇ ਮੈਂ ਕਿੱਥੋਂ? ਇਹੋ ਜਿਹੇ 'ਬੁਲਾਉਣ' ਖੁਣੋਂ ਭਲਾ ਕੀ ਗੱਡਾ ਖੜ੍ਹਾ ਸੀ? 'ਪੀਂ' ਕਰਕੇ ਮੇਰੀ 'ਲਿਵ' ਹੀ ਤੋੜ ਗਿਆ... ਹੁਣ ਨੂੰ ਮੈਂ ਜਾਪ ਸ਼ੁਰੂ ਕਰ ਲੈਣਾ ਸੀ! ਚਲੋ ਕੋਈ ਨੀਂ, ਕਹਿੰਦੇ ਨੇ, 'ਏਕ ਘੜੀ, ਆਧੀ ਘੜੀ, ਆਧੀ ਹੂੰ ਸੇ ਆਧ॥ ਭਗਤਨ ਸੇਤੀ ਗੋਸ਼ਟੇ, ਜੋ ਕੀਨੋ ਸੋ ਲਾਭ॥'

> ***ਸੜਕ ਦੇ ਕੰਢੇ ਤੁਰਦਿਆਂ-ਤੁਰਦਿਆਂ, ਪ੍ਰਭੂ ਦਾ ਨਾਮ ਧਿਆਉਣ ਦੀ ਤਾਕੀਦ ਕਰਦੀਆਂ ਕਈ ਹੋਰ ਗੁਰਬਾਣੀ-ਪੰਕਤੀਆਂ ਮਨ-ਚਿੱਤ ਵਿਚ ਘੁੰਮਣ ਲੱਗੀਆਂ... ਮਸਕੀਨ ਜੀ ਦੀ ਕਥਾ ਦੇ ਇਹ ਲਫਜ਼ ਯਾਦ ਆਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਈ ਇਕ ਪੰਨਾ ਵੀ ਐਸਾ ਨਹੀਂ, ਜਿੱਥੇ ਸਿਮਰਨ ਜਾਂ ਬੰਦਗੀ ਦੀ ਮਹਿਮਾ ਨਾ ਲਿਖੀ ਹੋਈ ਹੋਵੇ!... ਅਸੀਂ ਕਿੱਡੇ ਨਾ-ਸ਼ੁਕਰੇ ਅਤੇ ਅਕ੍ਰਿਤਘਣ ਹਾਂ!!.... ਮੂੰਹੋਂ ਖੁਦ-ਬ-ਖੁਦ 'ਵਾਹਿਗੁਰੂ ਵਾਹਿਗੁਰੂ' ਨਿਕਲ ਗਿਆ!!!***

ਸਾਡੇ ਗੁਰੂ ਮਹਾਰਾਜ ਨੂੰ ਪਤਾ ਈ ਸੀ ਕਿ ਅੱਗੇ ਭਿਆਨਕ ਕਲਜੁਗ ਆ ਰਿਹੈ... 'ਸੂਰਜ ਮੁਖੀਏ' ਸਿੱਖ 'ਨਾਮ ਜਪੀਏ' ਕਿੰਨੇ ਕੁ ਬਣ ਜਾਣਗੇ!... ਇਸੇ ਕਰਕੇ ਛੋਟ ਦੇ ਦਿੱਤੀ ਕਿ 'ਏਕ ਚਿੱਤ ਜਿਹ ਇਕ ਛਿਨ ਧਿਆਇਓ॥ ਕਾਲ ਫਾਸ ਕੇ ਬੀਚ ਨਾ ਆਇਓ॥' ...ਪਰ ਪੌਣਾ ਘੰਟਾ ਹੋ ਚੱਲਿਆ ਸੈਰ ਸ਼ੁਰੂ ਕੀਤੀ ਨੂੰ, ਹਾਲੇ ਤੱਕ ਸੁਭਾਗਾ 'ਇੱਕ ਛਿਣ' ਆਇਆ ਹੀ ਨਹੀਂ! ਬਹਿ-ਗੁਣੀਆਂ 'ਚ ਹੀ ਟਾਈਮ ਪੂਰਾ ਹੋ ਚੱਲਿਆ!!

'ਟਿੰਗ ਟਿੰਗ, ਟਿੰਗ ਲਿੰਗ... ਟੂੰ...ਟਿਊਂ' ਹੁਣ ਜੈਕਟ ਦੀ ਜੇਬ ਵਿਚ ਪਿਆ ਸੈਲ ਫੋਨ ਵੱਜ ਪਿਆ! ਅੱਜ ਦੀ 'ਵਾਕ' ਤਾਂ ਮੈਨੂੰ ਲਗਦਾ ਹੈ 'ਨਾਮ ਵਿਹੂਣੀ' ਹੀ ਰਹੇਗੀ। ਸੋਚਿਆ ਕਿ 'ਕਾਲ' ਨਾ ਸੁਣਾਂ, ਕਿਸੇ ਨੇ ਇਹ ਹੀ ਕਹਿਣਾ ਹੋਣੈ ਕਿ ਫਲਾਣਾ ਲੇਖ ਵਧੀਆ ਸੀ ਜਾਂ ਫਲਾਣੀ ਗੱਲ ਗ਼ਲਤ ਸੀ। ਫੋਨ ਬੰਦ ਕਰਨ ਲਈ ਸੋਚਿਆ ਹੀ ਸੀ ਕਿ ਡਿਸਪਲੇ 'ਤੇ ਨਜ਼ਰ ਪੈ ਗਈ... ਨੰਬਰ ਪੰਜਾਬ ਦਾ ਸੀ। ਪੰਜਾਬ ਦੀ ਕਿਸੇ ਅਖ਼ਬਾਰ ਵਿਚ ਛਪੀ ਮੇਰੀ ਲਿਖਤ ਬਾਰੇ ਕੋਈ ਗੰਭੀਰ ਪਾਠਕ, ਮੇਰੇ ਨਾਲ ਗੱਲ ਕਰਨੀ ਚਾਹੁੰਦਾ ਹੋਵੇਗਾ। ਇਸ ਲਈ 'ਕਾਲ ਰਿਸੀਵ' ਕਰ ਲੈਂਦਾ ਹਾਂ।... ਇਹ ਇਕ ਧਾਰਮਿਕ ਮੈਗਜ਼ੀਨ ਦੇ ਸੰਪਾਦਕ ਦਾ ਫੋਨ ਸੀ, ਜੋ ਮੈਥੋਂ 'ਸਿੱਖ ਮੱਤ ਵਿਚ ਬੰਦਗੀ' ਦੇ ਵਿਸ਼ੇ ਉਤੇ ਲੇਖ ਲਿਖਾਉਣ ਦੀ ਮੰਗ ਕਰ ਰਿਹਾ ਸੀ। ਫੋਨ 'ਤੇ ਤਾਂ ਮੈਂ ਉਸਨੂੰ 'ਹੂੰ-ਹਾਂ ਆਹੋ' ਕਰੀ ਜਾ ਰਿਹਾ ਸਾਂ, ਪਰ ਸ਼ਰਮ ਦੇ ਮਾਰੇ ਮੇਰੇ ਮੱਥੇ 'ਤੇ ਕੱਚੀਆਂ ਤ੍ਰੇਲੀਆਂ ਆ ਰਹੀਆਂ ਸਨ! ਜਿਉਂ-ਜਿਉਂ ਸੰਪਾਦਕ ਮੈਨੂੰ ਬੰਦਗੀ ਬਾਰੇ ਜਲਦੀ ਲੇਖ ਭੇਜਣ ਦੀਆਂ ਤਾਕੀਦਾਂ ਕਰ ਰਿਹਾ ਸੀ, ਮੈਂ ਇੱਧਰ ਪਾਣੀਉਂ ਪਤਲਾ ਹੁੰਦਾ ਜਾਂਦਾ ਮਹਿਸੂਸ ਕਰ ਰਿਹਾ ਸਾਂ ਕਿ ਇਹ ਕੋਈ ਸੰਪਾਦਕ ਹੈ ਜਾਂ ਕੋਈ ਜੋਤਸ਼ੀ? ਮੈਨੂੰ ਲੱਗੇ ਜਿਵੇਂ ਉਹ ਮੈਨੂੰ ਸ਼ਰਮਿੰਦਾ ਕਰੀ ਜਾ ਰਿਹਾ ਹੈ।

ਲੇਖ ਭੇਜਣ ਦਾ ਵਾਅਦਾ ਕਰਨ ਵੇਲੇ ਮੇਰੇ ਅੰਤਹਕਰਣ ਵਿਚ ਇਹ ਸਤਰਾਂ ਗੂੰਜ ਪਾ ਰਹੀਆਂ ਸਨ, "ਅਖੇ 'ਗੱਲੀ ਹਉ ਸੁਹਾਗਣ ਭੈਣੇ ਕੰਤ ਨਾ ਕਬਹੂੰ ਮੈਂ ਮਿਲਿਆ॥' ...ਪੂਰੀਆਂ ਵੀ ਤਾਂ ਨਹੀਂ ਪੈਂਦੀਆਂ। 'ਆਪ ਨਾ ਵੱਸੀ ਸਾਹੁਰੈ ਲੋਕੀ ਮੱਤੀ ਦੇਇ' ਵਾਲੀ ਗੱਲ ਹੋਈ ਪਈ ਐ ਚਾਰੇ ਪਾਸੇ।"

ਬੰਦਗੀ ਬਾਰੇ ਲੇਖ ਛੇਤੀ ਲਿਖ ਭੇਜਣ ਦੀ ਗੱਲ ਯਾਦ ਆਉਂਦਿਆਂ ਹੀ, ਕਾਂ ਦੇ ਗੁਲੇਲ ਮਾਰਨ ਵਾਂਗ ਮੇਰੀ ਚੇਤਨਾ ਵਿਚ ਫਿਰ 'ਨਾਮ ਜਪਣ' ਦਾ ਤੀਰ ਵੱਜਾ! ਪਰ ਹੁਣ ਮੈਂ ਤੈਅਸ਼ੁਦਾ ਰਾਊਂਡ ਪੂਰਾ ਕਰਕੇ ਮੁੜ ਆਪਣੇ ਘਰ ਦੇ ਨੇੜੇ ਪਹੁੰਚ ਚੁੱਕਾ ਸਾਂ। 'ਬੇੜਾ ਬੰਧੁ ਨਾ ਸਕਿਓ ਬੰਧਨੁ ਕੀ ਵੇਲਾ॥' 'ਹੱਥ ਪੁਰਾਣੇ ਖੋਸੜੇ ਬਸੰਤੇ ਹੋਰੀਂ ਆਏ ਨੇ' ਵਾਲੀ ਕਹਾਵਤ ਵਾਂਗੂੰ ਘਰ ਵੜਦਿਆਂ ਹੀ ਮੈਂ 'ਆਖਣ ਅਉਖਾ ਸਾਚਾ ਨਾਉਂ' ਦੀ ਪੰਕਤੀ ਬੋਲ ਕੇ, ਆਪਣੇ ਪਰਿਵਾਰ-ਜਨਾਂ ਨੂੰ ਅੱਜ ਦੀ ਸੈਰ ਨਾਲ ਢੁਕਵੀਂ ਗਾਥਾ ਸੁਣਾਈ:

ਕਹਿੰਦੇ ਨੇ, ਕਿਤੇ ਕਬੀਰ ਸਾਹਿਬ ਨੂੰ ਤੁਰਿਆਂ ਜਾਂਦਿਆਂ ਕੁਝ ਬੰਦੇ ਮਿਲ ਪਏ, ਜੋ ਸਿਸਕੀਆਂ ਹੌਕੇ ਭਰਦੇ ਰੋਂਦੇ ਜਾ ਰਹੇ ਸਨ। ਦਿਆਲੂ-ਕ੍ਰਿਪਾਲੂ ਕਬੀਰ ਜੀ ਨੇ ਉਨ੍ਹਾਂ ਨੂੰ ਰੋਣ ਦਾ ਕਾਰਨ ਪੁੱਛਿਆ। ਉਹ ਕਹਿਣ ਲੱਗੇ ਕਿ ਬਾਬਾ ਜੀ ਸਾਡੀ ਨੌਕਰੀ ਖੁੱਸ ਗਈ ਹੈ। ਮਾਲਕਾਂ ਨੇ ਸਾਨੂੰ ਕੰਮ ਤੋਂ ਕੱਢ ਕੇ ਹੋਰ ਨਵੇਂ ਬੰਦੇ ਰੱਖ ਲਏ ਹਨ। ਹੁਣ ਚਿੰਤਾ ਵੱਢ-ਵੱਢ ਖਾ ਰਹੀ ਹੈ ਕਿ ਅਸੀਂ ਆਪਣੇ ਟੱਬਰ ਕਿਵੇਂ ਪਾਲਾਂਗੇ? ਭਗਤ ਕਬੀਰ ਜੀ ਨੂੰ ਉਨ੍ਹਾਂ 'ਤੇ ਤਰਸ ਆ ਗਿਆ। ਉਨ੍ਹਾਂ ਸਾਰੇ ਬੇ-ਰੁਜ਼ਗਾਰਾਂ ਨੂੰ ਆਪਣੇ ਘਰ ਲਿਆ ਕੇ ਯਥਾ-ਸ਼ਕਤਿ ਅੰਨ-ਜਲ ਛਕਾਇਆ ਤੇ ਕਿਹਾ ਕਿ ਭਰਾਵੋ ਤੁਸੀਂ ਘਬਰਾਓ ਨਾ, ਤੁਸੀਂ ਮੇਰੇ ਪਾਸ ਕੰਮ ਕਰੋ, ਮੈਂ ਤੁਹਾਨੂੰ ਉਨੀ ਹੀ ਉਜ਼ਰਤ ਦਿਆਂਗਾ, ਜਿੰਨੀ ਕਿ ਤੁਸੀਂ ਪਹਿਲਾਂ ਲੈਂਦੇ ਰਹੇ ਹੋ।

ਵਿਚਾਰੇ ਬੇ-ਰੁਜ਼ਗਾਰਾਂ ਦੀਆਂ ਅੱਖਾਂ ਵਿਚ ਇਕ ਦਮ ਚਮਕ ਆ ਗਈ! ਉਨ੍ਹਾਂ ਨੇ ਉਤਸੁਕਤਾ ਨਾਲ ਕੰਮ ਬਾਰੇ ਪੁੱਛਿਆ ਕਿ ਕਿਹੋ ਜਿਹਾ ਹੈ ਤੇ ਉਸ ਦੀਆਂ ਕੀ ਕੀ ਸ਼ਰਤਾਂ ਹਨ? ਭਗਤ ਕਬੀਰ ਜੀ ਕਹਿੰਦੇ ਕਿ ਤੁਸੀਂ ਸਾਰੇ, ਮੇਰੇ ਵਿਹੜੇ ਵਿਚ ਵਿਛੀਆਂ ਦਰੀਆਂ ਉਪਰ ਬਹਿ ਕੇ ਸਿਮਰਨ ਕਰਨਾ ਸ਼ੁਰੂ ਕਰ ਦਿਓ। ਤੁਹਾਨੂੰ ਤਿੰਨੇ ਟਾਈਮ ਖਾਣਾ ਵੀ ਮਿਲੇਗਾ, ਸਰਦਾ-ਬਣਦਾ ਕੱਪੜਾ-ਲੱਤਾ ਵੀ ਮਿਲੇਗਾ। ਬੱਸ ਸ਼ਰਤ ਇੱਕੋ ਹੀ ਹੈ ਕਿ ਕੇਵਲ 'ਵਾਹਿਗੁਰੂ ਵਾਹਿਗੁਰੂ' ਹੀ ਜਪਣਾ ਹੈ, ਹੋਰ ਕੋਈ ਗੱਲਬਾਤ ਨਹੀਂ ਕਰਨੀ। ਇਹ ਸ਼ਰਤ ਸੁਣ ਕੇ ਬੇ-ਰੁਜ਼ਗਾਰ ਬੜੇ ਖੁਸ਼ ਹੋਏ। ਕਿਉਂਕਿ ਇਸ ਤੋਂ ਪਹਿਲਾਂ ਤਾਂ ਉਹ ਸੇਠਾਂ ਦੇ ਕਾਰਖਾਨਿਆਂ ਵਿਚ ਟੁੱਟ-ਟੁੱਟ ਕੇ ਮਰਦੇ ਰਹੇ ਸਨ।

ਮਿੱਥੇ ਪ੍ਰੋਗਰਾਮ ਮੁਤਾਬਕ ਉਹ ਦਰੀਆਂ ਉਤੇ ਚੌਕੜੇ ਮਾਰ ਕੇ ਲੱਗ ਪਏ ਭਜਨ ਕਰਨ। ਅੱਧਾ-ਪੌਣਾ ਘੰਟਾ ਬੀਤਣ ਬਾਅਦ ਉਹ ਲੱਗ ਪਏ ਇਕ ਦੂਜੇ ਨਾਲ ਗੱਲਾਂ ਮਾਰਨ। ਕਬੀਰ ਜੀ ਨੇ ਸ਼ਰਤ ਯਾਦ ਕਰਵਾਈ ਤਾਂ ਦਸ ਕੁ ਮਿੰਟ ਚੁੱਪ ਕਰ ਗਏ, ਪਰ ਫਿਰ ਉਹੀ ਹਾਲ। ਦੁਪਹਿਰ ਤੱਕ ਉਨ੍ਹਾਂ ਦੀਆਂ ਚੌਕੜੀਆਂ ਵੀ ਖੁਲ੍ਹ ਗਈਆਂ। ਭਗਤ ਜੀ ਵਲੋਂ ਵਰਜਣ 'ਤੇ ਕੁਝ ਪਲ ਚੁੱਪ-ਚਾਂ ਰਹਿੰਦੀ, ਪਰ ਉਹ ਮੁੜ ਭਜਨ ਭੁੱਲ ਕੇ ਗੱਲੀਂ ਜੁੱਟ ਪੈਂਦੇ। ਆਖਰ ਦੁਪਹਿਰਾ ਢਲਦਿਆਂ ਹੀ ਉਨ੍ਹਾਂ ਕਬੀਰ ਜੀ ਅੱਗੇ ਹੱਥ ਜੋੜਦਿਆਂ ਕਿਹਾ ਕਿ ਸਾਥੋਂ ਨਹੀਂ ਏਹ 'ਕੰਮ' ਹੁੰਦਾ, ਅਸੀਂ ਮੁਸ਼ੱਕਤ ਕਰ ਸਕਦੇ ਹਾਂ। ਚਲੋ ਇਨ੍ਹਾਂ ਨੇ ਕੁਝ ਪਲ ਤਾਂ ਬੰਦਗੀ ਕਰ ਹੀ ਲਈ, ਲੇਕਿਨ ਮੇਰੀ ਸੈਰ ਤਾਂ ਸਿਮਰਨ ਦੀਆਂ ਸੋਚਾਂ ਤੇ ਸਵੈ-ਸੰਵਾਦ ਵਿਚ ਹੀ ਖਤਮ ਹੋ ਗਈ!

# ਘਾਹ ਘੋੜੇ ਦੀ ਦੋਸਤੀ

**ਡਾ. ਹਜ਼ਾਰਾ ਸਿੰਘ ਚੀਮਾ**

ਆਪਣੀ ਡਿਊਟੀ ਨਿਭਾ ਕੇ ਜਦ ਸ਼ਾਮ ਨੂੰ ਘਰ ਮੁੜਦਾ ਹਾਂ ਤਾਂ ਆਪਣੀ ਅਰਧਾਂਗਣੀ ਦੀ ਹਾਲ ਪਾਹਰਿਆ ਮੈਥੋਂ ਜਰੀ ਨਹੀਂ ਜਾਂਦੀ। ਤਕਲੀਫ ਪੁੱਛਣ 'ਤੇ ਉਹ ਦਸਦੀ ਹੈ ਕਿ ਉਸ ਦਾ ਸਿਰ ਭਾਰਾ ਹੈ, ਰੀੜ੍ਹ ਦੀ ਹੱਡੀ ਵਿਚੋਂ ਸੇਕ ਨਿਕਲ ਰਿਹਾ ਹੈ, ਬਾਂਹ ਤੇ ਮੋਢੇ 'ਚੋਂ ਵੀ ਮੱਠਾ-ਮੱਠਾ ਦਰਦ ਭਾਸ ਰਿਹਾ ਹੈ; ਕਈ ਵਾਰ ਚੱਕਰ ਖਾ ਕੇ ਡਿੱਗਦੀ-ਡਿੱਗਦੀ ਮਸਾਂ ਬਚੀ ਹਾਂ।

ਉਸਦਾ ਆਖਣਾ ਹੈ ਕਿ ਮੈਂ ਉਸ ਨੂੰ ਜਲਦੀ ਡਾਕਟਰ ਕੋਲ ਲੈ ਕੇ ਚੱਲਾਂ। ਸੋ ਬਿਨਾਂ ਕੁਝ ਖਾਧਿਆਂ-ਪੀਤਿਆਂ ਉਸ ਨੂੰ ਸਕੂਟਰ 'ਤੇ ਬਿਠਾ ਕੇ ਨੇੜੇ ਦੇ ਪ੍ਰਾਈਵੇਟ ਹਸਪਤਾਲ 'ਚ ਲੈ ਜਾਂਦਾ ਹਾਂ। ਡਾਕਟਰ ਰੁਟੀਨ 'ਚ ਘਰਵਾਲੀ ਤੋਂ ਅਲਾਮਤਾਂ ਪੁੱਛ ਰਿਹਾ ਹੈ ਤੇ ਨਾਲ ਦੀ ਨਾਲ ਪਰਚੀ ਉਪਰ ਕੁਝ ਲਿਖ ਰਿਹਾ ਹੈ। 'ਡਾਕਟਰ ਸਾਹਿਬ ਮੈਨੂੰ ਤਾਂ ਇਹ ਸਰਵਾਈਕਲ ਦੀ ਪ੍ਰਾਬਲਮ ਲੱਗਦੀ ਹੈ' ਮੇਰੇ ਇਹ ਕਹਿਣ ਦੀ ਦੇਰ ਹੈ ਕਿ ਡਾਕਟਰ ਨਾਂਹ ਵਿਚ ਸਿਰ ਹਿਲਾ ਕੇ ਪਰਚੀ ਮੇਰੇ ਹੱਥ ਵਿਚ ਫੜਾਉਂਦਾ ਹੈ। ਪਰਚੀ ਉਪਰ ਲਿਖੇ ਇਕੱਠੇ ਪੰਜ-ਛੇ ਟੈਸਟ ਦੇਖ ਕੇ ਮੇਰਾ ਆਪਣਾ ਸਿਰ ਚਕਰਾਉਣ ਲਗਦਾ ਹੈ। ਤੇਜ਼ੀ ਨਾਲ ਸਕੂਟਰ ਚਲਾ ਕੇ ਸ਼ਹਿਰ ਦੇ ਮਸ਼ਹੂਰ ਟੈਸਟ ਕੇਂਦਰ 'ਚ ਪਹੁੰਚ ਕੇ ਮੈਂ ਰਿਸੈਪਸ਼ਨਿਸਟ ਨੂੰ ਪਰਚੀ ਜਾ ਫੜਾਉਂਦਾ ਹਾਂ। ਪਰਚੀ ਪੜ੍ਹ ਕੇ ਉਹ ਛੇ ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਨੂੰ ਕਹਿੰਦੀ ਹੈ। ਛੇ ਹਜ਼ਾਰ ਦੀ ਰਕਮ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਜਾਂਦੀ ਹੈ। ਮੈਂ ਬਟੂਏ 'ਚ ਹੱਥ ਮਾਰ, ਗਿਣਤੀਆਂ-ਮਿਣਤੀਆਂ ਕਰਕੇ ਦਸਦਾ ਹਾਂ ਕਿ ਪੈਸੇ ਘੱਟ ਹਨ।

ਪਰ ਉਹ ਬੜੇ ਸਲੀਕੇ ਨਾਲ ਆਖਦੀ ਹੈ, 'ਅੰਕਲ ਕੋਈ ਗੱਲ ਨਹੀਂ, ਜੇ ਪੈਸੇ ਘੱਟ ਹਨ ਤਾਂ ਤੁਸੀਂ ਜਿੰਨੇ ਹੈਗੇ ਆ, ਉਨੇ ਹੀ ਜਮ੍ਹਾਂ ਕਰਵਾ ਦਿਉ, ਬਾਕੀ ਰਿਪੋਰਟ ਲੈਣ ਸਮੇਂ ਦੇ ਦੇਣਾ।' ਪੈਸੇ ਜਮ੍ਹਾਂ ਕਰਵਾਉਣ ਉਪਰੰਤ ਮੈਂ ਪੁੱਛਦਾ ਹਾਂ ਕਿ ਰਿਪੋਰਟ ਕਦੋਂ ਕੁ ਮਿਲਜੂ? ਰਿਸੈਪਸ਼ਨਿਸਟ ਇੱਕ ਘੰਟੇ ਬਾਅਦ ਆਉਣ ਨੂੰ ਕਹਿੰਦੀ ਹੈ। ਖ਼ੈਰ, ਹੈਲਪਰ ਘਰਵਾਲੀ ਨੂੰ ਸਕੈਨਿੰਗ ਰੂਮ ਵਿਚ ਲੈ ਜਾਂਦੀ ਹੈ। ਸਿਰ ਦੀ ਸਕੈਨਿੰਗ ਦੇ ਟੈਸਟ ਤੋਂ ਕਿਸੇ ਭੈੜੀ ਦਿਮਾਗੀ ਬਿਮਾਰੀ ਦਾ ਲੱਖਣ ਲਾ ਕੇ, ਨਾਸਤਿਕ ਹੋਣ ਦੇ ਬਾਵਜੂਦ ਮੈਂ ਰੱਬ ਅੱਗੇ ਅਰਦਾਸ ਕਰਦਾ ਹਾਂ ਕਿ ਹੇ ਰੱਬ ਸੱਚੇ ਘਰਵਾਲੀ ਨੂੰ ਸਰਵਾਈਕਲ ਦੀ ਬਿਮਾਰੀ ਹੀ ਨਿਕਲੇ, ਕੋਈ ਹੋਰ ਦਿਮਾਗੀ ਬਿਮਾਰੀ ਨਾ ਨਿਕਲੇ।

ਘੰਟੇ ਕੁ ਬਾਅਦ ਰਿਪੋਰਟ ਆ ਜਾਂਦੀ ਹੈ। ਰਿਸੈਪਸ਼ਨਿਸਟ ਨੂੰ ਮੈਂ ਬੜੀ ਉਤਸੁਕਤਾ ਨਾਲ ਪੁੱਛਦਾ ਹਾਂ ਤਾਂ ਉਹ ਦੱਸਦੀ ਹੈ ਕਿ ਸਾਰੇ ਟੈਸਟ ਠੀਕ ਹਨ, ਸਿਰਫ਼ ਸਰਵਾਈਕਲ ਦੀ ਥੋੜ੍ਹੀ ਜਿਹੀ ਪ੍ਰਾਬਲਮ ਹੈ। ਸਰਵਾਈਕਲ ਦਾ ਨਾਂ ਸੁਣ ਕੇ ਮੈਂ ਰੱਬ ਦਾ ਧੰਨਵਾਦ ਕਰਦਾ ਹਾਂ ਕਿ ਸ਼ੁਕਰ ਹੈ, ਕੋਈ ਹੋਰ ਬਿਮਾਰੀ ਨਹੀਂ ਨਿਕਲੀ। ਪਰ ਸਰਵਾਈਕਲ ਦੀ ਗੱਲ ਤਾਂ ਮੈਂ ਡਾਕਟਰ ਕੋਲ ਵੀ ਕੀਤੀ ਸੀ, ਫਿਰ ਉਸ ਨੇ ਇਹ ਪੰਜ ਟੈਸਟ ਕਿਉਂ ਲਿਖ ਮਾਰੇ, ਉਸ ਨੇ ਖਾਹ-ਮਖਾਹ ਛੇ ਹਜ਼ਾਰ ਰੁਪਏ ਕਿਉਂ ਲਗਵਾ ਦਿੱਤੇ।

ਮੈਨੂੰ ਕਲਪਦਾ ਦੇਖ ਘਰਵਾਲੀ ਕਹਿੰਦੀ ਹੈ, 'ਤੁਸੀਂ ਖਾਹ-ਮਖਾਹ ਡਾਕਟਰਾਂ ਉਪਰ ਖਿਝ ਜਾਂਦੇ ਹੋ। ਮੈਨੂੰ ਤਾਂ ਲਗਦਾ ਹੈ ਕਿ ਉਹ ਟੈਸਟ ਲਿਖਦੇ ਹੀ ਜ਼ਿਆਦਾ ਹਨ, ਅਸਲ ਟੈਸਟ ਕਰਵਾਉਂਦੇ ਇੱਕ ਦੋ ਹੀ ਹਨ।' ਮੇਰੇ ਇਹ ਕਹਿਣ 'ਤੇ ਕਿ ਇੰਜ ਕਰਨ ਨਾਲ ਉਨ੍ਹਾਂ ਨੂੰ ਕੀ ਮਿਲਦਾ ਹੈ, ਉਹ ਜੁਆਬ ਦਿੰਦੀ ਹੈ ਕਿ ਹਰ ਕੀਤੇ ਜਾਣ ਵਾਲੇ ਟੈਸਟ 'ਚੋਂ ਡਾਕਟਰ ਨੂੰ 40 ਫੀਸਦੀ ਕਮਿਸ਼ਨ ਮਿਲ ਜਾਂਦਾ ਹੈ। ਨਾ ਕੀਤੇ ਟੈਸਟਾਂ 'ਚੋਂ ਡਾਕਟਰ ਦਾ ਹਿੱਸਾ 60 ਫੀਸਦੀ ਤੱਕ ਹੁੰਦਾ ਹੈ। ਟੈਸਟ ਰਿਪੋਰਟ ਉਪਰ ਐਵੇਂ ਤਾਂ ਨਹੀਂ ਰੈਫਰ ਕਰਨ ਵਾਲੇ ਡਾਕਟਰ ਦਾ ਕਾਲਮ ਬਣਿਆ ਹੁੰਦਾ। ਉਹ ਅੱਗੇ ਦਸਦੀ ਹੈ ਕਿ ਟੈਸਟ ਰੈਫਰ ਕਰਨ ਵਾਲੇ ਦਾ ਹਿੱਸਾ, ਲਿਫਾਫੇ ਵਿਚ ਬੰਦ ਹੋ ਕੇ, ਹਰ ਸ਼ਾਮ ਉਸ ਦੇ ਘਰ ਬਕਾਇਦਗੀ ਨਾਲ ਪਹੁੰਚ ਜਾਂਦਾ ਹੈ। ਘਰਵਾਲੀ ਤੋਂ ਇਹ ਬਿਰਤਾਂਤ ਸੁਣ ਕੇ ਮੈਂ ਕਹਿਣ ਲਗਦਾ ਹਾਂ ਕਿ ਅਜੇ ਇਤਨਾ ਹਨੇਰ ਨਹੀਂ ਪਿਆ, ਡਾਕਟਰ ਤਾਂ ਮਰੀਜ਼ ਲਈ ਰੱਬ ਦਾ ਰੂਪ ਹੁੰਦਾ ਹੈ। ਉਹ ਮਰੀਜ਼ ਤੋਂ ਪੂਰੀ ਫੀਸ ਲੈਣ ਦੇ ਬਾਵਜੂਦ ਅਜਿਹਾ ਕਿਵੇਂ ਕਰ ਸਕਦਾ ਹੈ। ਮੈਂ ਘਰਵਾਲੀ ਨੂੰ ਡਾਕਟਰ ਵਲੋਂ ਡਾਕਟਰੀ ਪੇਸ਼ਾ ਅਪਨਾਉਣ ਸਮੇਂ ਚੁੱਕੀ ਗਈ ਸਹੁੰ ਦੀ ਮੁਹਾਰਨੀ ਪੜ੍ਹਨ ਲੱਗਦਾ ਹਾਂ:

"ਹੇ ਪਰਮਾਤਮਾ, ਇਹ ਅਵਸਥਾਵਾਂ ਦੀ ਅਸਚਰਜਤਾ ਹੀ ਹੈ ਕਿ ਮੇਰਾ ਜੀਵਨ ਨਿਰਬਾਹ ਦੂਸਰਿਆਂ ਦੀ ਬਿਮਾਰੀ ਉਪਰ ਹੀ ਨਿਰਭਰ ਹੈ; ਪਰ ਫਿਰ ਵੀ ਮੇਰੀ ਇਹ ਖੁਸ਼ਕਿਸਮਤੀ ਹੈ ਕਿ ਤੁਸੀਂ ਮੈਨੂੰ ਉਨ੍ਹਾਂ ਦੇ ਦੁੱਖ ਦੂਰ ਕਰਨ ਦਾ ਸੁਨਹਿਰੀ ਮੌਕਾ ਦਿੱਤਾ ਹੈ ਅਤੇ ਤੁਸੀਂ ਮੈਨੂੰ ਇਹ ਜ਼ਿੰਮੇਵਾਰੀ ਨਿਭਾਉਣ ਦੀ ਯੋਗਤਾ ਵੀ ਦਿੱਤੀ ਹੈ।

ਹੇ ਪਰਮਾਤਮਾ, ਮੈਨੂੰ ਇਸ ਤਰ੍ਹਾਂ ਦੀ ਸ਼ਕਤੀ ਬਖ਼ਸ਼ ਕਿ ਮੈਂ ਇਸ ਜ਼ਿੰਮੇਵਾਰੀ ਨੂੰ ਪਿਆਰ ਤੇ ਈਮਾਨਦਾਰੀ ਨਾਲ ਨਿਭਾ ਸਕਾਂ, ਅਸਲ ਵਿਚ ਦੁੱਖਾਂ ਨੂੰ ਦੂਰ ਕਰਨ ਵਾਲਾ ਅਤੇ ਸੁੱਖਾਂ ਦਾ ਅਸਲ ਖ਼ਜ਼ਾਨਾ ਤਾਂ ਤੂੰ ਹੀ ਹੈਂ; ਮੈਂ ਤਾਂ ਕੇਵਲ ਇਕ ਸਾਧਨ ਮਾਤਰ ਹੀ ਹਾਂ। ਹੇ ਪਰਮਾਤਮਾ, ਮੇਰੇ ਰੋਗੀਆਂ ਦੇ ਸਿਰ 'ਤੇ ਦਇਆ ਤੇ ਮਿਹਰ ਭਰਿਆ ਹੱਥ ਰੱਖੀਂ।"

ਇਸ ਦੇ ਬਾਵਜੂਦ ਘਰਵਾਲੀ ਜਜ਼ਬਾਤੀ ਨਹੀਂ ਹੋਈ। ਜ਼ਿੰਦਗੀ 'ਚ ਤਿੰਨ ਵੱਡੇ ਓਪਰੇਸ਼ਨ ਕਰਵਾਉਣ ਕਾਰਨ, ਤਿੰਨ ਵਾਰ ਮੌਤ ਦੇ ਮੂੰਹ 'ਚੋਂ ਬਾਹਰ ਨਿਕਲਣ ਦਾ ਤਲਖ਼ ਤਜ਼ਰਬਾ ਹੋਣ ਕਾਰਨ ਉਹ ਮੈਨੂੰ ਅੱਜ ਦੇ ਅਖ਼ਬਾਰ ਵਿਚ ਲੱਗੀ ਖ਼ਬਰ ਪੜ੍ਹਨ ਨੂੰ ਕਹਿੰਦੀ ਹੈ, ਜਿਸ ਵਿਚ ਕਿਸੇ ਦਵਾਈ ਬਣਾਉਣ ਵਾਲੀ ਕੰਪਨੀ ਵਲੋਂ ਉਸ ਦੀ ਹੀ ਦਵਾਈ ਪਰੈਸਕਰਾਈਬ ਕਰਨ ਦੇ ਇਵਜ਼ ਵਿਚ ਡਾਕਟਰਾਂ ਨੂੰ ਪ੍ਰੀ-ਪੇਡ ਕਰੈਡਿਟ ਕਾਰਡ ਦੇਣ ਦੀ ਖ਼ਬਰ ਲੱਗੀ ਹੈ, ਜਦੋਂ ਕਿ ਡਾਕਟਰਾਂ ਨੂੰ ਅਜਿਹੇ ਲਾਲਚ ਦੇਣ-ਸਵੀਕਾਰਨ ਦੀ ਮੈਡੀਕਲ ਕੌਂਸਲ ਵਲੋਂ ਮਨਾਹੀ ਕੀਤੀ ਗਈ ਹੈ। ਘਰਵਾਲੀ ਦੇ ਉਪਰੋਕਤ ਸ਼ਬਦ ਸੁਣ ਕੇ ਮੈਂ ਨਿਰ-ਉੱਤਰ ਹੋ ਜਾਂਦਾ ਹਾਂ, ਪਰ ਉਹ ਗੱਲ ਅੱਗੇ ਤੋਰਦੀ ਹੈ, 'ਜਨਾਬ ਤੁਸੀਂ ਡਾਕਟਰਾਂ ਵਾਲੀ ਸਹੁੰ 'ਚ ਇਹ ਨਹੀਂ ਪੜ੍ਹਿਆ ਕਿ ਡਾਕਟਰ ਦਾ ਜੀਵਨ-ਨਿਰਬਾਹ ਮਰੀਜ਼ ਦੀ ਬਿਮਾਰੀ ਉਪਰ ਹੀ ਨਿਰਭਰ ਹੈ। ਹੁਣ ਤੁਸੀਂ ਆਪ ਸਿਆਣੇ ਹੋ। 'ਘੋੜਾ' ਜਿਸ ਦਾ ਜੀਵਨ-ਨਿਰਬਾਹ ਹੀ ਤਿੜ੍ਹਾਂ ਵਾਲਾ ਘਾਹ ਹੈ, ਜੇ ਘਾਹ ਨਾਲ ਦੋਸਤੀ ਕਰੇਗਾ ਤਾਂ ਉਹ ਖਾਏਗਾ ਕੀ? ਉਹ ਭੁੱਖਾ ਨਹੀਂ ਮਰੇਗਾ?' ਘਰਵਾਲੀ ਦੀ ਇਹ ਨਸੀਹਤ ਸੁਣ ਕੇ ਮੈਨੂੰ ਫੁਰਨਾ ਫੁਰਿਆ ਹੈ, 'ਠੀਕ ਹੈ, ਘੋੜੇ ਨੇ ਘਾਹ ਨੂੰ ਖਾਣਾ ਹੀ ਖਾਣਾ ਹੈ, ਪਰ ਉਹ ਇਸ ਨੂੰ ਇੰਨਾ ਵੀ ਜੜ੍ਹੋਂ ਨਾ ਪੁੱਟੇ ਕਿ ਘਾਹ ਉਗਣੋਂ ਹੀ ਬੰਦ ਹੋ ਜਾਵੇ।'

# ਸਿੱਖ ਪੰਥ ਨੂੰ ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਜਿਹੇ ਪ੍ਰਚਾਰਕਾਂ ਦੀ ਲੋੜ-ਜਥੇਦਾਰ ਚੰਗਿਆੜਾ

**ਸੈਕਰਾਮੈਂਟੋ (ਤਰਲੋਚਨ ਸਿੰਘ ਦੁਪਾਲਪੁਰ):** ਸਿੱਖ ਪੰਥ ਦੇ ਮੌਜੂਦਾ ਸੰਕਟ ਦਾ ਅਸਲ ਕਾਰਨ ਸਾਡੀ ਖੁਦਗਰਜ ਸੋਚ ਅਤੇ ਧੜੇਬੰਦਕ ਲੜਾਈ ਹੈ ਜਿਸ ਨੇ ਸਾਡੇ ਅਮੀਰ ਵਿਰਸੇ



ਨੂੰ ਗੰਧਲਾ ਕਰ ਛੱਡਿਆ ਹੈ। ਇਹ ਵਿਚਾਰ ਕੌਮਾਂਤਰੀ ਪ੍ਰਸਿਧੀ ਵਾਲੇ ਸਿੱਖ ਪ੍ਰਚਾਰਕ ਜਥੇਦਾਰ ਬਲਬੀਰ ਸਿੰਘ ਚੰਗਿਆੜਾ ਨੇ ਇਥੇ ਇਕ ਸਮਾਗਮ ਵਿਚ ਬੋਲਦਿਆਂ ਪ੍ਰਗਟਾਏ। ਪੰਜਾਬ ਦੀ ਗੱਲ ਕਰਦਿਆਂ ਜਥੇਦਾਰ ਚੰਗਿਆੜਾ ਨੇ ਆਖਿਆ ਕਿ ਅੱਜ ਉਸ ਧਰਤੀ ਨੂੰ ਮੁੜ ਗਿਆਨੀ ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਵਰਗੇ ਨਿਧੜਕ ਅਤੇ ਬੇਬਾਕ ਪ੍ਰਚਾਰਕਾਂ ਦੀ ਲੋੜ ਹੈ ਤਾਂ ਜੋ ਗੁਰੂਡਮ ਦੀ ਬਿਮਾਰੀ ਨੂੰ ਜੜ੍ਹੋਂ ਉਖੇੜਿਆ ਜਾ ਸਕੇ। ਜਥੇਦਾਰ ਚੰਗਿਆੜਾ ਪਿਛਲੇ ਕੁਝ ਹਫਤਿਆਂ ਤੋਂ ਅਮਰੀਕਾ ਦੇ ਦੌਰੇ ਉਤੇ ਆਏ ਹੋਏ ਸਨ।

ਜਥੇਦਾਰ ਚੰਗਿਆੜਾ ਦੇ ਸਨਮਾਨ ਵਿਚ ਕੀਤੇ ਗਏ ਇਸ ਸਮਾਗਮ ਵਿਚ ਵੱਖ ਵੱਖ ਬੁਲਾਰਿਆਂ ਵਲੋਂ ਜਿਸ ਤਰ੍ਹਾਂ ਸਿੱਖ ਪੰਥ ਨੂੰ ਦਰਪੇਸ਼ ਮਸਲਿਆਂ ਨੂੰ ਉਭਾਰਿਆ ਗਿਆ ਅਤੇ ਉਨ੍ਹਾਂ ਉਤੇ ਚਰਚਾ ਕੀਤੀ ਗਈ ਇਹ ਇਕ ਤਰ੍ਹਾਂ ਨਾਲ ਸੈਮੀਨਾਰ ਹੀ ਹੋ ਨਿਬੜਿਆ। ਰੋਜ਼ਵਿਲ ਸ਼ਹਿਰ ਦੇ ਵਿਰਕ ਪੈਲੇਸ ਵਿਚ ਕੀਤੇ ਗਏ ਇਸ ਸਮਾਗਮ ਵਿਚ ਜਿਹੜੇ ਬੁਲਾਰਿਆਂ ਨੇ ਵਿਚਾਰ ਪੇਸ਼ ਕੀਤੇ ਉਨ੍ਹਾਂ ਵਿਚ ਜਸਵਿੰਦਰ ਸਿੰਘ ਵਿਰਕ, ਨਰਿੰਦਰਪਾਲ ਸਿੰਘ ਹੁੰਦਲ, ਮਾਸਟਰ ਮਲਕੀਤ ਸਿੰਘ ਅਟਵਾਲ, ਦਲਬੀਰ ਸਿੰਘ ਨਿਜਰ, ਅਵਤਾਰ ਸਿੰਘ ਦੁਸਾਂਝ, ਬੌਬੀ ਜੌਹਲ, ਵਿਸ਼ਵ ਪ੍ਰਸਿਧ ਫੋਟੋਗ੍ਰਾਫਰ ਹਰਭਜਨ ਸਿੰਘ ਲੌਂਗਮੈਨ, ਹੈਰੀ ਲੌਂਗਮੈਨ, ਅਮਰੀਕ ਸਿੰਘ ਦੁਸਾਂਝ, ਕੁਲਵੰਤ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਗੁਰਚਰਨ ਸਿੰਘ ਬਸਰਾ, ਮਹੇਸ਼ਇੰਦਰ ਸਿੰਘ, ਅਸ਼ੋਕ ਕੁਮਾਰ ਅਤੇ ਨਵਿੰਦਰ ਭੰਡਾਲ ਦੇ ਨਾਂ ਸ਼ਾਮਲ ਸਨ।

ਮੰਚ ਸੰਚਾਲਨ ਪਰਮਿੰਦਰ ਸਿੰਘ ਔਜਲਾ ਨੇ ਕੀਤਾ।

ਇਸ ਮੌਕੇ ਜਥੇਦਾਰ ਚੰਗਿਆੜਾ ਦਾ ਇਕ ਸਨਮਾਨ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਪਹਿਲਾਂ ਫੋਲਸਮ ਸ਼ਹਿਰ ਵਿਚ ਹੋਏ ਇਕ ਸਮਾਗਮ ਦੌਰਾਨ ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਦੇ ਚੇਅਰਮੈਨ ਸ. ਪਰਗਣ ਸਿੰਘ ਬੈਂਸ, ਪ੍ਰਧਾਨ ਅਮਰੀਕ ਸਿੰਘ ਪਰਹਾਰ ਅਤੇ ਪ੍ਰੋ. ਮੁਖਤਾਰ ਸਿੰਘ ਵਲੋਂ ਜਥੇਦਾਰ ਚੰਗਿਆੜਾ ਦੇ ਮਾਣ ਵਿਚ ਇਕ ਵਿਦਾਇਗੀ ਪਾਰਟੀ ਦਿੱਤੀ ਗਈ।

*Visit us on the web:*
***punjabtimesusa.com***

# ਓਲੰਪਿਕ ਸੋਨ ਤਮਗਾ ਜਿੱਤਣ 'ਤੇ ਗਾਖਲ ਭਰਾਵਾਂ ਵਲੋਂ 15 ਲੱਖ ਦੇਣ ਦਾ ਐਲਾਨ

**ਫਰੀਮਾਂਟ:** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਅਤੇ ਖੇਡ ਪ੍ਰਮੋਟਰ ਸ੍ਰੀ ਅਮੋਲਕ ਸਿੰਘ ਗਾਖਲ ਨੇ ਐਲਾਨ ਕੀਤਾ ਹੈ ਕਿ 2012 ਵਿਚ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚ ਜਿਹੜਾ ਵੀ ਕੋਈ ਭਾਰਤੀ ਖਿਡਾਰੀ ਸੋਨੇ ਦਾ ਮੈਡਲ ਜਿੱਤੇਗਾ ਉਸਨੂੰ 15 ਲੱਖ ਰੁਪਏ ਦਾ ਇਨਾਮ ਦਿੱਤਾ ਜਾਏਗਾ। ਇਹ ਇਨਾਮ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਗਾਖਲ ਪਰਿਵਾਰ ਵਲੋਂ ਜਲੰਧਰ ਵਿਚ ਕਾਇਮ ਕੀਤੇ ਗਏ ਵਿਸ਼ਵ ਪੱਧਰ ਦੇ ਕਸਰਤਖਾਨੇ ਗੋਲਡ'ਜ਼ ਜਿਮ ਦੇ ਜਲੰਧਰ ਕੇਂਦਰ ਵਲੋਂ ਦਿੱਤਾ ਜਾਏਗਾ।



*ਅਮੋਲਕ ਸਿੰਘ ਗਾਖਲ*

ਇਥੇ ਜ਼ਿਕਰਯੋਗ ਹੈ ਕਿ ਗੋਲਡ'ਜ਼ ਜਿਮ ਵਲੋਂ ਪਿਛਲੀਆਂ ਓਲੰਪਿਕ ਖੇਡਾਂ ਵਿਚ ਵੀ ਗੋਲਡ ਮੈਡਲ ਜਿੱਤਣ ਵਾਲੇ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੂੰ 10 ਲੱਖ ਰੁਪਏ ਦਾ ਇਨਾਮ ਦਿੱਤਾ ਗਿਆ ਸੀ।

ਇਸ ਸਬੰਧੀ ਐਲਾਨ ਜਲੰਧਰ ਵਿਚ ਗੋਲਡ'ਜ਼ ਜਿਮ ਦੇ ਐਮ.ਡੀ. ਮਨਵਿੰਦਰ ਸਿੰਘ ਬੱਲ ਨੇ ਵੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਗਾਖਲ ਪਰਿਵਾਰ ਵਲੋਂ ਸੁਰਜੀਤ ਹਾਕੀ ਯਾਦਗਾਰੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ 2.50 ਲੱਖ ਰੁਪਏ ਦਿੱਤੇ ਜਾਂਦੇ ਹਨ। ਇਸ ਮੌਕੇ ਉਨ੍ਹਾਂ ਨਾਲ 74 ਸਾਲਾ ਬਾਡੀ ਬਿਲਡਰ ਬਿੱਕਰ ਸਿੰਘ ਪਰਹਾਰ, ਜਿਮ ਦੀ ਅੰਬੈਸਡਰ ਸੰਗੀਤਾ, ਵਿਪਨ ਗੁਪਤਾ, ਨੱਥਾ ਸਿੰਘ ਗਾਖਲ, ਭਰਤ ਰਾਜਪੂਤ ਅਤੇ ਅਰੁਨਦੀਪ ਸਿੰਘ ਤੂਰ ਵੀ ਹਾਜ਼ਰ ਸਨ।

ਭਾਰਤ ਵਿਚ ਖੇਡਾਂ ਦੀ ਮਾੜੀ ਹਾਲਤ ਉਤੇ ਚਿੰਤਾ ਜਾਹਰ ਕਰਦਿਆਂ ਸ੍ਰੀ ਅਮੋਲਕ ਸਿੰਘ ਗਾਖਲ ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਕਿਹਾ ਕਿ ਜੇ ਪ੍ਰਵਾਸੀ ਭਾਰਤੀ ਖੇਡਾਂ ਨੂੰ ਉਤਸ਼ਾਹਤ ਕਰਨ ਤਾਂ ਸਥਿਤੀ ਬਦਲ ਸਕਦੀ ਹੈ। ਹਾਕੀ ਇੰਡੀਆ ਦੀ ਪ੍ਰਧਾਨਗੀ ਲਈ ਹਾਕੀ ਓਲੰਪੀਅਨ ਸ੍ਰੀ ਪ੍ਰਗਟ ਸਿੰਘ ਦਾ ਨਾਂ ਤਜਵੀਜ਼ ਹੋਣ ਤੇ ਖੁਸ਼ੀ ਜਾਹਰ ਕਰਦਿਆਂ ਸ੍ਰੀ ਗਾਖਲ ਨੇ ਕਿਹਾ ਕਿ ਜੇ ਉਹ ਹਾਕੀ ਇੰਡੀਆ ਦੇ ਪ੍ਰਧਾਨ ਚੁਣੇ ਜਾਂਦੇ ਹਨ ਤਾਂ ਭਾਰਤੀ ਹਾਕੀ ਲਈ ਇਹ ਇਕ ਸ਼ੁਭ ਸ਼ਗਨ ਹੋਵੇਗਾ। ਜ਼ਿਕਰਯੋਗ ਹੈ ਕਿ ਹਾਕੀ ਇੰਡੀਆ ਦੀ ਚੋਣ 28 ਜੁਲਾਈ ਨੂੰ ਹੋ ਰਹੀ ਹੈ।






**Entry Free** 'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ' **Entry Free**

# PUNJABI CULTURAL SOCIETY SACRAMENTO (U.S.A.)

## ਪੇਸ਼ ਕਰਦੀ ਹੈ

# ਤੀਆਂ

# TEEYAN



## On Sunday, the 15th AUGUST 2010 At 1.00 P. M.

## AT S.E.S. Hall

**10427 E. STOCKTON BLVD. ELK GROVE, CA 95624**

**Featuring : Songs, Gidha, Dances, Skits, D.J. and Much More**

## ALL LADIES AND GIRLS ARE INVITED

**ORGANIZING COMMITTEE**

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Parmjeet Sandhu, Balbir Pooni, Surinder Chahal, Gujan Aulkh, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Kuldeep Banwait & Mandeep Pharwala

**New Attraction:**
**Miss Teeyan Contest**
Age 14-20
Call To Participate

**For Participation & Stalls Please Call :**

Mandeep Pharwala @ 916-682-7321, Rashpal Parhar @ 730-7191, Baldev Kaur @ 996-2010, Email: palpharwala@yahoo.com

**ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ ।**

**ਐਂਟਰੀ ਬਿਲਕੁਲ ਮੁਫਤ** *No Cameras Will Be Allowed Inside The Hall* ਵੱਲੋਂ : ਪ੍ਰਬੰਧਕ ਕਮੇਟੀ

# 'ਧੀਆਂ ਮਰਜਾਣੀਆਂ' ਨਾਟਕ ਨੇ ਦਰਸ਼ਕ ਕੀਲੇ

**ਹੇਵਰਡ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਇਥੇ ਛਬੋਟ ਕਾਲਜ ਦੇ ਪਰਫਾਰਮਿੰਗ ਆਰਟਸ ਥੀਏਟਰ ਵਿਚ ਲੰਘੇ ਸਨਿਚਰਵਾਰ ਖੇਡੇ ਗਏ ਨਾਟਕ "ਧੀਆਂ ਮਰਜਾਣੀਆਂ" ਨਾਟਕ ਨੂੰ ਦਰਸ਼ਕਾਂ ਦਾ ਬੇਹੱਦ ਭਰਵਾਂ ਹੁੰਗਾਰਾ ਮਿਲਿਆ। ਇਹ ਗੱਲ ਇਸ ਤੱਥ ਤੋਂ ਜਾਹਰ ਹੁੰਦੀ ਸੀ ਕਿ ਨਾ ਸਿਰਫ 1400 ਸੀਟਾਂ ਦਾ ਹਾਲ ਹੀ ਖਚਾਖਚ ਭਰਿਆ ਹੋਇਆ ਸੀ ਸਗੋਂ ਇਹ ਨਾਟਕ ਦਰਸ਼ਕਾਂ ਨੂੰ ਮਾਦਾ ਭਰੂਣ ਹਤਿਆ ਵਿਰੁਧ ਇਹ ਸੁਨੇਹਾ ਦੇਣ ਵਿਚ ਵੀ ਕਾਮਯਾਬ ਰਿਹਾ ਕਿ "ਧੀਆਂ ਮਰਜਾਣੀਆਂ" ਕੁਖਾਂ ਵਿਚ ਨਾ ਮਾਰੋ, ਨਹੀਂ ਤਾਂ ਕਿਸ ਨੂੰ ਧੀ ਆਖੋਗੇ ਅਤੇ ਕਿਸ ਨੂੰ ਭੈਣ, ਕੌਣ ਬਾਪ ਨੂੰ ਔਲਾਦ ਵਾਲਾ ਸੁਖ ਦੇਵੇਗਾ ਅਤੇ ਕੌਣ ਭਰਾ ਦੇ ਹੱਥ 'ਤੇ ਰਖੜੀ ਬਣੇਗਾ। ਨਾਮੀ ਨਾਟਕਕਾਰ ਅਜਮੇਰ ਔਲਖ ਦੇ ਨਾਟਕ "ਨਿਓਂ ਜੜ" ਉਤੇ ਆਧਰਤ ਇਹ ਨਾਟਕ ਦਰਸ਼ਕਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਗਿਆ ਕਿ ਕੁੜੀਆਂ ਵੀ ਮੁੰਡਿਆਂ ਨਾਲੋ ਘੱਟ ਨਹੀਂ। ਇਨ੍ਹਾਂ ਨੂੰ ਕੁਖ ਵਿਚ ਮਾਰਨਾ ਪਾਪ ਹੈ। ਇਥੇ ਜ਼ਿਕਰਯੋਗ ਹੈ ਕਿ ਅਜਮੇਰ ਸਿੰਘ ਔਲਖ ਦਾ ਨਾਟਕ 'ਨਿਓਂ ਜੜ' 150 ਤੋਂ ਵੱਧ ਵਾਰ ਖੇਡਿਆ ਜਾ ਚੁਕਾ ਹੈ।







ਇਹ ਨਾਟਕ ਪੰਜਾਬ ਵਿਚ ਅਨਾਥ ਬਚਿਆਂ ਤੇ ਲੋੜਮੰਦ ਲੋਕਾਂ ਦੀ ਸੇਵਾ ਕਰ ਰਹੀ ਸੰਸਥਾ 'ਸਹਾਇਤਾ' ਵਾਸਤੇ ਫ਼ੰਡਰੇਜ਼ਰ ਵਜੋ ਖੇਡਿਆ ਗਿਆ। 25 ਸਾਲ ਤੋ ਪੰਜਾਬੀ ਨਾਟਕਾਂ ਅਤੇ ਫ਼ਿਲਮਾਂ ਵਿਚ ਐਕਟਿੰਗ ਅਤੇ ਨਿਰਦੇਸ਼ਨ ਕਰ ਰਹੇ ਨਿਰਦੇਸ਼ਕ ਅਸ਼ੋਕ ਟਾਂਗਰੀ ਨੇ ਡਾ. ਔਲਖ ਦੀ ਇਸ ਰਚਨਾ ਨੂੰ ਬਖ਼ੂਬੀ ਨਿਭਾਇਆ। ਅਦਾਕਾਰੀ ਤੋਂ ਇਲਾਵਾ ਇਸ ਨਾਟਕ ਦੇ ਦਰਸ਼ਕਾਂ ਦੇ ਦਿਲਾਂ ਤਕ ਪਹੁੰਚਣ ਦੀ ਇਕ ਹੋਰ ਅਹਿਮ ਵਜ੍ਹਾ ਸੀ ਇਸ ਦਾ ਸੰਗੀਤ। ਸੰਗੀਤਕਾਰ ਅਤੇ ਗਾਇਕ ਪਰਮਿੰਦਰ ਗੁਰੀ ਦੇ ਸੁਰ ਸੰਗੀਤ ਨੇ ਨਾਟਕ ਦੇ ਪ੍ਰਭਾਵ ਨੂੰ ਸਿਰੇ ਤੇ ਪਹੁੰਚਾਇਆ। ਅਮਰੀਕਾ ਵਿਚ ਸ਼ਾਇਦ ਇਹ ਪਹਿਲਾ ਨਾਟਕ ਸੀ ਜਿਸ ਲਈ 1400 ਦਰਸ਼ਕਾਂ ਨੇ ਹਾਊਸ ਫੁਲ ਕੀਤਾ, ਨਾਟਕ ਵਕਤ ਸਿਰ ਸ਼ੁਰੂ ਹੋਇਆ ਅਤੇ ਢਾਈ ਘੰਟੇ ਤਕ ਕੋਈ ਦਰਸ਼ਕ ਅਪਣੀ ਸੀਟ ਤੋਂ ਨਹੀ ਹਿਲਿਆ।

ਸਟੇਜ ਸੰਚਾਲਨ ਰੇਡਿਓ ਹੋਸਟ ਸਿਮਰਨ ਹੁੰਦਲ ਨੇ ਕੀਤਾ। ਹਰਿੰਦਰ ਗਰੇਵਾਲ ਨੇ ਸਾਊਂਡ, ਸ਼ਿਵਾ ਪ੍ਰੇਮਾਨੀ ਸਕੂਲ ਨੇ ਲਾਈਟਿੰਗ ਅਤੇ ਨਿਤਿਨ ਕਪੂਰ ਨੇ ਸਟੇਜ ਮੈਨੇਜਰ ਵਜੋਂ ਬਹੁਤ ਮਿਹਨਤ ਅਤੇ ਲਗਨ ਨਾਲ ਇਸ ਨਾਟਕ ਨੂੰ ਸਫ਼ਲ ਬਣਾਇਆ। ਸਹਾਇਤਾ ਸੰਸਥਾ ਦੇ 25 ਵਲੰਟੀਅਰਾਂ ਨੇ ਲਗਨ ਨਾਲ ਸੇਵਾ ਕਰ ਕੇ ਇਸ ਨਾਟਕ ਨੂੰ ਸਿਰੇ ਚੜ੍ਹਾਇਆ।

ਨਾਟਕ ਸ਼ੁਰੂ ਹੋਣ ਤੋਂ ਪਹਿਲਾਂ 'ਖਟੀਆਂ ਮਿਠੀਆਂ' ਵਾਲੀ ਜੋੜੀ ਜਸਵੀਰ ਗਿੱਲ ਅਤੇ ਰੂਬੀ ਦਿਓਲ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਸਿਮਰਨ ਹੁੰਦਲ ਨੇ ਭਰੂਣ ਹਤਿਆ ਬਾਰੇ ਕੁਝ ਤੱਥਾਂ ਅਤੇ ਅੰਕੜਿਆਂ ਨਾਲ ਦਰਸ਼ਕਾਂ ਨੂੰ ਇਸ ਪਾਪ ਦੇ ਘਿਨੌਣੇਪਣ ਬਾਰੇ ਜਾਣੂ ਕਰਵਾਉਂਦਿਆਂ ਸਮੂਚੇ ਪੰਜਾਬੀ ਸਭਿਆਚਾਰ ਦੀ ਸੋਚ ਬਦਲਣ ਵਿਚ ਸਹਿਯੋਗ ਦੇਣ ਦਾ ਸੱਦਾ ਦਿਤਾ। ਪਰਮਿੰਦਰ ਗੁਰੀ ਦੇ 'ਧੀਆਂ ਮਰਜਾਣੀਆਂ' ਗੀਤ ਨਾਲ ਪਰਦਾ ਉਠਿਆ ਤੇ ਲਗਾਤਾਰ ਢਾਈ ਘੰਟੇ ਦਰਸ਼ਕ ਮੰਤਰਮੁਗਧ ਹੋਏ ਕਹਾਣੀ ਦੇ ਨਾਲ ਨਾਲ ਹਸਦੇ-ਰੋਂਦੇ ਖੁਭੇ ਬੈਠੇ ਰਹੇ।

ਨਾਟਕ ਵਿਚ ਕੰਮ ਕਰਨ ਵਾਲੇ ਕਲਾਕਾਰਾਂ ਵਿਚ ਜਸਵਿੰਦਰ ਬੀਸਲਾ, ਰੂਬੀ ਦਿਓਲ, ਅਮ੍ਰਿਤ ਸਰਾਂ, ਕੇ ਵਾਲੀਆ, ਰੇ ਵਾਲੀਆ, ਨਰਿੰਦਰ ਸੰਘਾ, ਜਸਵੀਰ ਗਿੱਲ, ਨਿਤਿਨ ਕਪੂਰ, ਸਿਮਰਨ ਸੰਘਾ, ਰਾਣਾ ਅਟਵਾਲ, ਬਲਵਿੰਦਰ ਮਹੇ, ਅਮ੍ਰਿਤ ਧਾਲੀਵਾਲ, ਹਰਮੇਸ਼ ਸਿੱਧੂ, ਡਿੰਪਲ ਬੈਂਸ, ਦਰਸ਼ਨ ਕੇਹਲ, ਜੇ ਰੰਧਾਵਾ, ਸਤਿਵੀਰ ਕਾਹਲੋਂ, ਰਵਿੰਦਰ ਢਿਲੋਂ, ਨਿਮਰਤਾ ਗਰੇਵਾਲ, ਸੁਨੀਤਾ ਤੱਖਰ, ਪੀਨਾ ਚਾਹਲ ਅਤੇ ਦਵਿੰਦਰ ਸਰਾਂ ਦੇ ਨਾਂ ਸ਼ਾਮਲ ਹਨ। ਆਖਿਰ ਵਿਚ ਨਿਰਦੇਸ਼ਕ ਅਸ਼ੋਕ ਟਾਂਗਰੀ ਨੇ ਨਾਟਕ ਦੇ ਕਲਾਕਾਰਾਂ ਦੀ ਦਰਸ਼ਕਾਂ ਨਾਲ ਜਾਣ-ਪਛਾਣ ਕਰਵਾਈ। ਰੂਬੀ ਦਿਓਲ ਨੇ ਗਿਧਾ ਅਤੇ ਲੋਹੜੀ ਦੀ ਟੀਮ ਅਤੇ ਅੰਮ੍ਰਿਤਪਾਲ ਸਰਾਂ ਨੇ ਟੈਕਨੀਕਲ ਟੀਮ ਨਾਲ ਜਾਣ-ਪਛਾਣ ਕਰਵਾਈ। ਇਸ ਤੋਂ ਪਹਿਲਾਂ ਲਾਲੀ ਧਨੋਆ ਨੇ ਸਪਾਂਸਰਾਂ ਦਾ ਧੰਨਵਾਦ ਕੀਤਾ। ਅੰਤ ਵਿਚ ਡਾ. ਹਰਕੇਸ਼ ਸੰਧੂ ਅਤੇ ਜਸਵੀਰ ਗਿੱਲ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ।



*ਨਿਰਦੇਸ਼ਕ ਅਸ਼ੋਕ ਟਾਂਗਰੀ ਹੋਰ ਕਲਾਕਾਰਾਂ ਨਾਲ*

ਹੋਰ ਜਾਣਕਾਰੀ ਲਈ ਫੋਨ 510-394-5959 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੀ ਕਾਨਫ਼ਰੰਸ ਲਾਸ ਏਂਜਲਸ 'ਚ 14 ਨੂੰ

**ਯੂਨੀਅਨ ਸਿਟੀ:** ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੀ ਮੀਟਿੰਗ ਆਉਂਦੀ 14 ਅਗਸਤ ਸਨਿਚਰਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਵਾਲਨਟ ਵਿਖੇ 11 ਵਜੇ ਹੋਵੇਗੀ ਜਿਸ ਵਿਚ ਐਨ ਆਰ ਆਈ ਵਿੰਗ ਦੇ ਪ੍ਰਧਾਨ ਸ. ਸੁਰਜੀਤ ਸਿੰਘ ਰੱਖੜਾ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ।

ਪਾਰਟੀ ਇਕਾਈ ਦੀ ਇਥੇ ਹੋਈ ਇਕ ਮੀਟਿੰਗ ਵਿਚ ਕਾਨਫਰੰਸ ਦੀ ਰੂਪ ਰੇਖਾ ਉਲੀਕੀ ਗਈ। ਅਮਰੀਕਾ 'ਚ ਕਰਵਾਈ ਜਾ ਰਹੀ ਇਸ ਦੂਜੀ ਕਾਨਫਰੰਸ ਵਿਚ ਪਰਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ ਜਿਨ੍ਹਾਂ ਵਿਚ ਕਾਲੀ ਸੂਚੀ ਖ਼ਤਮ ਕਰਾਉਣਾ, ਭਾਰਤੀ ਸਫਾਰਤਖਾਨਿਆਂ ਵਲੋਂ ਰਾਜਸੀ ਸ਼ਰਨ ਪ੍ਰਾਪਤ ਕਰਕੇ ਇਥੇ ਵੱਸੇ ਲੋਕਾਂ ਨੂੰ ਪਾਸਪੋਰਟ ਸਬੰਧੀ ਆ ਰਹੀਆਂ ਮੁਸ਼ਕਲਾਂ ਆਦਿ ਮਸਲੇ ਅਹਿਮ ਹੋਣਗੇ। ਇਸ ਕਾਨਫਰੰਸ ਦੌਰਾਨ ਅਮਰੀਕਾ ਭਰ ਤੋਂ ਅਕਾਲੀ ਨੁਮਾਇੰਦੇ ਪਹੁੰਚ ਰਹੇ ਹਨ।

ਇਸ ਮੀਟਿੰਗ ਵਿਚ ਪਾਰਟੀ ਇਕਾਈ ਦੇ ਸਰਪ੍ਰਸਤ ਸ. ਦੀਦਾਰ ਸਿੰਘ ਬੈਂਸ, ਚੇਅਰਮੈਨ ਹਰਿੰਦਰ ਸਿੰਘ (ਹੈਰੀ) ਗਿੱਲ, ਕੈਲੀਫੋਰਨੀਆ ਦੇ ਪ੍ਰਧਾਨ ਬਲਜੀਤ ਸਿੰਘ ਮਾਨ, ਹਰਜੀਤ ਸਿੰਘ ਸੰਧੂ, ਕਰਮਬੀਰ ਸਿੰਘ ਬੈਂਸ, ਜਸਵੰਤ ਸਿੰਘ ਸਰਾਂ, ਵਿਕਰਮਜੀਤ ਸਿੰਘ, ਸਰਬਜੀਤ ਸਿੰਘ ਸਰਾਓ, ਪ੍ਰੀਤਮ ਸਿੰਘ ਗਰੇਵਾਲ, ਅਰਵਿੰਦਰ ਸਿੰਘ ਲਾਖਨ, ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ ਆਦਿ ਸ਼ਾਮਲ ਹੋਏ।

ਮੀਟਿੰਗ ਦੌਰਾਨ ਅਮਰੀਕਾ ਵਿਚ ਵੱਸਦੇ ਪਰਵਾਸੀਆਂ ਨੂੰ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਮੈਂਬਰ ਬਣਨ ਦੀ ਅਪੀਲ ਕੀਤੀ ਗਈ।



*ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੀ ਯੂਨੀਅਨ ਸਿਟੀ ਵਿਚ ਹੋਈ ਇਕ ਮੀਟਿੰਗ ਤੋਂ ਬਾਅਦ ਦੀਦਾਰ ਸਿੰਘ ਬੈਂਸ ਅਤੇ ਹੈਰੀ ਗਿੱਲ ਹੋਰ ਆਗੂਆਂ ਨਾਲ*

# ਪੰਜਾਬੀ ਅਮੈਰੀਕਨ ਐਸੋਸੀਏਸ਼ਨ ਦਾ ਸਨਮਾਨ

**ਫੇਅਰਫੀਲਡ:** ਸਾਲਾਨੋ ਕਾਉਂਟੀ ਦੀਆਂ ਪ੍ਰਮੁਖ ਜਥੇਬੰਦੀਆਂ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੀ ਪ੍ਰਬੰਧਕ ਕਮੇਟੀ ਅਤੇ ਸਾਲਾਨੋ ਸਪੋਰਟਸ ਕਲੱਬ ਦੇ ਪਤਵੰਤੇ ਮੈਂਬਰਾਂ ਅਤੇ ਪੰਜਾਬੀ ਭਾਈਚਾਰੇ ਦੇ ਉਘੇ ਵਿਅਕਤੀਆਂ ਨੇ ਪਿਛਲੇ 9 ਸਾਲ ਤੋਂ ਪੰਜਾਬੀ ਭਾਈਚਾਰੇ ਦੀ ਸੇਵਾ ਕਰਦੀ ਆ ਰਹੀ ਸੰਸਥਾ ਪੰਜਾਬੀ ਅਮੈਰੀਕਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਦਾ ਵਿਸ਼ੇਸ਼ ਸਨਮਾਨ ਇਥੇ ਇਕ ਸਮਾਗਮ ਦੌਰਾਨ ਕੀਤਾ।

ਇਹ ਸਨਮਾਨ ਸਮਾਗਮ ਸਾਲਾਨੋ ਕੋਂਟਰਾ ਕੋਸਟਾ ਕਾਊਂਟੀ ਦੇ ਉਘੇ ਬਿਜਨਸਮੈਨ ਅਤੇ ਰਾਊਂਡ ਟੇਬਲ ਪੀਜ਼ਾ ਦੇ ਬਾਦਸ਼ਾਹ ਇਕਬਾਲ ਸਿੰਘ ਨੰਨਰ ਦੇ ਉਦਮ ਅਤੇ ਇਲਾਕੇ ਦੇ ਬਿਜਨਸਮੈਨਾਂ ਦੇ ਸਹਿਯੋਗ ਨਾਲ ਹੋਇਆ। ਸ੍ਰੀ ਇਕਬਾਲ ਨੰਨਰ ਆਪ ਇਕ ਚੰਗੇ ਸਮਾਜ ਸੇਵੀ ਹਨ ਅਤੇ ਰੋਟਰੀ ਇੰਟਰਨੈਸ਼ਨਲ ਦੇ ਉਘੇ ਰੋਟੇਰੀਅਨ ਹਨ। ਉਹ ਰੋਟਰੀ ਕਲੱਬ ਦੇ ਪ੍ਰਧਾਨ ਵੀ ਰਹਿ ਚੁਕੇ ਹਨ।

ਇਥੇ ਜ਼ਿਕਰਯੋਗ ਹੈ ਕਿ ਪੰਜਾਬੀ ਅਮੈਰਿਕਨ ਕਲਚਰਲ ਐਸੋਸੀਏਸ਼ਨ (ਪੀ ਏ ਸੀ ਏ) ਪਿਛਲੇ 9 ਸਾਲ ਤੋਂ ਖਾਸ ਕਰ 9/11 ਦੇ ਅਤਿਵਾਦੀ ਹਮਲਿਆਂ ਤੋਂ ਬਾਅਦ ਸਿੱਖਾਂ ਵਿਰੁਧ ਉਭਰੀ ਨਸਲੀ ਹਿੰਸਾ ਦੀਆਂ ਘਟਨਾਵਾਂ ਅਤੇ ਸਿੱਖਾਂ ਦੀ ਪਛਾਣ ਪ੍ਰਤੀ ਅਮਰੀਕੀ ਭਾਈਚਾਰੇ ਨੂੰ ਜਾਗ੍ਰਿਤ ਕਰਨ ਲਈ ਯਤਨਸ਼ੀਲ ਹੈ। ਸੰਸਥਾ ਦੇ ਕੰਮਾਂ ਵਿਚ ਪੰਜਾਬੀ ਸਮਾਗਮਾਂ ਵਿਚ ਅਮਰੀਕੀ ਅਧਿਆਪਕਾਂ ਨੂੰ ਵਿਸ਼ੇਸ਼ ਸੱਦਾ ਦੇ ਕੇ ਉਨ੍ਹਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਦੇਣਾ, ਹੋਮਲੈਸ ਲੋਕਾਂ ਲਈ ਕੰਬਲ ਅਤੇ ਖਾਣੇ ਦਾ ਪ੍ਰਬੰਧ ਕਰਨਾ, ਖ਼ੂਨ ਦਾਨ ਕੈਂਪ ਲਾਉਣਾ, ਵਿਸਾਖੀ ਅਤੇ ਹੋਰ ਤਿਓਹਾਰਾਂ ਉਤੇ ਬੱਚਿਆਂ ਲਈ ਪਹਾੜੀ ਕੈਂਪ ਲਾਉਣਾ ਸ਼ਾਮਲ ਹੈ। ਸੰਸਥਾ ਵਲੋਂ ਗੁਰੂ ਘਰਾਂ ਵਿਚ ਪੰਜਾਬੀ ਸਕੂਲ ਚਲਾਉਣ ਲਈ ਸੇਵਾਵਾਂ ਵੀ ਦਿੱਤੀਆਂ ਜਾਂਦੀਆਂ ਹਨ। ਬੀਤੇ ਦਿਨੀਂ ਸੰਸਥਾ ਨੇ ਪੰਜਾਬੀ ਗਾਇਕ ਸਤਿੰਦਰ ਸਰਤਾਜ ਦਾ ਵੀ ਇਕ ਵਧੀਆ ਸ਼ੋਅ ਕਰਵਾ ਕੇ ਲੋਕਾਂ ਨੂੰ ਮਿਆਰੀ ਮਨੋਰੰਜਨ ਮੁਹਈਆ ਕੀਤਾ।

ਇਹ ਸਮਾਗਮ ਕਰਵਾਉਣ ਵਿਚ ਜਿਹੜੇ ਸੱਜਣਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਉਨ੍ਹਾਂ ਵਿਚ ਜੋਗਿੰਦਰ ਬਸਰਾ, ਬਲਦੇਵ ਬਸਰਾ, ਸੁਰਜੀਤ ਰੱਤੂ, ਭਿੰਦਰ ਸੰਧੂ, ਅਵਤਾਰ ਸਿੰਘ, ਕੁਲਵੰਤ ਬੈਂਸ, ਪਰਦੀਪ ਸ਼ਰਮਾ, ਹੁਸ਼ਿਆਰ ਸਿੰਘ, ਮੋਹਨ ਜੌਹਲ ਆਦਿ ਸ਼ਾਮਲ ਹਨ।

ਪੀ ਏ ਸੀ ਏ ਵਲੋਂ ਇਸ ਮੌਕੇ ਚਰਨ ਸਿੰਘ ਸੰਧੂ, ਦਵਿੰਦਰ ਸਹੋਤਾ, ਗਗਨਦੀਪ ਸੂਚ, ਗੁਰਪ੍ਰੀਤ ਧੁੱਗਾ, ਹਰਜਿੰਦਰ ਸਿੰਘ ਧਾਮੀ, ਹਰਪਿੰਦਰਜੀਤ ਜੱਸੜ, ਜਸਪ੍ਰੀਤ ਖਿੰਡਾ, ਜਸਤੀਰਥ ਸੋਹਲ, ਜੱਸੀ ਬਾਜਵਾ, ਪਰਮਿੰਦਰ ਬੇਦੀ, ਰਾਜਵੀਰ ਗਰੇਵਾਲ, ਰਣਬੀਰ ਜੌਹਲ, ਸਤਿੰਦਰਪਾਲ ਹੇਅਰ, ਸੁੱਖੀ ਉਪਲ ਅਤੇ ਸੰਨੀ ਬੋਅਲ ਹਾਜ਼ਰ ਸਨ ਜਿਨ੍ਹਾਂ ਨੇ ਇਸ ਸਨਮਾਨ ਲਈ ਪ੍ਰਬੰਧਕਾਂ ਦਾ ਦਿਲੋਂ ਧੰਨਵਾਦ ਕੀਤਾ।





ਵੈਲੀ ਟਰਾਂਜ਼ਿਟ ਅਥਾਰਟੀ ਦੇ ਕਰਮਚਾਰੀਆਂ ਵਲੋਂ ਲੰਘੇ ਐਤਵਾਰ ਗੁਰਦੁਆਰਾ ਸੈਨ ਹੋਜ਼ੇ ਵਿਚ ਵਾਹਿਗੁਰੂ ਦੇ ਸ਼ੁਕਰਾਨੇ ਲਈ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਸ਼ਬਦ ਕੀਰਤਨ ਅਤੇ ਗੁਰਮਤਿ ਵਿਚਾਰਾਂ ਵੀ ਹੋਈਆਂ। ਫੋਟੋ ਵਿਚ ਦਿਖਾਈ ਦੇ ਰਹੇ ਹਨ ਵੀ ਟੀ ਏ ਦੇ ਕਰਮਚਾਰੀ ਅਤੇ ਕਮੇਟੀ ਮੈਂਬਰ
















# ਸੈਕਰਾਮੈਂਟੋ 'ਚ ਗਦਰ ਕਾਨਫਰੰਸ-ਤਸਵੀਰਾਂ ਦੀ ਜ਼ੁਬਾਨੀ



# ਸ਼ਾਨਦਾਰ ਉਦਘਾਟਨ

**ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !**

## ਜਨਮ ਦਿਨ ਹੈ, ਗਰੈਜੂਏਸ਼ਨ, ਮੰਗਣੀ ਜਾਂ ਵਿਆਹ-ਸ਼ਾਦੀ
## ਸ਼ਾਨਦਾਰ ਪਾਰਟੀ ਹਾਲ ਲਈ ਤਲਾਸ਼ ਖਤਮ

# ਬਾਲੀਵੁਡ ਲਾਊਂਜ



## BOLLYWOOD LOUNGE *(PARTY HALL)*

3992 FOOTHILLS BLVD, #175, ROSEVILLE, CA 95747 (ਗੁਰਦੁਆਰਾ ਸੱਚ ਖੰਡ ਰੋਜ਼ਵਿਲ ਦੇ ਬਿਲਕੁਲ ਨਾਲ)

## ਤੁਹਾਡੀ ਪਾਰਟੀ ਲਈ ਬਹੁਤ ਹੀ ਵਧੀਆ ਥਾਂ









**ਵੀਡੀਓ ਕਾਰਨਰ**
ਅਸੀਂ ਬਾਲੀਵੁਡ ਦੀਆਂ ਓਰੀਜ਼ਿਨਲ ਡੀ ਵੀ ਡੀ
ਅਤੇ ਸੀ ਡੀ ਵੇਚਦੇ ਹਾਂ

**ਚਾਟ ਕਾਰਨਰ**
ਚਾਟ-ਸਮੋਸੇ, ਭੇਲਪੂਰੀ, ਗੋਲਗੱਪੇ,
ਗੰਨੇ ਦਾ ਜੂਸ, ਚਾਹ-ਕੌਫੀ

## ਆਪਣੀ ਪਾਰਟੀ ਲਈ ਹਾਲ ਬੁੱਕ ਕਰਾਉਣ ਲਈ ਕਾਲ ਕਰੋ

**Bobby Johal:916-897-3636**
**Gurmeet Grewal:916-517-0810**

**ਮਹਿਲਾ ਹਾਕੀ ਸੈਕਸ ਸਕੈਂਡਲ ਮਾਮਲਾ**

# ਖੇਡ ਮੰਤਰਾਲਾ ਕਰੇਗਾ ਜਿਨਸੀ ਸ਼ੋਸ਼ਣ ਦੇ ਮਾਮਲੇ ਦੀ ਜਾਂਚ

**-ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ:** ਖੇਡ ਮੰਤਰਾਲੇ ਨੇ ਮਹਿਲਾ ਹਾਕੀ ਟੀਮ ਦੇ ਸਾਬਕਾ ਕੋਚ ਐਮ.ਕੇ. ਕੌਸ਼ਿਕ ਖ਼ਿਲਾਫ਼ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਜਾਂਚ ਖ਼ੁਦ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਹ ਕੰਮ ਆਪਣੀ ਅੰਦਰੂਨੀ ਕਮੇਟੀ ਨੂੰ ਸੌਂਪ ਦਿੱਤਾ ਹੈ।

ਹਾਕੀ ਖਿਡਾਰੀ ਰਨਜੀਤਾ ਦੇਵੀ ਦੇ ਹਾਲ ਹੀ ਵਿਚ ਕੈਨੇਡਾ ਤੇ ਚੀਨ ਦੌਰੇ ਦੌਰਾਨ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਹਾਕੀ ਇੰਡੀਆ ਨੂੰ ਕਰਨ ਤੋਂ ਬਾਅਦ ਕੋਚ ਐਮ ਕੇ ਕੌਸ਼ਿਕ ਨੇ ਅਸਤੀਫਾ ਦੇ ਦਿੱਤਾ ਸੀ। ਹਾਕੀ ਇੰਡੀਆ ਪਹਿਲਾਂ ਹੀ ਇਸ ਮਾਮਲੇ ਦੀ ਪੜਤਾਲ ਲਈ ਬਣਾਈ ਕਮੇਟੀ ਦੀ ਰਿਪੋਰਟ 'ਤੇ ਵਿਚਾਰ ਤੋਂ ਬਾਅਦ ਇਹ ਮਾਮਲਾ ਦਿੱਲੀ ਪੁਲਿਸ ਨੂੰ ਭੇਜ ਚੁੱਕਿਆ ਹੈ। ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ, "ਮੰਤਰਾਲੇ ਨੇ ਆਪਣੀ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਨਾਲ ਨਜਿੱਠਣ ਵਾਲੀ ਕਮੇਟੀ ਨੂੰ ਐਮ.ਕੇ. ਕੌਸ਼ਿਕ ਖ਼ਿਲਾਫ਼ ਹਾਲ ਹੀ ਵਿਚ ਲੱਗੇ ਦੋਸ਼ਾਂ ਦੀ ਜਾਂਚ ਕਰਨ ਲਈ ਕਿਹਾ ਹੈ। ਕਮੇਟੀ ਉਹ ਪੂਰੀ ਪ੍ਰਕਿਰਿਆ ਅਪਨਾਏਗੀ, ਜੋ ਸੁਪਰੀਮ ਕੋਰਟ ਨੇ ਵਿਸ਼ਾਖਾ ਮਾਮਲੇ ਵਿਚ ਤੈਅ ਕੀਤੀ ਸੀ।" ਮੰਤਰਾਲੇ ਨੇ ਨਾਲ ਹੀ ਕਿਹਾ ਕਿ ਕਮੇਟੀ ਹਾਕੀ ਇੰਡੀਆ ਦੀ ਉਸ ਕਮੇਟੀ ਦੀ ਰਿਪੋਰਟ ਉਤੇ ਵੀ ਗੌਰ ਕਰੇਗੀ, ਜੋ ਸੰਸਥਾ ਨੇ ਕੌਸ਼ਿਕ ਖ਼ਿਲਾਫ਼ ਦੋਸ਼ਾਂ ਦੀ ਜਾਂਚ ਲਈ ਬਣਾਈ ਸੀ। ਮੰਤਰਾਲੇ ਨੂੰ ਹਾਲਾਂਕਿ ਅਜੇ ਇਸ ਦੀ ਰਿਪੋਰਟ ਨਹੀਂ ਮਿਲੀ ਹੈ।

ਇਸੇ ਦੌਰਾਨ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਨੇ ਭਰੋਸਾ ਦਿਵਾਇਆ ਕਿ ਹਾਕੀ ਤੇ ਵੇਟ ਲਿਫਟਿੰਗ ਨੂੰ ਨੈਤਿਕ ਗਿਰਾਵਟ ਵਿਚ ਧੱਕ ਦੇਣ ਵਾਲੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਨਾਲ 'ਪੇਸ਼ੇਵਰ ਤੇ ਨਿਰਪੱਖ ਤਰੀਕੇ ਨਾਲ ਨਜਿੱਠਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਇਨ੍ਹਾਂ ਦੋਵਾਂ ਮਾਮਲਿਆਂ ਵਿਚ ਕੋਚਾਂ ਦਾ ਨਾਂ ਉਛਲਿਆ ਅਤੇ ਸਬੰਧਤ ਫੈਡਰੇਸ਼ਨਾਂ ਨੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਹੈ। ਹਾਕੀ ਵਿਚ ਖਿਡਾਰੀਆਂ ਵਲੋਂ ਲਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤੋਂ ਬਾਅਦ ਕੋਚ ਐਮ.ਕੇ. ਕੌਸ਼ਿਕ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਇਹ ਕੇਸ ਫੌਜਦਾਰੀ ਜਾਂਚ ਲਈ ਦਿੱਲੀ ਪੁਲਿਸ ਨੂੰ ਭੇਜ ਦਿੱਤਾ ਗਿਆ। ਵੇਟ ਲਿਫਟਿੰਗ ਵਿਚ ਰਮੇਸ਼ ਮਲਹੋਤਰਾ, ਜਿਨ੍ਹਾਂ ਦੇ ਨਾਂ ਦੀ ਫੈਡਰੇਸ਼ਨ ਨੇ ਦਰੋਣਾਚਾਰੀਆ ਐਵਾਰਡ ਲਈ ਸਿਫਾਰਸ਼ ਕੀਤੀ ਗਈ ਸੀ, ਨੂੰ ਜੂਨੀਅਰ ਲਿਫਟਰਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਮਗਰੋਂ ਹਾਲ ਦੀ ਘੜੀ ਸਿਰਫ਼ ਮੁਅੱਤਲ ਕੀਤਾ ਗਿਆ ਹੈ। ਮਲਹੋਤਰਾ ਵਿਰੁਧ ਦੋਸ਼ ਸਿਡਨੀ ਓਲੰਪਿਕ ਵਿਚ ਕਾਂਸੀ ਦਾ ਤਗਮਾ ਜੇਤੂ ਕਰਨਮ ਮਲੇਸ਼ਵਰੀ ਨੇ ਲਾਏ। ਮਲੇਸ਼ਵਰੀ ਇਸ ਸਮੇਂ ਭਾਰਤੀ ਵੇਟ ਲਿਫਟਿੰਗ ਫੈਡਰੇਸ਼ਨ ਦੀ ਮੀਤ ਪ੍ਰਧਾਨ ਹੈ। ਦੋਵਾਂ ਕੋਚਾਂ ਨੇ ਆਪਣੇ ਵਿਰੁਧ ਲੱਗੇ ਦੋਸ਼ਾਂ ਨੂੰ ਰੱਦ ਕਰਦਿਆਂ ਦਾਅਵਾ ਕੀਤਾ ਕਿ ਇਹ ਦੋਸ਼ ਮਨਘੜਤ ਹਨ।

**ਪੜਤਾਲ ਨਿਰਪੱਖ ਹੋਵੇਗੀ: ਗਿੱਲ**



ਜ਼ਿਕਰਯੋਗ ਹੈ ਕਿ ਇਹ ਸੈਕਸ ਸਕੈਂਡਲ ਬੀਤੇ ਮੰਗਲਵਾਰ ਨੂੰ ਸਾਹਮਣੇ ਆਇਆ, ਜਦੋਂ ਰਨਜੀਤਾ ਨੇ ਹਾਕੀ ਇੰਡੀਆ ਨੂੰ ਲਿਖਤੀ ਸ਼ਿਕਾਇਤ 'ਚ ਦੋਸ਼ ਲਾਇਆ ਸੀ ਕਿ ਹਾਲ ਦੇ ਕੈਨੇਡਾ ਅਤੇ ਚੀਨ ਦੌਰੇ ਦੌਰਾਨ ਕੋਚ ਕੌਸ਼ਿਕ ਨੇ ਉਸ ਨੂੰ ਸਰੀਰਕ ਸੰਬੰਧਾਂ ਲਈ ਕਿਹਾ ਸੀ ਅਤੇ ਅਸ਼ਲੀਲ ਭਾਸ਼ਾ ਦੀ ਵਰਤੋਂ ਕੀਤੀ ਸੀ। ਇਸ ਤੋਂ ਪਹਿਲਾਂ ਹਾਕੀ ਇੰਡੀਆ ਨੂੰ ਇਕ ਗੁਮਨਾਮ ਈ-ਮੇਲ ਮਿਲੀ ਸੀ, ਜਿਸ 'ਚ ਟੀਮ ਦੇ ਵੀਡੀਓਗ੍ਰਾਫਰ ਬਾਸਵਰਾਜ ਨੂੰ ਵਿਦੇਸ਼ੀ ਦੌਰੇ ਵੇਲੇ ਸੈਕਸ ਵਰਕਰਾਂ ਨਾਲ ਦਿਖਾਇਆ ਗਿਆ ਸੀ। ਇਸ ਤੋਂ ਬਾਅਦ ਬੀਤੀ 21 ਜੁਲਾਈ ਨੂੰ ਕੋਚ ਐਮ.ਕੇ. ਕੌਸ਼ਿਕ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਸਬੰਧ ਵਿਚ ਟੀਮ ਦੇ ਵਿਦੇਸ਼ੀ ਦੌਰਿਆਂ ਦੌਰਾਨ ਵੇਸਵਾਗਮਨੀ ਕਰਨ ਵਰਗੇ ਗੰਭੀਰ ਦੋਸ਼ ਲੱਗਣ ਕਾਰਨ ਬਾਸਵਰਾਜ ਨੂੰ ਬਰਤਰਫ ਕਰ ਦਿੱਤਾ ਗਿਆ ਸੀ। ਹਾਕੀ ਇੰਡੀਆ ਵਲੋਂ ਮਾਮਲੇ ਦੀ ਜਾਂਚ ਲਈ ਰਾਜੀਵ ਮਹਿਤਾ ਦੀ ਅਗਵਾਈ 'ਚ 5 ਮੈਂਬਰੀ ਕਮੇਟੀ ਕਾਇਮ ਕੀਤੀ ਗਈ ਸੀ ਅਤੇ ਜਫ਼ਰ ਇਕਬਾਲ, ਅਜੀਤਪਾਲ ਸਿੰਘ, ਸੁਦਰਸ਼ਨ ਪਾਠਕ ਅਤੇ ਅਨੁਪਮ ਗੁਲਾਟੀ ਨੂੰ ਕਮੇਟੀ ਦਾ ਮੈਂਬਰ ਬਣਾਇਆ ਗਿਆ ਸੀ।

ਦੂਜੇ ਪਾਸੇ ਸ੍ਰੀ ਕੌਸ਼ਿਕ ਨੇ ਦੋਸ਼ ਲਾਇਆ, "ਇਹ ਮੇਰੇ ਖਿਲਾਫ਼ ਇਕ ਡੂੰਘੀ ਸਾਜ਼ਿਸ਼ ਹੈ ਅਤੇ ਮੈਂ ਇਨ੍ਹਾਂ ਦੋਸ਼ਾਂ ਤੋਂ ਬਰੀ ਹੋਣ ਪਿੱਛੋਂ ਹੀ ਮੈਦਾਨ ਵਿਚ ਵੜਾਂਗਾ।" ਇਸ ਦੇ ਨਾਲ ਹੀ ਖੇਡ ਮੰਤਰਾਲੇ ਨੇ ਵੀ ਮਾਮਲੇ ਨੂੰ ਸੰਜੀਦਗੀ ਨਾਲ ਲਿਆ। ਖੇਡ ਮੰਤਰਾਲੇ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ, "ਸਾਨੂੰ ਇਸ ਮੁਤੱਲਕ ਸ਼ਿਕਾਇਤ ਮਿਲੀ ਹੈ। ਅਸੀਂ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਹਾਲਾਤ ਉਤੇ ਨਜ਼ਰ ਰੱਖ ਰਹੇ ਹਾਂ।"

ਉਧਰ ਔਰਤਾਂ ਦੀ ਹਾਕੀ ਟੀਮ ਦੀ ਸਾਬਕਾ ਮੈਨੇਜਰ ਅਨੁਰਿਤਾ ਸੈਣੀ ਨੇ ਉਸ ਦਾ ਨਾਂ ਵਿਵਾਦ 'ਚ ਖਿੱਚਣ ਵਾਲੀਆਂ ਖਿਡਾਰਨਾਂ ਅਤੇ ਮੀਡੀਆ ਵਿਰੁਧ ਕਾਨੂੰਨੀ ਕਾਰਵਾਈ ਦੀ ਧਮਕੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਸੈਣੀ 'ਤੇ ਕੌਸ਼ਿਕ ਨਾਲ ਸੰਬੰਧਾਂ ਦਾ ਦੋਸ਼ ਲਾਇਆ ਗਿਆ ਹੈ। ਸੈਣੀ ਨੇ ਕਿਹਾ ਕਿ ਅਜਿਹੇ ਦੋਸ਼ਾਂ ਨਾਲ ਉਹ ਅਤੇ ਉਨ੍ਹਾਂ ਦਾ ਪਰਿਵਾਰ ਬੇਹੱਦ ਪਰੇਸ਼ਾਨ ਹੈ ਅਤੇ ਉਹ ਇਸ ਮਾਮਲੇ 'ਚ ਕਾਨੂੰਨੀ ਕਾਰਵਾਈ ਕਰਨਗੇ।

ਹਾਕੀ ਇੰਡੀਆ ਦੇ ਜਨਰਲ ਸਕੱਤਰ ਨਰਿੰਦਰ ਬੱਤਰਾ ਨੇ ਕਿਹਾ ਕਿ ਉਨ੍ਹਾਂ ਨੂੰ 16 ਜੁਲਾਈ ਨੂੰ 'ਹਾਕੀ ਸੁਧਾਰ ਸੰਘ' ਦੇ ਨਾਂ 'ਤੇ ਈਮੇਲ ਮਿਲੀ ਜਦੋਂ ਕਿ 17 ਜੁਲਾਈ ਨੂੰ 'ਚੱਕ ਦੇ ਇੰਡੀਆ' ਨਾਂ ਵਾਲੀ ਈਮੇਲ ਮਿਲੀ ਜਿਸ ਵਿਚ ਇਹ ਗੱਲ ਸਾਹਮਣੇ ਆਈ। ਇਸ ਵਿਚ ਬਾਸਵਰਾਜ ਦੀਆਂ ਇਕ ਵੇਸਵਾ ਨਾਲ ਤਸਵੀਰਾਂ ਸਨ। ਉਨ੍ਹਾਂ ਕਿਹਾ, "ਹਾਕੀ ਟੀਮ ਤੋਂ ਈਮੇਲ ਮਿਲਦਿਆਂ ਹੀ ਅਸੀਂ ਜਾਂਚ ਕਮੇਟੀ ਕਾਇਮ ਕਰ ਦਿੱਤੀ। ਜਾਂਚ ਕਮੇਟੀ ਨੇ 19 ਜੁਲਾਈ ਨੂੰ ਮੀਟਿੰਗ ਵਿਚ ਫੈਸਲਾ ਕੀਤਾ ਕਿ ਵੀਡੀਓਗ੍ਰਾਫਰ ਨੂੰ ਮੁਅੱਤਲ ਕਰ ਦਿੱਤਾ ਜਾਵੇ ਤੇ ਜਿਨ੍ਹਾਂ ਖ਼ਿਲਾਫ਼ ਸ਼ਿਕਾਇਤਾਂ ਮਿਲੀਆਂ ਹਨ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਜਾਣ।"

## ਕੌਸ਼ਿਕ ਨੇ ਅਦਾਲਤ ਜਾਣ ਦੀ ਦਿੱਤੀ ਧਮਕੀ



**ਨਵੀਂ ਦਿੱਲੀ:** ਮੁਅੱਤਲ ਕੋਚ ਐਮ.ਕੇ. ਕੌਸ਼ਿਕ ਨੇ ਬੀਤੀ 26 ਜੁਲਾਈ ਨੂੰ ਹਾਕੀ ਇੰਡੀਆ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਦਿੰਦੇ ਹੋਏ ਖੇਡ ਸੰਸਥਾ ਤੇ ਚਾਲਬਾਜ਼ੀ ਨਾਲ ਉਸ ਨੂੰ ਯੌਨ ਸ਼ੋਸ਼ਣ ਮਾਮਲੇ ਵਿਚ ਫਸਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ।

ਕੌਸ਼ਿਕ ਨੇ ਆਪਣੇ ਖਿਲਾਫ ਪੁਲਿਸ ਅਤੇ ਸਰਕਾਰੀ ਕਾਰਵਾਈ ਦੀ ਸਿਫਾਰਸ਼ ਕਰਨ ਦੇ ਹਾਕੀ ਇੰਡੀਆ ਦੇ ਅਧਿਕਾਰੀ 'ਤੇ ਸਵਾਲ ਉਠਾਉਂਦਿਆਂ ਇਤਰਾਜ਼ ਕੀਤਾ ਕਿ ਹਾਕੀ ਇੰਡੀਆ ਨੇ ਦੋਸ਼ਾਂ ਦਾ ਸੱਚ ਜਾਣੇ ਬਿਨਾਂ ਹੀ ਮੰਨ ਲਿਆ ਕਿ ਰਨਜੀਤਾ ਦੇਵੀ ਦੀ ਉਸ ਦੇ ਖਿਲਾਫ ਸ਼ਿਕਾਇਤ 'ਭਰੋਸੇਯੋਗ' ਹੈ। ਉਨ੍ਹਾਂ ਕਿਹਾ ਕਿ 5 ਮੈਂਬਰੀ ਜਾਂਚ ਕਮੇਟੀ ਦੀ ਰਿਪੋਰਟ ਵਿਚ ਸਿਰਫ ਤੱਥ ਸਨ ਅਤੇ ਕੋਈ ਸਿਫਾਰਸ਼ ਨਹੀਂ ਕੀਤੀ ਗਈ ਸੀ। ਇਸ ਲਈ ਹਾਕੀ ਇੰਡੀਆ ਉਨ੍ਹਾਂ ਖਿਲਾਫ ਕਾਰਵਾਈ ਦੀ ਸਿਫਾਰਸ਼ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਮੈਂ ਹਾਕੀ ਇੰਡੀਆ ਦੇ ਮੇਰੀਆਂ ਸੇਵਾਵਾਂ ਦੀ ਵਰਤੋਂ ਨਾ ਕਰਨ ਅਤੇ ਦਿੱਲੀ ਪੁਲਿਸ ਨੂੰ ਮੇਰੇ ਖਿਲਾਫ ਕਾਰਵਾਈ ਕਰਨ ਦੀ ਸਿਫਾਰਸ਼ ਕਰਨ ਦੇ ਫੈਸਲੇ 'ਤੇ ਇਤਰਾਜ਼ ਜਤਾਉਂਦਾ ਹਾਂ। ਜਾਂਚ ਕਮੇਟੀ ਨੇ ਕੋਈ ਸਿਫਾਰਸ਼ ਨਹੀਂ ਕੀਤੀ ਸੀ ਤਾਂ ਫਿਰ ਹਾਕੀ ਇੰਡੀਆ ਅਜਿਹਾ ਕਿਵੇਂ ਕਰ ਸਕਦੀ ਹੈ। ਮੀਡੀਆ ਸਾਹਮਣੇ ਆਪਣੇ ਵਕੀਲਾਂ ਮੰਦਰਾ, ਮਿੱਤਰਾ ਤੇ ਪ੍ਰਵੀਨ ਅਗਰਵਾਲ ਨੂੰ ਪੇਸ਼ ਕਰਦੇ ਹੋਏ ਕੌਸ਼ਿਕ ਨੇ ਕਿਹਾ ਕਿ ਮੈਂ ਫਿਰ ਕਹਿ ਰਿਹਾ ਹਾਂ ਕਿ ਮੇਰੇ ਖਿਲਾਫ ਲਾਏ ਗਏ ਇਹ ਸਾਰੇ ਦੋਸ਼ ਬੇਬੁਨਿਆਦ ਅਤੇ ਮਨਘੜਤ ਹਨ। ਮਿੱਤਰਾ ਨੇ ਕਿਹਾ ਕਿ ਉਨ੍ਹਾਂ ਦਾ ਮੁਵੱਕਲ ਕੁਝ ਸਮਾਂ ਸਥਿਤੀ ਨੂੰ ਦੇਖੇਗਾ ਅਤੇ ਉਸ ਤੋਂ ਬਾਅਦ ਲੋੜ ਪਈ ਤਾਂ ਅਦਾਲਤ ਵਿਚ ਜਾਵੇਗਾ।

## ਆਉਣ ਵਾਲੀਆਂ ਪੀੜ੍ਹੀਆਂ 'ਤੇ ਅਸਰ ਹੋਵੇਗਾ

**ਜਲੰਧਰ:** ਭਾਰਤੀ ਮਹਿਲਾ ਹਾਕੀ ਵਿਚ ਸਾਹਮਣੇ ਆਏ ਸੈਕਸ ਸਕੈਂਡਲ ਨੂੰ ਹਾਕੀ ਦੇ ਇਤਿਹਾਸ ਦਾ ਸਭ ਤੋਂ 'ਭੱਦਾ ਦਾਗ਼' ਕਰਾਰ ਦਿੰਦਿਆਂ ਸਾਬਕਾ ਓਲੰਪੀਅਨਾਂ ਨੇ ਕੌਮੀ ਮਹਿਲਾ ਟੀਮ ਦੇ ਨਾਲ ਨਿਯਮਤ ਆਧਾਰ ਉਤੇ ਔਰਤ ਸਟਾਫ ਹੀ ਨਿਯੁਕਤ ਕਰਨ ਦੀ ਮੰਗ ਕੀਤੀ ਹੈ।

ਸਾਬਕਾ ਕਪਤਾਨ ਪਰਗਟ ਸਿੰਘ ਨੇ ਕਿਹਾ, "ਇਹ ਬਹੁਤ ਹੀ ਨਿੰਦਣਯੋਗ ਹੈ। ਇਸ ਤੋਂ ਬਾਅਦ ਤਾਂ ਲੋਕ ਆਪਣੀਆਂ ਧੀਆਂ ਨੂੰ ਹਾਕੀ ਖੇਡਣ ਲਈ ਪ੍ਰੇਰਿਤ ਹੀ ਨਹੀਂ ਕਰਨਗੇ। ਖਿਡਾਰਨਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਗਈ ਤਾਂ ਉਹ ਵੀ ਵਿਸ਼ਵ ਕੱਪ ਤੇ ਰਾਸ਼ਟਰਮੰਡਲ ਖੇਡਾਂ ਵਰਗੇ ਮੁਕਾਬਲਿਆਂ 'ਚ ਕਿਵੇਂ ਵਧੀਆ ਪ੍ਰਦਰਸ਼ਨ ਕਰਨਗੀਆਂ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਮਹਿਲਾ ਟੀਮ ਨਾਲ ਮਹਿਲਾ ਸਟਾਫ ਹੋਣਾ ਜ਼ਰੂਰੀ ਹੈ। ਓਲੰਪੀਅਨ ਬਲਬੀਰ ਸਿੰਘ ਨੇ ਵੀ ਇਹੋ ਮੰਗ ਕਰਦਿਆਂ ਕਿਹਾ, "ਅਸੀਂ ਹਾਕੀ ਇੰਡੀਆ ਨਾਲ ਪਹਿਲਾਂ ਵੀ ਇਸ ਮੁਤੱਲਕ ਗੱਲ ਕੀਤੀ ਸੀ। ਇਸ ਪਿੱਛੋਂ ਮਧੂ ਯਾਦਵ ਨੂੰ ਮੈਨੇਜਰ ਬਣਾਇਆ ਗਿਆ ਪਰ ਸਹਿਯੋਗੀ ਸਟਾਫ ਵਿਚ ਬਹੁਤੇ ਮਹਿਲਾ ਮੈਂਬਰ ਹੋਣੇ ਚਾਹੀਦੇ ਹਨ।" ਮਹਿਲਾ ਹਾਕੀ ਬਾਰੇ ਸੁਪਰਹਿਟ ਫ਼ਿਲਮ 'ਚੱਕ ਦੇ ਇੰਡੀਆ' ਦੇ ਪ੍ਰੇਰਨਾ-ਸਰੋਤ ਬਣੇ ਸਾਬਕਾ ਖਿਡਾਰੀ ਮੀਰ ਰੰਜਨ ਨੇਗੀ ਨੇ ਕਿਹਾ ਕਿ ਅਜਿਹੀ ਘਟਨਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, "ਮੈਂ ਤਾਂ ਦੇਖ ਕੇ ਦੰਗ ਰਹਿ ਗਿਆ। ਮਾਪੇ ਆਪਣੀਆਂ ਧੀਆਂ ਨੂੰ ਹਾਕੀ ਖੇਡਣ ਨਹੀਂ ਭੇਜਣਗੇ। ਇਹ ਬੜੀ ਵੱਡੀ ਤਰਾਸਦੀ ਹੈ।"


ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਦੇ ਹੋਣ।

ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ



ਫੋਨ:(510) 881-8008
ਸੈਲ:408-896-4518

Email: cctransinc@gmail.com

C and C Trans Inc.
Hayward, CA



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

# ਭਾਰਤ ਦੇ ਰੌਸ਼ਨ ਭਵਿੱਖ ਦੀ ਆਸ ਹੁਣ ਕੋਈ ਵੀ ਨਹੀਂ ਬੰਨ੍ਹਾ ਸਕਦਾ

**-ਜਤਿੰਦਰ ਪਨੂੰ**

ਗੱਲ ਵੀਹ ਕੁ ਸਾਲ ਪਹਿਲਾਂ ਦੀ ਹੈ। ਜਲੰਧਰ ਵਿਚ ਕਿਸੇ ਦੇ ਘਰ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦਾ ਰਾਤ ਦਾ ਖਾਣਾ ਸੀ। ਖਾਣੇ ਪਿੱਛੋਂ ਬਾਦਲ ਸਾਹਿਬ ਹੱਥ ਧੋਣ ਲੱਗੇ ਤਾਂ ਇਕ ਨੌਜਵਾਨ ਨੇ ਸਤਿਕਾਰ ਵਜੋਂ ਅੱਗੇ ਹੋ ਕੇ ਤੌਲੀਆ ਪੇਸ਼ ਕੀਤਾ। ਉਨ੍ਹਾਂ ਨੌਜਵਾਨ ਨੂੰ ਪੁੱਛ ਲਿਆ ਕਿ ਉਹ ਕਰਦਾ ਕੀ ਹੈ ਤੇ ਅੱਗੋਂ ਕੀ ਕਰਨ ਦਾ ਵਿਚਾਰ ਹੈ? ਸਾਰਾ ਕੁਝ ਪੁੱਛ ਕੇ ਫਿਰ ਬਜ਼ੁਰਗਾਂ ਵਾਲੀ ਸਲਾਹ ਇਹ ਦਿੱਤੀ ਕਿ 'ਜੇ ਹੋ ਸਕੇ ਤਾਂ ਬਾਹਰ ਹੀ ਚਲੇ ਜਾਓ, ਏਥੇ ਹੁਣ ਕੋਈ ਭਵਿੱਖ ਨਹੀਂ ਜਾਪਦਾ।'

ਮੁੰਡਾ ਦੇਸ਼ ਭਗਤ ਪਰਿਵਾਰ ਵਿਚੋਂ ਸੀ, ਬਚਪਨ ਤੋਂ ਸ਼ਹੀਦ ਭਗਤ ਸਿੰਘ ਹੁਰਾਂ ਦੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ, ਪਰ ਘਰ ਜਾ ਕੇ ਮਾਂ-ਬਾਪ ਨਾਲ ਦੋ-ਹਰਫ਼ੀ ਗੱਲ ਇਹ ਕਰ ਲਈ ਕਿ ਵਿਦੇਸ਼ ਹੁਣ ਜਾਣਾ ਹੀ ਜਾਣਾ ਹੈ। ਉਨ੍ਹਾਂ ਨੇ ਬਥੇਰਾ ਸਮਝਾਇਆ ਕਿ ਆਪਣੀ ਧਰਤੀ ਛੱਡ ਕੇ ਨਹੀਂ ਜਾਈਦਾ, ਪਰ ਮੁੰਡੇ ਨੇ ਸਿੱਧਾ ਹੀ ਕਹਿ ਦਿੱਤਾ ਕਿ ਜਦੋਂ ਦੋ ਵਾਰੀ ਮੁੱਖ ਮੰਤਰੀ ਬਣ ਚੁੱਕਾ ਤੇ ਤੀਜੀ ਵਾਰੀ ਬਣਨ ਲਈ ਤਿਆਰ ਹੋਇਆ ਫਿਰਦਾ ਆਗੂ ਕਹਿ ਰਿਹਾ ਹੈ ਕਿ ਏਥੇ ਭਵਿੱਖ ਕੋਈ ਨਹੀਂ ਤਾਂ ਰਹਿ ਕੇ ਕੀ ਕਰਾਂਗੇ?

ਮਾਂ-ਬਾਪ ਨੂੰ ਹਾਰ ਮੰਨਣੀ ਪਈ, ਮੁੰਡਾ ਅਮਰੀਕਾ ਚਲਾ ਗਿਆ ਤੇ ਧੱਕੇ-ਧੋੜੇ ਖਾਂਦਾ ਪੱਕਾ ਵੀ ਹੋ ਗਿਆ। ਹੁਣ ਮਾਂ-ਬਾਪ ਵੀ ਹੌਲੀ-ਹੌਲੀ ਇਸ ਸੋਚ ਤੱਕ ਪਹੁੰਚ ਗਏ ਹਨ ਕਿ ਅਸੀਂ ਤਾਂ ਵਿਰਾਸਤ ਦੀ ਪੱਕੀ ਗੰਢ ਹੋਣ ਕਰ ਕੇ ਦੇਸ਼ ਛੱਡ ਕੇ ਜਾਣਾ ਨਹੀਂ, ਪਰ ਬਾਕੀ ਜਿਹੜਾ ਵੀ ਜਾ ਰਿਹਾ ਹੈ, ਉਸ ਨੂੰ ਰੋਕਾਂਗੇ ਕਦੇ ਨਹੀਂ।

ਇਹ ਸਾਰੀ ਕਹਾਣੀ ਅਸੀਂ ਇਸ ਪ੍ਰਸੰਗ ਵਿਚ ਪਾਈ ਹੈ ਕਿ ਅੱਜ ਹਰ ਕੋਈ ਇਸੇ ਗੱਲ ਨੂੰ ਕੋਸੀ ਜਾ ਰਿਹਾ ਹੈ ਕਿ ਨੌਜਵਾਨਾਂ ਦੀ ਦੂਜੇ ਦੇਸ਼ਾਂ ਨੂੰ ਦੌੜ ਕਿਉਂ ਲੱਗੀ ਹੋਈ ਹੈ? ਉਹ ਓਥੇ ਜਾ ਕੇ ਸੌਖੇ ਤਾਂ ਨਹੀਂ, ਪਰ ਔਖ ਕੱਟ ਕੇ ਵੀ ਆਖਰੀ ਹੱਦ ਤੱਕ ਵਾਹ ਲਾਉਂਦੇ ਹਨ ਕਿ ਉਸ ਦੇਸ਼ ਨੂੰ ਮੁੜਨਾ ਨਾ ਪਵੇ, ਜਿਸ ਦਾ 'ਭਵਿੱਖ ਹੀ ਕੋਈ ਨਹੀਂ।' ਆਮ ਬੰਦਾ ਹੁਣ ਭਾਰਤ ਵਿਚ 'ਆਮ' ਤਾਂ ਕੀ, 'ਬੰਦਾ' ਵੀ ਨਹੀਂ ਰਹਿ ਗਿਆ, ਸਿਰਫ ਵੋਟਰ ਹੈ, ਜਿਸ ਦੀ ਚੋਣਾਂ ਦੇ ਚਾਰ ਦਿਨਾਂ ਤੋਂ ਅੱਗੋਂ-ਪਿੱਛੋਂ ਕੋਈ ਕੀਮਤ ਹੀ ਨਹੀਂ ਹੁੰਦੀ। ਦੂਜਿਆਂ ਨੇ ਕਦਰ ਕੀ ਪਾਉਣੀ ਹੈ, ਜਿਹੜੀ ਦੱਬੇ-ਕੁਚਲੇ ਲੋਕਾਂ ਦੇ ਨਾਂਅ ਉਤੇ ਰਾਜਨੀਤੀ ਕਰਦੀ ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣ ਗਈ, ਉਹਨੇ ਵੀ ਗਰੀਬਾਂ ਲਈ ਕੱਖ ਨਹੀਂ ਕੀਤਾ ਤੇ ਏਨੇ ਉਤੇ ਖੁਸ਼ ਹੋਈ ਫਿਰਦੀ ਹੈ ਕਿ ਹੁਣ ਮੈਂ ਚਾਰ ਕੋਰੜ ਰੁਪਏ ਦੇ ਨੋਟਾਂ ਦਾ ਹਾਰ ਪਾ ਸਕਦੀ ਹਾਂ। ਕਿਸਾਨਾਂ ਦੀ ਗੱਲ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ, ਓਮ ਪ੍ਰਕਾਸ਼ ਚੌਟਾਲਾ ਜਾਂ ਮੁਲਾਇਮ ਸਿੰਘ ਯਾਦਵ, ਸਾਰੇ ਦੇ ਸਾਰੇ ਆਪੋ ਆਪਣੇ ਪਰਿਵਾਰ ਨੂੰ ਹੀ ਸਮਾਜ ਮੰਨ ਬੈਠੇ ਹਨ। ਕਾਂਗਰਸੀ ਹੋਣ ਜਾਂ ਭਾਜਪਾ ਵਾਲੇ ਜਾਂ ਕੋਈ ਵੀ ਹੋਰ, ਸਾਰੇ ਭਾਰਤ ਦਾ ਇਕ ਵੀ ਰਾਜ ਇਹੋ ਜਿਹਾ ਨਹੀਂ, ਜਿੱਥੇ ਦੋ-ਚਾਰ ਮੰਤਰੀਆਂ ਵਿਰੁਧ ਭ੍ਰਿਸ਼ਟਾਚਾਰ ਤੋਂ ਲੈ ਕੇ ਕਤਲਾਂ ਤੱਕ ਦੇ ਮੁਕੱਦਮੇ ਨਾ ਚਲ ਰਹੇ ਹੋਣ। ਫ਼ੌਜ ਵਿਚ ਉਸ ਨੂੰ ਹੀਰੋ ਮੰਨਿਆ ਜਾਂਦਾ ਹੈ, ਜਿਹੜਾ ਦੁਸ਼ਮਣ ਦੇ ਦੋ-ਚਾਰ ਬੰਦੇ ਮਾਰ ਦੇਵੇ, ਭਾਰਤੀ ਰਾਜਨੀਤੀ ਵਿਚ ਉਹ ਵੱਡਾ ਧੜੱਲੇਦਾਰ ਆਗੂ ਬਣਦਾ ਜਾ ਰਿਹਾ ਹੈ, ਜਿਹੜਾ ਆਪਣੇ ਭਾਈਚਾਰੇ ਦੇ ਹੀ ਦੋ-ਚਾਰ ਬੰਦੇ ਮਰਵਾ ਚੁੱਕਾ ਹੋਵੇ। ਅੱਖੀਂ ਘੱਟਾ ਪਾਉਣ ਦੀ ਖੇਡ ਹੈ, ਜਿਸ ਵਿਚ ਉਸੇ ਦਾ ਇਕਬਾਲ ਬੁਲੰਦ ਹੋਵੇਗਾ, ਜਿਹੜਾ ਦੂਜਿਆਂ ਨਾਲੋਂ ਵਧ ਲੋਕਾਂ ਨੂੰ ਮੂਰਖ ਬਣਾ ਲਵੇਗਾ। ਬਿਹਾਰ ਦਾ ਨਮੂਨਾ ਤਾਜ਼ਾ ਹੈ। ਓਥੇ ਪਹਿਲਾਂ ਕਈ ਸਾਲ ਲਾਲੂ ਪ੍ਰਸਾਦ ਯਾਦਵ ਦੇ ਚਾਰਾ ਘੁਟਾਲੇ ਦੁਆਲੇ ਰਾਜਨੀਤੀ ਘੁੰਮਦੀ ਰਹੀ, ਜਿਹੜਾ ਸਿਰਫ ਇਕ ਹਜ਼ਾਰ ਕਰੋੜ ਰੁਪਏ ਦੇ ਨੇੜੇ ਜਾਂਦਾ ਸੀ। ਹੁਣ ਓਥੇ ਇਕ ਦੀ ਥਾਂ ਗਿਆਰਾਂ ਹਜ਼ਾਰ ਕਰੋੜ ਦਾ ਨਵਾਂ ਘੁਟਾਲਾ ਸਾਹਣੇ ਆ ਗਿਆ ਹੈ। ਇਸ ਨੂੰ ਲੈ ਕੇ ਰਾਜ ਦੀ ਵਿਧਾਨ ਸਭਾ ਵਿਚ ਸਪੀਕਰ ਉਤੇ ਛਿੱਤਰ ਸੁੱਟੇ ਜਾਣ ਦੀ ਨੌਬਤ ਵੀ ਆਈ ਤੇ ਇਕ ਟੀ ਵੀ ਚੈਨਲ ਦੇ ਰਿਪੋਰਟਰ ਦੇ ਦੱਸਣ ਅਨੁਸਾਰ ਉਨ੍ਹਾਂ ਗਾਲ੍ਹਾਂ ਨੂੰ ਪਹਿਲੀ ਵਾਰੀ ਸੁਣਿਆ ਗਿਆ, ਜਿਹੜੀਆਂ ਕਦੇ ਬਾਹਰ ਵੀ ਨਹੀਂ ਸਨ ਸੁਣੀਆਂ। ਅਜੇ ਉਸ ਨਾਟਕ ਦੀਆਂ ਕਈ ਕਿਸ਼ਤਾਂ ਹੋਰ ਵੀ ਪੇਸ਼ ਹੋ ਸਕਦੀਆਂ ਹਨ।



ਲੋਕ ਮਰਦੇ ਹਨ, ਲੀਡਰਾਂ ਨੂੰ ਉਨ੍ਹਾਂ ਲਈ ਬਚਾਅ ਦੇ ਪ੍ਰਬੰਧ ਕਰਨ ਨਾਲੋਂ ਵਧ ਆਪੋ ਆਪਣੀ ਤਸਵੀਰ ਛਪੀ ਵੇਖਣ ਦੀ ਚਿੰਤਾ ਹੈ। ਹੜ੍ਹ ਆਏ ਹਨ, ਪੰਜਾਬ ਤੇ ਹਰਿਆਣੇ ਦੇ ਕਈ ਇਲਾਕਿਆਂ ਦੇ ਲੋਕਾਂ ਨੂੰ ਗੋਤੇ ਖਾਣੇ ਪੈ ਗਏ। ਫਿਰ ਇਕ ਦਿਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਹੀ ਪਾਰਟੀ ਦੇ ਹਰਿਆਣੇ ਵਾਲੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁਡਾ ਉਤੇ ਇਹ ਦੋਸ਼ ਲਾ ਦਿੱਤਾ ਕਿ ਉਸ ਨੇ ਹਾਂਸੀ-ਬੁਟਾਣਾ ਨਹਿਰ ਬਣਾ ਕੇ ਹੜ੍ਹਾਂ ਦੀ ਸਥਿਤੀ ਪੈਦਾ ਕੀਤੀ ਹੈ। ਹਰਿਆਣੇ ਦਾ ਮੁੱਖ ਮੰਤਰੀ ਚੁੱਪ ਕੀਤਾ ਰਿਹਾ ਤੇ ਅਕਾਲੀਆਂ ਨੇ ਇਹ ਸੋਚ ਕੇ ਇਸ ਨੂੰ ਮੁੱਦਾ ਬਣਾ ਲਿਆ ਕਿ ਸਾਡਾ ਖਹਿੜਾ ਛੁੱਟ ਕੇ ਮਰਿਆ ਸੱਪ ਹੁਣ ਇਕ ਕਾਂਗਰਸੀ ਮੁੱਖ ਮੰਤਰੀ ਦੇ ਗਲ ਪੈਣ ਲੱਗਾ ਹੈ। ਜਦੋਂ ਉਨ੍ਹਾਂ ਨੇ ਵੀ ਇਹੋ ਕਹਿ ਦਿੱਤਾ ਕਿ ਹਾਂਸੀ-ਬੁਟਾਣਾ ਨਹਿਰ ਦੇ ਕਾਰਨ ਪੰਜਾਬ ਵਿਚ ਹੜ੍ਹ ਆਏ ਹਨ, ਓਦੋਂ ਇਹ ਭੇਦ ਖੁੱਲ੍ਹ ਗਿਆ ਕਿ ਉਸ ਪੰਜਾਬ ਮਾਰੂ ਨਹਿਰ ਦਾ ਨੀਂਹ ਪੱਥਰ ਤਾਂ 'ਪੰਥ ਰਤਨ' ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਰੱਖਿਆ ਸੀ ਤੇ ਨੀਂਹ ਪੱਥਰ ਉਤੇ 1997-2002 ਵਾਲੀ ਬਾਦਲ ਸਰਕਾਰ ਦੇ ਇਕ ਅਕਾਲੀ ਮੰਤਰੀ ਦਾ ਨਾਂਅ ਵੀ ਛਪਿਆ ਹੋਇਆ ਹੈ। ਇਹ ਨਹਿਰ ਓਦੋਂ ਵਾਲੀ ਅਕਾਲੀ-ਭਾਜਪਾ ਸਰਕਾਰ ਦੀ ਪ੍ਰਵਾਨਗੀ ਨਾਲ ਬਣਨੀ ਸ਼ੁਰੂ ਹੋਈ ਸੀ। ਇਸ ਦੇ ਬਾਅਦ ਅਕਾਲੀਆਂ ਨੂੰ ਹੁਣ ਕੋਈ ਹੋਰ ਮੁੱਦਾ ਲੱਭਣਾ ਪਵੇਗਾ ਤਾਂ ਕਿ ਲੋਕਾਂ ਦਾ ਧਿਆਨ ਏਧਰ ਦੀ ਥਾਂ ਓਧਰ ਪਾਇਆ ਜਾ ਸਕੇ।


ਕਾਰੋਬਾਰੀ ਲੋਕ ਸਿਰਫ ਉਹ ਨਹੀਂ ਹੁੰਦੇ, ਜਿਹੜੇ ਦੁਕਾਨਾਂ ਜਾਂ ਫਿਰ ਕਾਰਖਾਨੇ ਚਲਾਉਂਦੇ ਹਨ, ਸਗੋਂ ਰਾਜਨੀਤਕ ਗਲਿਆਰਿਆਂ ਦੇ ਦਲਾਲ ਵੀ 'ਕਾਰੋਬਾਰੀ' ਹੁੰਦੇ ਹਨ। ਉਨ੍ਹਾਂ ਰਾਜਸੀ ਕਾਰੋਬਾਰੀਆਂ ਵਿਚੋਂ ਕਿਸੇ ਨੂੰ ਵੀ ਪੁੱਛ ਲਵੋ ਤਾਂ ਝੱਟ ਦੱਸ ਦੇਵੇਗਾ ਕਿ ਪਿਛਲੀ ਕਾਂਗਰਸੀ ਸਰਕਾਰ ਦੇ ਫਲਾਣੇ ਮੰਤਰੀ ਨੇ ਫਲਾਣੇ ਥਾਂ ਤੋਂ ਐਨਾ ਮਾਲ ਖਾਧਾ ਸੀ ਤੇ ਹੁਣ ਵਾਲੀ ਅਕਾਲੀ-ਭਾਜਪਾ ਸਰਕਾਰ ਦਾ ਫਲਾਣਾ ਬੰਦਾ ਫਲਾਣੇ ਥਾਂ ਤੋਂ ਚੁੱਪ-ਚੁਪੀਤਾ ਐਨਾ ਕੁ ਖਾਈ ਜਾ ਰਿਹਾ ਹੈ। ਕਰੋੜਾਂ ਨਹੀਂ, ਹੁਣ ਤਾਂ ਅਰਬਾਂ ਰੁਪਏ ਦੇ ਪ੍ਰਾਜੈਕਟ ਰਾਤੋ-ਰਾਤ ਪਾਸ ਹੁੰਦੇ ਫਿਰਦੇ ਹਨ ਤੇ ਇਸ ਵਿਚੋਂ ਜੇ ਪੰਜ ਫੀਸਦੀ ਦਾ ਕਮਿਸ਼ਨ ਵੀ ਚਲਦਾ ਹੋਵੇ ਤਾਂ ਕਰੋੜਾਂ ਦੀ ਕਮਾਈ ਸਹਿਜ ਭਾਵ ਨਾਲ ਕਈ ਰਾਜਾਂ ਵਿਚ ਆਮ ਹੁੰਦੀ ਸੁਣੀਂਦੀ ਹੈ। ਇਸ ਦੇ ਬਾਵਜੂਦ ਪੁਰਾਣੇ ਸੁਭਾਅ ਮੁਤਾਬਿਕ ਸਰਕਾਰ ਦੇ ਸਾਧਾਰਨ ਕਰਮਚਾਰੀਆਂ ਤੇ ਅਧਿਕਾਰੀਆਂ ਦੀਆਂ ਮਨਪਸੰਦ ਥਾਂਵਾਂ ਉਤੇ ਬਦਲੀਆਂ ਦੇ ਰੇਟ ਬੱਝੇ ਹੋਏ, ਉਤਰ ਤੋਂ ਦੱਖਣ ਤੱਕ ਹਰ ਥਾਂ ਸੁਣੇ ਜਾ ਰਹੇ ਹਨ।

ਜਦੋਂ ਕਰੋੜਾਂ ਦੇ ਕਮਿਸ਼ਨਾਂ ਦੀਆਂ ਗੱਲਾਂ ਚਲਦੀਆਂ ਹਨ, ਓਦੋਂ ਕਿਸੇ ਨੂੰ ਇਹ ਖਿਆਲ ਹੀ ਨਹੀਂ ਆ ਸਕਦਾ ਕਿ ਜਿਨ੍ਹਾਂ ਦੇ ਬੱਚੇ ਮੁਫਤ ਪੜ੍ਹਾਈ ਵਾਲੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹੋਏ ਕਿਤਾਬਾਂ ਵੀ ਮਸਾਂ ਖਰੀਦਦੇ ਹੁੰਦੇ ਸਨ, ਹੁਣ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੇ ਨਾ ਹੋਣ ਪਿੱਛੋਂ ਕਿਸ ਦੀ ਮਾਂ ਨੂੰ ਮਾਸੀ ਆਖਣਗੇ?

ਚੰਡੀਗੜ੍ਹ ਵਿਚ ਸਰਕਾਰੀ ਹਸਪਤਾਲ ਵਿਚ ਇਕ ਗਰੀਬ ਦੀ ਪਤਨੀ ਜਣੇਪੇ ਦਾ ਵਕਤ ਆਇਆ ਹੋਣ ਕਾਰਨ ਪੀੜ ਨਾਲ ਤੜਫਦੀ ਪਈ ਸੀ, ਡਾਕਟਰ ਨੇ ਦੋ ਰੁਪਏ ਦੀ ਸਰਕਾਰੀ ਪਰਚੀ ਲਿਆਉਣ ਤੱਕ ਵੇਖਣ ਤੋਂ ਨਾਂਹ ਕਰ ਦਿੱਤੀ। ਉਹਦਾ ਪਤੀ ਪਰਚੀ ਲੈਣ ਗਿਆ ਤਾਂ ਕਾਊਂਟਰ ਦੇ ਸਟਾਫ ਨੇ ਕਹਿ ਦਿੱਤਾ ਕਿ ਮਰੀਜ਼ ਨੂੰ ਨਾਲ ਲਿਆਂਦੇ ਬਿਨਾਂ ਪਰਚੀ ਨਹੀਂ ਦੇਣੀ। ਮਰੀਜ਼ ਆਈ ਤਾਂ ਦੋ ਰੁਪਏ ਦੀ ਪਰਚੀ ਲਈ ਕਿਸੇ ਤੋਂ ਮੰਗ ਕੇ ਦਸਾਂ ਦਾ ਨੋਟ ਪਰਚੀ ਬਣਾਉਣ ਨੂੰ ਦਿੱਤਾ ਗਿਆ। ਸਟਾਫ ਨੇ ਕਿਹਾ ਕਿ ਟੁੱਟੇ ਦੋ ਰੁਪਏ ਲੈ ਕੇ ਆਓ, ਓਨੀ ਦੇਰ ਪਰਚੀ ਨਹੀਂ ਮਿਲ ਸਕਦੀ। ਜਿੰਨੀ ਦੇਰ ਨੂੰ ਦੋ ਰੁਪਏ ਟੁੱਟੇ ਹੋਏ ਲਿਆਉਣੇ ਸਨ, ਉਸ ਖੜੀ-ਖੜੋਤੀ ਦਾ ਬੱਚਾ ਹੇਠਾਂ ਡਿੱਗ ਕੇ ਫਰਸ਼ ਉਤੇ ਵੱਜ ਕੇ ਮਰ ਗਿਆ। ਏਨੇ ਲਾਹਨਤ ਭਰੇ ਮਾਹੌਲ ਵਿਚ ਉਹ ਕਿਹੜਾ ਰੌਸ਼ਨ ਭਵਿੱਖ ਹੈ, ਜਿਸ ਦੀ ਆਸ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਬੰਨ੍ਹਾ ਸਕਦੇ ਹਾਂ?

ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਪੰਚਾਇਤ ਸਕੱਤਰਾਂ ਦੀ ਭਰਤੀ ਕੀਤੀ ਸੀ। 'ਅੰਨ੍ਹਾ ਵੰਡੇ ਸ਼ੀਰਨੀਆਂ, ਮੁੜ-ਮੁੜ ਘਰ ਦਿਆਂ ਨੂੰ' ਦੇ ਅਖਾਣ ਵਾਂਗ ਉਮੀਦਵਾਰ ਚੁਣ ਲਏ। ਮਾਮਲਾ ਹਾਈ ਕੋਰਟ ਗਿਆ ਤਾਂ ਰਿਸ਼ਤੇਦਾਰੀ ਨੇ ਕਾਨੂੰਨ ਦੀ ਗਲੀ ਵਿਚੋਂ ਰਸਤਾ ਕੱਢ ਦਿੱਤਾ ਸੀ। ਫਿਰ ਕੇਸ ਸੀ ਬੀ ਆਈ ਕੋਲ ਚਲਾ ਗਿਆ। ਓਦੋਂ ਦਾ ਪੰਚਾਇਤਾਂ ਦਾ ਮੰਤਰੀ ਤੇ ਹੁਣ ਦਾ ਵਿਧਾਨ ਸਭਾ ਦਾ 'ਮਾਣਯੋਗ' ਸਪੀਕਰ ਚਾਰਜ ਸ਼ੀਟ ਹੋਣ ਮਗਰੋਂ ਅਦਾਲਤ ਦੇ ਕਟਹਿਰੇ ਵਿਚ ਜਾ ਖੜੋਤਾ ਹੈ, ਪਰ ਉਸ ਦੇ ਭਾਈਬੰਦਾਂ ਨੂੰ ਇਸ ਨਾਲ ਕੋਈ ਫਰਕ ਹੀ ਨਹੀਂ ਪਿਆ। ਜੇ ਪਿਆ ਹੁੰਦਾ ਤਾਂ ਉਹ ਕੁਝ ਕਦੇ ਨਾ ਹੁੰਦਾ, ਜੋ ਹੁਣ ਅਧਿਆਪਕਾਂ ਦੀ ਚੋਣ ਦੇ ਮਾਮਲੇ ਵਿਚ ਇਕ ਹੋਰ ਅਕਾਲੀ ਮੰਤਰੀ ਦੇ ਨੱਕ ਹੇਠ ਹੋ ਗਿਆ ਹੈ। ਕੁੱਲ 7654 ਅਧਿਆਪਕ ਤੇ ਲੈਕਚਰਾਰ ਰੱਖਣੇ ਸਨ, ਮੈਰਿਟ ਸੂਚੀ ਬਣਾ ਕੇ ਅਪਰੈਲ ਤੋਂ ਪਹਿਲਾਂ ਜਾਰੀ ਕਰ ਦਿੱਤੀ ਗਈ, ਪਰ ਹੁਣ ਜਦੋਂ ਗਰਮੀਆਂ ਦੀਆਂ ਛੁੱਟੀਆਂ ਮਗਰੋਂ ਨੌਂ ਜੁਲਾਈ ਨੂੰ ਮੁੜ ਕੇ ਸਕੂਲ ਖੁੱਲ੍ਹੇ ਤਾਂ ਸਾਰੀ ਸੂਚੀ ਹੀ 'ਸੋਧੀ' ਪਈ ਸੀ। ਮਾਮਲਾ ਇਹ ਵੀ ਅਦਾਲਤ ਵਿਚ ਪਹੁੰਚ ਗਿਆ ਹੈ, ਅਗਲੇ ਪੰਜ-ਚਾਰ ਸਾਲ ਜੇ ਇਸੇ ਚੱਕਰ ਵਿਚ ਪਿਆ ਰਿਹਾ ਤਾਂ ਓਨੀ ਦੇਰ ਨੂੰ ਬਾਕੀ ਦੇ ਸਕੂਲਾਂ ਨੂੰ ਵੀ ਤਾਲੇ ਵੱਜ ਜਾਣਗੇ। ਕਾਂਗਰਸੀ ਮਜ਼ਾਕ ਉਡਾ ਰਹੇ ਹਨ, ਪਰ ਇਹ ਨਹੀਂ ਦਸਦੇ ਕਿ ਆਪਣੇ ਰਾਜ ਵਿਚ ਖਾਲੀ ਸਕੂਲ ਭਰਨ ਲਈ ਉਨ੍ਹਾਂ ਨੇ ਪੂਰੇ ਪੰਜ ਸਾਲ ਭਰਤੀ ਕਿਉਂ ਨਹੀਂ ਸੀ ਕੀਤੀ? ਇਹ ਹੋਣ ਜਾਂ ਉਹ, ਦੋਵਾਂ ਧਿਰਾਂ ਦੀ 'ਕਾਰਜ-ਕੁਸ਼ਲਤਾ' ਨੂੰ ਜਿਹੜੀ ਜਨਤਾ ਰੋਜ਼ ਭੁਗਤਦੀ ਹੈ, ਉਹ ਆਪਣੀ ਅਗਲੀ ਪੀੜ੍ਹੀ ਨੂੰ ਭਾਰਤ ਦੇ ਰੌਸ਼ਨ ਭਵਿੱਖ ਦੀ ਆਸ ਕੀ ਕਹਿ ਕੇ ਬੰਨ੍ਹਾਵੇਗੀ?





ਦੇਸ਼ ਦੇ ਨੌਜਵਾਨਾਂ ਨੂੰ 'ਨਿਕੰਮੇ' ਕਹਿ ਕੇ ਭੰਡਿਆ ਜਾ ਰਿਹਾ ਹੈ। ਜੇ ਉਹ ਨਿਕੰਮੇ ਵੀ ਹੋਣ ਤਾਂ ਇਹ ਉਸੇ ਰਾਜ ਨੇ ਬਣਾਏ ਹਨ, ਜਿਸ ਦੀ ਜ਼ਿੰਮੇਵਾਰੀ ਇਨ੍ਹਾਂ ਨੂੰ ਹੋਣਹਾਰ ਬਣਾਉਣ ਦੀ ਸੀ। ਉਹ ਰਾਜ ਆਪਣੀ ਜ਼ਿੰਮੇਵਾਰੀ ਕਿਉਂ ਨਹੀਂ ਕਬੂਲਦਾ? ਕਿਹਾ ਜਾ ਰਿਹਾ ਹੈ ਕਿ ਫੌਜ ਵਿਚ ਜਵਾਨਾਂ ਤੋਂ ਲੈ ਕੇ ਅਧਿਕਾਰੀਆਂ ਤੱਕ ਦੀਆਂ ਥਾਂਵਾਂ ਖਾਲੀ ਹਨ, ਲੋੜੀਂਦੇ ਉਮੀਦਵਾਰ ਨਹੀਂ ਮਿਲ ਰਹੇ ਜਾਂ ਮਿਲਦੇ ਹਨ ਤਾਂ ਯੋਗਤਾ ਪੱਖੋਂ ਊਣੇ ਹਨ। ਊਣੇ ਇਸ ਕਰਕੇ ਭਰਤੀ ਹੋਣ ਜਾਂਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਕਰਨ ਜੋਗਾ ਹੋਰ ਕੋਈ ਕੰਮ ਨਹੀਂ ਮਿਲਦਾ ਤੇ ਯੋਗ ਇਸ ਕਰ ਕੇ ਨਹੀਂ ਜਾਂਦੇ ਕਿ ਉਥੇ ਜਾਣ ਲਈ ਜਿਸ ਵਤਨ-ਪ੍ਰਸਤੀ ਦੇ ਜਜ਼ਬੇ ਦੀ ਲੋੜ ਹੁੰਦੀ ਹੈ, ਉਹ ਹੁਣ ਪੂਰੇ ਦੇਸ਼ ਵਿਚ ਹੀ ਘੱਟ ਹੁੰਦਾ ਜਾ ਰਿਹਾ ਹੈ। ਆਮ ਆਦਮੀ ਨੇ ਆਗੂਆਂ ਵਲ ਵੇਖ ਕੇ ਚੱਲਣਾ ਹੁੰਦਾ ਹੈ। ਰਾਜ ਅਤੇ ਫੌਜ ਦੇ ਰਿਸ਼ਤੇ ਦਾ ਇਕ ਸੰਸਾਰ ਭਰ ਦਾ ਆਪਣਾ ਇਤਿਹਾਸ ਹੈ, ਜਿਸ ਨੂੰ ਭਾਰਤ ਦੇ ਆਗੂਆਂ ਦੀ ਅਜੋਕੀ ਨਸਲ ਨੇ ਹੀ ਯਾਦ ਨਹੀਂ ਰੱਖਿਆ ਤਾਂ ਲੋਕ ਕਿਉਂ ਰੱਖਣਗੇ?

ਫਿਰੋਜ਼ਪੁਰ ਤੋਂ ਅੱਗੇ ਹੁਸੈਨੀਵਾਲਾ ਬਾਰਡਰ ਇਕ ਤਿੱਖੀ ਤਿਕੋਨ ਵਰਗਾ ਹੈ, ਜਿਥੇ ਖੜੇ ਬੰਦੇ ਦੇ ਦੋ ਪਾਸੇ ਪਾਕਿਸਤਾਨੀ ਬੰਦੂਕਾਂ ਤਣੀਆਂ ਹੁੰਦੀਆਂ ਹਨ ਤੇ ਪਿੱਛੇ ਪੈਂਦੇ ਤੀਜੇ ਪਾਸੇ ਦਰਿਆ ਵਗਦਾ ਹੈ। ਬੰਗਲਾ ਦੇਸ਼ ਦੀ ਜੰਗ ਮੌਕੇ ਭਾਰਤੀ ਫ਼ੌਜ ਪਿਛੇ ਦਰਿਆ ਉਤੇ ਮੋਰਚਾ ਬਣਾ ਕੇ ਬੈਠੀ ਸੀ। ਇਕ ਦਿਨ ਪਾਕਿਸਤਾਨੀ ਪਾਸੇ ਦੇ ਸਰਹੱਦੀ ਪਹਿਰੇਦਾਰ ਨੇ ਭਾਰਤੀ ਪਹਿਰੇਦਾਰੀ ਕਰਦੇ ਬੀ ਐਸ ਐਫ ਦੇ ਜਵਾਨ ਨੂੰ ਦੱਸਿਆ ਕਿ 'ਅੱਜ ਸ਼ਾਮ ਨੂੰ ਝੰਡੇ ਉਤਾਰੇ ਜਾਣ ਦੇ ਫੌਰਨ ਬਾਅਦ ਮੋਰਚਾ ਖੁੱਲ੍ਹ ਜਾਣਾ ਹੈ। ਜਾਨ ਬਚਾ ਕੇ ਦੌੜ ਜਾਓ।' ਬੀ ਐਸ ਐਫ ਦੇ ਅੱਠ ਜਾਂ ਨੌਂ ਜਣੇ ਸਨ, ਉਨ੍ਹਾਂ ਨੇ ਸਲਾਹ ਕੀਤੀ ਤੇ ਫਿਰ ਪਿੱਛੇ ਵਾਇਰਲੈਸ ਸੁਨੇਹਾ ਭੇਜਿਆ। ਪਿੱਛੋਂ ਹਦਾਇਤ ਆਈ ਕਿ 'ਇੱਕ-ਇੱਕ ਕਰ ਕੇ ਖਿਸਕ ਆਓ, ਝੰਡਾ ਉਤਾਰਨ ਦੀ ਉਡੀਕ ਨਾ ਕਰੋ।' ਉਨ੍ਹਾਂ ਨੇ ਆਪੋ ਵਿਚ ਸਲਾਹ ਕੀਤੀ ਕਿ ਕੀ ਕਰੀਏ? ਸਾਰਿਆਂ ਦੀ ਸਹਿਮਤੀ ਬਣੀ ਕਿ ਝੰਡਾ ਛੱਡ ਕੇ ਨਹੀਂ ਜਾਣਾ, ਮਰ ਜਾਣਾ ਮਨਜ਼ੂਰ ਹੈ। ਮਿਥੇ ਸਮੇਂ 'ਤੇ ਸਾਂਝੀ ਪਰੇਡ ਹੋਈ, ਝੰਡੇ ਉਤਰੇ ਤੇ ਜਦੋਂ ਪਾਕਿਸਤਾਨੀ ਜਵਾਨ ਆਪਣਾ ਝੰਡਾ ਲੈ ਕੇ ਓਧਰ ਤੇ ਸਾਡੇ ਏਧਰ ਮੁੜੇ, ਓਧਰ ਦੀ ਫੌਜ ਨੇ ਫਾਇਰ ਸ਼ੁਰੂ ਕਰ ਦਿੱਤਾ। ਇਕ-ਇਕ ਕਰਦੇ ਮਰਦੇ ਹੋਏ ਇਕ-ਦੋ ਜਣੇ ਝੰਡਾ ਢਿੱਡ ਨਾਲ ਬੰਨ੍ਹ ਕੇ ਜ਼ਮੀਨ ਉਤੇ ਘਿਸਟਦੇ ਦਰਿਆ ਤੱਕ ਲੰਘ ਆਏ, ਪਿੱਛੋਂ ਭਾਵੇਂ ਉਹ ਵੀ ਬਚ ਨਹੀਂ ਸਨ ਸਕੇ, ਪਰ ਝੰਡਾ ਛੱਡ ਕੇ ਨਹੀਂ ਸਨ ਆਏ, ਕਿਉਂਕਿ ਉਹ ਆਮ ਲੋਕਾਂ ਦੇ ਪੁੱਤ ਸਨ, ਜਿਨ੍ਹਾਂ ਨੂੰ ਵਤਨ ਦੀ ਮਿੱਟੀ ਨਾਲ ਮੋਹ ਸੀ।

...ਤੇ ਸਾਡੇ ਕੋਲ ਦੋ ਮਿਸਾਲਾਂ ਹੋਰ ਵੀ ਹਨ ਅਮਰੀਕਾ ਤੇ ਇੰਗਲੈਂਡ ਦੀਆਂ। ਪਿਛਲੀ ਰਾਸ਼ਟਰਪਤੀ ਚੋਣ ਮੌਕੇ ਅਮਰੀਕਾ ਵਿਚ ਉਪ ਰਾਸ਼ਟਰਪਤੀ ਅਹੁਦੇ ਦੇ ਦੋਵੇਂ ਦਾਅਵੇਦਾਰਾਂ ਦੇ ਪੁੱਤਰ ਅਫਗਾਨਿਸਤਾਨ ਤੇ ਇਰਾਕ ਵਿਚ ਫੌਜ ਦੀ ਡਿਊਟੀ ਕਰ ਰਹੇ ਸਨ। ਬਰਤਾਨਵੀ ਰਾਜ ਘਰਾਣੇ ਦੀ ਮੱਲਿਕਾ ਨੇ ਫਾਕਲੈਂਡ ਟਾਪੂਆਂ ਦੀ ਜੰਗ ਵੇਲੇ ਆਪਣੇ ਪੁੱਤਰ ਪ੍ਰਿੰਸ ਚਾਰਲਸ ਨੂੰ ਮੋਰਚੇ 'ਤੇ ਜਾਂਦਾ ਵੇਖਿਆ ਸੀ ਤੇ ਪਿਛਲੇ ਸਾਲ ਅਫਗਾਨਿਸਤਾਨ ਦੀ ਜੰਗ ਵਿਚ ਪੋਤਰਾ ਪ੍ਰਿੰਸ ਵਿਲੀਅਮ ਗਿਆ ਸੀ। ਭਾਰਤੀ ਰਾਜਾਂ ਵਿਚ ਵੀ ਕਦੇ ਰਾਜਿਆਂ ਦੇ ਪੁੱਤਰ ਜੰਗ ਵਿਚ ਫੌਜ ਦੇ ਨਾਲ ਜਾਂਦੇ ਹੁੰਦੇ ਸਨ। ਜਿਨ੍ਹਾਂ ਲੀਡਰਾਂ ਦੇ ਹੱਥ ਅੱਜ ਦੇਸ਼ ਦੀ ਕੇਂਦਰੀ ਜਾਂ ਰਾਜਾਂ ਦੀ ਕਮਾਨ ਹੈ, ਉਨ੍ਹਾਂ ਵਿਚੋਂ ਕੀ ਕੋਈ ਇਕ ਵੀ ਹੈ, ਜਿਸ ਨੇ ਆਪਣੀ ਔਲਾਦ ਨੂੰ ਵਤਨ ਦੀ ਰਾਖੀ ਲਈ ਇਸ ਪਾਸੇ ਜਾਣ ਨੂੰ ਕਿਹਾ ਹੋਵੇ? ਮੁਲਕ ਤਾਂ ਏਥੇ ਪਹੁੰਚ ਗਿਆ ਹੈ ਕਿ ਪੈਟਰੋਲ ਪੰਪ ਅਤੇ ਗੈਸ ਏਜੰਸੀਆਂ ਲੀਡਰਾਂ ਦੇ ਪਰਿਵਾਰਾਂ ਲਈ, ਵਜ਼ੀਰੀਆਂ ਤਾਂ ਉਨ੍ਹਾਂ ਲਈ ਹਨ ਹੀ, ਬੈਂਕਾਂ ਤੋਂ ਕਰੋੜਾਂ ਦੇ ਕਰਜ਼ੇ ਰਾਤੋ ਰਾਤ ਪਹਿਲ ਦੇ ਆਧਾਰ 'ਤੇ ਮਿਲਣ ਅਤੇ ਫਿਰ ਵਸੂਲੇ ਬਿਨਾਂ ਮੁਆਫ ਕਰਨ ਦੀ ਸਹੂਲਤ ਵੀ ਉਨ੍ਹਾਂ ਲਈ, ਪਰ ਕਾਰਗਿਲ ਦੀ ਜੰਗ ਵਿਚ ਪੁੱਤਰ ਮਰਵਾਉਣ ਵਾਲਾ ਇਕ ਬਾਪ ਗਿਆਰਾਂ ਸਾਲ ਲੰਘਾ ਕੇ ਵੀ ਲਖਨਊ ਤੇ ਦਿੱਲੀ ਵਿਚਾਲੇ ਆਪਣਾ ਬਣਦਾ ਹੱਕ ਲੈਣ ਨੂੰ ਹਾਲੇ ਤੱਕ ਧੱਕੇ ਖਾਂਦਾ ਫਿਰਦਾ ਹੈ।

ਅਸੀਂ ਚਾਹੁੰਦੇ ਹਾਂ ਕਿ ਭਾਰਤ ਦੇਸ਼ ਦੀ ਅਗਲੀ ਪੀੜ੍ਹੀ ਦੇਸ਼ ਭਗਤ ਹੋਵੇ, ਉਹ ਆਪਣੇ ਮੁਲਕ ਦੀ ਮਿੱਟੀ ਨਾਲ ਮੋਹ ਕਰੇ, ਪਰ ਜਿਹੋ ਜਿਹੀ ਲੀਡਰਸ਼ਿਪ ਦੇ ਹੱਥ ਉਨ੍ਹਾਂ ਦੇ ਭਵਿੱਖ ਦੀ ਕਮਾਨ ਹੈ, ਉਸ ਦੇ ਹੁੰਦਿਆਂ ਅਗਲੀ ਪੀੜ੍ਹੀ ਨੂੰ ਇਹੋ ਜਿਹੀ ਸਲਾਹ ਦੇਣ ਲਈ ਢੁਕਵੇਂ ਲਫਜ਼ ਕੋਈ ਕਿੱਥੋਂ ਲੱਭੇਗਾ?

## ਧੀ ਨੂੰ ਮਾਰਨ ਵਾਲਾ ਪਿਉ ਗ੍ਰਿਫਤਾਰ

**ਭੁਲੱਥ :** ਪਿੰਡ ਕਮਾਲਪੁਰ ਵਿਚ ਬੀਤੀ 24 ਜੁਲਾਈ ਨੂੰ ਤੜਕਸਾਰ ਇਕ ਨੌਜਵਾਨ ਨੂੰ ਮਾਰੂਤੀ ਜ਼ੈਨ ਕਾਰ ਵਿਚ ਬੰਨ੍ਹ ਕੇ ਵੱਢਣ-ਟੁੱਕਣ ਅਤੇ ਮਿੱਟੀ ਦਾ ਤੇਲ ਪਾ ਕੇ ਸਾੜਨ ਵਾਲੇ ਕੇਸ 'ਚ ਨਵਾਂ ਮੋੜ ਆਇਆ ਜਦੋਂ ਇਸ ਲੜਕੇ ਦੀ ਪ੍ਰੇਮਿਕਾ ਨੂੰ ਉਸਦੇ ਪਿਤਾ ਵਲੋਂ ਕਰੰਟ ਲਾ ਕੇ ਮਾਰ ਦਿੱਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਮਾੜੀ ਸੈਲਰਾਂ ਦੇ ਵਸਨੀਕ ਗਗਨਦੀਪ ਸਿੰਘ ਦੇ ਗੁਰਜੀਤ ਕੌਰ ਪੁੱਤਰੀ ਸ਼ੇਰ ਸਿੰਘ ਵਾਸੀ ਦਸੂਹਾ ਨਾਲ ਪ੍ਰੇਮ ਸਬੰਧ ਸਨ। ਗਗਨਦੀਪ ਦੇ ਦਸੂਹਾ ਆਉਣ 'ਤੇ ਲੜਕੀ ਦੇ ਪਿਤਾ ਤੇ ਹੋਰ ਬੰਦਿਆਂ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਉਸ ਨੂੰ ਪਿੰਡ ਕਮਾਲਪੁਰ ਲਾਗੇ ਵੱਢ-ਟੁੱਕ ਕਰਕੇ ਉਸ ਦੀਆਂ ਲੱਤਾਂ ਬਾਹਾਂ ਬੰਨ੍ਹ ਕੇ ਉਸ ਨੂੰ ਕਾਰ ਵਿਚ ਅੱਗ ਲਗਾ ਦਿੱਤੀ ਪਰ ਕਿਸੇ ਤਰ੍ਹਾਂ ਉਹ ਬਚ ਗਿਆ ਤੇ ਕਾਰ ਤੋਂ ਬਾਹਰ ਨਿਕਲ ਆਇਆ। ਉਸ ਦਾ ਜਲੰਧਰ ਦੇ ਹਸਪਤਾਲ 'ਚ ਇਲਾਜ਼ ਚਲ ਰਿਹਾ ਹੈ। ਨੌਜਵਾਨ ਨੇ ਪੁਲੀਸ ਨੂੰ ਲੜਕੀ ਬਾਰੇ ਦੱਸਿਆ। ਜਿਵੇਂ ਹੀ ਪੁਲੀਸ ਲੜਕੀ ਦੇ ਘਰ ਪਹੁੰਚੀ ਤਾਂ ਲੜਕੀ ਦੇ ਪਿਤਾ ਨੇ ਕਰੰਟ ਲਾ ਕੇ ਲੜਕੀ ਦੀ ਹੱਤਿਆ ਕਰ ਦਿੱਤੀ। ਇਸ 'ਤੇ ਦਸੂਹਾ ਪੁਲੀਸ ਨੇ ਕਾਰਵਾਈ ਕਰਦਿਆਂ ਲੜਕੀ ਦੇ ਪੋਸਟਮਾਰਟਮ ਮਗਰੋਂ ਮ੍ਰਿਤਕ ਗੁਰਜੀਤ ਕੌਰ ਦੇ ਪਿਤਾ ਸ਼ੇਰ ਸਿੰਘ ਖਿਲਾਫ ਧਾਰਾ 302 ਤਹਿਤ ਮੁਕੱਦਮਾ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ।


## ਸ਼ਾਮਲਾਟਾਂ ਵਪਾਰਕ ਘਰਾਣਿਆਂ ਨੂੰ ਸੌਂਪਣ ਦਾ ਵਿਰੋਧ

**ਜਲੰਧਰ :** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵਲੋਂ ਕੇਵਲ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਹੀ ਪਿੰਡਾਂ ਦੀਆਂ ਪੰਚਾਇਤੀ ਸ਼ਾਮਲਾਟ ਜ਼ਮੀਨਾਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਬਣਾਏ ਨਵੇਂ ਕਾਨੂੰਨ ਦੇ ਨੋਟੀਫਿਕੇਸ਼ਨ ਜਾਰੀ ਕਰਨ ਦੇ ਨਾਲ ਹੀ ਬਾਦਲ ਸਰਕਾਰ ਵਲੋਂ ਬਿਨਾਂ ਕਾਰਨ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਵਿਚ ਨਕਸਲਵਾਦ ਦੇ ਪੈਦਾ ਹੋਣ ਦੇ ਕੀਤੇ ਜਾ ਰਹੇ ਪ੍ਰਚਾਰ ਤੋਂ ਪਰਦਾ ਹਟ ਗਿਆ ਹੈ। ਨਵੇਂ ਕਾਨੂੰਨ ਦੀ ਨੋਟੀਫਿਕੇਸ਼ਨ ਤੋਂ ਇਹ ਗੱਲ ਸਾਫ ਹੋ ਗਈ ਹੈ ਕਿ ਬਾਦਲ ਸਰਕਾਰ ਲੋਕਾਂ ਵਲੋਂ ਪੰਚਾਇਤੀ ਜ਼ਮੀਨਾਂ ਹੜੱਪਣ 'ਤੇ ਕੀਤੇ ਜਾਣ ਵਾਲੇ ਸੰਭਾਵੀ ਵਿਰੋਧ ਨੂੰ ਜਬਰ ਨਾਲ ਦਬਾਉਣ ਲਈ ਅਗਾਊਂ ਮੈਦਾਨ ਤਿਆਰ ਕਰ ਰਹੀ ਸੀ।

ਇਸ ਸਬੰਧੀ ਗੱਲਬਾਤ ਕਰਦਿਆਂ ਪੰਚਾਇਤ ਐਸੋਸੀਏਸ਼ਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਯਾਦਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਨਵੇਂ ਨੋਟੀਫਿਕੇਸ਼ਨ ਅਨੁਸਾਰ ਬੋਰਡਾਂ, ਕਾਰਪੋਰੇਸ਼ਨਾਂ, ਟਰੱਸਟਾਂ ਜਾਂ ਨਿੱਜੀ ਰਜਿਸਟਰਡ ਕੰਪਨੀਆਂ ਡਿਪਟੀ ਕਮਿਸ਼ਨਰ ਦੀ ਮਨਜ਼ੂਰੀ ਨਾਲ ਪਿੰਡ ਦੀ ਸਾਰੀ ਸ਼ਾਮਲਾਟ ਜ਼ਮੀਨ ਲੈ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਮੁਹਾਲੀ ਨੇੜੇ ਡੀ.ਐੱਲ.ਐੱਫ. ਦੀ ਕਮਰਸ਼ੀਅਲ ਪ੍ਰਾਪਰਟੀ ਦੇ ਮੁਨਾਫ਼ੇ ਨੂੰ ਕਈ ਗੁਣਾ ਵਧਾਉਣ ਖ਼ਾਤਰ 11 ਪਿੰਡਾਂ ਦੀ 230.31 ਏਕੜ ਪੰਚਾਇਤ ਜ਼ਮੀਨ ਗੋਲਫ਼ ਕੋਰਸ ਬਨਾਉਣ ਲਈ ਦਿੱਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਵੱਡੀਆਂ ਕੰਪਨੀਆਂ ਤੋਂ ਚੋਣ ਫੰਡ ਜਾਂ ਕਿਸੇ ਹੋਰ ਲਾਲਚ ਅਧੀਨ ਬਾਦਲ ਸਰਕਾਰ ਇਹ ਧੱਕੇਸ਼ਾਹੀ ਕਰ ਰਹੀ ਹੈ।ਸ. ਸਿੱਧੂ ਨੇ ਕਿਹਾ ਕਿ ਪੰਚਾਇਤ ਐਸੋਸੀਏਸ਼ਨ ਪੰਜਾਬ ਸਰਕਾਰ ਦੇ ਅਜਿਹੇ ਕਦਮ ਦਾ ਸਖ਼ਤ ਵਿਰੋਧ ਕਰਦੀ ਹੈ ਅਤੇ ਇਨਸਾਫ਼ ਪਸੰਦ ਮਜ਼ਦੂਰ ਕਿਸਾਨ ਜੱਥੇਬੰਦੀਆਂ ਨੂੰ ਵੀ ਵਿਰੋਧ ਲਈ ਅੱਗੇ ਆਉਣ ਦੀ ਅਪੀਲ ਕਰਦੀ ਹੈ।

## ਰਾਇਲਟੀ ਸਾਨੂੰ ਵੀ ਮਿਲੇ - ਧੂਮਲ



**ਚੰਡੀਗੜ੍ਹ :** ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੇ ਚੰਡੀਗੜ੍ਹ ਉਪਰ ਹਿਮਾਚਲ ਦਾ ਹੱਕ ਹੋਣ ਦੀ ਗੱਲ ਦੁਹਰਾਉਂਦਿਆਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਵਾਂਗ ਉਨ੍ਹਾਂ ਦੇ ਸੂਬੇ ਨੂੰ ਵੀ ਇਹ ਹੱਕ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਪੁਨਰਗਠਨ ਵੇਲੇ ਆਬਾਦੀ ਦੇ ਹਿਸਾਬ ਨਾਲ ਹਿਮਾਚਲ ਦਾ ਚੰਡੀਗੜ੍ਹ ਦੇ ਕੁੱਲ ਖੇਤਰ ਵਿਚੋਂ 7.19 ਫੀਸਦੀ ਹਿੱਸਾ ਬਣਦਾ ਸੀ ਜੋ ਅੱਜ ਤੱਕ ਨਹੀਂ ਮਿਲਿਆ। ਇਹ ਗੱਲ ਸ੍ਰੀ ਧੂਮਲ ਨੇ ਬੀਤੀ 21 ਜੁਲਾਈ ਨੂੰ ਇਥੇ ਹਿਮਾਚਲ ਭਵਨ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੀ।

ਪੰਜਾਬ ਦੁਆਰਾ ਰਿਪੇਰੀਅਨ ਨਿਯਮਾਂ ਦਾ ਹਵਾਲਾ ਦੇ ਕੇ ਗੁਆਂਢੀ ਰਾਜਾਂ ਹਰਿਆਣਾ ਅਤੇ ਰਾਜਸਥਾਨ ਪਾਸੋਂ ਦਰਿਆਈ ਪਾਣੀਆਂ ਬਦਲੇ ਰਾਇਲਟੀ ਦੀ ਕੀਤੀ ਜਾ ਰਹੀ ਮੰਗ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁੱਦੇ ਨੂੰ ਇਹ ਰਾਜ ਆਪਸੀ ਗੱਲਬਾਤ ਰਾਹੀਂ ਸੁਲਝਾਉਣ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ਰਾਇਲਟੀ ਦਾ ਸਵਾਲ ਹੈ, ਹਿਮਾਚਲ ਨੂੰ ਇਹ ਪਹਿਲਾਂ ਅਤੇ ਵਧ ਮਿਕਦਾਰ ਵਿਚ ਮਿਲਣੀ ਚਾਹੀਦੀ ਹੈ ਕਿਉਂਕਿ ਜਿਨ੍ਹਾਂ ਦਰਿਆਵਾਂ ਦੇ ਪਾਣੀ ਬਦਲੇ ਇਹ ਰਾਇਲਟੀ ਮੰਗੀ ਜਾ ਰਹੀ ਹੈ, ਉਨ੍ਹਾਂ 'ਤੇ ਪਹਿਲਾ ਹੱਕ ਹਿਮਾਚਲ ਦਾ ਬਣਦਾ ਹੈ। ਹੋਰਨਾਂ ਰਾਜਾਂ ਦੇ ਵਸਨੀਕਾਂ ਨੂੰ ਹਿਮਾਚਲ 'ਚ ਖੇਤੀਬਾੜੀ ਲਈ ਜ਼ਮੀਨ ਖਰੀਦਣ ਦੀ ਪ੍ਰਵਾਨਗੀ ਨਾ ਹੋਣ ਬਾਰੇ ਸਪੱਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਦਰਅਸਲ ਹਿਮਾਚਲ ਵਿਚ ਉਥੋਂ ਦੇ ਖੇਤੀ ਨਾਲ ਸਬੰਧ ਨਾ ਰੱਖਣ ਵਾਲੇ ਵਸਨੀਕਾਂ ਨੂੰ ਵੀ ਖੇਤੀਬਾੜੀ ਵਾਲੀ ਜ਼ਮੀਨ ਖਰੀਦਣ ਦੀ ਆਗਿਆ ਨਹੀਂ। ਉਨ੍ਹਾਂ ਕਿਹਾ ਕਿ ਬਾਹਰਲੇ ਰਾਜਾਂ ਦੇ ਵਸਨੀਕ ਹਿਮਾਚਲ ਵਿਚ ਸਰਕਾਰੀ ਪ੍ਰਵਾਨਗੀ ਨਾਲ ਰਿਹਾਇਸ਼ੀ ਥਾਵਾਂ ਜ਼ਰੂਰ ਖਰੀਦ ਸਕਦੇ ਹਨ।

ਪੰਜਾਬੀ ਜ਼ੁਬਾਨ ਨਾਲ ਹਿਮਾਚਲ ਦਾ ਅਟੁੱਟ ਨਾਤਾ ਹੋਣ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬੀ ਜ਼ੁਬਾਨ ਨੂੰ ਬਣਦਾ ਮਾਣ ਦੇ ਰਹੀ ਹੈ।

# ਵਿਸ਼ਵ ਕਪ 'ਚ ਅਰਜਨਟਾਈਨਾ ਦੀ ਹਾਰ ਨੂੰ ਸਮਝਣ ਦਾ ਯਤਨ ਕਰਦਿਆਂ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਦੂਸਰੇ ਅਧ ਲਈ ਮੈਦਾਨ ਅੰਦਰ ਡਚ ਟੀਮ ਉਤਰੀ ਤਾਂ ਉਸ ਦੇ ਤੇਵਰ ਹੀ ਬਦਲੇ ਹੋਏ ਸਨ। ਦੂਸਰੇ ਪਾਸੇ ਬਰਾਜ਼ੀਲ ਨੇ ਬੈਸਟੋਸ ਨੂੰ ਮਾਰਕਰ ਬਣਾ ਕੇ ਸ਼ਾਇਦ ਰੌਬਿਨ ਨੂੰ ਲੋੜ ਤੋਂ ਵਧੇਰੇ ਹੀ ਅਹਿਮੀਅਤ ਦਿਤੀ ਹੋਈ ਸੀ। ਇਕ-ਦੋ ਵਾਰੀ ਤਾਂ ਬੈਸਟੋਸ ਨੇ ਉਸਨੂੰ ਸ਼ਾਇਦ ਸਚਮੁਚ ਹੀ ਗਲਤ ਟੈਕਲ ਕਰਕੇ ਪੀਲਾ ਕਾਰਡ ਲਿਆ ਪਰ ਰੌਬਿਨ ਨੇ ਚਲਾਕੀ ਇਹ ਕੀਤੀ ਕਿ ਬਰਾਜ਼ੀਲ ਦੇ ਗੋਲਾਂ ਮੂਹਰੇ ਫਰੀ ਕਿਕਾਂ ਲੈਣ ਲਈ ਮਾਰਕਰ ਦੇ ਨੇੜੇ ਹੁੰਦਿਆਂ ਹੀ ਡਿਗ ਡਿਗ ਕੇ ਰੈਫਰੀ ਨੂੰ ਚਕਮਾ ਦੇਣ ਦੀ ਨੀਤੀ ਅਪਨਾ ਲਈ। ਅਜਿਹੇ ਹੀ ਮੌਕੇ 'ਤੇ ਬਹੁਤ ਹੀ ਲਾਹੇਵੰਦ ਜਾਂ ਕਹੋ ਕਿ ਖਤਰਨਾਕ ਪੁਆਇੰਟ ਤੋਂ ਸਨਾਈਡਰ ਨੇ ਜਦੋਂ ਇਕ ਜ਼ੋਰਦਾਰ ਕਿਕ ਨੂੰ ਬਰਾਜ਼ੀਲੀ ਗੋਲਾਂ ਵਲ ਗਲਾਈਡ ਕੀਤਾ ਤਾਂ ਆਪਣੇ ਗੋਲਕੀਪਰ ਦੇ ਮੂਹਰੇ ਖੜ੍ਹਾ ਫਿਲਪ ਮੇਲੋ ਉਚੀ ਜੰਪ ਲੈ ਕੇ ਸਨਾਈਡਰ ਦੇ ਕਰਾਸ ਤੋਂ ਆ ਰਹੀ ਬਾਲ ਨੂੰ ਬਾਹਰ ਕਢਣ ਦੀ ਬਜਾਏ ਖੁਦ ਹੀ ਆਪਣੇ ਗੋਲਾਂ ਵਿਚ ਸਿੱਟ ਬੈਠਾ। ਚਾਣਚਕ ਅਜਿਹਾ ਗੋਲ ਖਾ ਜਾਣ ਕਰਕੇ ਅਗਲੇ ਕੁਝ ਪਲ ਬਰਾਜ਼ੀਲੀ ਟੀਮ ਦੀ ਲੈਅ ਅਤੇ ਤਾਲ ਹਿਲ ਗਏ। ਉਧਰ ਰੌਬਿਨ ਨੇ ਮੁੜ ਉਸੇ ਤਰ੍ਹਾਂ ਦਾ 'ਤਮਾਸ਼ਾ' ਜਾਰੀ ਰਖਿਆ। ਇਸ ਵਾਰ ਸਨਾਈਡਰ ਨੇ ਉਸਦੇ ਪਾਸ ਤੇ ਹੈਡਰ ਮਾਰ ਕੇ ਜੋ ਗੋਲ ਕੀਤਾ ਉਹ ਕਲਾਸ ਸੀ। ਇਸ ਵਿਚ ਉਸੇ ਤਰ੍ਹਾਂ ਦੀ ਤਾਕਤ ਜਾਂ ਸ਼ਿੱਦਤ ਸੀ ਜਿਸ ਕਿਸਮ ਦਾ ਇਕੋ ਇਕ ਗੋਲ ਉਸਨੇ ਆਪਣੀ ਟੀਮ ਲਈ ਜਪਾਨ ਵਾਲੇ ਮੈਚ ਦੌਰਾਨ ਕੀਤਾ ਸੀ। ਗੋਲ ਕਰਨ ਪਿਛੋਂ ਸਨਾਈਡਰ ਦੀਆਂ ਅੱਖਾਂ ਵਿਚੋਂ ਕਿਸੇ ਬਹੁਤ ਹੀ ਵਡੀ ਦ੍ਰਿੜਤਾ ਅਤੇ ਅਕੀਦਤ ਦੀ ਝਲਕ ਆ ਰਹੀ ਸੀ।

ਮੈਚ ਤੋਂ ਬਾਅਦ ਸਨਾਈਡਰ ਨੇ ਟੈਲੀਵੀਜ਼ਨ 'ਤੇ ਜੋ ਇੰਟਰਵਿਊ ਦਿਤੀ ਉਸ ਵਿਚ ਦਸਿਆ ਕਿ ਮੈਚ ਦੇ ਅੰਤਰਾਲ ਦੌਰਾਨ ਚੇਂਜਿੰਗ ਰੂਮ ਵਿਚ ਉਨ੍ਹਾਂ ਨੇ 'ਕਰੋ ਜਾਂ ਮਰੋ' ਦੀ ਸਹੁੰ ਹੀ ਖਾ ਲਈ ਸੀ। ਹਰ ਇਕ ਨੇ ਇਕ ਦੂਸਰੇ ਨਾਲ ਵਾਅਦਾ ਕੀਤਾ ਸੀ ਕਿ ਅਜ ਜ਼ਿੰਦਗੀ ਦੀ ਬਾਜ਼ੀ ਲਾ ਦੇਣੀ ਹੈ। ਮੈਚ ਤੋਂ ਅਗਲੇ ਦਿਨ ਮੈਂ ਜਦੋਂ ਸਨਾਈਡਰ ਦੀ ਇਹ ਇੰਟਰਵਿਊ ਪੜ੍ਹ ਰਿਹਾ ਸਾਂ ਤਾਂ ਤੁਰੰਤ ਮੇਰੇ ਜ਼ਿਹਨ ਵਿਚ ਬਚਪਨ ਵਿਚ ਸੁਣੀਆਂ ਮਹਾਨ ਢਾਡੀ ਸੋਹਣ ਸਿੰਘ ਸੀਤਲ ਦੀਆਂ ਇਹ ਪੰਕਤੀਆਂ ਚਾਣਚੱਕ ਹੀ ਉਭਰ ਗਈਆਂ:


ਅਜ ਪਗ ਪੰਜਾਬ ਦੀ ਹੱਥ ਥੋੜੇ
ਦੇਓ ਪੰਥ ਖਾਤਰ ਜਾਨਾਂ ਵਾਰ ਸਿੰਘੋ।

ਖੈਰ! ਮੇਰਾ ਤਾਰਕਿਕ ਮਨ ਸਨਾਈਡਰ ਦੇ ਇਸ ਦਾਅਵੇ ਨਾਲ ਕਤਈ ਸਹਿਮਤ ਨਹੀਂ ਸੀ। ਮੈਚ ਉਸ ਦੇ ਕਲਾਸਿਕ ਗੋਲ ਤੋਂ ਬਾਅਦ ਵੀ ਪੂਰੀ ਤਰ੍ਹਾਂ ਓਪਨ ਸੀ। ਬਰਾਜ਼ੀਲ ਅਤੇ ਇਸਦੇ ਨਾਲ ਦੁਨੀਆਂ ਭਰ ਵਿਚ ਫੈਲੇ ਉਸ ਦੇ ਕਰੋੜਾਂ ਪ੍ਰਸ਼ੰਸਕਾਂ ਦੀਆਂ ਉਮੀਦਾਂ 'ਤੇ ਅਸਲ ਪਾਣੀ ਉਸ ਸਮੇਂ ਫਿਰਿਆ ਜਦੋਂ 'ਅਰਜਨ' ਰੌਬਿਨ ਜੀ ਨੂੰ ਖਾਹਮਖਾਹ ਗਲਤ ਤਰੀਕੇ ਨਾਲ ਟੈਕਲ ਕਰਨ ਦੇ ਚੱਕਰ ਵਿਚ ਮੈਚ ਦੇ ਖਾਤਮੇ ਤੋਂ 20 ਮਿੰਟ ਪਹਿਲਾਂ ਹੀ ਫਿਲਿਪ ਮੇਲੋ ਵਰਗਾ ਅਹਿਮ ਖਿਡਾਰੀ ਰੈਫਰੀ ਤੋਂ ਲਾਲ ਕਾਰਡ ਲੈ ਕੇ ਮੈਦਾਨ ਵਿਚੋਂ ਬਾਹਰ ਹੋ ਗਿਆ...ਤੇ ਸ਼ਾਇਦ ਇਹ ਵੀ ਕੋਈ ਬੜੀ ਬਾਤ ਨਹੀਂ ਸੀ। ਰੌਬਿਨ-ਸਨਾਈਡਰ ਜੋੜੀ ਤੇ ਉਨ੍ਹਾਂ ਦੇ ਪਿਛੇ ਬੈਠੇ ਕਾਰੀਗਰ ਬਰਾਜ਼ੀਲੀ ਕਲਾਕਾਰਾਂ ਦੀ ਗੇਮ ਦੀ ਲੈਅ ਅਤੇ ਤਾਲ ਭੰਗ ਕਰਨ ਵਿਚ ਸਫਲ ਹੋ ਗਏ ਸਨ। ਇਕ ਦੇ ਮੁਕਾਬਲੇ 2 ਗੋਲਾਂ ਦੀ ਲੀਡ ਲੈ ਜਾਣ ਤੋਂ ਬਾਅਦ ਡਚ ਟੀਮ ਕਰੜੇ ਡਿਫੈਂਸ 'ਤੇ ਚਲੀ ਗਈ। ਇਸ ਦੇ ਬਾਵਜੂਦ ਬਰਾਜ਼ੀਲ ਵਲੋਂ ਡਾਨੀ ਆਲਵੇਜ ਨੇ ਡਚ ਕਿਲ੍ਹੇਬੰਦੀ 'ਚ ਪਾੜ੍ਹ ਪਾਉਣ ਲਈ ਲਗਾਤਾਰ ਜ਼ਬਰਦਸਤ 'ਬੰਬਾਰਮੈਂਟ' ਜਾਰੀ ਰੱਖੀ। ਆਖਰੀ 10 ਮਿੰਟਾਂ ਵਿਚ ਵੀ ਬਰਾਜ਼ੀਲ ਨੂੰ ਕਈ ਕਾਰਨਰ ਮਿਲੇ। ਰੌਬਿਨੋ ਤੇ ਕਾਕਾ ਲਗਾਤਾਰ ਬਹੁਤ ਵਧੀਆ ਖੇਡਦੇ ਵੀ ਰਹੇ ਪਰ ਹਾਲੈਂਡ ਵਾਲੇ ਕਿਵੇਂ ਨਾ ਕਿਵੇਂ ਸ਼ੁਕਰ ਸ਼ੁਕਰ ਕਰਦਿਆਂ ਇਹ ਵਡਾ ਅੜਿਕਾ ਪਾਰ ਕਰ ਹੀ ਗਏ।

ਰੌਬਿਨ ਬਹੁਤ ਜਾਨਦਾਰ ਖਿਡਾਰੀ ਹੈ। ਉਸ ਵਿਚ ਫੈਸਲਾਕੁੰਨ ਗੋਲ ਕਰਨ ਦੀ ਅਸੀਮ ਸਮਰਥਾ ਹੈ। ਪ੍ਰੰਤੂ ਅਜਿਹੀ ਵੀ ਕਿਡੀ ਕੁ ਗੱਲ ਸੀ, ਆਖਰ ਮਹਿਜ਼ ਮਹੀਨਾ ਕੁ ਪਹਿਲਾਂ ਯੌਰਪੀਨ ਚੈਂਪੀਅਨਸ਼ਿਪ ਲੀਗ ਦੇ ਵੱਕਾਰੀ ਫਾਈਨਲ ਮੁਕਾਬਲੇ ਦੌਰਾਨ ਉਹ ਜਰਮਨੀ ਦੀ ਕੈਸੀਅਤ ਕਲਬ ਬੇਅਰਨ ਮਿਉਨਿਖ ਦੀ ਟੀਮ ਵਿਚ ਹਾਜ਼ਰ ਸੀ, ਜਦੋਂ ਉਸ ਤੋਂ ਨਾ ਕੋਈ ਗੋਲ ਕਰ ਹੋਇਆ ਅਤੇ ਨਾ ਹੀ ਮੂਲਰ ਜਾਂ ਕਲੋਜ ਵਰਗੇ ਆਪਣੇ ਕਿਸੇ ਖਿਡਾਰੀ ਨੂੰ ਕੋਈ ਸਟੀਕ ਪਾਸ ਹੀ ਦੇ ਹੋਇਆ। ਸਗੋਂ ਇੰਟਰ ਮਿਲਨ ਵਲੋਂ ਅਰਜਨਟਾਈਨੀ ਖਿਡਾਰੀ ਡੀਗੋ ਮਿਲੀਟੋ ਨੇ 2 ਗੋਲ ਕਰਕੇ ਉਨ੍ਹਾਂ ਦੀ ਖੇਹ ਕਰ ਦਿਤੀ ਸੀ।

ਇਸ ਸਭ ਦੇ ਬਾਵਜੂਦ ਇਸ ਤੋਂ ਉਕਾ ਹੀ ਕੋਈ ਇਨਕਾਰ ਨਹੀਂ ਹੈ ਕਿ ਹਾਲੈਂਡ ਦੀ ਮੁਹਿੰਮ ਵਿਚ ਰੌਬਿਨ ਅਤੇ ਸਨਾਈਡਰ-ਦੋਵਾਂ ਦੀ ਭੂਮਿਕਾ ਐਤਕੀਂ ਬਹੁਤ ਹੀ ਸਿਕੇਬੰਦ ਸੀ। ਰੌਬਿਨ ਨੇ ਨਾਕ ਆਊਟ ਸਟੇਜ ਮੈਚ ਦੌਰਾਨ ਸਲੋਵਾਕੀਆ ਦੀ ਟੀਮ ਵਿਰੁਧ ਬਹੁਤ ਹੀ ਯਾਦਗਾਰੀ ਗੋਲ ਕੀਤਾ ਅਤੇ ਫਿਰ ਸੈਮੀ ਫਾਈਨਲ ਗੇੜ ਦੌਰਾਨ ਉਰੂਗੁਏ ਵਿਰੁਧ ਮੈਚ ਦੌਰਾਨ ਵੀ ਉਸ ਦਾ ਦਾਗਿਆ ਅਹਿਮ ਗੋਲ ਡਚ ਫੁਟਬਾਲ ਦੇ ਪ੍ਰਸ਼ੰਸਕਾਂ ਵਲੋਂ ਦੇਰ ਤਕ ਚੇਤੇ ਕੀਤਾ ਜਾਂਦਾ ਰਹੇਗਾ। ਸੈਮੀ ਫਾਈਨਲ ਮੈਚ ਦੌਰਾਨ ਕਮਾਲ ਤਾਂ ਡਚ ਟੀਮ ਦੇ ਕਪਤਾਨ ਗਿਓਵਾਈ ਵੌਨ ਬਰੈਨਖੋਸਟ ਨੇ ਟੂਰਨਾਮੈਂਟ ਦਾ ਸ਼ਾਇਦ ਸਭ ਤੋਂ ਆਲੌਕਿਕ ਗੋਲ ਕਰਕੇ ਕੀਤਾ। ਮੈਚ ਤੋਂ ਦੋ ਦਿਨ ਪਿਛੋਂ ਭਾਰਤ ਦੇ ਚੈਂਪੀਅਨ ਖਿਡਾਰੀ ਬਾਇਚੰਗ ਭੁਟੀਆ ਦੀ ਅਖਬਾਰਾਂ ਵਿਚ ਟਿਪਣੀ ਸੀ ਕਿ ਅਜਿਹਾ ਗੋਲ ਉਸ ਨੇ ਆਪਣੇ ਖੇਡ ਜੀਵਨ ਵਿਚ ਸ਼ਾਇਦ ਹੀ ਪਹਿਲਾਂ ਕਦੀ ਤਕਿਆ ਹੋਵੇ। ਪਰ ਫਿਰ ਵੀ ਮੇਰਾ ਵਿਸ਼ਵਾਸ ਹੈ ਕਿ ਹਾਲੈਂਡ-ਬਰਾਜ਼ੀਲ ਮੈਚ ਦੌਰਾਨ ਬਰਾਜ਼ੀਲੀ ਟੀਮ ਨਿਸ਼ਚੇ ਹੀ ਬਿਹਤਰ ਸੀ ਅਤੇ ਉਹ ਸਹਿਜੇ ਹੀ ਫਾਈਨਲ ਤਕ ਪੁਜਣ ਦੇ ਸਮਰਥ ਸੀ।

ਫਿਰ ਸਪੇਨ ਅਤੇ ਜਰਮਨੀ ਵਿਚਾਲੇ ਖੇਡੇ ਗਏ ਇਤਿਹਾਸਕ ਸੈਮੀ ਫਾਈਨਲ ਮੁਕਾਬਲੇ ਬਾਰੇ ਵੀ ਸੰਖੇਪ ਜਿਹੀ ਗੱਲ ਕੀਤੀ ਹੀ ਜਾਣੀ ਚਾਹੀਦੀ ਹੈ। ਮੈਨੂੰ ਯਾਦ ਆ ਰਿਹਾ ਹੈ ਕਿ ਨਾਕ ਆਊਟ ਸਟੇਜ 'ਤੇ ਜਰਮਨੀ ਅਤੇ ਇੰਗਲੈਂਡ ਵਾਲੇ ਮੈਚ ਤੋਂ ਬਾਅਦ ਆਪਣੇ ਵਡੇ ਭਰਾਵਾਂ ਵਰਗੇ ਜਹਾਦੀ ਸਾਥੀ ਕਰਮਜੀਤ ਸਿੰਘ (ਪੰਜਾਬੀ ਟ੍ਰਿਬਿਊਨ ਦੇ ਸਾਬਕਾ ਅਸਿਸਟੈਂਟ ਐਡੀਟਰ) ਦਾ ਲੰਮਾ ਫੋਨ ਆ ਗਿਆ। ਮੈਚ ਦੇ ਨਤੀਜੇ ਤੋਂ ਉਹ ਪੂਰੀ ਤਰ੍ਹਾਂ ਬਾਗੋ-ਬਾਗ ਸੀ। ਉਸ ਮੁਤਾਬਕ ਉਸ ਨੂੰ ਫੁਟਬਾਲ ਦੇ ਮੈਚ ਦਾ ਪਹਿਲੀ ਵਾਰ ਮਜ਼ਾ ਆਇਆ ਸੀ। ਜਰਮਨੀ ਵਾਲੇ ਜਹਾਦੀਆਂ ਵਾਲੇ ਜੋਸ਼ ਪਰ ਪੂਰੀ ਹੋਸ਼ ਨਾਲ ਖੇਡੇ ਸਨ ਅਤੇ ਉਨ੍ਹਾਂ ਨੇ ਇੰਗਲੈਂਡ ਵਾਲਿਆਂ ਨੂੰ ਰੋਲ ਕੇ ਰਖ ਦਿਤਾ ਸੀ।...ਜਰਮਨਾਂ ਨੇ ਸਪੇਨ ਵਿਰੁਧ ਵੀ ਉਹੋ ਸਪਿਰਿਟ ਦਿਖਾਉਣ ਦੀ



ਗੁਰਦਿਆਲ ਸਿੰਘ ਬੱਲ*

ਕੋਸ਼ਿਸ਼ ਤਾਂ ਪੂਰੀ ਕੀਤੀ ਪਰ ਇਸ ਮੁਹਿੰਮ ਦੌਰਾਨ ਸਪੇਨੀਆਂ ਨੇ ਉਨ੍ਹਾਂ ਦੀ ਇਕ ਇਕ ਮੂਵ ਨੂੰ ਤਾੜਿਆ ਹੋਇਆ ਸੀ। ਮੈਚ ਤਾਂ ਸਪੇਨੀਆਂ ਨੇ ਭਾਵੇਂ 1-0 ਨਾਲ ਹੀ ਜਿਤਿਆ ਪਰ ਉਨ੍ਹਾਂ ਨੇ ਜਰਮਨਾਂ ਦੀ ਜਹਾਦੀ ਮੁਹਿੰਮ ਨੂੰ ਠਲ੍ਹ ਆਖਰ ਪਾ ਦਿਤੀ।

ਖੈਰ! ਇਸ ਵਿਸ਼ਵ ਕਪ ਫੁਟਬਾਲ ਦਾ ਕੋਈ ਵੀ ਬਿਰਤਾਂਤ ਅਧੂਰਾ ਰਹੇਗਾ ਜੇਕਰ ਮੈਕਸੀਕੋ, ਪੈਰਾਗੂਏ, ਘਾਨਾ ਅਤੇ ਅਮਰੀਕਨਾਂ ਦੀਆਂ ਟੀਮਾਂ ਵਲੋਂ ਦਿਖਾਏ ਜਲਵਿਆਂ ਦਾ ਜ਼ਿਕਰ ਨਾ ਕੀਤਾ ਜਾਵੇ ਪ੍ਰੰਤੂ ਇਸ ਤਰ੍ਹਾਂ ਤਾਂ ਕਥਾ ਮੁਕੇਗੀ ਹੀ ਨਹੀਂ।

ਸੋ ਬਿਹਤਰ ਇਹੋ ਹੀ ਰਹੇਗਾ ਕਿ 3 ਜੁਲਾਈ ਰਾਤ ਨੂੰ ਅਰਜਨਟਾਈਨਾ ਅਤੇ ਜਰਮਨੀ ਵਿਚਾਲੇ ਖੇਡੇ ਗਏ ਮੈਚ ਦੇ ਅਧੇ ਸਮੇਂ ਵਾਲੇ ਬਿਰਤਾਂਤ ਵੱਲ ਹੀ ਵਾਪਸ ਪਰਤ ਆਇਆ ਜਾਵੇ।

ਮੈਂ ਸ਼ੁਰੂ 'ਚ ਦਸਿਆ ਸੀ ਕਿ ਮੈਚ ਦਾ ਅੰਤਰਾਲ ਅਜੇ ਸ਼ੁਰੂ ਹੋਇਆ ਹੀ ਸੀ। ਮੈਂ ਤੇ ਮੇਰਾ ਗਵਾਂਢੀ ਮਿਤਰ ਡਾ. ਪਰਮਪਾਲ ਸਿੰਘ ਧਾਲੀਵਾਲ ਅਜੇ ਕੋਈ ਗੱਲ ਸ਼ੁਰੂ ਕਰਨ ਬਾਰੇ ਸੋਚ ਹੀ ਰਹੇ ਸਾਂ ਕਿ ਟੈਲੀਫੋਨ ਤੇ ਪ੍ਰੋ. ਬਾਵਾ ਸਿੰਘ ਪੁਛ ਰਿਹਾ ਸੀ ਕਿ ਯਾਰੋ ਅਜ ਮੈਰਾਡੋਨਾ ਬਚਦਾ ਲਗਦਾ ਹੈ ਜਾਂ ਨਹੀਂ। ਮੈਨੂੰ ਯਾਦ ਹੈ ਪਿਛਲੇ 15-20 ਵਰ੍ਹਿਆਂ ਦੇ ਸਮੇਂ ਦੌਰਾਨ ਉਸ ਨੂੰ ਅਨੇਕਾਂ ਪ੍ਰੇਸ਼ਾਨੀਆਂ 'ਚੋਂ ਲੰਘਣਾ ਪਿਆ ਸੀ। ਕਈ ਵਾਰੀ ਮਹੀਨਿਆਂ ਬਧੀ ਉਹ ਆਪਣਾ ਫੋਨ ਚੁਕ ਕੇ ਪਾਸੇ ਰਖ ਛਡਦਾ ਰਿਹਾ ਸੀ ਕਿ ਖਬਰ ਕਦੀ ਕਿਸੇ ਪਾਸੇ ਤੋਂ ਕੋਈ ਚੰਗੀ ਤਾਂ ਆਈ ਨਹੀਂ ਸੀ। ਪਰ ਮੈਂ ਅਜ ਤਕ ਕਦੀ ਵੀ ਉਸਦੀ ਆਵਾਜ਼ ਵਿਚ ਅਜਿਹੀ ਲਾਚਾਰਗੀ ਨਹੀਂ ਵੇਖੀ ਸੀ, ਜਿਸ ਕਿਸਮ ਦੀ ਉਹ ਉਸ ਦਿਨ ਫੋਨ ਉਪਰ ਅਰਜਨਟਾਈਨਾ ਦੀ ਹਾਰ ਨੂੰ ਭਾਂਪਦਿਆਂ ਮੇਰੇ ਅਗੇ ਪ੍ਰਗਟ ਕਰ ਰਿਹਾ ਸੀ। ਇਸ ਮੋੜ 'ਤੇ ਰਛਪਾਲ ਗਿੱਲ ਹੋਰਾਂ ਨਾਲ ਗੱਲ ਹੋਈ ਤੇ ਉਹ ਦਿੱਲੀ ਵਲ ਜਾ ਰਹੇ ਸਨ ਪਰ ਉਨ੍ਹਾਂ ਪੂਰੀ ਦ੍ਰਿੜਤਾ ਨਾਲ ਵਿਸ਼ਵਾਸ ਪ੍ਰਗਟ ਕਰ ਦਿਤਾ ਕਿ ਅਜੇ ਬਥੇਰਾ ਸਮਾਂ ਪਿਆ ਹੈ, ਲਿਖ ਲਓ ਜਿਤ ਅਖੀਰੀ ਮੈਰਾਡੋਨਾ ਦੇ 'ਲਾਡਲਿਆਂ' ਦੀ ਹੀ ਹੋਵੇਗੀ।



ਅਰਜਨਟੀਨਾ ਨੂੰ 4-0 ਦੇ ਫਰਕ ਨਾਲ ਹਰਾਉਣ ਪਿਛੋਂ ਬਾਘੀਆਂ ਪਾਉਂਦੇ ਜਰਮਨ

ਖੈਰ! ਮੈਂ ਅਤੇ ਡਾ. ਸਾਹਿਬ ਨੇ ਖਾਣ ਪੀਣ ਵਾਲੀ ਕਿਸੇ ਵੀ ਚੀਜ਼ ਨੂੰ ਹਥ ਲਗਾਏ ਬਗੈਰ ਇਸ ਤਾਕ ਵਿਚ ਅਗੋਂ ਅਰਜਨਟਾਈਨਾ-ਜਰਮਨੀ ਵਾਲਾ ਵੱਕਾਰੀ ਮੈਚ ਵੇਖਣਾ ਸ਼ੁਰੂ ਕਰ ਦਿਤਾ ਕਿ ਮੈਸੀ ਕਦੋਂ ਕੋਈ ਕਾਰਗਰ ਮੂਵ ਬਣਾ ਕੇ ਹੈਗੂਏਂ ਵਲ ਬਾਲ ਨੂੰ ਸੁਟਦਾ ਹੈ ਜਾਂ ਟਵੇਜ ਕਦੋਂ ਕੋਈ ਅਜਿਹੀ ਜ਼ੋਰਦਾਰ ਲੰਮੀ ਕਿਕ ਮਾਰ ਕੇ ਮੈਚ ਨੂੰ ਬਰਾਬਰੀ ਤੇ ਲਿਆਉਂਦਾ ਹੈ ਜਿਸ ਕਿਸਮ ਦੀਆਂ ਕਿਕਾਂ ਤੋਂ ਉਸ ਵਲੋਂ ਨਾਕ ਆਊਟ ਸਟੇਜ ਦੇ ਅਹਿਮ ਮੈਚ ਦੌਰਾਨ ਮੈਕਸੀਕੋ ਵਰਗੀ ਤਕੜੀ ਟੀਮ ਵਿਰੁਧ ਰਾਕਟਾਂ ਵਾਂਗ ਗੋਲ ਦਾਗੇ ਗਏ ਸਨ। ਅਧੇ ਸਮੇਂ ਦਾ ਅਗੋਂ ਕਰੀਬ ਅਧਾ ਸਮਾਂ ਬੀਤ ਚੁਕਾ ਸੀ। ਸਾਹ ਸਾਡੇ ਮਾਨੋ ਰੁਕੇ ਹੋਏ ਸਨ ਕਿ 68ਵੇਂ ਮਿੰਟ 'ਚ ਲੁਕਾਸ ਪੋਡੋਲਸਕੀ ਨੇ ਇਸ ਤਰੀਕੇ ਅਜਿਹੀ ਜਗ੍ਹਾ ਤੇ ਲਿਆ ਕੇ ਬਾਲ ਕਲੋਜ ਵਲ ਸੁਟਿਆ ਕਿ ਉਸ ਬਹੁਤ ਹੀ ਆਸਾਨੀ ਨਾਲ ਗੇਂਦ ਨੂੰ ਅਰਜਨਟਾਈਨੀ ਗੋਲਾਂ ਅੰਦਰ ਰੋੜ੍ਹ ਦਿਤਾ। 5-7 ਮਿੰਟਾਂ ਬਾਅਦ ਸ਼ਵੈਨਸਟਾਈਗਰ ਖੁਦ ਹੀ ਬਾਲ ਲੈ ਕੇ ਅਰਜਨਟਾਈਨਾ ਦੇ ਗੋਲਾਂ ਤਕ ਵਧ ਆਇਆ। ਇਸ ਮੂਵ ਤੋਂ ਗੋਲ ਪੋਸਟ ਤੋਂ ਮਹਿਜ਼ ਇਕ ਮੀਟਰ ਦੀ ਦੂਰੀ 'ਤੇ ਖੜ੍ਹੇ ਜਰਮਨ ਡੀਫੈਂਡਰ ਅਰਨੀ ਫਰੈਡਰਿਕ ਨੇ ਤੀਸਰਾ ਗੋਲ ਦਾਗ ਦਿਤਾ। ਬਾਅਦ ਵਿਚ 5-7 ਮਿੰਟਾਂ ਲਈ ਬਤੀ ਚਲੀ ਗਈ। ਬਤੀ ਆ ਗਈ ਪਰ ਇਸੇ ਦੌਰਾਨ ਅਰਜਨਟਾਈਨਾ ਵਾਲੇ ਆਪਣੇ ਸਿਰ ਚੌਥਾ ਗੋਲ ਕਰਵਾਈ ਬੈਠੇ ਸਨ। ਅਸੀਂ ਸੁੰਨ ਹੋਏ ਬੈਠੇ ਸਾਂ।

ਉਧਰ ਮੈਚ ਖਤਮ ਹੋਇਆ ਹੀ ਸੀ ਕਿ ਕੈਨੇਡਾ ਤੋਂ ਇਕ ਮਿੱਤਰ ਦਾ ਫੋਨ ਆ ਗਿਆ ਕਿ ਇਹ ਕੀ ਭਾਣਾ ਵਰਤਾ ਦਿਤਾ ਹੈ। ਇਹ ਫੋਨ ਰਖਿਆ ਹੀ ਸੀ ਕਿ ਪ੍ਰੋ. ਬਾਵਾ ਸਿੰਘ ਦਾ ਦੁਬਾਰਾ ਫੋਨ ਆ ਗਿਆ ਕਿ ਯਾਰ ਗਿੱਲ ਤਾਂ ਉਸ ਦਿਨ ਹੋਰ ਹੀ ਕਹੀ ਜਾ ਰਿਹਾ ਸੀ। ਬਾਵਾ ਸਿੰਘ ਦਾ ਵੀ ਕਸੂਰ ਨਹੀਂ ਸੀ ਉਸ ਨੂੰ 17 ਜੂਨ ਦੇ ਮੈਚ ਦੌਰਾਨ ਅਰਜਨਟਾਈਨਾ ਦੀ ਸ਼ਾਨਦਾਰ ਜਿਤ ਦੇ ਨਾਲ ਨਾਲ ਰਛਪਾਲ ਗਿੱਲ ਦੀਆਂ ਗੱਲਾਂ ਯਾਦ ਆਈ ਜਾ ਰਹੀਆਂ ਸਨ। ਬਾਵਾ ਸਿੰਘ ਦਾ ਫੋਨ ਰਖਿਆ ਹੀ ਸੀ ਕਿ ਪਿੰਡੋਂ ਮੇਰੇ ਭਾਈ ਛਿੰਦੇ ਦਾ ਫੋਨ ਆ ਗਿਆ। ਉਸ ਦਾ ਵੀ ਉਹੋ ਸਵਾਲ ਸੀ ਕਿ ਇਹ ਚੱਕਰ ਬਣਿਆ ਕੀ ਸੀ। ਉਸਦਾ ਇਹ ਮੈਚ ਵੇਖਣ ਦਾ ਇਹ ਸ਼ੌਕ ਜ਼ਿਆਦਾ ਪੁਰਾਣਾ ਨਹੀਂ। ਸ਼ਾਇਦ ਉਸ ਨੂੰ ਟੀਮਾਂ ਬਾਰੇ ਜ਼ਿਆਦਾ ਪਤਾ ਵੀ ਨਾ ਹੋਵੇ ਪਰ ਉਸਦਾ ਕਹਿਣਾ ਸੀ ਕਿ ਉਸ ਨੇ ਤਾਂ ਪਹਿਲਾਂ 25-30, ਜਿਤਨੇ ਵੀ ਮੈਚ ਵੇਖੇ ਸਨ ਗੋਲ ਕੋਈ ਟੀਮ ਖਾਂਦੀ ਹੀ ਨਹੀਂ ਸੀ। ਗੱਲ ਜਿੱਤ-ਹਾਰ ਦੀ ਨਹੀਂ ਸੀ ਉਸਦਾ ਕਹਿਣਾ ਸੀ ਕਿ ਇਹ ਤਾਂ ਜਰਮਨੀ ਵਾਲਿਆਂ ਨੇ ਅਰਜਨਟਾਈਨਾ ਦੀ ਬੇਇਜ਼ਤੀ ਹੀ ਬੇਹਦ ਕਰ ਦਿਤੀ ਸੀ।

ਮੈਂ ਇਹ ਗੱਲ ਸਾਂਝੀ ਕਰਨੀ ਚਾਹਾਂਗਾ ਕਿ ਮੈਰਾਡੋਨਾ ਦੀ ਸੰਭਾਵੀ ਹੋਣੀ ਬਾਰੇ ਧੁੜਕੂ ਤਾਂ ਮੈਨੂੰ 13 ਜੂਨ ਨੂੰ ਜਰਮਨਾਂ ਹਥੋਂ ਆਸਟਰੇਲੀਆ ਦੀ ਬਰਬਾਦੀ ਵੇਖ ਕੇ ਹੀ ਲਗ ਗਿਆ ਸੀ। ਇਸ ਜਰਮਨ ਟੀਮ ਵਿਚ ਨਿਸ਼ਚੇ ਹੀ ਕੋਈ ਵਖਰਾ ਚੰਗਿਆੜਾ ਤਾਂ ਹੈਗਾ ਹੀ ਸੀ। 18 ਜੂਨ ਨੂੰ ਉਹ ਸਰਬਾਂ ਹੱਥੋਂ ਭਲੇ ਹੀ ਇਕ ਗੋਲ ਨਾਲ ਮਾਰ ਵੀ ਖਾ ਗਏ ਪਰ ਉਹ ਚੰਗਿਆੜਾ ਉਨ੍ਹਾਂ ਦੇ ਪ੍ਰਦਰਸ਼ਨ ਵਿਚ ਉਸ ਦਿਨ ਵੀ ਉਵੇਂ ਹੀ ਬਰਕਰਾਰ ਸੀ। ਮੈਨੂੰ ਥੋੜ੍ਹੀ ਤਸੱਲੀ ਹੋਈ 24 ਜੂਨ ਨੂੰ ਤੜਕੇ ਘਾਨਾ ਵਾਲੇ ਉਨ੍ਹਾਂ ਦੇ ਮੈਚ ਦੌਰਾਨ ਜਦੋਂ ਘਾਨਾ ਦੀ ਰਖਿਅਕ ਪੰਕਤੀ ਨੇ ਮੁਲਰ-ਪੋਡੋਲਸਕੀ ਦੀ ਜੋੜੀ ਨੂੰ ਠਲ੍ਹ ਪਾ ਦਿਤੀ ਅਤੇ ਮੈਚ ਦੇ ਇਕੋ ਇਕ ਫੈਸਲਾਕੁੰਨ ਗੋਲ ਲਈ ਉਨ੍ਹਾਂ ਨੂੰ ਮੇਸੂਟ ਉਜੀਲ ਵਲੋਂ ਦੂਰੀ ਤੋਂ ਦਾਗੇ ਰਾਕਟੀ ਗੋਲ 'ਤੇ ਨਿਰਭਰ ਹੋਣਾ ਪੈ ਗਿਆ ਪ੍ਰੰਤੂ ਇਹ ਤਸੱਲੀ ਜ਼ਿਆਦਾ ਸਮਾਂ ਬਣੀ ਰਹਿਣ ਵਾਲੀ ਨਹੀਂ ਸੀ। 27 ਜੂਨ ਨਾਕ ਆਊਟ ਸਟੇਜ 'ਤੇ ਉਨ੍ਹਾਂ ਦੀ ਟੱਕਰ ਇੰਗਲੈਂਡ ਦੀ ਟੀਮ ਨਾਲ ਪੈ ਗਈ।

ਹੁਣ ਵੇਖੋ ਰਛਪਾਲ ਗਿੱਲ ਜਾਂ ਕਿਸੇ ਹੋਰ ਦਾ ਕਸੂਰ ਨਹੀਂ ਸੀ। 25 ਅਤੇ 26 ਜੂਨ ਦੇ ਸਭ ਅੰਗਰੇਜ਼ੀ ਅਖਬਾਰ ਭਰੇ ਪਏ ਸਨ ਜਿਨ੍ਹਾਂ ਵਿਚ ਸਭ ਖੇਡ ਮਾਹਿਰਾਂ ਅਤੇ ਚੋਟੀ ਦੇ ਪੱਤਰਕਾਰਾਂ ਨੇ ਦੋਵਾਂ ਰਵਾਇਤੀ ਵਿਰੋਧੀਆਂ ਵਿਚਾਲੇ ਬਹੁਤ ਹੀ ਫਸਵੇਂ ਮੈਚ ਦੀਆਂ ਪੇਸ਼ੀਨਗੋਈਆਂ ਕੀਤੀਆਂ ਹੋਈਆਂ ਸਨ। ਪ੍ਰੰਤੂ ਪਿਚ 'ਤੇ ਆ ਕੇ ਹੋਰ ਹੀ ਭਾਣਾ ਵਰਤ ਗਿਆ। 15-20 ਮਿੰਟ ਤਾਂ ਇੰਗਲੈਂਡ ਨੇ ਜਰਮਨੀ ਨਾਲ ਬਰਾਬਰੀ ਦਾ ਨੌਂਹ ਲੈਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਨ੍ਹਾਂ ਦੇ ਸਿਰ 'ਤੇ ਕਹਿਰ ਉਦੋਂ ਟੁਟਿਆ ਜਦੋਂ 20 ਮਿੰਟ ਵਿਚ ਜਰਮਨ ਗੋਲਚੀ ਮੈਨੂਇਲ ਨੋਇਆ ਵਲੋਂ ਮੈਦਾਨ ਵਿਚ ਸੁਟੀ ਆਮ ਲੰਮੀ ਕਿਕ ਤੋਂ ਬਾਲ ਨੂੰ ਕਬਜ਼ੇ ਵਿਚ ਲੈਂਦਿਆਂ ਕਲੋਜ ਨੇ ਅੱਖ ਦੇ ਫੋਰ ਵਿਚ ਇੰਗਲੈਂਡ ਦੇ ਗੋਲਾਂ ਵਿਚ ਜਾ ਸੁਟਿਆ। 24 ਮਿੰਟ ਪਿਛੋਂ ਕਲੋਜ ਦੂਸਰਾ ਗੋਲ ਕਰ ਹੀ ਚਲਿਆ ਸੀ ਕਿ ਇੰਗਲੈਂਡ ਦੇ ਅਨੁਭਵੀ ਗੋਲਚੀ ਡੇਵਿਡ ਜੇਮਜ ਨੇ ਬੜੀ ਮੁਸ਼ਕਲ ਨਾਲ ਬਾਲ ਨੂੰ ਬੋਚ ਕੇ ਗੋਲ ਅੰਦਰ ਜਾ ਵੜਨ ਤੋਂ ਬਚਾ ਲਿਆ ਪ੍ਰੰਤੂ ਇਸ ਤੋਂ ਮਹਿਜ 8-10 ਮਿੰਟ ਬਾਅਦ ਜੋ ਨਜ਼ਾਰਾ ਬਝਿਆ ਉਹ ਵੇਖਿਆਂ ਹੀ ਬਣਦਾ ਸੀ। ਅਚਾਨਕ ਉਜੀਲ ਅਤੇ ਮੂਲਰ ਨੇ ਬਾਲ ਨੂੰ ਕਬਜ਼ੇ ਵਿਚ ਲੈ ਕੇ ਬਹੁਤ ਹੀ ਚਮਤਕਾਰੀ ਤਰੀਕੇ ਨਾਲ ਪੋਡੋਲਸਕੀ ਵਲ ਕਰਾਸ ਮਾਰਿਆ ਅਤੇ ਉਸਨੇ ਰਾਕਟ ਵਾਂਗੂ ਬਾਲ ਇੰਗਲੈਂਡ ਦੇ ਗੋਲਾਂ ਅੰਦਰ ਸੁਟ ਦਿਤੀ। ਡੇਵਿਡ ਜੇਮਜ ਨੂੰ ਉਨ੍ਹਾਂ ਹਿਲਣ ਤਕ ਦਾ ਮੌਕਾ ਨਾ ਦਿਤਾ।

ਦੋ ਗੋਲਾਂ ਨਾਲ ਪਛੜ ਜਾਣ ਦੇ ਬਾਵਜੂਦ ਇੰਗਲੈਂਡ ਨੇ ਬਹੁਤ ਹੀ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ। 37ਵੇਂ ਮਿੰਟ ਵਿਚ ਉਨ੍ਹਾਂ ਵਲੋਂ ਪਹਿਲਾਂ ਅੱਪਸਨ ਨੇ ਇਕ ਗੋਲ ਉਤਾਰਿਆ ਅਤੇ ਫਿਰ ਫਰੈਂਕ ਲੈਂਪਰਡ ਨੇ ਮੈਚ ਨੂੰ ਬਰਾਬਰੀ ਤੇ ਲਿਆਉਣ ਲਈ ਦੂਸਰੇ ਗੋਲ ਲਈ ਬਾਲ ਨੂੰ ਗੋਲ ਲਾਈਨ ਤੋਂ ਪਾਰ ਟਪਾ ਵੀ ਦਿਤਾ ਪਰ ਰੈਫਰੀ ਨੇ ਇਹ ਗੋਲ ਨਾ ਦਿਤਾ। ਜਰਮਨੀ ਹੱਥੋਂ ਇੰਗਲੈਂਡ ਦੀ ਮੁਕੰਮਲ ਬਰਬਾਦੀ 70 ਮਿੰਟਾਂ ਦੀ ਖੇਡ ਦੇ ਆਸਪਾਸ ਉਸ ਸਮੇਂ ਹੋਈ ਜਦੋਂ ਮੂਲਰ ਨੇ 2 ਕੁ ਮਿੰਟਾਂ ਦੇ ਸਮੇਂ ਦੌਰਾਨ ਹੀ ਦੋ ਹੋਰ ਗੋਲ ਦਾਗ ਦਿਤੇ।


ਇੰਗਲੈਂਡ ਦੀ ਇਸ ਤਬਾਹੀ ਤੋਂ ਬਾਅਦ ਉਜੀਲ ਮੂਲਰ ਪੋਡੋਲਸਕੀਕਲੋਜ ਜਾਂ ਉਨ੍ਹਾਂ ਦੇ ਪਿਛੇ ਖੜ੍ਹੇ ਸ਼ਵੈਨ ਸਟਾਈਗਰਸਮੀ ਖਡੀਰਾ ਦੀਆਂ ਖਤਰਨਾਕ ਸਮਰਥਾਵਾਂ ਬਾਰੇ ਕਿਸੇ ਨੂੰ ਕੋਈ ਸ਼ਕ ਬਕਾਇਆ ਕਤਈ ਤੌਰ 'ਤੇ ਨਹੀਂ ਰਹਿਣਾ ਚਾਹੀਦਾ ਸੀ। ਅਸਲ ਵਿਚ ਦੁਨੀਆਂ ਭਰ ਦੇ ਅਖਬਾਰਾਂ ਨੇ ਹੀ ਨਵੀਂ ਜਰਮਨ ਟੀਮ ਦੀਆਂ ਸੰਭਾਵਨਾਵਾਂ ਬਾਰੇ ਬਥੇਰੀ ਡੰਡ ਪਾ ਦਿਤੀ ਸੀ।

ਪਰ ਸ਼ਾਇਦ ਇਕ 'ਸਮਸਿਆ' ਇਹ ਵੀ ਹੋਵੇ ਕਿ ਅਗਲੇ ਹੀ ਦਿਨ ਯਾਨਿ 28 ਜੂਨ ਨੂੰ ਤੀਸਰੇ ਨਾਕ ਆਊਟ ਮੈਚ ਵਿਚ ਮੈਰਾਡੋਨਾ ਦੇ ਚੇਲਿਆਂ ਨੂੰ ਵੀ ਮੈਕਸੀਕੋ ਵਿਰੁਧ ਸਟੀਕ ਜਿਤ ਪ੍ਰਾਪਤ ਹੋ ਗਈ। ਇਸ ਮੈਚ ਦੌਰਾਨ ਟਵੇਜ ਦਾ ਪ੍ਰਦਰਸ਼ਨ ਇੰਗਲੈਂਡ ਵਿਰੁਧ ਕਲੋਜ ਦੇ ਪ੍ਰਦਰਸ਼ਨ ਤੋਂ ਵੀ ਜ਼ੋਰਦਾਰ ਰਿਹਾ ਸੀ।

ਅਰਜਨਟਾਈਨਾ ਕੋਲ ਸਾਹ ਲੈਣ ਲਈ ਅਤੇ ਇੰਗਲੈਂਡ ਵਿਰੁਧ ਮੈਚ ਲਈ ਸਹੀ ਰਣਨੀਤੀ ਘੜਨ ਲਈ ਦੋ ਦਿਨਾਂ ਦਾ ਬਥੇਰਾ ਸਮਾਂ ਸੀ ਪ੍ਰੰਤੂ ਇਸ ਸਮੇਂ ਨੂੰ ਜਰਮਨੀ ਦੇ ਅਤਿ ਚੁਸਤ ਅਤੇ ਪੇਸ਼ੇਵਰ ਕੋਚ ਜੋਖਮ ਲੋਇਓ ਨੇ ਜਿਸ ਤਰੀਕੇ ਨਾਲ ਵਰਤਿਆ ਉਹ ਸ਼ਾਇਦ ਮੈਰਾਡੋਨਾ ਵਰਗੇ 'ਭੋਲੇ ਪਾਤਸ਼ਾਹ' ਕੋਲੋਂ ਵਰਤਿਆ ਜਾ ਨਾ ਸਕਿਆ। ਜਰਮਨੀ ਨੇ ਅਰਜਨਟਾਈਨੀ ਟੀਮ ਦੇ ਮੈਚਾਂ ਦੀਆਂ ਫਿਲਮਾਂ ਵਾਰ ਵਾਰ ਵੇਖ ਕੇ ਉਨ੍ਹਾਂ ਦੇ ਧਾਵੀਆਂ ਦੀਆਂ ਸਭ ਚਾਲਾਂ ਦਾ ਬਹੁਤ ਬਰੀਕਬੀਨੀ ਨਾਲ ਪੂਰਨ ਜਾਇਜ਼ਾ ਲੈ ਲਿਆ ਹੋਇਆ ਸੀ। ਲਿਓਨਿਲ ਮੈਸੀ ਨੂੰ ਬਿਨਾ ਉਸ ਵਿਰੁਧ ਫਾਊਲ ਕੀਤਿਆਂ ਕਿਵੇਂ ਜੈਮ ਕਰਨਾ ਹੈ, ਉਨ੍ਹਾਂ ਨੇ ਹਰ ਤਰ੍ਹਾਂ ਦੇ ਵਿਸਥਾਰ ਨਾਲ ਆਪਣੀ ਰਣਨੀਤੀ ਘੜ ਲਈ ਹੋਈ ਸੀ। ਸੋ, ਮੈਚ ਵਿਚ ਪਿਛੋਂ ਉਨ੍ਹਾਂ ਦੇ ਕੋਚ ਜੋਗੀ ਦੀ ਰਣਨੀਤੀ ਨੂੰ ਮੂਲਰ ਮੁਜੀਲ ਪੋਡੋਲਸਕੀਕਲੋਜ ਨੇ ਅਮਲੀ ਰੂਪ ਕਿਵੇਂ ਦਿਤਾ, ਉਹ ਸਾਰੇ ਜਗ ਨੇ ਵੇਖ ਹੀ ਲਿਆ ਬਿਹਤਰ ਹੈ ਕਿ ਉਸ ਬਾਰੇ ਵਿਸਥਾਰ ਵਿਚ ਗੱਲ ਨਾ ਹੀ ਕੀਤੀ ਜਾਵੇ।

ਮੈਚਾਂ ਪਿਛੋਂ ਮੈਂ ਤਾਂ ਫੋਨ ਸੁਣਨ ਦੇ ਚਕਰ ਵਿਚ ਪੈ ਗਿਆ ਅਤੇ ਡਾ. ਧਾਲੀਵਾਲ ਬਿਨਾਂ ਕੁਝ ਖਾਧਿਆਂ-ਪੀਤਿਆਂ ਹੀ ਇਹ ਕਹਿ ਕੇ ਘਰ ਨੂੰ ਚਲੇ ਗਏ ਕਿ ਅਛਾ ਬਾਈ ਜੀ, ਮਨ ਬਹੁਤ ਖਰਾਬ ਹੋ ਗਿਆ ਹੈ, ਚੰਗਾ ਹੈ ਹੁਣ ਘਰੇ ਜਾ ਕੇ ਸੌਂ ਜਾਣ ਦੀ ਕੋਸ਼ਿਸ਼ ਕਰੀਏ।

ਫੋਨਾਂ ਦਾ ਸਿਲਸਿਲਾ ਅਗਲੇ ਦਿਨ ਸਵੇਰੇ ਵੀ ਜਾਰੀ ਰਿਹਾ। ਮੈਂ ਅਜੇ ਚਾਹ ਵੀ ਪੀਤੀ ਨਹੀਂ ਸੀ ਕਿ 25-30 ਵਰ੍ਹਿਆਂ ਤੋਂ ਅਮਰੀਕਾ 'ਚ ਰਹਿ ਰਹੇ ਭੂਆ ਦੇ ਪੁਤਰ ਕੁਕੀ ਸੇਠ ਦਾ ਫੋਨ ਆ ਗਿਆ। ਖੈਰ! ਉਸਨੇ ਗੱਲ ਮਜ਼ਾਕ ਵਿਚ ਪਾ ਕੇ ਕਰਨ ਦੀ ਕੋਸ਼ਿਸ਼ ਕੀਤੀ ਕਿ ਬਾਬਿਓ ਕੀ ਭਾਣਾ



ਪ੍ਰੇਸ਼ਾਨੀ ਦੀ ਹਾਲਤ ਵਿਚ ਮੈਰਾਡੋਨਾ

ਵਰਤਾ ਦਿਤਾ ਜੇ। ਉਸਦੇ ਦਸਣ ਅਨੁਸਾਰ ਉਹ ਮੈਨੂੰ ਫੋਨ ਕਰਨ ਤੋਂ ਪਹਿਲਾਂ ਟੋਰਾਂਟੋ ਰਹਿੰਦੇ ਮੇਰੇ ਬੇਟੇ ਗੁਰਨੀਤ ਨਾਲ ਗੱਲ ਕਰਕੇ ਹੀ ਹਟਿਆ ਸੀ। ਗੁਰਨੀਤ ਦਾ ਕਹਿਣਾ ਸੀ ਕਿ ਉਸਨੂੰ ਮੈਰਾਡੋਨਾ 'ਤੇ ਬੇਹਦ ਹੀ ਤਰਸ ਆਈ ਜਾ ਰਿਹਾ ਹੈ। ਬਹੁਤ ਮਾੜੀ ਗੱਲ ਹੋਈ ਹੈ।

ਬਾਅਦ ਵਿਚ ਕੰਵਲ ਦਾ ਫੋਨ ਆਇਆ ਤਾਂ ਉਦਾਸ ਤਾਂ ਉਹ ਵੀ ਬੇਹਦ ਸੀ ਪਰ ਉਸ ਦਾ ਕਹਿਣਾ ਸੀ ਕਿ ਤੇਰੀ ਗੱਲ ਠੀਕ ਹੈ ਮੈਰਾਡੋਨਾ ਨਿਸ਼ਚੇ ਹੀ ਦਾਸਤੋਵਸਕੀਅਨ ਸੰਸਾਰ ਦਾ ਵਾਸੀ ਹੈ। ਉਹ ਮਾਸੂਮ ਹੈ...ਲਿਓਨਿਲ ਮੈਸੀ ਦੀ ਮਸੂਮੀਅਤ ਉਸਦੇ ਵਜੂਦ ਦੇ ਜ਼ੱਰੇ ਜ਼ੱਰੇ 'ਤੇ ਅੰਕਿਤ ਹੈ। ਮੈਂ ਜਿਹੜੀ ਗੱਲ ਉਸ ਤੋਂ ਪੁਛੀ ਉਹ ਪਾਠਕਾਂ ਨਾਲ ਵੀ ਸਾਂਝੀ ਕਰ ਲੈਂਦਾ ਹਾਂ। ਮੇਰਾ ਸਵਾਲ ਸੀ ਕਿ ਪੂਲ ਮੈਚਾਂ ਦੌਰਾਨ ਵਿਰੋਧੀ ਖਿਡਾਰੀ ਜਦੋਂ ਮੈਸੀ ਨੂੰ ਵਾਰ ਵਾਰ ਸੁਟਣ ਦੀ ਕੋਸ਼ਿਸ਼ ਕਰਦੇ ਸਨ ਤਾਂ ਉਸਦੇ ਚਿਹਰੇ ਦੀ ਮਸੂਮੀਅਤ ਨੂੰ ਵੇਖ ਕੇ ਕੀ ਹਾਰਡੀ ਦੀ 'ਟੈਸ' ਦੀ ਮਸੂਮੀਅਤ ਯਾਦ ਨਹੀਂ ਸੀ ਆਉਂਦੀ...।

ਹਾਰ ਕੇਹੀ ਭਿਆਨਕ ਚੀਜ਼ ਹੈ? ਜੰਗ ਦੇ ਖੇਤਰ ਵਿਚ ਹੋਵੇ, ਖੇਡਾਂ ਦੇ ਖੇਤਰ ਵਿਚ ਹੋਵੇ ਜਾਂ ਮੁਹਬਤ ਦੇ ਖੇਤਰ ਵਿਚ। ਸ਼ਾਇਦ ਇਹ ਬਹੁਤ ਮਾਰੂ ਚੀਜ਼ ਹੁੰਦੀ ਹੈ। ਪ੍ਰੰਤੂ ਇਨਸਾਨ ਦੀ ਸ਼ਾਨ ਵੀ ਇਸੇ ਗੱਲ ਵਿਚ ਹੈ ਕਿ ਉਹ ਕਿਸੇ ਸੁਹਪਣ ਦੇ ਉਦਾਤ ਤਸਵਰ ਦੀ ਸੀਮਾ ਨੂੰ ਛੋਹਣ ਲਈ ਲਗਾਤਾਰ ਜਿਉਂਦਾ-ਮਰਦਾ ਰਹਿੰਦਾ ਹੈ।...ਤੇ ਜਿਸ ਦਿਨ ਇਹੋ ਕੇਂਦਰੀ ਲਾਲਸਾ ਮਾਂਦੀ ਪੈ ਜਾਵੇ ਪਤਾ ਨਹੀਂ ਲੋਕ ਫਿਰ ਵੀ ਕਿਵੇਂ ਤੇ ਕਿਉਂ ਜੀਵੀ ਜਾਂਦੇ ਹਨ।

ਮੈਚ ਤੋਂ ਅਗਲੇ ਦਿਨ ਦੇ ਸਾਰੇ ਅਖਬਾਰ ਮੈਰਾਡੋਨਾ ਦੇ ਹੌਕਿਆਂ ਨਾਲ ਭਰੇ ਹੋਏ ਸਨ। ਕਮਾਲ ਦੀ ਗੱਲ ਸੀ ਕਿ ਉਸਨੇ ਆਪਣੇ ਸਾਰੇ 'ਚੇਲਿਆਂ' ਬਾਰੇ ਪੁਤਰਾਂ ਵਰਗੇ ਮੋਹ ਨਾਲ ਗੱਲਾਂ ਕੀਤੀਆਂ ਹੋਈਆਂ ਸਨ। ਕਿਧਰੇ ਕਿਸੇ ਵਲੋਂ ਵੀ ਕੋਈ ਦੂਸ਼ਣਬਾਜ਼ੀ ਨਹੀਂ ਸੀ। ਸਿਰੇ ਦੀ ਮਸੂਮੀਅਤ ਨਾਲ ਉਸਨੇ ਤਸਲੀਮ ਕੀਤਾ ਹੋਇਆ ਸੀ ਉਸਨੂੰ ਜੋ ਜਿਸ ਤਰ੍ਹਾਂ ਨਾਲ ਵੀ ਆਉਂਦਾ ਸੀ, ਪੂਰੀ ਰੂਹ ਨਾਲ ਉਸੇ ਤਰ੍ਹਾਂ ਹੀ ਟੀਮ ਨੂੰ ਤਿਆਰ ਕੀਤਾ ਸੀ ਅਤੇ ਉਸਨੂੰ ਆਪਣੀ ਕਾਰਗਰਦਗੀ 'ਤੇ ਉਕਾ ਹੀ ਕੋਈ ਅਫਸੋਸ ਨਹੀਂ ਸੀ।

ਸੋਮਵਾਰ, 5 ਜੁਲਾਈ ਵਾਲੇ ਦਿਨ 'ਦ ਹਿੰਦੂ' ਅਖਬਾਰ ਨੇ ਆਪਣੀ ਛੇ ਕਾਲਮੀ ਵਿਸਥਾਰਤ ਰਿਪੋਰਟ ਵਿਚ ਮੈਰਾਡੋਨਾ ਅਤੇ ਉਸਦੀ ਸੋਗਗ੍ਰਸਤ ਜਵਾਨ ਧੀ ਦੀ ਫੋਟੋ ਲਗਾਈ ਹੋਈ ਸੀ। ਏ.ਐਫ.ਪੀ. ਏਜੰਸੀ ਦੀ ਇਸ ਤਸਵੀਰ ਵਿਚ ਸਾਡਾ ਇਹ ਸਾਈਂ ਬਾਬਿਆਂ ਵਰਗਾ ਮਹਿਬੂਬ ਨਾਇਕ ਡਾਡਾਂ ਮਾਰ ਕੇ ਰੋ ਰਿਹਾ ਸੀ ਅਤੇ ਉਸ ਦੀ ਜਵਾਨ ਧੀ ਉਸ ਨੂੰ ਦਿਲਾਸਾ ਦਿੰਦੀ ਨਜ਼ਰ ਆਉਂਦੀ ਸੀ।

ਮੈਰਾਡੋਨਾ ਪਤਰਕਾਰਾਂ ਨੂੰ ਦਸ ਰਿਹਾ ਸੀ ਕਿ ਉਸਨੂੰ ਸਭ ਕੁਝ ਬਰਬਾਦ ਹੋ ਗਿਆ ਲਗਦਾ ਹੈ। ਉਸਦਾ ਇਹ ਵੀ ਕਹਿਣਾ ਸੀ ਕਿ ਉਸਨੂੰ ਮਹਿਸੂਸ ਹੁੰਦਾ ਹੈ ਜਿਵੇਂ ਮੁਹੰਮਦ ਅਲੀ ਨੇ ਉਸਦਾ ਮੂੰਹ ਘਸੁੰਨ ਮਾਰ ਕੇ ਫੇਹ ਦਿਤਾ ਹੋਵੇ।

6 ਜੁਲਾਈ ਦੀ ਅਖਬਾਰ ਦਸਦੀ ਹੈ ਕਿ ਹਾਰਨ ਵਾਲੀਆਂ ਕਈ ਟੀਮਾਂ ਦੇ ਕੋਚਾਂ ਨੂੰ ਚਲਦਾ ਕਰ ਦਿਤਾ ਗਿਆ ਹੈ। ਇੰਗਲੈਂਡ ਦੇ ਅਖਬਾਰ ਪੂਰੀ ਬੇਸ਼ਰਮੀ ਨਾਲ ਰੂਨੀ ਨੂੰ ਫਿਟਕਾਰਾਂ ਪਾਈ ਜਾ ਰਹੇ ਹਨ ਅਤੇ ਇਹੋ ਕੁੱਤਾ ਕੰਮ ਪੁਰਤਗਾਲ ਅੰਦਰ ਰੋਨਾਲਡੋ ਵਰਗੇ ਮਹਾਨ ਖਿਡਾਰੀ ਨਾਲ ਹੋਈ ਜਾ ਰਿਹਾ ਹੈ।

ਪ੍ਰੰਤੂ 7 ਜੁਲਾਈ ਦੀ 'ਹਿੰਦੋਸਤਾਨ ਟਾਈਮਜ਼' ਵਿਚ ਅਰਜਨਟਾਈਨਾ ਦੀ ਰਾਜਧਾਨੀ ਬਿਓਨਿਸ ਆਇਰਸ ਤੋਂ ਇਕ ਬਹੁਤ ਹੀ ਮਾਰਮਿਕ ਅਤੇ ਦਿਲ ਨੂੰ ਛੂਹ ਲੈਣ ਵਲੀ ਰਿਪੋਰਟ ਆਉਂਦੀ ਹੈ। ਦੇਸ਼ ਦੀ ਰਾਸ਼ਟਰਪਤੀ ਮੈਡਮ ਕ੍ਰਿਸਟੀਨਾ ਕਿਰਚਨਰ ਨੇ ਮੈਰਾਡੋਨਾ ਅਤੇ ਉਸਦੇ ਸਾਰੇ 'ਚੇਲਿਆਂ' ਨੂੰ ਉਨ੍ਹਾਂ ਦਾ ਸਵਾਗਤ ਕਰਨ ਲਈ ਅਤੇ ਉਨ੍ਹਾਂ ਨੂੰ ਮਾਣ ਬਖਸ਼ਣ ਲਈ ਸਦਾ ਦਿਤਾ ਹੈ ਪਰ ਉਨ੍ਹਾਂ ਨੇ ਇਹ ਕਹਿ ਕੇ ਮੈਡਮ ਰਾਸ਼ਟਰਪਤੀ ਨੂੰ ਨਾਂਹ ਕਰ ਦਿਤੀ ਹੋਈ ਹੈ ਕਿ 'ਅਫਸੋਸ! ਉਹ ਇਹ ਮਾਣ ਪ੍ਰਾਪਤ ਕਰਨ ਦੇ ਹਕਦਾਰ ਨਹੀਂ ਹਨ।'

ਹੈਰਾਨੀ ਹੁੰਦੀ ਹੈ ਕਿ ਅਜ ਤੋਂ 20 ਵਰ੍ਹੇ ਪਹਿਲਾਂ ਸਾਲ 1990 'ਚ ਇਟਲੀ ਅੰਦਰ ਕਰਵਾਏ ਗਏ ਵਿਸ਼ਵ ਕਪ ਦੇ ਅਰਜਨਟਾਈਨਾ ਅਤੇ ਜਰਮਨੀ ਦੀਆਂ ਟੀਮਾਂ ਵਿਚਾਲੇ ਖੇਡੇ ਗਏ ਫਾਈਨਲ ਮੈਚ ਦੇ ਅਖੀਰ ਜਿਹੇ 'ਚ ਆ ਕੇ ਜਦੋਂ ਜਰਮਨੀ ਨੂੰ ਮਿਲੀ ਇਕ ਵਿਵਾਦਗ੍ਰਸਤ ਪੈਨਲਟੀ ਕਿਕ ਸਦਕਾ ਖੁਦ ਮੈਰਾਡੋਨਾ ਦੀ ਕਪਤਾਨੀ ਹੇਠਲੀ ਟੀਮ 1-0 ਨਾਲ ਹਾਰੀ ਸੀ ਤਾਂ ਮੈਰਾਡੋਨਾ ਨਾ ਇੰਜ ਟੁਟਿਆ ਸੀ ਅਤੇ ਨਾ ਹੀ ਉਸ ਦੀ ਰੂਹ ਉਪਰ ਅਜਿਹਾ ਮਾਰੂ ਬੇਬਸੀ ਦਾ ਆਲਮ ਹੀ ਤਾਰੀ ਹੋਇਆ ਸੀ। ਉਸ ਮੈਚ ਦੌਰਾਨ ਦੋ ਪੀਲੇ ਕਾਰਡ ਮਿਲੇ ਹੋਣ ਕਾਰਨ ਉਨ੍ਹਾਂ ਵਕਤਾਂ 'ਚ ਅਰਜਨਟਾਈਨਾ ਦੀ ਰੂਹੇ ਰਵਾਂ ਹਮਲਾਵਰ ਖਿਡਾਰੀ ਕੈਨਿਗੀਆ ਸਮੇਤ ਉਨ੍ਹਾਂ ਦੇ ਚਾਰ ਚੋਟੀ ਦੇ ਖਿਡਾਰੀ ਖੇਡ ਨਹੀਂ ਰਹੇ ਸਨ। ਮੈਰਾਡੋਨਾ ਖੁਦ ਪੈਰ ਦੀ ਸੱਟ ਦੇ ਦਰਦ ਨਾਲ ਬੇਹਾਲ ਸੀ। ਦੂਸਰੇ ਪਾਸੇ ਜਰਮਨੀ ਵਲੋਂ ਕਲਿੰਜਮੈਨ, ਰੂਡੀ ਵੋਇਲੇਰ, ਮੈਥਿਊਸ, ਗੇਜਲਰ, ਕੋਹਲਰ, ਬ੍ਰਾਹਮ ਆਦਿ ਉਨ੍ਹਾਂ ਦੇ ਸਾਰੇ ਚੋਟੀ ਦੇ ਖਿਡਾਰੀ ਖੇਡ ਰਹੇ ਸਨ। 64ਵੇਂ ਮਿੰਟ ਵਿਚ ਅਰਜਨਟਾਈਨਾ ਦੀ ਮਧ ਪੰਕਤੀ ਦੇ ਥੰਮ੍ਹ ਮੋਨਜ਼ੋਨ ਨੂੰ ਵੀ ਲਾਲ ਕਾਰਡ ਦੇ ਕੇ ਕੱਢ ਦਿਤਾ ਗਿਆ ਸੀ। ਫਿਰ ਵੀ ਜਰਮਨਾਂ ਨੂੰ ਵਿਸ਼ਵ ਕਪ ਮੈਰਾਡੋਨਾ ਦੇ ਹਥੋਂ ਖੋਹਣ ਲਈ ਮੈਚ ਦੇ 85ਵੇਂ ਮਿੰਟ 'ਚ ਮਿਲੀ ਵਿਵਾਦੀ ਪੈਨਲਟੀ ਕਿਕ ਜੋ ਕਿ ਬ੍ਰਾਹਮੇ ਨੇ ਗੋਲ ਵਿਚ ਬਦਲੀ ਸੀ, ਦਾ ਆਸਰਾ ਲੈਣਾ ਪਿਆ ਸੀ।

ਮਨ 'ਚ ਆਉਂਦਾ ਹੈ ਕਿ ਮੈਰਾਡੋਨਾ ਵਿਚ ਆਖਰ ਅਜਿਹੀ ਕਿਹੜੀ ਗੱਲ ਹੈ ਕਿ ਉਸਦੇ ਦੇਸ਼ ਦੇ ਲੋਕ, ਅਖਬਾਰਾਂ ਦੇ ਸਭ ਲੋਕਲ ਪਤਰਕਾਰ, ਜੋ ਪਹਿਲਾਂ ਕੁਆਲੀਫਾਇੰਗ ਗੇੜ ਦੇ ਮੈਚਾਂ ਦੌਰਾਨ ਉਸਦੀ ਕਿਸੇ ਇਕ ਜਾਂ ਦੂਸਰੀ ਕਥਿਤ ਗਲਤੀ ਨੂੰ ਲੈ ਕੇ ਹਥ ਧੋ ਕੇ ਉਸਦੇ ਮਗਰ ਪਏ ਰਹੇ ਸਨ ਉਹ ਸਾਰੇ ਅਤੇ ਦੁਨੀਆਂ ਭਰ ਦੇ ਹੋਰ ਕਰੋੜਾਂ ਲੋਕ ਉਸਦੀ ਟੀਮ 'ਤੇ ਟੁਟੇ ਅਣਕਿਆਸੇ ਕਹਿਰ ਦੇ ਮੌਕੇ ਉਸਦੇ ਦੁਖ 'ਚ ਭਾਈਵਾਲ ਹਨ।

ਜਵਾਬ ਹੈ ਸ਼ਾਇਦ ਅਰਜਨਟਾਈਨੀ ਫੁਟਬਾਲ ਦੀ ਸੁੰਦਰਤਾ ਅਤੇ ਮੈਰਾਡੋਨਾ ਜਾਂ ਮੈਸੀ ਜੋੜੀ ਦੇ ਚਿਹਰਿਆਂ ਤੋਂ ਟਪਕਦੀ ਕਿਸੇ ਵਡੀ ਉਦਾਰਤਾ ਦਾ ਅਹਿਸਾਸ ਦੇ ਜਾਣ ਵਾਲੀ ਮਾਸੂਮੀਅਤ।

ਮੈਰਾਡੋਨਾ ਦੀ ਕੁਰਲਾਹਟ ਨੂੰ ਵੇਖ ਕੇ ਵਾਕਿਆ ਹੀ ਅਜੀਬ ਤਰ੍ਹਾਂ ਦੀ ਬੇਚੈਨੀ ਹੁੰਦੀ ਸੀ। ਉਹ ਇੰਜ ਰੋਈ ਜਾ ਰਿਹਾ ਸੀ ਜਿਵੇਂ ਕਿਸੇ ਮਾਸੂਮ ਬੱਚੇ ਦੇ ਹਥੋਂ ਕੋਈ ਜੰਗਲੀ ਲੂੰਬੜ ਝਪਟਾ ਮਾਰ ਕੇ ਬਿਸਕੁਟ ਦਾ ਟੁਕੜਾ ਖੋਹ ਕੇ ਲੈ ਗਿਆ ਹੋਵੇ।

ਦਾਸਤੋਵਸਕੀ ਦੇ ਸਭ ਤੋਂ ਮਹਾਨ ਨਾਇਕ ਇਵਾਨ ਦਾ ਕਹਿਣਾ ਹੈ ਕਿ ਦੁਨੀਆਂ ਦੇ ਇਕ ਵੀ ਬੱਚੇ ਦੀਆਂ ਅੱਖਾਂ ਵਿਚ ਜੇਕਰ ਅਥਰੂ ਹੈ ਤਾਂ ਉਹ ਪਰਮਾਤਮਾ ਦੀ ਹੋਂਦ ਵਿਚ ਯਕੀਨ ਨਹੀਂ ਰਖਦਾ।

ਇਕ ਹੋਰ ਤਸੱਲੀ ਵਾਲੀ ਗੱਲ ਹੈ ਕਿ ਬਿਓਨਿਸ ਆਇਰਸ ਤੋਂ 8 ਜੁਲਾਈ ਦੀ 'ਹਿੰਦੋਸਤਾਨ ਟਾਈਮਜ਼' ਦੀ ਇਕ ਹੋਰ ਲੰਮੀ ਰਿਪੋਰਟ ਅਨੁਸਾਰ ਉਨ੍ਹਾਂ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਦੇ ਮੈਂਬਰ ਜੌਆਨ ਕਾਬਾਨਡੀ ਨੇ ਰਾਜਧਾਨੀ ਦੇ ਕੇਂਦਰ ਵਿਚ ਮੈਰਾਡੋਨਾ ਦਾ ਦਿਓਕਦ ਬੁਤ ਬਣਾਉਣ ਲਈ ਬਿਲ ਪੇਸ਼ ਕਰ ਦਿਤਾ ਹੈ। ਕੀ ਸਚਮੁਚ ਆਦਮੀਅਤ ਇਨਸਾਨ ਬਣਨ ਦੇ ਰਾਹ ਪੈ ਗਈ ਹੈ!

ਮੈਨੂੰ ਉਹ ਦਿਨ ਯਾਦ ਆ ਰਹੇ ਹਨ ਜਦੋਂ ਕਾਲਜ ਦੇ ਮੁਢਲੇ ਵਰ੍ਹਿਆਂ ਵਿਚ ਕਲਾ ਦੇ ਸੁਹਪਣ ਅਤੇ ਇਨਸਾਨੀ ਜ਼ਿੰਦਗੀ ਵਿਚ ਉਸਦੀ ਲੋੜ ਬਾਰੇ



ਮੈਰਾਡੋਨਾ ਦਾ ਇਕ ਹੋਰ ਰੰਗ

ਆਸਕਰ ਵਾਈਲਡ ਦਾ ਨਾਵਲ 'ਡੋਰੀਅਨ ਗਰੇ ਦੀ ਤਸਵੀਰ' ਪੜ੍ਹਿਆ ਸੀ ਤਾਂ ਕਿੰਜ ਕਈ ਮਹੀਨਿਆਂ ਤਕ ਮਨ 'ਤੇ ਅਜਿਹੀ ਹੀ ਬੇਵਸੀ ਦਾ ਆਲਮ ਤਾਰੀ ਹੋਇਆ ਰਿਹਾ ਸੀ।

##

*ਗੁਰਦਿਆਲ ਸਿੰਘ ਬੱਲ ਪੰਜਾਬੀ ਟ੍ਰਿਬਿਊਨ ਦੇ ਮੋਢੀ ਸੰਪਾਦਕੀ ਸਟਾਫ ਵਿਚ ਸਨ ਅਤੇ ਫਿਰ ਕਾਫੀ ਅਰਸਾ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਵਿਚ ਕੰਮ ਕਰਦੇ ਰਹੇ ਹਨ। ਉਨ੍ਹਾਂ ਦੀ ਕਲਮ ਦਾ ਇਕ ਵੱਖਰਾ ਹੀ ਰੰਗ ਹੈ।


Quik Signs

Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਮਾਂ ਦਾ ਦੀਨਾ ਬਨਾਮ ਮਾ ਕਾ ਰੀਨਾ

ਸ਼ਬਦ-ਝਰੋਖਾ
ਬਲਜੀਤ ਬਾਸੀ
ਫੋਨ:734-454-4958

ਪੰਜਾਬ ਟਾਈਮਜ਼ ਵਿਚ ਸਤਿੰਦਰ ਸਰਤਾਜ ਦੀ ਗਾਇਕੀ ਬਾਰੇ ਛਪੇ ਸੁਰਿੰਦਰ ਸੋਹਲ ਦੇ ਲੇਖ ਵਿਚ ਸਰਤਾਜ ਦੇ ਇਕ ਗੀਤ ਵਿਚ ਆਏ ਸ਼ਬਦ 'ਮਾਂ ਦਾ ਦੀਨਾ' ਨੂੰ ਗਾਲ ਕਹਿ ਕੇ ਵਿਅੰਗ ਕੱਸਿਆ ਗਿਆ ਹੈ। ਇਸ ਤੋਂ ਪ੍ਰੇਰਤ ਹੋ ਕੇ ਮੈਨੂੰ ਇਸ ਗਾਲ ਬਾਰੇ ਕੁਝ ਵਿਚਾਰ ਕਰਨ ਦਾ ਬਹਾਨਾ ਮਿਲ ਗਿਆ। ਮੇਰਾ ਮਤ ਹੈ ਕਿ ਇਹ ਸ਼ਬਦ ਕੋਈ ਗੰਦੀ ਨਹੀਂ ਬਲਕਿ ਇਕ ਪਿਆਰ ਭਰੀ ਮਿੱਠੀ ਗਾਲ ਵਜੋਂ ਵਰਤਿਆ ਜਾਂਦਾ ਹੈ। ਅਸੀਂ ਤਾਂ ਅਕਸਰ ਗੰਦੀ ਗਾਲ ਵਾਲੇ ਬੋਲਾਂ 'ਮਾਂ ਦਾ ਖਸਮ' ਨੂੰ ਵੀ ਇਕ ਬੱਚੇ ਨੂੰ ਸੰਬੋਧਤ ਕਰਦਿਆਂ ਮਿੱਠੀ ਗਾਲ ਵਜੋਂ ਵਰਤ ਲੈਂਦੇ ਹਾਂ। ਹਾਂ, 'ਮਾਂ ਦਾ ਯਾਰ' ਤੇ ਜ਼ਰੂਰ ਇਹ ਚੇਪੀ ਲਗ ਸਕਦੀ ਹੈ। ਉਂਜ ਇਹ ਬੋਲ ਵੀ ਗੰਦੀ ਗਾਲ ਤਾਂ ਹੀ ਸਮਝੇ ਜਾਣਗੇ ਜੇ ਇਨ੍ਹਾਂ ਨੂੰ ਗੁੱਸੇ ਅਤੇ ਨਫ਼ਰਤ ਭਰੇ ਅੰਦਾਜ਼ ਵਿਚ ਉਚਾਰਿਆ ਜਾਵੇ। ਐਪਰ 'ਮਾਂ ਦਾ ਦੀਨਾ' ਦੇ ਬੋਲ ਤਾਂ ਆਮ ਲੋਕਾਂ ਦੀ ਧਾਰਨਾ ਅਨੁਸਾਰ ਵੀ ਗਾਲ ਨਹੀਂ ਬਣਦੇ ਲਗਦੇ ਕਿਉਂਕਿ ਇਨ੍ਹਾਂ ਦੀ ਸਰਵਜਨਕ ਵਰਤੋਂ ਹੋ ਸਕਦੀ ਹੈ। ਪੰਜਾਬੀ ਲੋਕ ਜੀਵਨ ਵਿਚ ਤਾਂ 'ਮਾਂ-ਮਸ਼ਕਰਾ' ਜਿਹਾ ਸ਼ਬਦ ਵੀ ਪ੍ਰਵਾਨਤ ਹੈ।

ਮੇਰੇ ਗਿਆਨ ਅਨੁਸਾਰ ਇਨ੍ਹਾਂ ਬੋਲਾਂ ਵਿਚਲਾ 'ਵਿਵਾਦੀ' ਸ਼ਬਦ 'ਦੀਨਾ' ਕਿਸੇ ਵੀ ਲਿਹਾਜ ਨਾਲ ਕਿਸੇ ਅਸ਼ਲੀਲ ਭਾਵਾਂ ਦਾ ਅਰਥਾਵਾਂ ਨਹੀਂ। ਬਥੇਰੇ ਲੋਕਾਂ ਦਾ ਨਾਂ ਹੀ ਦੀਨਾ ਹੈ, ਦੀਨਾ ਨਾਥ ਤਾਂ ਆਮ ਹੀ ਮਿਲ ਜਾਂਦੇ ਹਨ। ਇਕ ਮਸ਼ਹੂਰ ਐਕਟਰਸ ਦਾ ਨਾਂ ਦੀਨਾ ਪਾਠਕ ਹੈ। ਸੰਪੂਰਨ ਸਿੰਘ ਤੋਂ ਗੁਲਜ਼ਾਰ ਬਣੇ ਫਿਲਮੀ ਗੀਤਕਾਰ ਦੇ ਪਿੰਡ ਦਾ ਨਾਂ ਦੀਨਾ ਹੈ ਜੋ ਜੇਹਲਮ ਦੇ ਲਾਗੇ ਸਥਿਤ ਹੈ। ਬਠਿੰਡਾ ਜ਼ਿਲ੍ਹੇ ਵਿਚ ਇਕ ਇਤਿਹਾਸਕ ਪਿੰਡ ਦੀਨਾ ਸਾਹਿਬ ਹੈ ਜਿਥੇ ਬੈਠ ਕੇ ਗੁਰੂ ਗੋਬਿੰਦ ਸਿੰਘ ਨੇ ਜ਼ਫ਼ਰਨਾਮਾ ਲਿਖਿਆ ਸੀ। ਸੰਤ ਸਿੰਘ ਸੇਖੋਂ ਦੀ ਇਕ ਕਹਾਣੀ ਦਾ ਨਾਂ 'ਦੀਨਾ' ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਇਕ ਸ਼ਹਿਰ ਦਾ ਨਾਂ ਦੀਨਾਨਗਰ ਹੈ। ਪੰਜਾਬੀ ਹਿੰਦੀ ਦੇ ਕਾਵਿ ਵਿਚ ਦੀਨਾ ਸ਼ਬਦ 'ਦੇਣਾ' ਦਾ ਭੂਤਕਾਰਦੰਤਕ ਹੈ ਜਿਸਦਾ ਮਤਲਬ ਬਣਦਾ ਹੈ 'ਦਿੱਤਾ':

ਹਉਮੈ ਰੋਗ ਮਾਨੁਖ ਕਉ ਦੀਨਾ॥
-ਗੁਰੂ ਅਰਜਨ ਦੇਵ

ਓ ਰਾਮ ਜੀ ਬੜਾ ਦੁਖ ਦੀਨਾ, ਸੁਧ ਬੁਧ ਬਿਸਰਾਈ, ਮੇਰੀ ਨੀਂਦ ਚੁਰਾਈ...'ਰਾਮ ਲਖਨ' ਫਿਲਮ ਦਾ ਗੀਤ।

ਨਿਸਚੇ ਹੀ 'ਮਾਂ ਦਾ ਦੀਨਾ' ਨੂੰ 'ਮਾਂ ਦਾ ਦਿੱਤਾ' ਕਹਿ ਕੇ ਵੀ ਦੇਖ ਲਈਏ, ਇਸ ਵਿਚ ਕੋਈ ਗਾਲ ਦੀ ਨਿਮਨ-ਸੁਰ ਵੀ ਸੁਣਾਈ ਨਹੀਂ ਦਿੰਦੀ। ਅਰਬੀ ਤੋਂ ਆਏ ਸ਼ਬਦ ਦੀਨ ਦੇ ਮਾਅਨੇ ਮਜ਼ਹਬ, ਧਰਮ ਹੁੰਦਾ ਹੈ ਪਰ ਇਸ ਤੋਂ ਦੀਨਾ ਸ਼ਬਦ ਨਹੀਂ ਬਣਿਆ।

ਚਰਚਾ ਅਧੀਨ ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਦੇ ਦੀਨ ਤੋਂ ਹੋਈ ਹੈ। 'ਦੀਨਾ' ਸ਼ਬਦ 'ਚ ਆਏ ਸੰਸਕ੍ਰਿਤ ਧਾਤੂ 'ਦੀ' ਦਾ ਅਰਥ ਖੈ ਹੋਣਾ, ਨਸ਼ਟ ਹੋਣਾ ਆਦਿ ਹੁੰਦਾ ਹੈ। ਇਸ ਪ੍ਰਕਾਰ ਇਸ ਸ਼ਬਦ ਦਾ ਅਰਥ ਨਿਕਲਦਾ ਹੈ, ਦੁਖੀ,



ਬਰਬਾਦ ਹੋਇਆ, ਨਿਮਾਣਾ, ਗਰੀਬ ਆਦਿ। ਗੁਰਬਾਣੀ ਵਿਚ ਇਨ੍ਹਾਂ ਅਰਥਾਂ ਅਨੁਸਾਰ ਇਸ ਸ਼ਬਦ ਦੀ ਵਰਤੋਂ ਦੇਖੋ:

ਤੁਮ ਮਿਹਰਵਾਨ ਦਾਸ ਹਮ ਦੀਨਾ॥
-ਗੁਰੂ ਅਰਜਨ ਦੇਵ

ਪਰਮਾਤਮਾ ਨੂੰ ਗਰੀਬ ਨਿਮਾਣਿਆਂ ਦੇ ਰਖਵਾਲੇ ਵਜੋਂ ਦੀਨਾ ਨਾਥ, ਦੀਨ ਦਿਆਲ ਆਦਿ ਕਹਿ ਕੇ ਪੁਕਾਰਿਆ ਜਾਂਦਾ ਹੈ:

ਦੀਨਾ ਨਾਥੁ ਸਰਬ ਸੁਖਦਾਤਾ॥
-ਗੁਰੂ ਨਾਨਕ ਦੇਵ

ਨੰਗਲ ਦੀ ਇਕ ਹਿੰਦੀ ਲੇਖਿਕਾ ਨਿਰਮਲਾ ਕਪਿਲਾ ਨੇ ਇਕ ਜਗ੍ਹਾ ਕਿਹਾ ਹੈ ਕਿ ਬਾਹਰ ਜਿੰਨੇ ਵੀ ਗੁੱਲ ਖਿਲਾਏ, ਮਾਂ ਆਪਣੇ ਨਿਮਾਣੇ ਪੁੱਤਰ ਵਿਚ ਕੋਈ ਕਸੂਰ ਨਹੀਂ ਕਢਦੀ। ਇਸ ਲਈ ਅਜਿਹੇ ਬੱਚੇ ਨੂੰ ਕਈ ਵਾਰੀ ਮਾਂ ਦਾ ਦੀਨਾ ਕਹਿ ਕੇ ਚਿੜ੍ਹਾਇਆ ਜਾਂਦਾ ਹੈ। ਲਾਡ ਵਜੋਂ ਪੁੱਤਾਂ ਨੂੰ ਮਾਂ ਦਾ ਫੁੰਮਣ, ਮਾਂ ਦਾ ਫੁਲ ਪਟਾਕਾ, ਮਾਂ ਦਾ ਲਾਲ, ਮਾਂ ਦਾ ਛਿੰਦਾ ਵੀ ਕਹਿ ਲਿਆ ਜਾਂਦਾ ਹੈ। ਮਾਂ ਆਪਣੇ ਬੱਚੇ ਨੂੰ 'ਨਿਮਾਣਿਆ' ਕਹਿ ਕੇ ਆਮ ਹੀ ਝਿੜਕ ਦੇਂਦੀ ਹੈ। ਮਾਂ ਦਾ ਦੀਨਾ ਭੈਣ ਦਾ ਦੀਨਾ ਵੀ ਬਣ ਸਕਦਾ ਹੈ।

ਪਾਕਿਸਤਾਨੀ ਲੇਖਕ ਅਮੀਨ ਮਲਿਕ ਨੂੰ ਮੈਂ ਵੀ ਲਫ਼ਜ਼ਾਂ ਦਾ ਬੈਂਕ ਸਮਝਦਾ ਹਾਂ। ਪਰ ਸੱਚੀ ਗੱਲ ਹੈ ਮੇਰੀ ਸੋਚ ਤੇ ਅਨੁਭਵ ਅਨੁਸਾਰ ਇਸ ਸ਼ਬਦ ਦੇ ਕੋਈ ਅਸ਼ਲੀਲ ਅਰਥ ਨਹੀਂ ਨਿਕਲਦੇ। ਅਕਸਰ ਹੀ ਸ਼ਬਦਾਂ ਦੇ ਅਰਥ ਬਦਲਦੇ ਰਹਿੰਦੇ ਹਨ, ਕਈਆਂ ਦੇ ਅਰਥਾਂ ਵਿਚ ਢੇਰ ਗਿਰਾਵਟ ਆ ਜਾਂਦੀ ਹੈ ਜਿਵੇਂ ਪਾਖੰਡੀ ਸ਼ਬਦ ਨਾਲ ਹੋਇਆ ਹੈ। ਪ੍ਰਾਚੀਨ ਕਾਲ ਵਿਚ ਇਹ ਇਕ ਸਤਿਕਾਰੇ ਜਾਂਦੇ ਸਾਧੂਆਂ ਦਾ ਪੰਥ ਸੀ। ਹੋ ਸਕਦਾ ਹੈ ਪਾਕਿਸਤਾਨ ਵਿਚ ਦੀਨੇ ਨਾਲ ਇਹ ਭਾਣਾ ਵਰਤਿਆ ਹੋਵੇ। ਸੰਭਵ ਹੈ ਦੀਨਾ ਕਿਸੇ ਕਾਰਨ ਕਰਕੇ ਵਿਵਰਜਿਤ ਲਿੰਗਿਕ ਭਾਵ ਦਾ ਅਰਥਾਵਾਂ ਬਣ ਗਿਆ ਹੋਵੇ। ਪਰ ਸਾਨੂੰ ਇਸ ਬਾਰੇ ਕਦਾਚਿਤ ਸ਼ਰਮਸਾਰ ਹੋਣ ਦੀ ਲੋੜ ਨਹੀਂ।

ਏਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ 'ਮਾਂ ਕਾ ਦੀਨਾ' ਪਹਿਲਾਂ ਹੀ ਇਕ ਹਿੰਦੀ ਗਾਣੇ ਵਿਚ ਆ ਕੇ ਦੇਸ਼ ਭਰ ਵਿਚ ਪ੍ਰਚਲਿਤ ਹੋ ਚੁਕਾ ਹੈ। ਇਹ ਗਾਣਾ ਅਨੂੰ ਮਲਿਕ ਅਤੇ ਸੁਨੀਤਾ ਰਾਉ ਨੇ 1996 ਵਿਚ ਬਣੀ ਫਿਲਮ 'ਢਾਲ' ਵਿਚ ਗਾਇਆ ਸੀ। ਇਸ ਗਾਣੇ ਵਿਚ 'ਦਿਲ, ਮਾਂ ਕਾ ਦੀਨਾ' ਇਕ ਮੁਖੜੇ ਵਜੋਂ ਆਇਆ ਹੈ ਤੇ ਇਸਨੂੰ ਕਈ ਵਾਰੀ ਦੁਹਰਾਇਆ ਗਿਆ ਹੈ। ਭਾਰਤ ਵਿਚ ਇਸ ਦੇ ਬੋਲਾਂ ਬਾਰੇ ਕਦੇ ਵਾਵੇਲਾ ਨਹੀਂ ਛਿੜਿਆ। 1995 'ਚ ਇਕ ਸਪੇਨੀ ਗੀਤ ਬਹੁਤ ਹਰਮਨ ਪਿਆਰਾ ਹੋਇਆ ਸੀ ਜਿਸ ਵਿਚ 'ਮਾਕਾਰੀਨਾ' ਸ਼ਬਦ ਵਾਰ ਵਾਰ ਆਇਆ ਸੀ। ਤੇ ਇਸੇ ਦੇ ਅੱਗੇ 'ਹੇ' ਲਾ ਕੇ ਇਸਨੂੰ ਸਪੇਨੀ ਸਵਰਾਘਾਤ ਅਨੁਸਾਰ 'ਹੇ, ਮਾ ਕਾ ਰੀਨਾ' ਵਾਂਗੂੰ ਉਚਾਰਿਆ ਗਿਆ ਸੀ। ਹਿੰਦੀ ਗੀਤ ਵਿਚ ਇਸ ਬੋਲ ਦੀ ਜਗ੍ਹਾਂ 'ਦਿਲ, ਮਾਂ ਕਾ ਦੀਨਾ' ਪੈਰੋਡੀ ਵਜੋਂ ਆਇਆ ਸੀ ਤੇ ਜੋ ਇਸੇ ਸਪੇਨੀ ਗੀਤ ਦੀ ਤਰਜ਼ 'ਤੇ ਗਾਇਆ ਗਿਆ ਸੀ। ਇਸ ਦਾ ਅੰਗਰੇਜ਼ੀ ਰੂਪਾਂਤਰ 2002 ਦਾ ਸਭ ਤੋਂ ਵਧ ਵਜਿਆ ਗਾਣਾ ਸੀ। ਇਸ ਗਾਣੇ ਦੀ ਲੋਕਪ੍ਰਿਅਤਾ ਕਾਰਨ ਹਿੰਦੀ ਫਿਲਮ 'ਔਜ਼ਾਰ' ਵਿਚ 'ਦਿਲ, ਲੇ ਲੇ ਲੇਨਾ' ਵਿਚ ਵੀ ਇਸ ਤਰਜ਼ ਦੀ ਨਕਲ 'ਤੇ ਇਕ ਗਾਣਾ ਆਇਆ ਸੀ ਜਿਸ ਵਿਚ 'ਮਾਕਾਰੀਨਾ' ਸ਼ਬਦ ਦੁਹਰਾਇਆ ਗਿਆ ਸੀ। ਇਸ ਗਾਣੇ ਦੇ ਹੋਰ ਬੋਲੀਆਂ 'ਚ ਬਣੇ ਰੂਪਾਂਤਰ ਤੇ ਬਣੇ ਰੀਮਿਕਸਾਂ ਦਾ ਤਾਂ ਕੋਈ ਅੰਤ ਹੀ ਨਹੀਂ। ਇਹ ਹੁਣ ਅਜੇਹੇ ਗਾਣਿਆਂ ਦੀ ਤਾਲ 'ਤੇ ਨੱਚਿਆ ਜਾਣ ਵਾਲਾ ਨਾਚ ਵੀ ਹੈ।

ਹੁਣ ਆਈਏ ਮਾਕਾਰੀਨਾ ਸ਼ਬਦ 'ਤੇ। ਇਸ ਨਾਂ ਦਾ ਗੀਤ 'ਲੌਸ ਦੈਲ ਰੀਓ' (ਦਰਿਆਵਾਂ ਵਾਲੇ) ਦੇ ਨਾਂ ਨਾਲ ਜਾਣੀ ਜਾਂਦੀ ਸਪੇਨ ਦੇ ਸੰਗੀਤਕਾਰਾਂ ਰੋਮੀਓ ਤੇ ਰਫੇਲ ਦੀ ਜੋੜੀ ਨੇ ਗਾਇਆ ਸੀ। 1992 'ਚ ਜਦ ਉਹ ਵੈਨਜ਼ੂਏਲਾ ਦੇ ਦੌਰੇ 'ਤੇ ਸਨ ਤਾਂ ਇਕ ਪ੍ਰਾਈਵੇਟ ਪਾਰਟੀ 'ਚ ਇਕ ਨਾਚ-ਅਧਿਆਪਕਾ ਨੇ ਉਨ੍ਹਾਂ ਦੇ ਸਵਾਗਤ ਵਿਚ ਇਕ ਸੰਗੀਤ-ਨਾਚ ਪੇਸ਼ ਕੀਤਾ। ਰੋਮੀਓ ਨੇ ਇਸ ਗੀਤ ਨਾਲ ਤੁਰਤ ਜੋੜਿਆ ਗੀਤ ਗਾਇਆ (ਆਪਣੇ ਜਿਸਮ ਨੂੰ ਕੁਝ ਅਨੰਦ ਦਿਓ, ਮਾਦਾਲੀਨਾ), ਜਿਸ ਵਿਚ ਉਸ ਅਦਾਕਾਰਾ ਦੀ 'ਮਾਦਾਲੀਨਾ' ਦੇ ਨਾਂ ਨਾਲ ਤੁਲਨਾ ਕਰਕੇ ਵਡਿਆਇਆ ਗਿਆ ਸੀ। ਸਪੇਨੀ ਪਰੰਪਰਾ ਅਨੁਸਾਰ ਕਿਸੇ ਇਸਤਰੀ ਨੂੰ ਮਾਦਾਲੀਨਾ ਕਹਿਣਾ ਇਕ ਬਹੁਤ ਵੱਡੀ ਮਾਣ ਵਾਲੀ ਗੱਲ ਸਮਝੀ ਜਾਂਦੀ ਹੈ। ਦੰਦਕਥਾ ਅਨੁਸਾਰ ਮਾਦਾਲੀਨਾ ਈਸਾ ਦੀ ਚੇਲੀ ਸੀ ਤੇ ਈਸਾ ਨੇ ਉਸ ਦਾ ਉਧਾਰ ਕੀਤਾ ਸੀ। ਮਾਦਾਲੀਨਾ ਨੂੰ ਬਾਅਦ ਵਿਚ ਸੰਤ ਤੱਕ ਦੀ ਪਦਵੀ ਮਿਲ ਗਈ। ਹੋਟਲ ਵਿਚ ਵਾਪਸ ਆ ਕੇ ਰੋਮੀਓ ਨੇ ਗਾਣੇ ਵਿਚਲਾ ਨਾਂ 'ਮਾਦਾਲੀਨਾ' ਤੋਂ ਬਦਲ ਕੇ ਮਾਕਾਰੀਨਾ ਕਰ ਦਿੱਤਾ ਜੋ ਕਿ ਉਸ ਦੀ ਬੇਟੀ ਦਾ ਨਾਂ ਵੀ ਸੀ। ਇਸ ਸਪੇਨਿਸ਼ ਨਾਂ ਦਾ ਸਬੰਧ ਕੁਆਰੀ ਮਾਰੀਆ ਦੀ ਐਂਦਾਲੁਸ਼ਾ (ਸਪੇਨ ਦਾ ਇਕ ਖੇਤਰ) ਦੀ ਅਵਤਾਰ ਕੁਆਰੀ ਮਾਕਾਰੀਨਾ ਨਾਲ ਹੈ। ਉਂਜ ਇਸ ਨਾਂ ਦਾ ਸ਼ਾਬਦਿਕ ਅਰਥ ਡੀਂਗਮਾਰ ਹੈ।

### ਦੀਨਾ ਦਾ ਪੁੱਤਰ

ਜਿਵੇਂ ਕਹਿੰਦੇ ਹਨ ਬੱਚਾ ਮਨੁਖ ਦਾ ਵੀ ਬਾਪ ਹੈ, ਮਾਂ ਦਾ ਦੀਨਾ ਕਈ ਵਾਰੀ ਹਠ 'ਚ ਆਇਆ ਆਪਣੇ ਮਾਂ-ਪਿਉ ਨੂੰ ਵੀ ਦੀਨਾ ਬਣਾ ਛੱਡਦਾ ਹੈ। ਹਿੰਦੀ ਕਵੀ ਮੈਥਿਲੀ ਸ਼ਰਣ ਗੁਪਤ ਦੇ ਭਰਾ ਸਿਯਾ ਰਾਮ ਗੁਪਤ ਦੀ ਕਵਿਤਾ "ਵਹੀ ਖਿਲੌਨਾ ਲੂੰਗਾ, ਮਚਲ ਗਿਆ ਦੀਨਾ ਕਾ ਲਾਲ" ਵਿਚ ਅਜਿਹੇ ਅੜੀਅਲ ਬੇਟਿਆਂ ਦਾ ਵਰਨਣ ਮਿਲਦਾ ਹੈ ਜਿਨ੍ਹਾਂ ਅੱਗੇ ਮਾਂ ਪਿਉ ਤਾਂ ਕੀ ਸਾਰਾ ਜਹਾਨ ਬੇਚਾਰਾ ਹੋ ਕੇ ਰਹਿ ਜਾਂਦਾ ਹੈ:

ਮੈਂ ਤੋ ਵਹੀ ਖਿਲੌਨਾ ਲੂੰਗਾ ਮਚਲ ਗਿਆ ਦੀਨਾ ਕਾ ਲਾਲ
ਖੇਲ ਰਹਾ ਥਾ ਜਿਸਕੋ ਲੇਕਰ ਰਾਜਕੁਮਾਰ ਉਛਾਲ ਉਛਾਲ।
ਵਿਅਥਿਤ ਹੋ ਉਠੀ ਮਾਂ ਬੇਚਾਰੀ, ਥਾ ਸਵਰਣ-ਨਿਰਮਿਤ ਵਹ ਤੋ!
'ਖੇਲ ਇਸੀ ਸੇ ਲਾਲ, ਨਹੀਂ ਹੈ ਰਾਜਾ ਕੇ ਘਰ ਭੀ ਯਹ ਤੋ'!
'ਰਾਜਾ ਕੇ ਘਰ! ਨਹੀਂ ਨਹੀਂ ਮਾਂ, ਤੂੰ ਮੁਝਕੋ ਬਹਕਾਤੀ ਹੈ,
ਇਸ ਮਿੱਟੀ ਸੇ ਖੇਲੇਗਾ, ਕਿਆ ਰਾਜਪੁਤਰ, ਤੂੰ ਹੀ ਕਹਿ ਤੋ।
ਫੈਂਕ ਦੀਆ, ਮਿੱਟੀ ਮੇਂ ਉਸਨੇ, ਮਿੱਟੀ ਕਾ ਗੁੱਡਾ ਤਤਕਾਲ।
'ਮੈਂ ਤੋ ਵਹੀ ਖਿਲੌਨਾ ਲੂੰਗਾ, ਮਚਲ ਗਿਆ ਦੀਨਾ ਕਾ ਲਾਲ।

---

'ਮੈਂ ਤੋ ਵਹੀ ਖਿਲੌਨਾ ਲੂੰਗਾ, ਮਚਲ ਗਿਆ ਸ਼ਿਸ਼ੂ ਰਾਜਕੁਮਾਰ
'ਵਹ ਬਾਲਕ ਪੁਚਕਾਰ ਰਹਾ ਥਾ ਪਥ ਮੇਂ ਜਿਸ ਕੋ ਬਾਰੰਬਾਰ।
'ਵਹ ਤੋ ਮਿੱਟੀ ਕਾ ਹੀ ਹੋਗਾ, ਖੇਲੋ ਤੁਮ ਤੋ ਸੋਨੇ ਸੇ।
ਦੌੜ ਪੜੇ ਸਭ ਦਾਸ ਦਾਸੀਆਂ, ਰਾਜਪੁਤਰ ਕੇ ਰੋਨੇ ਸੇ।
'ਮਿੱਟੀ ਕਾ ਹੋ ਯਾ ਸੋਨੇ ਕਾ, ਇਨਮੇਂ ਵੈਸਾ ਏਕ ਨਹੀਂ,
ਖੇਲ ਰਹਾ ਥਾ, ਉਛਲ ਉਛਲ ਕਰ ਵਹ ਤੋ ਉਸੀ ਖਿਲੌਨੇ ਸੇ।
ਰਾਜਹਠੀ ਨੇ ਫੈਂਕ ਦੀਏ ਸਭ ਅਪਨੇ ਰਜਤ-ਹੇਮ-ਉਪਹਾਰ,
'ਲੂੰਗਾ ਵਹੀ ਲੂੰਗਾ ਮੈਂ!' ਮਚਲ ਗਿਆ ਵਹ ਰਾਜਕੁਮਾਰ।

---

ਦਿਲ ਸੇ ਤੋ ਹਰ ਮੁਆਮਲਾ, ਕਰਕੇ ਚਲੇ ਥੇ ਸਾਫ਼ ਹਮ,
ਕਹਨੇ ਮੇਂ ਉਨ ਕੇ ਸਾਮਨੇ ਬਾਤ ਬਦਲ ਬਦਲ ਗਈ।

#

## ਆਪੇ ਆਪਣੇ ਸ਼ਬਦਾਂ ਦੇ ਸਾਥ ਲਈ, ਮੈਂ ਬੁਲਾ ਲਿਆਇਆ ਸਲੀਬ ਨੂੰ

**ਇਕ ਰਿਪੋਰਟ**

**ਚੰਡੀਗੜ੍ਹ (ਜਸਵੀਰ ਸਮਰ):** ਦਰਸ਼ਨ ਖਟਕੜ ਦੀ ਕਿਤਾਬ 'ਉਲਟੇ ਰੁਖ ਪਰਵਾਜ਼' ਭਾਵੇਂ ਉਸ ਦੀ ਪਹਿਲੀ ਕਿਤਾਬ 'ਸੰਗੀ ਸਾਥੀ' (1973) ਨਾਲੋਂ 37 ਸਾਲ ਦੇ ਵਕਫ਼ੇ ਬਾਅਦ ਛਪੀ ਹੈ ਪਰ ਇਸ ਵਿਚ 'ਸੰਗੀ ਸਾਥੀ' ਵਾਲੀ ਨਿਰੰਤਰਤਾ ਹੈ। ਚਾਰ ਦਹਾਕਿਆਂ ਦੌਰਾਨ ਸ਼ਾਇਰ ਨੇ ਭਾਵੇਂ ਸਾਹਿਤ ਦੀ ਥਾਂ ਸਿਆਸਤ ਦੇ ਪਿੜ ਵਿਚ ਵੱਧ ਸਰਗਰਮੀ ਕੀਤੀ ਹੈ ਪਰ 'ਸੰਗੀ ਸਾਥੀ' ਵਾਲਾ ਪੱਲਾ ਉਸ ਨੇ ਘੁੱਟ ਕੇ ਫੜਿਆ ਹੋਇਆ ਹੈ। ਪਹਿਲੀ ਕਿਤਾਬ ਵਾਂਗ ਇਸ ਕਿਤਾਬ ਵਿਚ ਵੀ ਤਬਦੀਲੀ ਦਾ ਹੋਕਾ ਮੁੱਖ ਹੈ। ਫ਼ਰਕ ਇਹ ਹੈ ਕਿ ਗੱਲ ਕਹਿਣ ਦਾ ਮੁਹਾਵਰਾ ਤੇ ਮੁਹਾਣ ਹੁਣ ਦੇ ਸਮੇਂ ਮੁਤਾਬਕ ਹੈ। ਪਰੰਪਰਾ ਨਾਲ ਉਹ ਖਹਿ ਕੇ ਸੰਵਾਦ ਰਚਾਉਂਦਾ ਹੈ। ਇਸ ਦੀਆਂ ਵਡਿਆਈਆਂ ਨੂੰ ਉਹ ਸਹਿਜ ਭਾਅ ਸਵੀਕਾਰ ਕਰਦਾ ਹੈ ਅਤੇ ਮਾੜੇ ਪੱਖਾਂ ਨੂੰ ਦੂਰੋਂ ਹੀ ਸਲਾਮ ਆਖਦਾ ਹੈ।

ਇਹ ਵਿਚਾਰ ਸਾਹਿਤ ਚਿੰਤਨ, ਚੰਡੀਗੜ੍ਹ ਦੀ ਇੱਥੇ ਸੈਕਟਰ 35 ਵਿਚ ਪ੍ਰਾਚੀਨ ਕਲਾ ਕੇਂਦਰ ਵਿਖੇ ਹੋਈ ਮਾਸਿਕ ਮੀਟਿੰਗ ਵਿਚ ਵਿਦਰੋਹੀ ਸ਼ਾਇਰ ਦਰਸ਼ਨ ਖਟਕੜ ਦੀ ਨਵੀਂ ਛਪੀ ਕਿਤਾਬ 'ਉਲਟੇ ਰੁਖ ਪਰਵਾਜ਼' ਬਾਰੇ ਚਰਚਾ ਕਰਦਿਆਂ ਸਮਾਗਮ ਦੇ ਮੁੱਖ ਬੁਲਾਰੇ ਡਾ. ਗੁਰਇਕਬਾਲ ਸਿੰਘ (ਲੁਧਿਆਣਾ) ਨੇ ਪ੍ਰਗਟਾਏ। ਉਨ੍ਹਾਂ ਕਿਹਾ ਕਿ ਜਦੋਂ ਦਰਸ਼ਨ 70ਵਿਆਂ ਵਿਚ ਬਤੌਰ ਕਵੀ ਉਭਰਿਆ ਸੀ, ਉਦੋਂ ਨੌਜਵਾਨ ਯੁੱਗ ਪਲਟਾਉਣ ਲਈ ਜਾਨ ਤਲੀ ਉਤੇ ਧਰ ਕੇ ਘਰੋਂ ਨਿਕਲੇ ਹੋਏ ਸਨ। ਸਮੇਂ ਦੇ ਉਸ ਵੇਗ ਨੂੰ ਦਰਸ਼ਨ ਅਤੇ ਉਸ ਦੇ ਹੋਰ ਸਾਥੀ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਪੇਸ਼ ਕੀਤਾ ਸੀ। ਇਸ ਕਿਤਾਬ ਵਿਚ ਦਰਸ਼ਨ ਨੇ ਸਰਕਾਰ ਦੀਆਂ ਆਰਥਿਕ ਨੀਤੀਆਂ ਕਾਰਨ ਆਮ ਲੋਕਾਂ ਉਤੇ ਪੈ ਰਹੀ ਮੰਡੀ ਦੀ ਮਾਰ ਬਾਬਤ ਗੱਲ ਚਲਾਈ ਹੈ। ਭਰੂਣ ਹੱਤਿਆ ਅਤੇ ਹੋਰ ਸਮਾਜਕ ਬੁਰਾਈਆਂ ਦੀ ਨਿਸ਼ਾਨਦੇਹੀ ਉਹ ਬਹੁਤ ਪ੍ਰਚੰਡ ਰੂਪ ਵਿਚ ਕਰਦਾ ਹੈ। ਇਸ ਲਗਾਤਾਰ ਚੱਲ ਰਹੀ ਲੜਾਈ ਬਾਰੇ ਉਸ ਦਾ ਸ਼ਿਅਰ ਹੈ:



ਆਪੇ ਆਪਣੇ ਸ਼ਬਦਾਂ ਦੇ ਸਾਥ ਲਈ
ਮੈਂ ਬੁਲਾ ਲਿਆਇਆ ਸਲੀਬ ਨੂੰ
ਇਹ ਹੈ ਉਮਰ ਭਰ ਦਾ ਲਟਕਣਾ,
ਹੈ ਸਲੀਬ ਨਾਲ ਜਿੱਧਰ ਗਏ।

ਪ੍ਰੋ. ਹਰਕਿਸ਼ਨ ਸਿੰਘ ਮਹਿਤਾ ਨੇ ਕਿਹਾ ਕਿ ਖਟਕੜ ਦੀ ਕਵਿਤਾ ਸਿਆਸੀ ਹੈ। ਕਵਿਤਾ ਵਿਚੋਂ ਸਾਫ਼ ਸੁਨੇਹਾ ਮਿਲਦਾ ਹੈ ਕਿ ਅੱਜ ਦੇ ਦੌਰ ਵਿਚ ਮਾਰਕਸਵਾਦ ਦੀ ਮਹੱਤਤਾ ਪਹਿਲਾਂ ਨਾਲੋਂ ਵੀ ਵਧ ਗਈ ਹੈ। ਸਰਮਾਏਦਾਰੀ, ਵਿਕਾਸ ਦਾ ਆਖਰੀ ਪੜਾਅ ਨਹੀਂ ਹੈ। ਦਰਸ਼ਨ ਖਟਕੜ ਦੇ ਕਾਲਜ (ਸਿੱਖ ਨੈਸ਼ਨਲ ਕਾਲਜ, ਬੰਗਾ) ਵਿਚ ਪ੍ਰੋਫ਼ੈਸਰ ਰਹੇ ਕਸ਼ਮੀਰ ਕੌਰ ਸੰਧੂ ਨੇ ਖਟਕੜ ਬਾਰੇ ਯਾਦਾਂ ਸਾਂਝੀਆਂ ਕੀਤੀਆਂ ਅਤੇ ਕਾਲਜ ਮੈਗਜ਼ੀਨ ਵਿਚ ਛਪੀ ਖਟਕੜ ਦੀ ਕਵਿਤਾ 'ਮਮਤਾ' ਪੜ੍ਹ ਕੇ ਸੁਣਾਈ। ਖਟਕੜ ਦੀ ਧੀ ਰੂਪੇਸ਼ਵਰ ਕੌਰ ਨੇ ਦਰਸ਼ਨ ਖਟਕੜ ਦੀ ਭਰੂਣ ਹੱਤਿਆ ਖ਼ਿਲਾਫ਼ ਲਿਖੀ ਗ਼ਜ਼ਲ ਤਰੰਨਮ 'ਚ ਸੁਣਾਈ।

ਇਸ ਮੌਕੇ ਦਰਸ਼ਨ ਖਟਕੜ ਨੇ ਕਵਿਤਾਵਾਂ ਸੁਣਾਈਆਂ ਅਤੇ ਆਪਣੀ ਕਵਿਤਾ ਤੇ ਸਿਆਸਤ ਦੇ ਸਰੋਕਾਰਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਸਿਆਸੀ ਰੁਝੇਵਿਆਂ ਕਾਰਨ ਉਹ ਭਾਵੇਂ ਕਵਿਤਾ ਵੱਲ ਮੁਕਾਬਤਨ ਘੱਟ ਧਿਆਨ ਦੇ ਸਕਿਆ ਹੈ ਪਰ ਮੌਕੇ-ਬਾਮੌਕੇ ਉਹ ਕਵਿਤਾ ਰਾਹੀਂ ਆਪਣੇ ਅਤੇ ਆਪਣਿਆਂ ਨਾਲ ਗੱਲਾਂ ਕਰਦਾ ਰਿਹਾ ਹੈ। ਸਮਾਗਮ ਦੀ ਪ੍ਰਧਾਨਗੀ ਕਹਾਣੀਕਾਰ ਮੋਹਨ ਭੰਡਾਰੀ ਨੇ ਕੀਤੀ। ਉਨ੍ਹਾਂ ਕਿਹਾ ਕਿ ਕਿਤਾਬ ਦੇ ਟਾਈਟਲ ਵਾਂਗ ਦਰਸ਼ਨ ਖਟਕੜ ਨੇ ਸੱਚਮੁੱਚ ਉਲਟੇ ਰੁਖ ਪਰਵਾਜ਼ ਭਰੀ ਹੈ। ਸਰਕਾਰਾਂ ਨੇ ਸਦਾ ਲੋਕਾਂ ਦੇ ਦੁੱਖਾਂ ਵਿਚ ਵਾਧਾ ਕੀਤਾ ਹੈ। ਦਰਸ਼ਨ ਲੋਕਾਂ ਦੇ ਪਾਲੇ ਵਿਚ ਖੜ੍ਹ ਕੇ ਆਪਣੀ ਸ਼ਾਇਰੀ ਅਤੇ ਸਿਆਸਤ ਰਾਹੀਂ ਸੱਤਾ ਨੂੰ ਵੰਗਾਰ ਰਿਹਾ ਹੈ।

ਸਮਾਗਮ ਵਿਚ ਤਰਕਸ਼ੀਲਾਂ ਦੇ ਆਗੂ ਜਰਨੈਲ ਕ੍ਰਾਂਤੀ, ਡਾ. ਕੁਲਦੀਪ ਪੁਰੀ, ਕਮਲਦੀਪ ਕੌਰ, ਪੱਤਰਕਾਰ ਬਖ਼ਸ਼ਿੰਦਰ, ਕਹਾਣੀਕਾਰ ਸੁਖਵੰਤ ਕੌਰ ਮਾਨ, ਪ੍ਰੋ. ਨਿਰਮਲ ਦੱਤ, ਸ਼ਿਵ ਨਾਥ, ਡਾ. ਚੰਦਰ ਮੋਹਨ, ਪ੍ਰੋ. ਰਬਿੰਦਰ ਨਾਥ ਸ਼ਰਮਾ, ਡਾ. ਲਾਭ ਸਿੰਘ ਖੀਵਾ, ਮਨਮੋਹਨ ਸਿੰਘ ਦਾਊਂ, ਪ੍ਰੀਤਮ ਰੁਪਾਲ, ਰੰਗਕਰਮੀ ਸੈਮੂਅਲ ਜੌਹਨ, ਪੱਤਰਕਾਰ ਹਮੀਰ ਸਿੰਘ ਅਤੇ ਹੋਰਾਂ ਨੇ ਸ਼ਿਰਕਤ ਕੀਤੀ।

## ਗ੍ਰਹਿ ਮੰਤਰੀ ਚਿਦੰਬਰਮ ਅਤੇ ਰੇਲ ਮੰਤਰੀ ਮਮਤਾ ਬੈਨਰਜੀ ਦੀ ਖੜਕੀ

**ਨਵੀਂ ਦਿੱਲੀ:** ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਦੇ ਸੈਂਥੀਆ ਸਟੇਸ਼ਨ 'ਤੇ ਵਾਪਰੇ ਰੇਲ ਹਾਦਸੇ ਨੂੰ ਲੈ ਕੇ ਕੈਬਨਿਟ 'ਚ ਆਪਸੀ ਖਿੱਚੋਤਾਣ ਸ਼ੁਰੂ ਹੋ ਗਈ ਹੈ। ਆਲਮ ਇਹ ਹੈ ਕਿ ਕੇਂਦਰ ਸਰਕਾਰ ਦੇ ਦੋ ਮੰਤਰਾਲੇ ਇਸ ਹਾਦਸੇ ਨੂੰ ਲੈ ਕੇ ਆਹਮੋ-ਸਾਹਮਣੇ ਆ ਗਏ ਹਨ। ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਰੇਲ ਮੰਤਰਾਲੇ ਦੀ ਤਿੱਖੀ ਆਲੋਚਨਾ ਕਰਦਿਆਂ ਬੀਤੀ 21 ਜੁਲਾਈ ਨੂੰ ਕਿਹਾ ਕਿ ਹਾਦਸੇ ਤੋਂ ਬਾਅਦ ਰਾਹਤ ਤੇ ਬਚਾਅ ਦਾ ਕੰਮ ਬਹੁਤ ਢਿੱਲੀ ਰਫ਼ਤਾਰ ਨਾਲ ਚੱਲਿਆ।





ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਦੇਰ ਰਾਤ ਹਾਵੜਾ ਤੋਂ ਕਰੀਬ 190 ਕਿਲੋਮੀਟਰ ਦੂਰ ਸੈਂਥੀਆ ਸਟੇਸ਼ਨ ਨੇੜੇ ਦੋ ਰੇਲ ਗੱਡੀਆਂ ਦੀ ਟੱਕਰ 'ਚ ਕਰੀਬ 67 ਲੋਕ ਮਾਰੇ ਗਏ ਅਤੇ 200 ਹੋਰ ਜ਼ਖ਼ਮੀ ਹੋ ਗਏ ਸਨ।

ਸਿਆਸੀ ਸਫ਼ਾਂ 'ਚ ਸ੍ਰੀ ਚਿਦੰਬਰਮ ਦੇ ਇਸ ਬਿਆਨ ਨੂੰ ਬਹੁਤ ਅਹਿਮੀਅਤ ਦਿੱਤੀ ਜਾ ਰਹੀ ਹੈ। ਹਾਲਾਂਕਿ ਰੇਲ ਮੰਤਰੀ ਮਮਤਾ ਬੈਨਰਜੀ 'ਤੇ ਪਹਿਲਾਂ ਵੀ ਰੇਲ ਮੰਤਰਾਲੇ ਵਲ ਪੂਰਾ ਧਿਆਨ ਨਾ ਦੇਣ ਅਤੇ ਬੰਗਾਲ ਦੀ ਸਿਆਸਤ ਨੂੰ ਜ਼ਿਆਦਾ ਤਵੱਜੋਂ ਤੇ ਸਮਾਂ ਦਿੱਤੇ ਜਾਣ ਦੇ ਦੋਸ਼ ਵਿਰੋਧੀ ਪਾਰਟੀਆਂ ਲਾਉਂਦੀਆਂ ਰਹੀਆਂ ਹਨ। ਅਜਿਹੇ 'ਚ ਯੂਪੀਏ-2 'ਚ ਕਾਂਗਰਸ ਦੀ ਸਭ ਤੋਂ ਵੱਡੀ ਸਹਿਯੋਗੀ ਪਾਰਟੀ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਨਾਲ ਤਮਾਮ ਦਬਾਅ ਦੇ ਬਾਵਜੂਦ ਕਾਂਗਰਸ ਪਾਰਟੀ ਨਾਰਾਜ਼ ਦੱਸੀ ਜਾ ਰਹੀ ਹੈ। ਸ੍ਰੀ ਚਿਦੰਬਰਮ ਦੇ ਇਸ ਬਿਆਨ ਨੂੰ ਕਾਂਗਰਸ ਪਾਰਟੀ ਦੇ ਰੁਖ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਸ੍ਰੀ ਚਿਦੰਬਰਮ ਨੇ ਕਿਹਾ, "ਮੈਨੂੰ ਦੱਸਿਆ ਗਿਆ ਹੈ ਕਿ ਹਾਦਸੇ ਤੋਂ ਕਰੀਬ ਢਾਈ ਘੰਟੇ ਬਾਅਦ ਪਹਿਲੀ ਰਾਹਤ ਰੇਲ ਗੱਡੀ ਮੌਕੇ 'ਤੇ ਪਹੁੰਚੀ ਜਦਕਿ ਦੂਜੀ ਰੇਲ ਗੱਡੀ ਹਾਦਸੇ ਦੇ ਕਰੀਬ 7 ਘੰਟੇ ਬਾਅਦ ਪਹੁੰਚੀ। ਦੇਰੀ ਦੀ ਵਜ੍ਹਾ ਇਹ ਦੱਸੀ ਜਾ ਰਹੀ ਹੈ ਕਿ ਰਾਹਤ ਟੀਮ ਨੂੰ ਸੜਕ ਦੇ ਰਸਤੇ ਕਰੀਬ 220 ਕਿਲੋਮੀਟਰ ਦੀ ਦੂਰੀ ਤੈਅ ਕਰਨੀ ਪਈ।" ਇਸ ਪੂਰੇ ਮਾਮਲੇ ਨੂੰ ਲੈ ਕੇ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਖ਼ਿਲਾਫ਼ ਵਿਰੋਧੀਆਂ ਨੇ ਮੋਰਚਾ ਖੋਲ੍ਹ ਦਿੱਤਾ ਹੈ। ਵਿਰੋਧੀਆਂ ਦਾ ਦੋਸ਼ ਹੈ ਕਿ ਇਸ ਘਟਨਾ ਤੋਂ ਪਤਾ ਚਲਦਾ ਹੈ ਕਿ ਰੇਲ ਮੰਤਰੀ ਆਪਣੇ ਗ੍ਰਹਿ ਸੂਬੇ ਬੰਗਾਲ ਦੀ ਰਾਜਨੀਤੀ 'ਚ ਵਧ ਦਿਲਚਸਪੀ ਲੈ ਰਹੀ ਹੈ।

ਦੱਸਣਾ ਬਣਦਾ ਹੈ ਕਿ ਰੇਲ ਮੰਤਰੀ ਮਮਤਾ ਬੈਨਰਜੀ ਨੇ ਸੈਂਥੀਆ ਰੇਲ ਹਾਦਸੇ ਪਿੱਛੇ ਸਾਜ਼ਿਸ਼ ਹੋਣ ਦਾ ਇਸ਼ਾਰਾ ਕੀਤਾ ਸੀ। ਹਾਲਾਂਕਿ ਸ਼ੁਰੂਆਤੀ ਜਾਂਚ 'ਚ ਇਸ ਸ਼ੰਕਾ ਨੂੰ ਬੇਬੁਨਿਆਦ ਪਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਬਤੌਰ ਰੇਲ ਮੰਤਰੀ ਮਮਤਾ ਬੈਨਰਜੀ ਦੇ ਕਾਰਜਕਾਲ ਦੌਰਾਨ ਛੋਟੇ-ਵੱਡੇ ਕਰੀਬ 15 ਹਾਦਸੇ ਵਾਪਰ ਚੁੱਕੇ ਹਨ।

# ਲੀਡਰਾਂ ਵਾਂਗ ਥੁੱਕ ਕੇ ਚੱਟਣ ਲੱਗ ਗਏ ਨੇ ਕਲਾਕਾਰ

**ਸਵਰਨ ਸਿੰਘ ਟਹਿਣਾ***


ਸਵਰਨ ਸਿੰਘ ਟਹਿਣਾ

ਗਲਤੀਆਂ ਬੰਦੇ ਦੇ ਸੁਭਾਅ 'ਚ ਸ਼ਾਮਲ ਨੇ। ਮੰਨਿਆ ਜਾਵੇ ਜਾਂ ਨਾ, ਪਰ ਹੈ ਹਰ ਕੋਈ ਗਲਤੀਆਂ ਦੀ ਪੰਡ। ਖੁਦ ਨੂੰ ਜਵਾਬਦੇਹ ਰਹਿਣ ਵਾਲਿਆਂ ਦੀ ਇਹ ਪੰਡ ਛੋਟੀ ਐ ਤੇ ਮੂਰਖਮੱਤਿਆਂ ਦੀ ਵੱਡੀ। 'ਦੇਵੀ-ਦੇਵਤਿਆਂ' ਤੋਂ ਲੈ ਕੇ ਅੱਜ ਦੇ ਸਧਾਰਨ ਬੰਦਿਆਂ ਤੱਕ ਸਭ ਗਲਤੀਆਂ ਕਰਦੇ ਨੇ, ਕਰਦੇ ਵੀ ਰਹਿਣਗੇ। ਬੰਦਾ ਜਿੰਨੀ ਤੇਜ਼ੀ ਨਾਲ ਗਲਤੀਆਂ ਕਰਦੈ, ਓਨੀ ਤੇਜ਼ੀ ਨਾਲ ਮਾਫ਼ੀ ਕਦੇ ਨਹੀਂ ਮੰਗਦਾ। ਗਲਤੀ ਦੇ ਗਰਭ 'ਚ ਗਲਤੀਆਂ ਪਲਦੀਆਂ ਨੇ ਤੇ ਮਾਫ਼ੀ ਦੇ ਗਰਭ 'ਚ ਸੁੱਚਤਾ, ਸਵੱਛਤਾ। ਜਦੋਂ ਗਲਤੀ ਤੇ ਮਾਫ਼ੀ ਦੇ ਰਾਹ 'ਚ 'ਹਉਮੈ' ਖੜ੍ਹ ਜਾਵੇ ਤਾਂ ਅੰਦਰ-ਬਾਹਰ ਦੀ ਲੜਾਈ ਹੋ ਜਾਂਦੀ ਏ। ਮਨ ਕੁਝ ਹੋਰ ਆਖਦੈ, ਪਰ ਜ਼ੁਬਾਨ 'ਗਲਤੀ' 'ਤੇ ਡਟੇ ਰਹਿਣ ਲਈ ਪ੍ਰੇਰਦੀ ਏ। ਨਿਆਣਾ ਗਲਤੀ ਕਰਕੇ ਮਾਫ਼ੀ ਮੰਗਣੋਂ ਇਸ ਲਈ ਝਕਦੈ ਕਿ ਝਿੜਕਾਂ ਪੈਣਗੀਆਂ, ਛਤਰੌਲ ਵਰ੍ਹੇਗਾ ਤੇ ਸਿਆਣਾ ਮਾਫ਼ੀ ਤੋਂ ਪਾਸਾ ਇਸ ਕਰਕੇ ਵੱਟਦੈ ਕਿ ਏਦਾਂ 'ਸਵੈਮਾਣ' ਨੂੰ ਸੱਟ ਵੱਜਦੀ ਏ। ਬਜ਼ੁਰਗ ਕਹਿੰਦੇ ਨੇ, 'ਮਾਫ਼ੀ ਮੰਗਣ ਨਾਲ ਬੰਦਾ ਛੋਟਾ ਨਹੀਂ ਹੁੰਦਾ... ਜਿਹੜੇ ਮਾਫ਼ੀ ਤੋਂ ਭੱਜਦੇ ਨੇ, ਉਨ੍ਹਾਂ ਦਾ ਅੰਦਰਲਾ ਕਮਜ਼ੋਰ ਹੁੰਦੈ... ਜਦੋਂ ਬੰਦੇ ਨੂੰ ਕੀਤੀ ਗਲਤੀ ਦਾ ਅਹਿਸਾਸ ਹੋ ਜਾਵੇ ਤਾਂ ਦੋਚਿੱਤੇ ਹੋਣ ਦੀ ਥਾਂ ਝੱਟ ਮਾਫ਼ੀ ਮੰਗ ਲੈਣੀ ਚਾਹੀਦੀ ਏ...।'

ਇਹ ਸਾਰੀਆਂ ਗੱਲਾਂ ਪੱਲੇ ਬੰਨ੍ਹ ਕੇ ਰੱਖਣ ਨਾਲ ਅੱਧੇ ਝਮੇਲੇ ਮੁੱਕ ਸਕਦੇ ਨੇ। ਪਰ ਜਦੋਂ ਦੇਸ ਚਲਾਉਣ ਵਾਲੇ ਅਤੇ ਸੱਭਿਆਚਾਰ ਬਚਾਉਣ ਵਾਲੇ ਲੋਕ ਗਲਤੀਆਂ ਵੀ ਖਾਸ ਰਣਨੀਤੀ ਤਹਿਤ ਕਰਦੇ ਹੋਣ ਤੇ ਮਾਫ਼ੀਆਂ ਵੀ ਸਾਜਿਸ਼ੀ ਢੰਗ ਨਾਲ ਮੰਗਣ ਤਾਂ ਬਜ਼ੁਰਗਾਂ ਦੇ ਤਰਕ ਦਾ ਬਹੁਤਾ ਅਰਥ ਨਹੀਂ ਰਹਿ ਜਾਂਦਾ। ਪਿਛਲੇ ਕੁਝ ਸਮੇਂ ਤੋਂ ਸਾਡੇ ਕਲਾਵਾਨਾਂ ਨੇ ਲੀਡਰਾਂ ਦੀ ਤਰਜ਼ 'ਤੇ ਗਲਤੀਆਂ 'ਚ ਪੈਰ ਧਰਨ ਤੇ ਮਾਫ਼ੀਆਂ ਮੰਗਣ ਦਾ ਸਿਲਸਿਲਾ ਅਰੰਭਿਆ ਹੋਇਐ। ਲੀਡਰਾਂ ਬਾਰੇ ਤਾਂ ਲੋਕਾਂ ਨੂੰ ਪਤੈ ਕਿ ਇਨ੍ਹਾਂ ਮੂੰਹੋਂ ਨਿਕਲੇ 'ਕੱਲੇ-'ਕੱਲੇ ਸ਼ਬਦ ਪਿੱਛੇ ਕੋਈ ਖਾਸ ਮਨੋਰਥ ਹੁੰਦੈ, ਪਰ ਗਾਉਣ ਵਾਲਿਆਂ ਬਾਰੇ ਲੋਕਾਂ ਨੂੰ ਓਨੀ ਜਾਣਕਾਰੀ ਨਹੀਂ। ਉਹ ਕਲਾਕਾਰਾਂ ਨੂੰ ਸਿਰਫ਼ ਗਾਉਂਦੇ ਦੇਖਦੇ/ਸੁਣਦੇ ਨੇ, ਪਰਦੇ ਪਿਛਲੀਆਂ 'ਜੁਗਤਾਂ' ਵੱਲ ਜ਼ਰਾ ਜਿੰਨਾ ਧਿਆਨ ਨਹੀਂ ਜਾਂਦਾ।

ਕੁਝ ਮਹੀਨੇ ਪਹਿਲਾਂ ਬੱਬੂ ਮਾਨ ਨੇ ਉਨ੍ਹਾਂ ਜਾਅਲੀ ਬਾਬਿਆਂ ਬਾਰੇ ਗੀਤ ਗਾਇਆ ਸੀ, ਜਿਹੜੇ ਲੋਕਾਈ ਨੂੰ ਰੱਬ ਨਾਲ ਜੋੜਨ ਦਾ 'ਕਮਿਸ਼ਨ' ਖਾਂਦੇ ਨੇ, ਲੋਕਾਂ ਨੂੰ ਸਾਦੀ ਜ਼ਿੰਦਗੀ ਜਿਊਣ ਲਈ ਪ੍ਰੇਰਦੇ ਨੇ, ਪਰ ਖੁਦ ਪੰਜਾਹ-ਪੰਜਾਹ ਲੱਖ ਵਾਲੀਆਂ ਗੱਡੀਆਂ ਰੱਖਦੇ ਨੇ, ਜਿਹੜੇ ਦੇਖਣ ਨੂੰ ਚਿੱਟ ਕੱਪੜੀਏ ਲੱਗਦੇ ਨੇ, ਪਰ ਅੰਦਰੋਂ ਕਾਲਖੀ ਨੇ...।' ਬੜਾ ਸਤਿਕਾਰ ਮਿਲਿਆ ਸੀ ਬੱਬੂ ਨੂੰ।

ਲੋਕ ਦੋ ਵਰਗਾਂ 'ਚ ਵੰਡੇ ਗਏ ਸਨ। ਬਾਬਿਆਂ ਦੇ ਸ਼ਰਧਾਲੂਆਂ ਆਖਿਆ, 'ਗਵੱਈਏ ਆਪ ਕਿਹੜਾ ਚੰਗੇ ਨੇ, ਇਨ੍ਹਾਂ ਨੂੰ ਦੂਜਿਆਂ ਦੇ ਘਰਾਂ ਵੱਲ ਪੱਥਰ ਨਹੀਂ ਮਾਰਨੇ ਚਾਹੀਦੇ ਕਿਉਂਕਿ ਇਹ ਖੁਦ ਸ਼ੀਸ਼ੇ ਦੇ ਘਰਾਂ 'ਚ ਰਹਿੰਦੇ ਨੇ।' ਦੂਜੇ ਪਾਸੇ ਬੱਬੂ ਦੇ ਹਾਮੀਆਂ ਆਖਿਆ ਸੀ, 'ਬਾਬਿਆਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ ਨੂੰ ਸੱਚ ਹਜ਼ਮ ਨਹੀਂ ਹੁੰਦਾ। ਪਹਿਲੀ ਵਾਰ ਕੋਈ ਗਵੱਈਆ ਤਰਕ ਵਾਲੇ ਗੀਤ ਗਾਉਣ ਦੇ ਰਾਹ ਪਿਐ, ਹੁਣ ਗਾਇਕੀ 'ਚ ਨਵੀਂ 'ਕ੍ਰਾਂਤੀ' ਆਉਣੋਂ ਨਹੀਂ ਰਹਿ ਸਕਦੀ।'

ਉਤੋਂ ਸੰਤ ਢੱਡਰੀਆਂ ਵਾਲੇ ਦਾ ਬਿਆਨ ਆ ਗਿਆ, ਅਖੇ, 'ਛੱਜ ਤਾਂ ਬੋਲੇ, ਪਰ ਛਾਨਣੀ



ਨੂੰ ਨਹੀਂ ਬੋਲਣਾ ਚਾਹੀਦਾ, ਕਿਉਂਕਿ ਉਹਦੇ 'ਚ ਤਾਂ ਛੱਤੀ ਛੇਕ ਹੁੰਦੇ ਨੇ...ਘੋਨ-ਮੋਨ ਗਵੱਈਏ ਨੂੰ ਏਦਾਂ ਦਾ ਵਿਅੰਗ ਕਸਣ ਦਾ ਕੀ ਹੱਕ ਏ...ਜੇ ਉਹ ਸਿੱਖੀ ਸਰੂਪ ਵਾਲਾ ਹੋ ਜਾਵੇ ਤਾਂ ਮੈਂ ਆਪਣੀਆਂ ਸਾਰੀਆਂ ਗੱਡੀਆਂ ਤੇ ਹੋਰ ਸਾਮਾਨ ਉਹਦੇ ਨਾਂ ਲਵਾਉਣ ਨੂੰ ਤਿਆਰ ਹਾਂ।' ਨਾ ਬੱਬੂ ਨੇ ਬਾਬੇ ਦਾ ਨਾਂ ਲਿਆ ਤੇ ਨਾ ਬਾਬੇ ਨੇ ਬੱਬੂ ਦਾ। ਬੱਬੂ ਨੇ ਚੁੱਪ ਵੱਟੀ ਰੱਖੀ ਕਿਉਂਕਿ ਉਹਨੂੰ ਮੁਫ਼ਤ 'ਚ ਪ੍ਰਚਾਰ ਮਿਲ ਰਿਹਾ ਸੀ, ਨਹੀਂ ਤਾਂ ਏਨੇ ਪ੍ਰਚਾਰ ਖ਼ਾਤਰ ਲੱਖਾਂ ਰੁਪਈਆ ਰੋੜ੍ਹਨਾ ਪੈਂਦਾ।

ਹੁਣ ਜਦੋਂ ਇਸ ਘਟਨਾ ਨੂੰ ਵਾਪਰਿਆਂ ਕਈ ਮਹੀਨੇ ਹੋ ਚੁੱਕੇ ਨੇ ਤਾਂ ਬੱਬੂ ਨੇ ਕੈਨੇਡਾ 'ਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਟੇਢੇ ਢੰਗ ਨਾਲ ਮਾਫ਼ੀ ਵੀ ਮੰਗ ਲਈ ਤੇ ਬਾਬੇ ਦੀ ਹਮਾਇਤ ਵੀ ਕਰ ਦਿੱਤੀ। ਉਹਨੇ ਆਖਿਐ, 'ਮੈਂ ਢੱਡਰੀਆਂ ਵਾਲਿਆਂ ਦੇ ਖਿਲਾਫ਼ ਕਦੇ ਕੁਝ ਨਹੀਂ ਕਿਹਾ...ਮੈਂ ਤਾਂ ਉਨ੍ਹਾਂ ਵੱਲੋਂ ਸਿੱਖੀ ਨੂੰ ਪ੍ਰਫੁੱਲਿਤ ਕਰਨ ਲਈ ਕੀਤੇ ਜਾਂਦੇ ਯਤਨਾਂ ਦੀ ਸ਼ਲਾਘਾ ਕਰਦਾ ਹਾਂ...ਉਹ ਵਧੀਆ ਢੰਗ ਨਾਲ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਨੇ।' ਹਾਲੇ ਕੁਝ ਹਫ਼ਤੇ ਪਹਿਲਾਂ ਬੱਬੂ ਨੇ ਲਾਲਾ ਲਾਜਪਤ ਰਾਏ ਖਿਲਾਫ਼ ਗੀਤ ਪੇਸ਼ ਕਰਕੇ ਉਦੋਂ ਮਾਫ਼ੀ ਮੰਗੀ ਸੀ, ਜਦੋਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਨ ਵਾਲਿਆਂ ਦਾ ਰੋਹ ਭੜਕ ਉਠਿਆ ਸੀ।

ਬੱਬੂ ਵੱਲੋਂ ਸੰਤ ਢੱਡਰੀਆਂ ਵਾਲੇ ਦੇ ਹੱਕ 'ਚ ਆਖੀਆਂ ਗੱਲਾਂ ਉਸ 'ਤੇ ਲੀਡਰਾਂ ਦੀ ਸੋਚਣੀ ਦੇ ਪਰਛਾਵੇਂ ਦੀ ਚੁਗਲੀ ਕਰਦੀਆਂ ਜਾਪਦੀਆਂ ਨੇ। ਲੋਕ ਕਹਿਣ ਲੱਗੇ ਨੇ ਕਿ ਜੇ ਉਹ ਢੱਡਰੀਆਂ ਵਾਲੇ ਤੋਂ ਏਨਾ ਪ੍ਰਭਾਵਿਤ ਏ ਤਾਂ ਉਦੋਂ ਕਿਉਂ ਨਾ ਬੋਲਿਆ ਜਦੋਂ ਚਾਰੇ ਪਾਸੇ ਉਹਦੇ ਗੀਤ ਨੂੰ ਸੰਤ ਰਣਜੀਤ ਸਿੰਘ ਢੱਡਰੀਆਂ ਨਾਲ ਜੋੜਿਆ ਜਾ ਰਿਹਾ ਸੀ। ਇਹ ਗੱਲ ਉਦੋਂ ਹੀ ਕਿਉਂ ਆਖੀ ਗਈ, ਜਦੋਂ ਕੈਨੇਡਾ ਦੇ ਸ਼ੋਅ ਭਰਨ ਦੀ ਵਾਰੀ ਆਈ।

ਬੱਬੂ ਨੇ ਇਹ ਵੀ ਆਖਿਐ ਕਿ ਮੇਰਾ ਰਾਜਨੀਤੀ 'ਚ ਜਾਣ ਦਾ ਕੋਈ ਵਿਚਾਰ ਨਹੀਂ ਕਿਉਂਕਿ ਲੀਡਰੀ 'ਚ ਸਭ ਕੁਝ 'ਚੰਗਾ' ਨਹੀਂ। ਜੇ ਮੈਨੂੰ ਕੋਈ ਇਹ ਕਹੇ ਕਿ ਤੂੰ ਲੀਡਰੀ ਕਰਨੀ ਚਾਹੇਂਗਾ ਜਾਂ ਕੈਨੇਡਾ ਦੀ ਨਾਗਰਿਕਤਾ ਲੈਣੀ ਪਸੰਦ ਕਰੇਂਗਾ ਤਾਂ ਮੈਂ ਝੱਟ ਨਾਗਰਿਕਤਾ ਲਈ 'ਹਾਂ' ਕਰ ਦੇਵਾਂਗਾ ਕਿਉਂਕਿ ਏਥੇ ਸੱਚ ਬੋਲਣ ਦੀ ਆਜ਼ਾਦੀ ਤਾਂ ਹੈ। ਉਹਦੀ ਏਸ ਗੱਲ ਵਿਚ ਵੀ ਕਈ ਕੁਝ ਲੁਕਿਆ ਹੋਇਐ। ਇੱਕ ਤਾਂ ਇਹ ਕਿ ਵਲੈਤਾਂ ਵਿਚ ਉਹੋ ਜਿਹਾ ਸੱਚ ਬੋਲਣ 'ਤੇ ਕੋਈ ਪਾਬੰਦੀ ਨਹੀਂ, ਜਿਹੋ ਜਿਹਾ ਉਹਨੇ ਲਾਲਾ ਲਾਜਪਤ ਰਾਏ ਬਾਰੇ ਲੰਡਨ 'ਚ ਥੋੜ੍ਹੀ ਦੇਰ ਪਹਿਲਾਂ ਬੋਲਿਆ ਸੀ ਤੇ ਦੂਜਾ ਇਹ ਕਿ ਬਾਹਰ ਬੈਠੇ ਭੈਣਾਂ-ਭਰਾਵਾਂ ਨੂੰ ਇਤਿਹਾਸ 'ਚ ਕੀਤੇ ਮਿਲਗੋਭੇ 'ਤੇ ਵੀ ਦੁੱਖ ਐ ਅਤੇ ਪੰਜਾਬ ਦੇ ਪਿੰਡੇ 'ਤੇ ਪਾਈਆਂ ਗਈਆਂ ਲਾਸਾਂ ਦਾ ਵੀ। ਸੋ, ਉਥੇ ਉਸਦਾ ਜੁਗਾੜ ਲਵਾਉਣ ਵਾਲਿਆਂ ਦੀ ਕੋਈ ਘਾਟ ਨਹੀਂ।

ਜਿਹੜੇ ਲੋਕ ਪਹਿਲਾਂ ਰੇਡੀਓ ਸਟੇਸ਼ਨਾਂ 'ਤੇ ਫੋਨ ਕਰ ਕਰ ਕੇ ਬੱਬੂ ਨੂੰ 'ਬੱਲੇ-ਬੱਲੇ' ਆਖਦੇ ਸਨ, ਉਹ ਵੀ ਸੋਚਣ ਲੱਗੇ ਨੇ ਕਿ ਬਾਬੇ ਦੀ ਹਮਾਇਤ ਵਾਲੀ ਗੱਲ ਉਹਨੇ ਪਹਿਲਾਂ ਕਿਉਂ ਨਾ ਕਹੀ। ਪਰ ਉਹ ਵਿਚਾਰੇ ਤਾਂ ਅਣਜਾਣ ਨੇ ਕਿ ਜੇ ਇਹ ਸਭ ਪਹਿਲਾਂ ਕਹਿ ਦਿੱਤਾ ਜਾਂਦਾ ਤਾਂ 'ਸਿੰਘ ਬੈਟਰ ਦੈਨ ਇਜ਼ ਕਿੰਗ' ਕਿਵੇਂ ਵਿਕਦੀ?

ਬੱਬੂ ਪਹਿਲਾ ਕਲਾਕਾਰ ਨਹੀਂ, ਜੀਹਦਾ ਅਕਸ ਥੁੱਕ ਕੇ ਚੱਟਣ ਵਾਲੇ ਵਜੋਂ ਮਾਨਤਾ ਹਾਸਲ ਕਰਨ ਲੱਗੈ, ਇਸ ਤੋਂ ਪਹਿਲਾਂ ਮਿਸ ਪੂਜਾ ਨਾਲ ਵੀ ਏਦਾਂ ਹੀ ਹੋਇਐ। ਉਹਨੇ ਗੀਤ ਗਾਇਆ ਸੀ, 'ਸਾਰੇ ਕਰ ਲਓ ਏਕਾ ਬੇਗਮਪੁਰਾ ਵਸਾਉਣਾ ਏ' ਤੇ ਕੈਸਿਟ ਖੂਬ ਵਿਕੀ। ਦਲਿਤ ਤੇ ਲਿਤਾੜੇ ਵਰਗ ਨੂੰ ਖੁਸ਼ੀ ਹੋਈ ਸੀ ਕਿ ਕਿਸੇ ਗਾਇਕਾ ਨੇ ਉਨ੍ਹਾਂ ਨੂੰ ਇਕਮੁੱਠ ਹੋਣ ਲਈ ਪ੍ਰੇਰਿਐ, ਜੀਹਨੇ ਆਖਿਐ, 'ਰਵੀਦਾਸ ਮਾਹਾਰਾਜ ਦੀ ਸੰਗਤ ਕਿਸੇ ਨਾਲੋਂ ਘੱਟ ਨਹੀਂ।'

ਕੁਝ ਸਮੇਂ ਬਾਅਦ ਸ਼ੋਆਂ ਦੇ ਸਿਲਸਿਲੇ 'ਚ ਪੂਜਾ ਕੈਨੇਡਾ ਪਹੁੰਚ ਗਈ। ਉਥੇ ਪੱਤਰਕਾਰਾਂ ਨੇ ਉਹਨੂੰ ਸਵਾਲ ਕੀਤੇ ਕਿ ਤੁਸੀਂ ਇਨਸਾਨੀਅਤ ਦੀ ਗੱਲ ਕਰਨ ਦੀ ਥਾਂ ਲੋਕਾਂ ਨੂੰ ਜ਼ਾਤਾਂ, ਮਜ਼੍ਹਬਾਂ 'ਚ ਕਿਉਂ ਵੰਡ ਰਹੇ ਹੋ? ਕਿਹੜਾ ਸੰਤ ਮਹਾਂਪੁਰਸ਼ ਹੈ, ਜੀਹਨੇ ਲੋਕਾਂ ਨੂੰ ਆਖਿਐ ਕਿ ਤੁਸੀਂ 'ਕੱਠੇ ਹੋਣ ਦੀ ਥਾਂ ਧੜੇ ਬਣਾ ਲਵੋ ਤੇ ਉਚਿਆਂ-ਨੀਵਿਆਂ ਦੇ ਫ਼ਰਕ ਨੂੰ ਤਲਵਾਰਾਂ, ਹਾਕੀਆਂ ਤੇ ਡਾਂਗਾਂ ਨਾਲ ਖ਼ਤਮ ਕਰੋ।'



ਪੂਜਾ ਨੇ ਸ਼ਰਮਿੰਦੀ ਹੁੰਦਿਆਂ ਕਿਹਾ ਸੀ, 'ਮੇਰੇ ਗਾਉਣ ਨਾਲ ਜਿਸ-ਜਿਸ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਏ, ਮੈਂ ਉਨ੍ਹਾਂ ਤੋਂ ਮਾਫ਼ੀ ਮੰਗਦੀ ਹਾਂ...ਅੱਗੇ ਤੋਂ ਖਿਆਲ ਰੱਖਾਂਗੀ ਕਿਉਂਕਿ ਮੇਰੀ ਗਾਇਕੀ ਸਭ ਵਰਗਾਂ ਦੀ ਸਾਂਝੀ ਏ।' ਨਾਲ ਹੀ ਉਹਨੇ ਖੁਦ ਨੂੰ ਸਹੀ ਸਾਬਤ ਕਰਦਿਆਂ ਕਹਿ ਛੱਡਿਆ, 'ਕਲਾਕਾਰ ਤਾਂ ਪ੍ਰੋਫ਼ੈਸ਼ਨਲ ਹੁੰਦੈ, ਜਿਧਰੋਂ ਪੈਸੇ ਮਿਲ ਗਏ, ਉਹਦੇ ਹੱਕ 'ਚ ਗਾ ਛੱਡਿਆ...।' ਜਦੋਂ ਇਹ ਖ਼ਬਰ ਪੰਜਾਬ ਦੀਆਂ ਅਖ਼ਬਾਰਾਂ ਵਿਚ ਛਪੀ ਤਾਂ ਪੂਜਾ ਨੇ ਵੀ ਬੱਬੂ ਮਾਨ ਵਾਂਗ ਫੋਕਾ ਜਿਹਾ ਰੋਸ ਜਤਾਇਆ ਸੀ। ਉਹਨੂੰ ਕਹਿੰਦੀ ਸੁਣਿਆ ਸੀ, 'ਮੈਂ ਕੋਈ ਮਾਫ਼ੀ-ਮੂਫ਼ੀ ਨਹੀਂ ਮੰਗੀ, ਪੱਤਰਕਾਰਾਂ ਨੇ ਕੋਲੋਂ ਮਸਾਲਾ ਲਾ ਲਿਐ...।' ਹੁਣ ਬੱਬੂ ਵੀ ਇਹੀ ਆਖਦੈ, 'ਮੈਂ ਕੈਨੇਡਾ ਵਿਚ ਕਿਸੇ ਬਾਬੇ ਦੀ ਵਕਾਲਤ ਨਹੀਂ ਕੀਤੀ...ਪੱਤਰਕਾਰਾਂ ਨੇ ਆਪਣੇ ਕੋਲੋਂ ਖ਼ਬਰ ਘੜ ਲਈ ਐ...।' ਪਰ ਸੱਚਾਈ ਇਹ ਐ ਕਿ ਉਹਦੇ ਵੱਲੋਂ ਦਿੱਤੇ ਬਿਆਨ ਦੀਆਂ ਲੋਕਾਂ ਨੇ ਕਟਿੰਗਾਂ ਸਾਂਭ ਕੇ ਰੱਖ ਲਈਆਂ ਨੇ।

ਬੱਬੂ ਤੇ ਪੂਜਾ ਤੋਂ ਛੁੱਟ ਹੋਰ ਵੀ ਬੜੇ ਕਲਾਕਾਰ ਨੇ, ਜਿਨ੍ਹਾਂ ਨੂੰ ਥੁੱਕ ਕੇ ਚੱਟਣ 'ਚ ਸਵਾਦ ਆਉਂਦੈ। ਕਈ ਵਰ੍ਹੇ ਪਹਿਲਾਂ ਮਾਲਵੇ ਦੇ ਇੱਕ ਕਲਾਕਾਰ ਨੇ ਆਪਣੀ ਵਿਰੋਧੀ ਗਾਇਕਾ ਨੂੰ ਗੀਤ ਜ਼ਰੀਏ 'ਵੰਝ ਗੱਡਣ' ਵਾਲੇ ਵਾਹਵਾ 'ਤੱਤੇ' ਜਿਹੇ ਸ਼ਬਦ ਬੋਲੇ ਸਨ। ਫੇਰ ਗਾਉਣ ਵਾਲੀ ਦੀ ਕੈਸਿਟ ਆਈ ਤਾਂ ਉਹਦਾ ਇੱਕ ਗੀਤ ਪਹਿਲ ਕਰਨ ਵਾਲੇ ਦੀ ਖੁੰਬ ਠੱਪਣ ਵਾਲਾ ਸੀ। ਜਦੋਂ ਲੋਕਾਂ ਕਹਿਣਾ ਸ਼ੁਰੂ ਕੀਤਾ ਕਿ ਗਲਤੀ ਉਹਦੀ ਏ, ਜੀਹਨੇ ਪਹਿਲ ਕੀਤੀ ਤਾਂ ਕਲਾਕਾਰ ਨੇ ਕਿਹਾ ਸੀ, 'ਮੈਂ 'ਉਹਦਾ' ਨਾਂ ਤਾਂ ਨਹੀਂ ਲਿਆ ਪਰ ਜੇ ਮੇਰੇ ਗਾਉਣ ਨਾਲ 'ਵਿਚਾਰੀ' ਨੂੰ ਠੇਸ ਪਹੁੰਚੀ ਏ ਤਾਂ ਮੈਂ ਆਪਣੇ ਸ਼ਬਦ ਵਾਪਸ ਲੈਂਦਾ ਹਾਂ।'

## ਕੀ ਮੈਂ ਝੂਠ ਬੋਲਿਐ...

ਕਿਸੇ ਨੂੰ ਅੱਜ ਤੱਕ ਸਮਝ ਨਹੀਂ ਆਈ ਕਿ ਸ਼ਬਦ ਵਾਪਸ ਕਿਵੇਂ ਲਏ ਜਾਂਦੇ ਨੇ। ਸ਼ਬਦ ਹੱਟੀਆਂ 'ਤੇ ਤਾਂ ਵਿਕਦੇ ਨਹੀਂ ਕਿ ਜੇ ਚੰਗੇ ਨਾ ਲੱਗੇ ਤਾਂ ਵਾਪਸ ਕਰ ਆਓ। ਬੰਦੇ ਨੂੰ ਜਾਂ ਅੱਗੇ ਨਹੀਂ ਵਧਣਾ ਚਾਹੀਦਾ ਤੇ ਜਾਂ ਫਿਰ ਪਿੱਛੇ ਨਹੀਂ ਹਟਣਾ ਚਾਹੀਦਾ। ਕਲਾਕਾਰ ਜਾਪਦੈ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਦੀ ਰੀਸ ਕਰਨ ਲੱਗੇ ਨੇ, ਜਿਹੜਾ ਪਹਿਲਾਂ 'ਯਾਦਵਾਂ' ਨੂੰ 'ਕੁੱਤਾ' ਕਹਿ ਜਾਂਦੈ ਤੇ ਫੇਰ ਅਫ਼ਜ਼ਲ ਗੁਰੂ ਨੂੰ 'ਕਾਂਗਰਸ ਦਾ ਜਵਾਈ' ਤੇ ਜਦੋਂ ਰੌਲਾ ਵਧਦੈ ਤਾਂ ਇੱਕ ਗਲਤੀ ਮੰਨ ਲੈਂਦੈ ਤੇ ਦੂਜੀ 'ਤੇ ਅੜ ਜਾਂਦੈ।

ਕਲਾ ਸਿਆਸਤ ਦੇ ਪੂਰਨਿਆਂ 'ਤੇ ਨਹੀਂ ਚੱਲ ਸਕਦੀ। ਪੰਜਾਬੀ ਸਰੋਤੇ ਗਵੱਈਆਂ ਨੂੰ ਗਾਉਂਦਿਆਂ-ਵਜਾਉਂਦਿਆਂ ਹੀ ਦੇਖਣਾ ਚਾਹੁੰਦੇ ਨੇ, ਸਿਆਸਤ ਕਰਦਿਆਂ ਨਹੀਂ। ਜਦੋਂ ਪ੍ਰਚਾਰ ਖ਼ਾਤਰ ਲੋਕਾਂ ਨੂੰ ਮੂਰਖ ਬਣਾਉਣ ਦਾ ਸਿਲਸਿਲਾ ਤੁਰੇਗਾ ਤਾਂ ਕਲਾਕਾਰਾਂ ਦੀ ਇੱਜ਼ਤ ਵੀ ਲੀਡਰਾਂ ਜਿੰਨੀ ਹੀ ਹੋਵੇਗੀ।

ਇਨ੍ਹੀਂ ਦਿਨੀਂ ਉਹ ਗਵੱਈਏ ਦੁਚਿੱਤੀ 'ਚ ਪਏ ਹੋਏ ਨੇ, ਜਿਨ੍ਹਾਂ ਬੱਬੂ ਦੀ ਰੀਸ ਕਰਦਿਆਂ ਵਗਦੀ ਗੰਗਾ 'ਚ ਹੱਥ ਧੋਣ ਲਈ ਬਾਬਿਆਂ ਖਿਲਾਫ਼ ਗੀਤ ਗਾ-ਗਾ ਕੇ 'ਯੂ ਟਿਊਬ' 'ਤੇ ਪਾ ਦਿੱਤੇ। ਹੁਣ ਉਹ ਸੋਚ ਰਹੇ ਨੇ ਕਿ ਪਹਿਲ ਕਰਨ ਵਾਲਾ ਈ ਮੈਦਾਨੋਂ ਭੱਜ ਗਿਐ ਤਾਂ ਅਸੀਂ ਸਵਾਲ ਕਰਨ ਵਾਲਿਆਂ ਨੂੰ ਕੀ ਜਵਾਬ ਦੇਵਾਂਗੇ?

ਸ਼ੈਤਾਨੀਆਂ ਦੀ ਉਮਰ ਜ਼ਿਆਦਾ ਨਹੀਂ ਹੁੰਦੀ। ਤਿੱਖੀ ਸੋਚਣੀ 'ਤੇ ਓਨਾ ਚਿਰ ਹੀ ਰਸ਼ਕ ਹੁੰਦੈ, ਜਿੰਨਾ ਚਿਰ ਇਸ ਦੀ ਸਹੀ ਵਰਤੋਂ ਹੋਵੇ। ਸੋ, ਜਦੋਂ ਸੂਖਮ ਹਿਰਦੇ ਵਾਲੇ ਸਮਝੇ ਜਾਂਦੇ ਲੋਕ ਸਿਆਸੀ ਸੋਚ ਅਪਨਾਉਣਗੇ ਤਾਂ ਇਹੀ ਸ਼ੇਅਰ ਚੇਤੇ ਆਵੇਗਾ:

ਇਹ ਸਾਜਿਸ਼ੀ ਗਲਤੀਆਂ ਨੇ,
ਇਹ ਸਾਜਿਸ਼ੀ ਮਾਫ਼ੀਆਂ ਨੇ।
ਇਨ੍ਹਾਂ ਦਾ ਹਕੀਕਤ ਨਾਲ,
ਜ਼ਰਾ ਜਿੰਨਾ ਵਾਸਤਾ ਨਹੀਂ।

*ਫੋਨ:91-98141-78883



# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



## Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.


Rajinder Singh
Insurance Lic No. 0G73739

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

Cell:(510) 557-6988, Ph:209-982-9996

# ਅਕਾਦਮਿਕ ਪ੍ਰਵੇਸ਼ ਅਤੇ ਪ੍ਰਬੰਧਕੀ ਰਵਈਆ

**ਡਾ. ਗੁਰਨਾਮ ਕੌਰ**



ਡਾ. ਗੁਰਨਾਮ ਕੌਰ

ਪਹਿਲੇ ਦਿਨ ਹੀ ਹਾਜ਼ਰੀ ਰਿਪੋਰਟ ਭਰਨ ਤੋਂ ਬਾਅਦ ਡਾ. ਤਾਰਨ ਸਿੰਘ ਨੇ ਸੇਵਾਦਾਰ ਰਾਹੀਂ ਆਪਣੇ ਕਮਰੇ ਵਿਚ ਬੁਲਾਇਆ ਅਤੇ ਬੋਲੇ, "ਤੁਸਾਂ ਨੇ ਫਿਲਾਸਫ਼ੀ ਵਿਚ ਐਮ.ਏ. ਕੀਤੀ ਨੇ। ਅਸਾਂ ਵਿਭਾਗ ਵਲੋਂ ਇਕ ਪ੍ਰਾਜੈਕਟ ਵਿਉਂਤਿਆ ਏ 'ਡਿਕਸ਼ਨਰੀ ਆਫ ਇਲਿਉਜਨਜ ਐਂਡ ਰੈਫਰੈਂਸਿਜ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ'। ਮੈਂ ਚਾਹਨਾਂ ਤੁਸੀਂ ਇਸ 'ਤੇ ਕੰਮ ਕਰੋ। ਇਸ ਦੇ ਲਈ ਤੁਸਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਕੇ ਸਬੰਧਿਤ ਤੁਕਾਂ ਇਕੱਠੀਆਂ ਕਰਨੀਆਂ ਹੈਨ। ਇਸ ਨਾਲ ਇਕ ਤੇ ਤੁਹਾਡਾ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਜਾਏਗਾ ਤੇ ਨਾਲ ਹੀ ਐਂਟਰੀਆਂ ਦੀ ਲਿਸਟ ਬਣ ਜਾਸੀ।" ਇਸ ਦੇ ਨਾਲ ਹੀ ਉਨ੍ਹਾਂ ਨੇ ਮੈਨੂੰ ਸਮਝਾ ਦਿੱਤਾ ਕਿ ਕਿਸ ਕਿਸਮ ਦੀਆਂ ਐਂਟਰੀਆਂ ਦੀ ਲਿਸਟ ਬਣਾਉਣੀ ਹੈ ਅਤੇ ਉਨ੍ਹਾਂ 'ਤੇ ਕੀ ਲਿਖਣਾ ਹੈ। ਮੈਂ ਵਿਭਾਗ ਵਿਚੋਂ ਆਪਣੇ ਨਾਮ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪੀਆਂ, "ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ", ਦੀਆਂ ਪੋਥੀਆਂ ਲੈ ਲਈਆਂ ਅਤੇ ਬੜੇ ਚਾਅ ਨਾਲ ਕੰਮ ਸ਼ੁਰੂ ਕਰ ਦਿੱਤਾ। ਪਹਿਲਾਂ ਪਹਿਲ ਸਵੇਰੇ ਨੌਂ ਵਜੇ ਤੋਂ ਸ਼ਾਮ ਦੇ ਚਾਰ ਵਜੇ ਤੱਕ ਲਗਾਤਾਰ ਬੈਠਣਾ ਔਖਾ ਲੱਗਣਾ ਕਿਉਂਕਿ ਜਿਸ ਯੂਨੀਵਰਸਿਟੀ ਵਿਚੋਂ ਮੈਂ ਆਈ ਸੀ ਉਥੇ ਤਾਂ ਅਧਿਆਪਕ ਵਿਭਾਗਾਂ ਵਿਚ ਦੋ ਵਜੇ ਤੱਕ ਹੀ ਹੁੰਦੇ ਸਨ, ਉਸ ਤੋਂ ਬਾਅਦ ਤਾਂ ਲਾਇਬ੍ਰੇਰੀ ਵਿਚ ਹੀ ਟੱਕਰਦੇ ਸਨ। ਪਰ ਕੁਝ ਹੀ ਦਿਨਾਂ ਵਿਚ ਆਦਤ ਪੈ ਗਈ।



ਇਕ ਦਿਨ ਅਚਾਨਕ ਇਕ ਲੜਕਾ ਕਮਰੇ ਵਿਚ ਆਉਣ ਦੀ ਇਜਾਜ਼ਤ ਲੈ ਕੇ ਆਇਆ ਅਤੇ ਉਸ ਨੇ ਆਪਣਾ ਤੁਆਰਫ ਕਰਾਇਆ, "ਮੈਂ ਇੰਦਰਜੀਤ ਬਿੱਟੂ ਹਾਂ, ਹਰਦੇਵ ਦਾ ਦੋਸਤ।" ਮੈਂ ਉਸਦਾ ਨਾਮ ਸੁਣ ਰੱਖਿਆ ਸੀ ਪਰ ਸ਼ਕਲੋਂ ਵਾਕਫ ਨਹੀਂ ਸਾਂ। ਉਹ ਮੇਰੇ ਭਤੀਜੇ ਹਰਦੇਵ ਦਾ ਦੋਸਤ ਸੀ ਜੋ ਲੁਧਿਆਣੇ ਤੋਂ ਸੀ ਅਤੇ ਹਰਦੇਵ ਨਾਲ ਪੜ੍ਹ ਕੇ ਆਇਆ ਸੀ। ਉਹ ਬੋਲਿਆ, "ਮੈਂ ਇੱਥੇ ਮੈਥ ਦੀ ਐਮ.ਐਸ.ਸੀ ਕਰ ਰਿਹਾਂ ਅਤੇ ਸਟੂਡੈਂਟ ਯੂਨੀਅਨ ਦਾ ਸੈਕਟਰੀ ਹਾਂ। ਮੈਨੂੰ ਹਰਦੇਵ ਨੇ ਦੱਸਿਆ ਸੀ ਕਿ ਭੂਆ ਜੀ ਨੇ ਪੰਜਾਬੀ ਯੂਨੀਵਰਸਿਟੀ ਜਾਇਨ ਕਰ ਲਈ ਹੈ।" ਇਸ ਤਰ੍ਹਾਂ ਥੋੜੀ ਦੇਰ ਬੈਠ ਕੇ ਬਿੱਟੂ ਵਾਪਸ ਚਲਾ ਗਿਆ ਅਤੇ ਨਾਲ ਹੀ ਕਹਿ ਗਿਆ ਕਿ ਅਗਰ ਉਸ ਦੇ ਕਰਨ ਵਾਲਾ ਮੇਰਾ ਕੋਈ ਵੀ ਕੰਮ ਹੋਵੇ ਤਾਂ ਮੈਂ ਉਸ ਨੂੰ ਹਰਦੇਵ ਵਾਂਗ ਹੀ ਸਮਝਾਂ। ਯੂਨੀਵਰਸਿਟੀ ਦੇ ਕਿਸੇ ਵਿਦਿਆਰਥੀ ਨਾਲ ਇਹ ਪਹਿਲੀ ਜਾਣ-ਪਛਾਣ ਸੀ। ਕੁਝ ਦਿਨਾਂ ਬਾਅਦ ਇੰਦਰਜੀਤ ਬਿੱਟੂ ਫੇਰ ਆਇਆ ਤਾਂ ਇਸ ਵਾਰ ਉਸ ਨਾਲ ਇਕ ਉਚਾ-ਲੰਬਾ, ਸੁਹਣੀ ਦਿੱਖ ਵਾਲਾ, ਬਹੁਤ ਹੀ ਬੀਬਾ ਲਗਦਾ, ਵਿਦਿਆਰਥੀਆਂ ਤੋਂ ਵੱਡੀ ਉਮਰ ਦਾ ਬੰਦਾ ਸੀ ਜਿਸ ਨੇ ਅੰਦਰ ਆਉਂਦਿਆ ਹੀ ਸਤਿ ਸ੍ਰੀ ਅਕਾਲ ਬੁਲਾਈ। ਇੰਦਰਜੀਤ ਨੇ ਤੁਅਰਫ ਕਰਾਇਆ, "ਇਹ ਡਾ. ਰਵਿੰਦਰ ਰਵੀ ਨੇ, ਪੰਜਾਬੀ ਦੇ ਲੈਕਚਰਰ।" ਵਿਭਾਗ ਤੋਂ ਬਾਹਰ ਡਾ. ਰਵੀ ਪਹਿਲਾ ਅਧਿਆਪਕ ਸੀ ਜਿਸ ਨਾਲ ਮੇਰੀ ਜਾਣ-ਪਛਾਣ ਹੋਈ। ਆਉਣ ਵਾਲੇ ਸਾਲਾਂ ਵਿਚ ਉਹ ਅਧਿਆਪਕ ਯੂਨੀਅਨ ਵਿਚ ਧੜੱਲੇਦਾਰ ਲੀਡਰ ਰਿਹਾ। ਉਹ ਸਿਰਫ ਲੀਡਰ ਹੀ ਨਹੀਂ ਸੀ ਸਗੋਂ ਆਪਣੇ ਵਿਦਿਆਰਥੀਆਂ ਵਿਚ ਵੀ ਬੇਹੱਦ ਸਤਿਕਾਰਿਆ ਜਾਂਦਾ ਸੀ। ਉਸ ਦੀ ਜਾਨ ਵੀ ਭੰਗ ਦੇ ਭਾਅ ਗਈ ਅਤੇ ਉਸ ਦੇ ਜਾਣ ਤੋਂ ਬਾਅਦ ਪੰਜਾਬੀ ਵਿਭਾਗ ਨੂੰ ਉਸ ਵਰਗਾ ਅਧਿਆਪਕ ਵੀ ਨਹੀਂ ਮਿਲਿਆ। ਬੰਦੇ ਦੇ ਵਿਚਾਰਾਂ ਨਾਲ ਮਤਭੇਦ ਤਾਂ ਹੋ ਸਕਦਾ ਹੈ ਪਰ ਇਕ ਅਧਿਆਪਕ ਦੇ ਸਬੰਧ ਵਿਚ ਸਭ ਤੋਂ ਅਹਿਮ ਗੱਲ ਇਹ ਹੁੰਦੀ ਹੈ ਕਿ ਉਹ ਅਧਿਆਪਕ ਕਿਹੋ ਜਿਹਾ ਹੈ? ਕੀ ਇਕ ਅਧਿਆਪਕ ਵਜੋਂ ਉਹ ਕਸਵੱਟੀ 'ਤੇ ਪੂਰਾ ਉਤਰਦਾ ਹੈ ਕਿ ਨਹੀਂ? ਡਾ. ਰਵੀ ਵਿਚ ਇਕ ਵਧੀਆ ਅਤੇ ਲਾਇਕ ਅਧਿਆਪਕ ਵਾਲੇ ਸਾਰੇ ਗੁਣ ਮੌਜੂਦ ਸਨ। ਉਹ ਇਕ ਵਧੀਆ ਇਨਸਾਨ ਵੀ ਸਨ। ਡਾ. ਰਵੀ ਹਰ ਵਾਰ 'ਪੰਜਾਬੀ ਯੂਨੀਵਰਸਿਟੀ ਟੀਚਰਜ ਯੂਨੀਅਨ' ਦੀਆਂ ਚੋਣਾਂ ਵੇਲੇ ਆਪਣੇ ਲਈ ਜਾਂ ਆਪਣੇ ਗਰੁਪ ਲਈ ਵੋਟ ਮੰਗਣ ਸਾਡੇ ਵਿਭਾਗ ਆਉਂਦੇ। ਉਨ੍ਹਾਂ ਨੂੰ ਪਤਾ ਸੀ ਕਿ ਮੇਰਾ ਝੁਕਾ ਅਕਾਲੀ ਰਾਜਨੀਤੀ ਵੱਲ ਹੈ। ਉਨ੍ਹਾਂ ਕਦੀ ਮੇਰੇ ਕੋਲੋਂ ਵੋਟ ਨਹੀਂ ਸੀ ਮੰਗੀ। ਜਿਸ ਦਿਨ ਉਨ੍ਹਾਂ ਨੂੰ ਆਪਣੀ ਵਿਚਾਰਧਾਰਾ ਕਾਰਨ ਮਰਨਾ ਪਿਆ, ਮੈਂ ਗੁਰਬਾਣੀ ਦੀ ਵਿਦਿਆਰਥਣ ਹੋਣ ਦੇ ਨਾਤੇ ਵਾਰ ਵਾਰ ਇਕੋ ਗੱਲ ਸੋਚਦੀ ਰਹੀ ਕਿ ਸਾਨੂੰ ਬਾਣੀ ਨੇ ਇਹ ਕਿੱਥੇ ਦਸਿਆ ਹੈ ਕਿ ਜੇ ਵਿਚਾਰ ਨਹੀਂ ਮਿਲਦੇ ਤਾਂ ਬੰਦੇ ਦੀ ਹੋਂਦ ਹੀ ਖਤਮ ਕਰ ਦਿਉ? ਸਾਨੂੰ ਤਾਂ ਬਾਣੀ ਨੇ ਇਹੀ ਸਿਖਾਇਆ ਹੈ ਕਿ ਕਿਸੇ ਨੂੰ ਜੀਵਨ ਦੇਣ ਦਾ ਅਤੇ ਜੀਵਨ ਲੈਣ ਦਾ ਅਧਿਕਾਰ ਸਿਰਫ ਅਕਾਲ ਪੁਰਖ ਨੂੰ ਹੈ। ਖੈਰ! ਸਭ ਕਾਸੇ ਦੇ ਬਾਵਜੂਦ ਸਾਰੀ ਟੀਚਿੰਗ ਫੈਕਲਟੀ ਨੂੰ ਜਿੰਨਾ ਅਫਸੋਸ ਡਾ. ਰਵੀ ਦੀ ਅਣਿਆਈ ਮੌਤ ਦਾ ਹੋਇਆ ਉਹ ਬਿਆਨੋਂ ਬਾਹਰ ਹੈ ਅਤੇ ਜਿੰਨੇ ਲੋਕ ਹੰਝੂ ਵਹਾਉਂਦੇ ਡਾ. ਰਵੀ ਦੇ ਜਨਾਜ਼ੇ ਨਾਲ ਜਾ ਰਹੇ ਸਨ ਸ਼ਾਇਦ ਹੀ ਕਿਸੇ ਹੋਰ ਦੇ ਜਨਾਜ਼ੇ ਨਾਲ ਗਏ ਹੋਣ।

ਨਵਾਂ ਸੈਸ਼ਨ ਸ਼ੁਰੂ ਹੋਇਆ ਤਾਂ ਹੋਸਟਲ ਦੀ ਸੀਟ ਲਈ ਫੇਰ ਜਦੋਜਹਿਦ ਸ਼ੁਰੂ ਕਰ ਦਿੱਤੀ। ਮੇਰੀ ਇਕੋ-ਇਕ ਇਸਤਰੀ ਕੁਲੀਗ ਵੀ ਲੜਕੀਆਂ ਦੇ ਹੋਸਟਲ ਵਿਚ ਹੀ ਰਹਿੰਦੀ ਸੀ। ਹਾਲੇ ਦਾਖਲੇ ਚੱਲ ਰਹੇ ਸਨ ਅਤੇ ਸੀਟਾਂ ਖਾਲੀ ਪਈਆਂ ਸਨ। ਵਾਰਡਨ ਕੋਲ ਗਈ ਤਾਂ ਉਹ ਬੋਲੀ, "ਸੀਟ ਨਹੀਂ ਹੈ। ਵੀ.ਸੀ. ਸਾਹਿਬ ਸੇ ਪੂਛੋ।" ਵਾਰਡਨ ਸਰਕਾਰੀ ਗਰਲਜ਼ ਕਾਲਜ ਤੋਂ ਪ੍ਰਿੰਸੀਪਲ ਰਿਟਾਇਰ ਹੋ ਕੇ ਆਈ ਸੀ ਅਤੇ ਉਸ ਨੂੰ ਰੋਅਬ ਪਾਉਣ ਦੀ ਆਦਤ ਪਈ ਹੋਈ ਸੀ। ਅਸੀਂ ਵੀ.ਸੀ.. ਨੂੰ ਮਿਲਣ ਗਈਆਂ ਤਾਂ ਪੀ.ਏ. ਤੀਰਥ ਸਿੰਘ ਬੋਲਿਆ, "ਅੱਜ ਤਾਂ ਵੀ.ਸੀ.. ਸਾਹਿਬ ਕੋਲ ਸਮਾਂ ਨਹੀਂ, ਕੱਲ੍ਹ ਆ ਜਾਇਉ।"

ਜਦੋਂ ਅੱਠ ਵਜੇ ਡਾਈਨਿੰਗ ਹਾਲ ਵਿਚ ਖਾਣੇ ਦੀ ਮੇਜ 'ਤੇ ਬੈਠੇ ਹੋਣਾ ਤਾਂ ਵਾਰਡਨ ਨੇ ਆਪਣੇ ਕੁੱਤੇ ਦੀ ਸੰਗਲੀ ਘੁਮਾਉਂਦੇ ਸਿੱਧੀ ਸਾਡੇ ਟੇਬਲ 'ਤੇ ਆਉਣਾ ਅਤੇ ਪੁੱਛਣਾ, "ਵੀ.ਸੀ. ਸਾਹਿਬ ਸੇ ਆਪ ਨੇ ਪੂਛਾ?" ਤਾਂ, "ਨਹੀਂ ਮੈਡਮ ਮੁਲਾਕਾਤ ਨਹੀਂ ਹੋ ਸਕੀ। ਕੱਲ੍ਹ ਨੂੰ ਮਿਲਾਂਗੇ।" ਅਸੀਂ ਦੂਸਰੇ ਦਿਨ ਫਿਰ ਤੀਰਥ ਸਿੰਘ ਦੇ ਸਿਰਹਾਣੇ ਜਾ ਖੜ੍ਹਨਾ ਪਰ ਉਸ ਰੱਬ ਦੇ ਬੰਦੇ ਨੇ ਮਿਲਣ ਦਾ ਸਮਾਂ ਨਹੀਂ ਦਿੱਤਾ ਜਿਵੇਂ ਉਹ ਆਪ ਹੀ ਵੀ.ਸੀ.. ਲੱਗਾ ਹੋਵੇ। ਮੈਨੂੰ ਬੜੀ ਪ੍ਰੇਸ਼ਾਨੀ ਹੋਣੀ ਕਿ ਕੁਰੁਕਸ਼ੇਤਰ ਤਾਂ ਲੋੜ ਪੈਣ 'ਤੇ ਟੀਚਰ ਝੱਟ, "ਕਿਆ ਮੈਂ ਅੰਦਰ ਆ ਸਕਤਾ/ਸਕਤੀ ਹੂੰ," ਕਹਿ ਕੇ ਵੀ.ਸੀ.. ਦੇ ਦਫਤਰ ਜਾ ਵੜਦੇ ਸਨ ਅਤੇ ਇਥੇ ਵੀ.ਸੀ.. ਕੋਲ ਸਮਾਂ ਹੀ ਨਹੀਂ ਸੀ ਕਿ ਅਧਿਆਪਕ ਜ਼ਰੂਰਤ ਪੈਣ 'ਤੇ ਮਿਲ ਸਕਣ। ਇਹ ਤਾਂ ਹੌਲੀ ਹੌਲੀ ਵਾਹ ਪੈਣ 'ਤੇ ਸਮਝ ਲੱਗੀ ਕਿ ਇਸ ਵਿਚ ਵੀ.ਸੀ. ਨਾਲੋਂ ਵੱਧ ਦਫਤਰੀ ਅਮਲਾ ਕਸੂਰਵਾਰ ਹੁੰਦਾ ਹੈ। ਇਸੇ ਤਰ੍ਹਾਂ ਵੀਹ ਕੁ ਦਿਨ ਲੰਘ ਗਏ। ਨਾ ਸਾਨੂੰ ਮਿਲਣ ਲਈ ਸਮਾਂ ਦਿੱਤਾ ਗਿਆ ਤੇ ਨਾ ਵਾਰਡਨ ਨੇ ਸਾਡਾ ਖਹਿੜਾ ਛੱਡਿਆ। ਬੜੀ ਪ੍ਰੇਸ਼ਾਨੀ ਹੋਈ ਕਿ ਕੀ ਕੀਤਾ ਜਾਵੇ? ਹਾਰ ਕੇ ਇਕ ਦਿਨ ਸਕੀਮ ਲਾਈ ਕਿ ਕਿਉਂ ਨਾ ਵੀ.ਸੀ. ਦੇ ਘਰ ਹੀ ਮਿਲਿਆ ਜਾਵੇ ਜੋ ਕਿ ਕੁੜੀਆਂ ਦੇ ਹੋਸਟਲ ਦੇ ਨਾਲ ਹੀ ਸੀ।

ਪ੍ਰੋ. ਨਾਰੰਗ ਹਰ ਰੋਜ਼ ਆਪਣੀ ਪਤਨੀ ਨਾਲ ਸੈਰ ਕਰਨ ਹੋਸਟਲ ਦੇ ਅੱਗੋਂ ਦੀ ਲੰਘਦੇ ਸਨ ਅਤੇ ਮਿਸਿਜ ਦੇ ਬਾਹਰ ਨਿਕਲਣ ਤੋਂ ਪਹਿਲਾਂ ਉਹ ਕੋਠੀ ਦੇ ਲਾਅਨ ਵਿਚ ਚੱਕਰ ਲਾਉਂਦੇ ਰਹਿੰਦੇ। ਅਸੀਂ ਗੇਟ-ਕੀਪਰ ਨੂੰ ਪੁੱਛ ਕੇ ਅੰਦਰ ਲੰਘ ਗਈਆਂ, ਸਾਹਮਣੇ ਵੀ.ਸੀ. ਸਾਹਿਬ ਚੱਕਰ ਲਾ ਰਹੇ ਸਨ। ਨਾਰੰਗ ਸਾਹਿਬ ਦੀ ਇਹ ਖਾਸੀਅਤ ਸੀ ਕਿ ਉਨ੍ਹਾਂ ਨੂੰ ਸਾਰੇ ਟੀਚਰਾਂ ਦੀ ਪਹਿਚਾਣ ਸੀ। ਅਸੀਂ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ। ਕਹਿੰਦੇ, "ਬੋਲੋ ਕੀ ਕੰਮ ਹੈ।" ਮੈਂ ਆਪਣੀ ਸਮੱਸਿਆ ਦੱਸੀ। ਕਹਿੰਦੇ, "ਹੁਣ ਕਿਥੇ ਠਹਿਰੇ ਹੋ"? ਮੈਂ ਆਪਣੀ ਕੁਲੀਗ ਵੱਲ ਇਸ਼ਾਰਾ ਕਰ ਕੇ ਦੱਸਿਆ, "ਇਨ੍ਹਾਂ ਨਾਲ ਗੈਸਟ ਦੇ ਤੌਰ 'ਤੇ"?

## ਰੰਗ-ਬੇਰੰਗ

ਬੋਲੇ, "ਇਸ ਨੂੰ ਰੱਖਣ ਵਿਚ ਕੋਈ ਦਿੱਕਤ ਨਹੀਂ, ਤੈਨੂੰ ਰਹਿਣ ਵਿਚ ਕੋਈ ਦਿੱਕਤ ਨਹੀਂ, ਫਿਰ ਵਾਰਡਨ ਨੂੰ ਕੀ ਦਿੱਕਤ ਹੈ? ਉਸ ਨੂੰ ਬੋਲੋ ਜਦੋਂ ਕਮਰਾ ਖਾਲੀ ਹੋਵੇਗਾ ਦੇ ਦੇਵੇ। ਉਦੋਂ ਤੱਕ ਦੋਵੇਂ ਇਕੱਠੀਆਂ ਰਹੀ ਜਾਵੋ।" ਮੈਨੂੰ ਇਉਂ ਲੱਗਿਆ ਜਿਵੇਂ ਸਿਰੋਂ ਮਣਾਂਮੂੰਹੀਂ ਬੋਝ ਲਹਿ ਗਿਆ ਹੋਵੇ। ਅੱਠ ਵਜੇ ਖਾਣੇ ਵੇਲੇ ਫਿਰ ਵਾਰਡਨ ਸਿੱਧੀ ਸਾਡੀ ਮੇਜ 'ਤੇ ਆਈ ਅਤੇ ਆਪਣੀ ਗੱਲ ਦੁਹਰਾਈ।

ਮੈਂ ਕਿਹਾ, "ਹਾਂ ਜੀ। ਵੀ.ਸੀ. ਸਾਹਿਬ ਨੇ ਕਿਹਾ ਹੈ ਕਿ ਜਦੋਂ ਤੱਕ ਕਮਰਾ ਖਾਲੀ ਨਹੀਂ ਹੁੰਦਾ ਮੈਂ ਇਨ੍ਹਾਂ ਨਾਲ (ਆਪਣੀ ਕੁਲੀਗ ਵੱਲ ਇਸ਼ਾਰਾ ਕਰਕੇ ਕਿਹਾ) ਰਹਾਂਗੀ।" ਵਾਰਡਨ ਨੂੰ ਬੜੀ ਪ੍ਰੇਸ਼ਾਨੀ ਹੋਈ। ਉਸ ਨੇ ਫਟਾਫਟ ਵੀ.ਸੀ. ਦੀ ਕੋਠੀ 'ਤੇ ਫੋਨ ਕੀਤਾ। ਜਦੋਂ ਉਹੀ ਉਤਰ ਮੁੜ ਕੇ ਸੁਣਨਾ ਪਿਆ ਤਾਂ ਤਸੱਲੀ ਨਾਲ ਬੈਠ ਗਈ। ਦੂਸਰੇ ਦਿਨ ਮੇਰੇ ਲਈ ਉਸ ਨੂੰ ਖਾਲੀ ਕਮਰਾ ਵੀ ਲੱਭ ਗਿਆ। ਇਹ ਤਾਂ ਮੇਰਾ ਪਹਿਲਾ ਤਜ਼ਰਬਾ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚੋਂ, ਖਾਸ ਕਰਕੇ ਰਿਹਾਇਸ਼ ਦੇ ਮਾਮਲੇ ਵਿਚ, ਮੈਨੂੰ ਕਈ ਵਾਰ ਲੰਘਣਾ ਪਿਆ।

ਹੋਸਟਲ ਵਿਚ ਆਉਣ ਦੇ ਸਾਲ ਕੁ ਬਾਅਦ ਹੋਸਟਲ ਦੇ ਨਾਲ ਲੱਗਦੇ ਹੀ ਦੋ-ਦੋ ਕਮਰਿਆਂ ਦੇ ਛੇ-ਛੇ ਫਲੈਟਾਂ ਦੇ ਦੋ ਬਲਾਕ ਖਾਸ ਕਰਕੇ ਇਸਤਰੀ ਅਧਿਆਪਕਾਂ ਲਈ ਬਣਾਏ ਗਏ: ਇਕ ਬਲਾਕ ਸ਼ਾਦੀ-ਸ਼ੁਦਾ ਲਈ ਅਤੇ ਇਕ ਕੁਆਰੀਆਂ ਲਈ। ਇਥੇ ਫਿਰ ਮੇਰੇ ਨਾਲ ਵਿਤਕਰਾ ਹੋਇਆ। ਸਭ ਨੂੰ ਪੂਰਾ ਪੂਰਾ ਫਲੈਟ ਅਲਾਟ ਕਰ ਦਿੱਤਾ ਅਤੇ ਮੈਨੂੰ ਬੋਟਨੀ ਦੀ ਰੀਸਰਚ ਸਕਾਲਰ ਨਾਲ ਸਾਂਝਾ ਅਲਾਟ ਕਰ ਦਿੱਤਾ। ਸਾਰੀਆਂ ਟੀਚਰ ਇਸ ਗੱਲ 'ਤੇ ਔਖੀਆਂ ਸਨ ਅਤੇ ਫੈਸਲਾ ਕੀਤਾ ਕਿ ਇਕੱਠੀਆਂ ਹੋ ਕੇ ਵੀ.ਸੀ. ਨੂੰ ਮਿਲਿਆ ਜਾਵੇ। ਸਾਡੇ ਵਿਚ ਸਭ ਤੋਂ ਸੀਨੀਅਰ ਡਾ. ਅੰਮ੍ਰਿਤ ਕੌਰ ਸੀ ਜੋ ਐਜੂਕੇਸ਼ਨ ਵਿਭਾਗ ਵਿਚ ਪੜ੍ਹਾਉਂਦੀ ਸੀ ਅਤੇ ਗੁਰਬਖਸ਼ ਕਾਹਲੋਂ ਭਾਵੇਂ ਪਹਿਲਾਂ ਹੀ ਈ ਟਾਈਪ ਘਰ ਵਿਚ ਰਹਿੰਦੀ ਸੀ ਪਰ ਉਹ ਵੀ ਨਾਲ ਗਈ ਕਿਉਂਕਿ ਇਹ ਸਰਾਸਰ ਧੱਕਾ ਸੀ। ਜਦੋਂ ਵੀ.ਸੀ. ਨੂੰ ਮਿਲੇ ਤਾਂ ਉਨ੍ਹਾਂ ਦਾ ਇਕੋ ਉਤਰ ਸੀ ਕਿ ਅਲਾਟਮੈਂਟ ਦੇ ਇੰਚਾਰਜ ਡੀਨ ਅਕਾਦਮਿਕ ਮਾਮਲੇ ਡਾ. ਐਚ. ਕੇ. ਮਨਮੋਹਨ ਸਿੰਘ ਹਨ ਉਨ੍ਹਾਂ ਨਾਲ ਗੱਲ ਕਰੋ। ਅਸੀਂ ਸਭ ਉਨ੍ਹਾਂ ਕੋਲ ਪਹੁੰਚ ਗਈਆਂ। ਉਨ੍ਹਾਂ ਨੇ ਸਾਡੀ ਇਸ ਸਬੰਧ ਵਿਚ ਕੋਈ ਗੱਲ ਨਹੀਂ ਸੁਣੀ, ਕਹਿੰਦੇ, "ਵਾਈਸ ਚਾਂਸਲਰ ਦਾ ਫੈਸਲਾ ਹੈ ਪਰ ਮੈਂ ਤੁਹਾਡੇ ਵਿਚੋਂ ਹੀ ਹਾਂ, ਆਪਣੇ ਬਰਾਬਰ ਦਾ ਸਮਝ ਕੇ ਗੱਲ ਕਰੋ ਹੋਰ ਤੁਹਾਡੀ ਕੀ ਮਦਦ ਕਰ ਸਕਦਾ ਹਾਂ?" ਅਸੀਂ ਸੋਚ ਲਿਆ ਕਿ ਗੱਲ ਨਹੀਂ ਬਣਨੀ। ਪੰਜਾਬੀ ਦੇ ਪ੍ਰੋਫੈਸਰ ਡਾ. ਮਹਿੰਦਰ ਪਾਲ ਕੋਹਲੀ ਕੋਲ ਪੀ. ਆਰ. ਓ. ਦਾ ਵਾਧੂ ਚਾਰਜ ਸੀ। ਉਹ ਕਹਿੰਦੇ, "ਮੈਂ ਵਾਈਸ ਚਾਂਸਲਰ ਨਾਲ ਗੱਲ ਕਰਦਾਂ।" ਜਦੋਂ ਉਹ ਵੀ.ਸੀ. ਨੂੰ ਮਿਲੇ ਤਾਂ ਵੀ.ਸੀ. ਦਾ ਕਹਿਣਾ ਸੀ, "ਡੀਨ ਸੀਨੀਅਰ ਪ੍ਰੋਫੈਸਰ ਹੈ, ਮੈਂ ਉਸ ਨੂੰ ਨਾਰਾਜ ਨਹੀਂ ਕਰ ਸਕਦਾ। ਅਗਲੇ ਸਾਲ ਨਵਾਂ ਡੀਨ ਅਵੇਗਾ ਤਾਂ ਪੂਰਾ ਫਲੈਟ ਅਲਾਟ ਕਰ ਦਿਆਂਗੇ।"

ਮੈਂ ਆਪਣੇ ਛੋਟੇ ਭਤੀਜੇ ਗੁਰਮੁਖ ਸਿੰਘ ਨੂੰ ਮਹਿੰਦਰਾ ਕਾਲਜ ਪਟਿਆਲਾ ਵਿਚ ਬੀ.ਏ ਦੇ ਪਹਿਲੇ ਸਾਲ ਵਿਚ ਦਾਖਲ ਕਰਾ ਲਿਆ ਸੀ। ਸਾਨੂੰ ਪੂਰਾ ਇਕ ਸਾਲ ਫਲੈਟ ਰਿਸਰਚ ਸਕਾਲਰ ਨਾਲ ਸਾਂਝਾ ਰੱਖਣਾ ਪਿਆ। ਅਗਲੇ ਸਾਲ ਪੰਜਾਬੀ ਦੇ ਪ੍ਰੋਫੈਸਰ ਅਤੇ ਨਾਟਕਕਾਰ ਡਾ. ਹਰਚਰਨ ਸਿੰਘ ਡੀਨ ਬਣੇ। ਮੈਂ ਅਤੇ ਮੇਰਾ ਭਤੀਜਾ ਗੁਰਮੁਖ ਸਿੰਘ ਸ਼ਾਮ ਨੂੰ ਉਨ੍ਹਾਂ ਦੇ ਏ-ਟਾਈਪ ਘਰ ਅਰਜੀ ਲੈ ਕੇ ਗਏ ਤਾਂ ਨਾ ਸਿਰਫ ਬੀ ਜੀ ਨੇ ਸਾਨੂੰ ਬਿਠਾ ਕੇ ਚਾਹ ਪਿਲਾਈ ਸਗੋਂ ਡਾ. ਸਾਹਿਬ ਬੋਲੇ, "ਲਉ ਇਹ ਵੀ ਕੋਈ ਗੱਲ ਹੈ ਗੁਰਨਾਮ? ਜੇ ਬਾਕੀ ਕੁੜੀਆਂ ਕੋਲ ਪੂਰਾ ਫਲੈਟ ਹੈ ਤੁਹਾਡੇ ਕੋਲ ਕਿਉਂ ਨਹੀਂ? ਮੈਂ ਹੁਣੇ ਅਲਾਟ ਕਰ ਦਿੰਦਾ ਹਾਂ।" ਡਾ. ਸਾਹਿਬ ਨੇ ਉਦੋਂ ਹੀ ਅਰਜੀ ਫੜ ਲਈ ਅਤੇ ਦੂਸਰੇ ਦਿਨ ਹੀ ਮੈਨੂੰ ਵਿਚਕਾਰਲੀ ਮੰਜ਼ਿਲ 'ਤੇ ਘਰ ਮਿਲ ਗਿਆ। ਇਹ ਸਿਰਫ ਰਵੱਈਏ ਦਾ ਫਰਕ ਹੈ ਪਰ ਇਸਦਾ ਤੁਹਾਡੇ ਕੰਮ ਕਰਨ ਦੀ ਸਮਰੱਥਾ ਤੇ ਬਹੁਤ ਅਸਰ ਪੈਂਦਾ ਹੈ। ਇਹੀ ਹਾਂ-ਵਾਚਕ ਰਵਈਆ ਵਾਈਸ ਚਾਂਸਲਰ ਡਾ. ਅਮਰੀਕ ਸਿੰਘ ਦਾ ਸੀ ਜਦੋਂ ਮੈਂ ਉਨ੍ਹਾਂ ਨੂੰ ਆਪਣੇ ਖਾਸ ਹਾਲਾਤ ਦੱਸ ਕੇ ਪੁਰਾਣੇ ਸੀ-ਟਾਈਪ ਘਰ ਲਈ ਅਰਜੀ ਦਿੱਤੀ। ਉਨ੍ਹਾਂ ਨੂੰ ਵੀ ਮੇਰੀ ਅਰਜੀ ਡਾ. ਕੋਹਲੀ ਨੇ ਹੀ ਦਿੱਤੀ ਸੀ। ਡਾ. ਅਮਰੀਕ ਸਿੰਘ ਨੇ ਸਗੋਂ ਕਾਨੂੰਨੀ ਸਲਾਹ ਲੈਣ ਲਈ ਯੂਨੀਵਰਸਿਟੀ ਵਿਚ ਬਾਹਰੋਂ ਆਏ ਵਕੀਲ ਨੂੰ ਵੀ ਮਿਲਣ ਲਈ ਕਿਹਾ, ਜਿਸ ਨੂੰ ਮੈਂ ਡਾ. ਕੋਹਲੀ ਨੂੰ ਨਾਲ ਲੈ ਕੇ ਮਿਲੀ। ਡਾ. ਕੋਹਲੀ ਨਾ ਸਿਰਫ ਮਿਲਣ ਵੇਲੇ ਵੱਡੇ ਭਰਾਵਾਂ ਵਾਂਗ ਮੇਰਾ ਸਿਰ ਪਲੋਸਦੇ ਸਗੋਂ ਉਹ ਹਮੇਸ਼ਾ ਹੀ ਵੱਡੇ ਭਰਾਵਾਂ ਵਾਂਗ ਮੇਰੇ ਕੰਮ ਆਉਂਦੇ ਰਹੇ।

ਇਥੇ ਮੈਂ ਡਾ. ਕੋਹਲੀ ਬਾਰੇ ਇਕ ਗੱਲ ਹੋਰ ਕਰਨੀ ਚਾਹਾਂਗੀ। ਉਨ੍ਹਾਂ ਦੀ ਛੋਟੀ ਬੇਟੀ ਵਿਆਹ ਤੋਂ ਪਿਛੋਂ ਮੱਧ ਪ੍ਰਦੇਸ਼ ਵਿਚ ਸੈਟਲ ਹੋ ਗਈ। ਉਹ ਗਰਮੀ ਦੀਆਂ ਛੁੱਟੀਆਂ ਵਿਚ ਉਸ ਕੋਲ ਰਹਿ ਕੇ ਆਏ ਤਾਂ ਵਿਭਾਗ ਵਿਚ ਮਿਲਣ ਆ ਗਏ, ਬੋਲੇ, "ਗੁਰਨਾਮ! ਮੈਂ ਬੌਬੀ (ਉਨ੍ਹਾਂ ਦੀ ਬੇਟੀ) ਕੋਲ ਰਹਿ ਕੇ ਆਇਆ ਹਾਂ। ਉਥੇ ਸਾਰੇ ਟਰਾਈਬਲ ਲੋਕ (ਸਿਕਲੀਗਰ ਅਤੇ ਵਣਜਾਰੇ) ਨਾਨਕ ਨਾਮ ਲੇਵਾ ਹਨ ਜੋ ਗ਼ਰੀਬੀ ਵਿਚ ਰਹਿ ਰਹੇ ਹਨ। ਇਸਾਈ ਮਿਸ਼ਨਰੀ ਉਨ੍ਹਾਂ ਨੂੰ ਸਹੂਲਤਾਂ ਦੇ ਕੇ ਧੜਾਧੜ ਇਸਾਈ ਬਣਾ ਰਹੇ ਹਨ। ਕੀ ਆਪਣੇ ਕੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਐਸਾ ਫੰਡ ਹੈ ਜਿਸ ਨਾਲ ਉਨ੍ਹਾਂ ਨਾਨਕ ਨਾਮ-ਲੇਵਾ ਪਛੜੇ ਹੋਏ ਲੋਕਾਂ ਵਾਸਤੇ ਮੁਢਲੀ ਮੁਫਤ ਸਿਖਿਆ ਅਤੇ ਸਿਹਤ-ਸਹੂਲਤਾਂ ਦਿੱਤੀਆਂ ਜਾ ਸਕਣ ਤਾਂ ਕਿ ਉਹ ਗਰੀਬੀ ਕਾਰਨ ਇਸਾਈ ਨਾ ਬਣਨ। ਮੈਂ ਅਤੇ ਅੰਗਰੇਜ਼ੀ ਟ੍ਰਿਬਿਊਨ ਵਾਲੇ ਸ਼ਰਮਾ ਜੀ ਨੇ ਇਹ ਸਲਾਹ ਕੀਤੀ ਹੈ।" ਭਾਈ ਮਨਜੀਤ ਸਿੰਘ ਉਦੋਂ ਤਖ਼ਤ ਸ੍ਰੀ ਕੇਸ ਗੜ੍ਹ, ਅਨੰਦ ਪੁਰ ਸਾਹਿਬ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਵੀ ਸੇਵਾ ਨਿਭਾ ਰਹੇ ਸਨ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਪਰ ਗੱਲ ਅਗੇ ਨਹੀਂ ਤੁਰ ਸਕੀ ਕਿਉਂਕਿ ਐਸ.ਜੀ.ਪੀ.ਸੀ. ਦਾ ਕੰਮ ਧਰਮ ਦੀ ਸੰਭਾਲ ਅਤੇ ਪ੍ਰਚਾਰ ਕਰਨ ਨਾਲੋਂ ਸੱਤਾ 'ਤੇ ਕਾਬਜ਼ ਅਕਾਲੀ ਦਲ ਦੀ ਰਾਜਨੀਤੀ ਕਰਨਾ ਜ਼ਿਆਦਾ ਹੈ। ਨਹੀਂ ਤਾਂ ਕੀ ਉਹ ਨਾਨਕ ਨਾਮ ਲੇਵਾ ਲੋਕ ਜਿਨ੍ਹਾਂ ਦੀ ਗਿਣਤੀ ਕਰੀਬ ਸੱਤ ਕਰੋੜ ਹੈ, ਸਿੱਖੀ ਦੀ ਮੇਨ ਸਟਰੀਮ ਵਿਚ ਨਾ ਆਉਣ? ਜੇ ਐਸ.ਜੀ.ਪੀ.ਸੀ. ਸੰਭਾਲੇ, ਉਹ ਈਸਾਈ ਕਿਉਂ ਬਣਨ? ਉਨ੍ਹਾਂ ਦੇ ਨੁਮਾਇੰਦਿਆਂ ਨੇ ਆਪ ਵੀ ਕਈ ਵਾਰ ਐਸ.ਜੀ.ਪੀ.ਸੀ. ਤੱਕ ਪਹੁੰਚ ਕੀਤੀ ਹੈ ਪਰ ਕੋਈ ਸਾਰਥਕ ਸਿੱਟਾ ਨਹੀਂ ਨਿਕਲਿਆ। ਐਸ.ਜੀ.ਪੀ.ਸੀ. ਤਾਂ ਪੰਜਾਬ ਦੀ ਨਸ਼ਿਆਂ ਵਿਚ ਰੁੜ੍ਹਦੀ ਜਾ ਰਹੀ ਜੁਆਨੀ ਅਤੇ ਸਿੱਖੀ ਤੋਂ ਦੂਰ ਜਾ ਰਹੀ ਜੁਆਨੀ ਬਾਰੇ ਵੀ ਫਿਕਰਮੰਦ ਨਹੀਂ ਹੈ, ਪੰਜਾਬ ਤੋਂ ਬਾਹਰ ਬੈਠੇ ਨਾਨਕ ਨਾਮ ਲੇਵਾ ਸਿੱਖਾਂ ਦਾ ਇਸ ਨੂੰ ਕੀ ਫ਼ਿਕਰ ਹੋਣਾ ਹੈ?

## ਸਿਆਣਿਆਂ ਦਾ ਕਿਹਾ

(1) ਪਰਮਾਤਮਾ ਨੂੰ ਜੇ ਹੈ ਪਾਉਣਾ ਤਾਂ ਉਸ ਦੇ ਨਾਂ ਦਾ ਮਲੰਗ ਬਣਨਾ ਪਊ।

(2) ਕਿਸੇ ਪਾਪੀ ਨੂੰ ਸਜਾ ਦੇਣ ਦਾ ਹੱਕ ਉਸ ਨੂੰ ਹੀ ਹੈ, ਜਿਸਦਾ ਆਪਣਾ ਇਖਲਾਕ ਪਾਪੀ ਨਾਲੋਂ ਉਚਾ ਹੋਵੇ।

(3) ਸਿੱਖ ਹੋ ਕੇ ਸਿੱਖ ਧਰਮ ਨਾਲ ਪਿਆਰ ਕਰੋ ਅਤੇ ਦੂਸਰੇ ਧਰਮਾਂ ਦਾ ਸਤਿਕਾਰ ਕਰੋ।

(4) ਲਿਖਾਰੀ ਬਣਨਾ ਚਾਹੁੰਦਾ ਹੈਂ ਤਾਂ ਪਹਿਲਾਂ ਮਾਹੌਲ ਤੱਕ।

(5) ਕਿਸੇ ਤੋਂ ਕੁੱਝ ਮੰਗਣ ਤੋਂ ਪਹਿਲਾਂ-ਕਿਸੇ ਨੂੰ ਕੁੱਝ ਦੇਣਾ ਸਿੱਖ।

(6) ਸਿਪਾਹੀ ਬਣਨਾ ਚਾਹੁੰਦਾ ਹੈਂ ਤਾਂ ਪਹਿਲਾਂ ਹਥਿਆਰ ਸੰਭਾਲਣਾ ਸਿੱਖ।

(7) ਸੰਤ ਬਣਨਾ ਚਾਹੁੰਦਾ ਹੈਂ ਤਾਂ ਪਹਿਲਾਂ ਮਾਲਾ ਫੇਰਨ ਦੇ ਗੁਰ ਸਿੱਖ।

(8) ਧਰਮ ਕਮਾਉਣਾ ਚਾਹੁੰਦਾ ਹੈਂ ਤਾਂ ਕੇਸਰੀ ਨਿਸ਼ਾਨ ਦੇ ਥੱਲੇ ਰਹੀਂ।

(9) ਪਰਮਾਤਮਾ ਅਤੇ ਮੌਤ ਨੂੰ ਯਾਦ ਰਖਣ ਵਾਲੇ ਤੋਂ ਮਾੜਾ ਕਰਮ ਹੋ ਹੀ ਨਹੀਂ ਸਕਦਾ।

(10) ਸਿਆਸੀ ਲੀਡਰ ਬਣਨਾ ਚਾਹੁੰਦਾ ਹੈਂ ਤਾਂ ਅਕਾਲ ਤਖ਼ਤ ਤੋਂ ਦੂਰ ਨਾ ਜਾਵੀਂ।

(11) ਸੁੱਖ ਦੀ ਪ੍ਰਾਪਤੀ ਦਾ ਭੇਦ ਇਹ ਨਹੀਂ ਕਿ ਜੋ ਆਪ ਨੂੰ ਚੰਗਾ ਲਗੇ ਉਹ ਕਰੋ ਬਲਕਿ ਇਹ ਹੈ ਕਿ ਜੋ ਆਪ ਕਰੋ ਉਹ ਚੰਗਾ ਹੋਵੇ।

(12) ਸੌ ਅਧਿਆਪਕ ਦੇ ਬਰਾਬਰ-ਇੱਕ ਆਦਰਸ਼, ਸੌ ਆਦਰਸ਼ ਦੇ ਬਰਾਬਰ ਇੱਕ ਪਿਤਾ, ਇੱਕ ਪਿਤਾ ਤੋਂ ਵੀ ਵੱਧ ਸਿਰਫ ਇੱਕ ਮਾਂ ਦਾ ਸਤਿਕਾਰ ਕਰੋ।

(13) ਜਦੋਂ ਵੀ ਕਿਸੇ ਨੂੰ ਮਿਲੋ ਤਾਂ ਮਿੱਠੇ ਬੋਲ ਬੋਲੋ, ਸ਼ਾਇਦ ਉਹ ਤੁਹਾਡੇ ਆਖਰੀ ਬੋਲ ਹੋਣ।

(14) ਮਰਦ ਇਸ ਗੱਲ ਤੋਂ ਨਹੀਂ ਜਾਣਿਆ ਜਾਂਦਾ ਕਿ ਉਸ ਕੋਲ ਕੀ ਹੈ, ਬਲਕਿ ਇਸ ਗੱਲ ਤੋਂ ਜਾਣਿਆ ਜਾਂਦਾ ਹੈ ਕਿ ਉਹ ਕੀ ਹੈ?

(15) ਮੌਤ ਤੁਹਾਡੀ ਜ਼ਿੰਦਗੀ ਦਾ ਬੇਖਬਰ ਸਾਥੀ ਹੈ।

(16) ਜਦੋਂ ਤੱਕ ਸ਼ਬਦ ਮੂੰਹੋਂ ਨਹੀਂ ਨਿਕਲਦਾ ਉਹ ਤੁਹਾਡੇ ਕਾਬੂ ਵਿਚ ਹੈ, ਮੂੰਹੋਂ ਬਾਹਰ ਆ ਜਾਣ ਤੇ ਤੁਸੀਂ ਉਸ ਦੇ ਕਾਬੂ ਵਿਚ ਹੋ।

(17) ਮੁਹੱਬਤ ਨੂੰ ਤੋਹਫਿਆਂ ਨਾਲ ਨਾ ਸ਼ੁਰੂ ਕਰੋ, ਕਿਉਂਕਿ ਜਦੋਂ ਤੁਸੀਂ ਤੋਹਫੇ ਦੇਣੇ ਬੰਦ ਕਰ ਦਿੱਤੇ ਮੁਹੱਬਤ ਵੀ ਟੁੱਟ ਜਾਵੇਗੀ।

(18) ਜਦੋਂ ਇਨਸਾਨ ਅਕਲ ਨੂੰ ਛੱਡ ਚਤੁਰਾਈ ਤੋਂ ਕੰਮ ਲੈਂਦਾ ਹੈ ਤਾਂ ਉਹ ਮੂਰਖਾਂ ਦੀ ਕਤਾਰ ਵਿਚ ਹੁੰਦਾ ਹੈ।

(19) ਪਰਮਾਤਮਾ ਛੱਪੜ ਫਾੜ ਕੇ ਦਿੰਦਾ ਵੀ ਹੈ-ਥੱਪੜ ਮਾਰ ਕੇ ਲੈਂਦਾ ਵੀ ਹੈ।

(20) ਜਦ ਬਾਗੀ ਸੂਰਮਾ-ਪਰਾਏ ਤਨ ਦੇ ਸੰਸਾਰ ਵਿਚ ਚਲਾ ਗਿਆ ਤਾਂ ਸਮਝੋ ਸੰਘਰਸ਼ ਵਿਚੋਂ ਹਾਰ ਗਿਆ।

(21) ਜੇ ਗ੍ਰਹਿਸਥ ਜ਼ਿੰਦਗੀ ਵਿਚ ਸੁੱਖ ਚਾਹੁੰਦੇ ਹੋ ਤਾਂ ਵਿਆਹ ਲਈ ਆਪਣੇ ਤੋਂ ਛੋਟਾ ਘਰ ਲਭੋ।

(22) ਉਹ ਖਾੜਕੂ ਚੰਗਾ ਨਹੀਂ ਜੋ ਭੁੱਖਾ ਹੋਵੇ ਚੌਧਰ ਦਾ।

(23) ਜਦੋਂ ਫਸਲਾਂ ਜਵਾਨ ਹੋਣ ਤਾਂ ਹਾਸਾ ਜੱਟ ਦੇ ਬੁਲ੍ਹਾਂ 'ਤੇ ਖੇਲੇ।

(24) ਮਰਦ ਮੁੱਛ ਤੋਂ, ਔਰਤ ਕੁੱਖ ਤੋਂ, ਪਿੰਡ ਗਹੀਰਿਆਂ ਤੋਂ ਦੂਰੋਂ ਹੀ ਪਛਾਣੇ ਜਾਂਦੇ ਹਨ।

(25) ਮੇਲੇ ਮਿਲਾਉਂਦੇ ਵਿਛੜੇ ਮੇਲੀਆਂ ਨੂੰ।

(26) ਗਲ ਪਈਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਗਹਿਣੇ ਸਮਝਣਾ ਛੱਡ ਕੇ ਆਪਣੀ ਬਿਰਤੀ ਨੂੰ ਆਜ਼ਾਦੀ ਦਾ ਅਨੁਭਵ ਕਰਾਉ।

(27) ਹਿੰਦੋਸਤਾਨੀਆਂ ਦੀ ਅਜ਼ਬ ਕਹਾਣੀ-ਡੁਬਦਿਆਂ ਦੇ ਮੂੰਹ ਪਾਉਂਦੀ ਪਾਣੀ।

(28) ਬਿਗਾਨੇ ਘਰ ਦੀ ਪਾਲਕੀ ਨਾਲੋਂ ਆਪਣੇ ਘਰ ਦੀ ਸੂਈ ਲੱਖ ਦਰਜੇ ਚੰਗੀ ਹੈ।

(29) ਗੁਲਾਮ ਇੱਕ ਭੇਡ ਹੋਇਆ ਕਰਦੀ ਹੈ, ਮਰਦ ਹੋ ਕੇ ਗੁਲਾਮ ਬਣਨ ਨਾਲੋਂ, ਭੇਡਾਂ ਦੇ ਇੱਜੜ ਵਿਚ ਰਲ ਜਾਣਾ ਚਾਹੀਦਾ ਹੈ।

(30) ਅਸੀਂ ਕਿਸੇ ਦਾ ਹੱਕ ਮਾਰਦੇ ਨਹੀਂ, ਆਪਣੇ ਹੱਕਾਂ 'ਤੇ ਡਾਕਾ ਸਹਿਣ ਨਹੀਂ ਕਰਦੇ।

(31) ਅਗਰ ਕੋਈ ਬੇ-ਵਜ੍ਹਾ ਤੰਗ ਪ੍ਰੇਸ਼ਾਨ ਕਰਨੋਂ ਨਾ ਹਟੇ ਤਾਂ ਉਸ ਨੂੰ ਸਖਤ ਤੋਂ ਸਖਤ ਜਵਾਬ ਦਿਉ।

(32) ਯਤਨ ਅਤੇ ਵਿਸ਼ਵਾਸ ਪਰਬਤਾਂ ਨੂੰ ਹਿਲਾ ਦਿੰਦੇ ਹਨ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

# ਨਵਾਂ ਲੈ ਲਿਆ ਟਰੱਕ ਗੁਰਜੰਟ ਨੇ...

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

*ਬੰਦਾ ਆਉਂਦਾ ਤਾਂ ਜ਼ਿੰਦਗੀ ਦਾ ਜੋੜ ਮੇਲਾ ਵੇਖਣ ਹੈ ਪਰ ਮੇਲਾ ਸਿਰਫ ਇਸ ਕਰਕੇ ਬਣ ਜਾਂਦਾ ਹੈ ਕਿ ਗਿਆਨ ਤਾਂ ਮਿਲ ਜਾਂਦਾ ਹੈ ਪਰ ਇਸ ਨੂੰ ਅਮਲ ਵਿਚ ਲਿਆਉਣ ਦੀ ਜੁਗਤ ਨਹੀਂ ਮਿਲਦੀ। ਜੇ ਔਰਤ ਪ੍ਰਸੂਤਾ ਪੀੜਾ ਯਾਦ ਰੱਖਣ ਲੱਗ ਪਏ ਤਾਂ ਜਿਹੜੇ ਦੇਸ਼ ਆਬਾਦੀ ਦੇ ਵਧ ਜਾਣ ਤੋਂ ਚਿੰਤਤ ਹਨ, ਉਨ੍ਹਾਂ ਦੀ ਹੌਸਲਾ ਅਫਜ਼ਾਈ ਹੋ ਜਾਵੇਗੀ ਕਿਉਂਕਿ ਫਿਰ ਕਿਸੇ ਵੀ ਵਿਹੜੇ ਵਿਚ ਦੂਜਾ ਬੱਚਾ ਖੇਡਣ ਦੀ ਉਮੀਦ ਬਚੇਗੀ ਹੀ ਨਹੀਂ। ਜੇ ਮਰਦ ਚਲਾਕੀਆਂ ਦੀ ਝੋਲੀ ਦਾ ਮੂੰਹ ਵੱਡਾ ਨਾ ਹੋਣ ਦੇਵੇ ਤਾਂ ਬਹੁਤ ਸਾਰੇ ਪਾਪ ਆਪਣੇ-ਆਪ ਪੁੰਨ ਵਿਚ ਤਬਦੀਲ ਹੋ ਜਾਣਗੇ। ਨੱਕ ਅਤੇ ਮੱਥਾ ਰਗੜਨ ਨਾਲੋਂ ਜੇ ਮਿਹਨਤ ਲਈ ਹੱਥ ਘਸਾਉਣ ਦੀ ਪਹੁੰਚ ਅਪਨਾਉਗੇ ਤਾਂ ਮੁਕੱਦਰਾਂ ਦਾ ਮੁੱਲ ਕਿਸੇ ਲੰਬੀ ਬੋਦੀ ਵਾਲੇ ਜੋਤਿਸ਼ੀ ਤੋਂ ਪੁੱਛਣ ਜਾਣ ਦੀ ਜ਼ਰੂਰਤ ਬਚੇਗੀ ਹੀ ਨਹੀਂ। ਨਿਬੰਧ ਉਹੀ ਪੜ੍ਹਨ ਨੂੰ ਵਧ ਜੀਅ ਕਰਦੈ ਜਿਨ੍ਹਾਂ ਦੇ ਸਿਰਲੇਖ ਤੇ ਮੁੱਖਬੰਦ ਪ੍ਰਭਾਵਿਤ ਕਰਦੇ ਹੋਣ। ਜੇ ਧਰਤੀ 'ਤੇ ਸੋਹਣੀਆਂ ਔਰਤਾਂ ਨਾ ਹੁੰਦੀਆਂ ਤਾਂ ਕਿਸੇ ਵੀ ਮਰਦ ਦੀ, ਕਿਸੇ ਵੀ ਕੰਮ ਵਿਚ ਦਿਲਚਸਪੀ ਨਹੀਂ ਰਹਿਣੀ ਸੀ। ਲੱਖ ਯਤਨ ਕਰਨ 'ਤੇ ਵੀ ਜਿਨ੍ਹਾਂ ਦੀ ਕੋਈ ਪ੍ਰੇਮਿਕਾ ਨਹੀਂ ਬਣੀ, ਪੁਸਤਕਾਂ ਉਨ੍ਹਾਂ ਦੀਆਂ ਸਹੇਲੀਆਂ ਬਣਨ ਵਿਚ ਮਾਣ ਮਹਿਸੂਸ ਕਰਦੀਆਂ ਰਹੀਆਂ। ਵਾਰਿਸ ਨੇ ਹੀਰ ਲਿਖਣ ਵੇਲੇ ਨਹੀਂ ਸੋਚਿਆ ਹੋਵੇਗਾ ਕਿ ਉਹਦੇ ਤੋਂ ਰਾਂਝੇ ਦਾ ਕਬਜ਼ਾ, ਨਿਆਈਂ ਦੀ ਜ਼ਮੀਨ ਵਾਂਗ ਸ਼ਬਦਾਂ ਸਹਾਰੇ ਸੌਖਿਆਂ ਲਿਆ ਜਾ ਸਕਦਾ ਹੈ। ਸਮੱਸਿਆਵਾਂ ਸਿਆਣਿਆਂ ਨਾਲ ਸਾਂਝੀਆਂ ਕਰਕੇ ਛੋਟੀਆਂ ਹੁੰਦੀਆਂ ਨੇ। ਜਿਨ੍ਹਾਂ ਨੂੰ ਇਹ ਜਾਚ ਨਹੀਂ ਆਉਂਦੀ ਕਿ ਜ਼ਿੰਦਗੀ ਨਾਲ ਇਕ ਸੁਰ ਕਿਵੇਂ ਹੋਇਆ ਜਾ ਸਕਦਾ ਹੈ, ਉਹ ਹੋਰ ਭਾਵੇਂ ਕੁਝ ਵੀ ਬਣ ਜਾਣ, ਪ੍ਰੇਮੀ ਨਹੀਂ ਬਣ ਸਕਦੇ ਕਿਉਂਕਿ ਪਿਆਰ ਦੋ ਸਾਹਾਂ ਦੀ ਸਾਂਝੀ ਸੁਗੰਧ ਦਾ ਗੁਲਦਸਤਾ ਹੁੰਦਾ ਹੈ। ਵਿਆਹ 'ਚ ਸ਼ਾਮਲ ਹੋਏ ਸੁਨਿਆਰ ਦੀ ਅੱਖ ਹੋਰ ਕਿਤੇ ਟਿਕੇ ਜਾਂ ਨਾ, ਪਰ ਵਿਆਹੁੰਦੜ ਦੇ ਗਹਿਣਿਆਂ 'ਤੇ ਜ਼ਰੂਰ ਟਿਕੀ ਹੁੰਦੀ ਹੈ ਕਿਉਂਕਿ ਸੋਨੇ 'ਤੇ ਬੂਟੀਆਂ ਪਾਉਣ ਦੀ ਬੁਣਤੀ ਚੋਰੀ ਕਰਨ ਦਾ ਇਹ ਇਕ ਸ਼ੁਭ ਅਵਸਰ ਵੀ ਹੁੰਦਾ ਹੈ। ਕਿਸਮਤ ਉਨ੍ਹਾਂ ਦੀ ਹੀ ਜਾਗਦੀ ਹੈ, ਜਿਹੜੇ ਆਪ ਨਹੀਂ ਸੌਂਦੇ। ਗੁਰਜੰਟ ਦੀ ਗੱਲ ਤੋਂ ਅਹਿਸਾਸ ਹੋਵੇਗਾ ਕਿ ਵਾਹਿਗੁਰੂ ਦਾਤਾਂ ਦੇ ਹਾਰ ਉਨ੍ਹਾਂ ਦੇ ਹੀ ਪਾਉਂਦਾ ਹੈ, ਜਿਨ੍ਹਾਂ ਦੇ ਗਲੇ ਵੀ ਸੋਹਣੇ ਹੋਣ।*

ਇਕ ਸੈਮੀਨਾਰ ਵਿਚ ਸਵਾਲ ਉਠਿਆ ਕਿ ਅਮਰੀਕਾ ਖੁਸ਼ਹਾਲ ਦੇਸ਼ ਕਿਉਂ ਹੈ? ਤਾਂ ਜੁਆਬ ਸੀ ਕਿ ਅਮਰੀਕੀ ਲੋਕ ਘੋੜੇ ਵਾਂਗ ਖਾਂਦੇ ਹਨ ਤੇ ਖੋਤੇ ਵਾਂਗ ਕੰਮ ਕਰਦੇ ਹਨ। ਇਕ ਹੋਰ ਨੇ ਪ੍ਰਸ਼ਨ ਉਠਾਇਆ, 'ਭਾਰਤ ਦੀ ਤੋਰ ਵਿਕਾਸ ਦੇ ਰਾਹ ਮੱਧਮ ਕਿਉਂ ਹੈ?' ਤਾਂ ਇਕ ਬੁੱਧੀਜੀਵੀ ਨੇ ਬੈਂਚ 'ਤੇ ਖੜੋ ਕੇ ਆਖਿਆ, 'ਅਸੀਂ ਮੰਗ ਕਰਦੇ ਹਾਂ ਕਿ ਤਨਖਾਹ ਵਧਾ ਦਿਉ, ਕੰਮ ਘਟਾ ਦਿਓ।' ਇਕ ਬੰਦੇ ਨੇ ਅੰਬ ਦੇ ਆਚਾਰ ਨਾਲ ਰੋਟੀ ਖਾ ਕੇ ਢਿੱਡ 'ਤੇ ਹੱਥ ਫੇਰਦਿਆਂ ਡਕਾਰ ਮਾਰ ਦੇ ਕਿਹਾ, 'ਸੁਆਦ ਆ ਗਿਐ।' ਦੂਜੇ ਨੇ ਉਲਾਂਭਾ ਦਿੱਤਾ, 'ਮੀਟ ਤਾਂ ਠੀਕ ਸੀ, ਪਰ ਲਗਦੈ ਬੱਕਰਾ ਬੁੱਢਾ ਵੱਢਿਆ ਗਿਆ ਸੀ।' ਸੋਚ 'ਚ ਫਰਕ ਸਿਰਫ ਏਨਾ ਸੀ ਕਿ ਸੁਆਦ ਖਾਣੇ ਦਾ ਨਹੀਂ ਹੁੰਦਾ, ਭੁੱਖ ਦਾ ਹੁੰਦਾ ਹੈ।

ਵੇਸਵਾ ਨੂੰ ਪੁੱਛਣ ਦੀ ਜ਼ਰੂਰਤ ਨਹੀਂ ਹੁੰਦੀ ਕਿ ਉਹਦਾ ਕਾਰੋਬਾਰ ਕੀ ਹੈ? ਵਿਹਲੜ ਨੂੰ ਦੱਸਣ ਦੀ ਲੋੜ ਨਹੀਂ ਹੁੰਦੀ ਕਿ ਬਹਾਨਾ ਕਿਵੇਂ ਲਗਾਈਦਾ ਹੈ? ਤੇ ਲੀਡਰ ਨੂੰ ਪਤਾ ਹੁੰਦੈ ਕਿ ਰਾਜਨੀਤੀ 'ਚ ਸੱਚ ਬੋਲਣ ਦਾ ਅਰਥ ਮਹਾਂ-ਪਾਪ ਹੁੰਦਾ ਹੈ। ਅਸਲ ਵਿਚ ਅਸੀਂ ਕੰਮ ਉਨ੍ਹਾਂ ਹਾਲਤਾਂ ਵਿਚ ਕਈ ਵਾਰ ਕਰਨ ਲਗਦੇ ਹਾਂ, ਜਦੋਂ ਸਥਿਤੀ ਧੱਕੇ ਮਾਰਨ ਲਗਦੀ ਹੈ ਕਿ ਹੁਣ ਹੋਰ ਕੋਈ ਚਾਰਾ ਨਹੀਂ ਬਚਿਆ। ਕਦੇ ਵੀ ਕਿਸੇ ਸਿਆਣੇ ਬੰਦੇ ਨੇ, ਕਦੇ ਇਹ ਸਵਾਲ ਨਹੀਂ ਕੀਤਾ ਕਿ 'ਮੈਂ ਕੀ ਕਰਾਂ?' ਵਿਹਲੜਾਂ ਨੂੰ ਉਬਾਸੀਆਂ ਆਉਂਦੀਆਂ ਹਨ। ਕੰਮ ਕਰਨ ਵਾਲਿਆਂ ਨੂੰ ਨੀਂਦ ਘੇਰ-ਘੇਰ ਕੇ ਬਿਸਤਰੇ ਵਲ ਲੈ ਕੇ ਜਾਂਦੀ ਹੈ।

ਕਈ ਵਾਰ ਬੰਦਾ ਸੋਚਦਾ ਕੁਝ ਹੋਰ ਹੈ, ਵਾਪਰ ਕੁਝ ਹੋਰ ਜਾਂਦਾ ਹੈ। ਇਨ੍ਹਾਂ ਵਿਚਲਾ ਅੰਤਰ ਜਦੋਂ ਪਤਾ ਨਹੀਂ ਲਗਦਾ ਤਾਂ ਬੰਦਾ ਆਪਣੇ-ਆਪ ਨੂੰ ਧਰਵਾਸ ਦੇਣ ਲੱਗ ਪੈਂਦੈ ਕਿ ਉਪਰ ਵਾਲੇ ਨੂੰ ਇਹੋ ਮਨਜ਼ੂਰ ਸੀ। ਤਲਾਕ ਦਾ ਮੁਕੱਦਮਾ ਜਿੱਤਣ ਤੋਂ ਪਿਛੋਂ ਅਦਾਲਤ 'ਚੋਂ ਬਾਹਰ ਆਉਂਦੀ ਔਰਤ ਨੇ ਕਿਹਾ, 'ਮਸਾਂ ਖਹਿੜਾ ਛੁਟਿਐ।' ਮਰਦ ਦੋਸਤਾਂ ਵਿਚ ਹੁੱਬ-ਹੁੱਬ ਕੇ ਆਖ ਰਿਹਾ ਸੀ, 'ਚੁੜੇਲ ਗਲੋਂ ਲੱਥੀ।' ਸੱਚਾਈ ਇਹ ਸੀ ਕਿ ਉਹ ਦੋਵੇਂ ਸਮਾਜ ਤੇ ਜ਼ਿੰਦਗੀ ਦੇ ਮੇਚ ਦੇ ਨਹੀਂ ਸਨ ਬਣ ਸਕੇ।

ਮੁਹੱਬਤ ਦੀਆਂ ਚਿੱਠੀਆਂ ਪਹਿਲਾਂ ਡਾਕਖਾਨੇ ਨੇ ਹੀ ਲੰਬੀ ਬਾਂਹ ਕਰਕੇ ਫੜੀਆਂ ਸਨ। ਚੰਗਿਆਂ ਘਰਾਂ ਵਿਚ ਖਾਣਾ ਅਤੇ ਖਾਣਾ ਪਰੋਸਣ ਦਾ ਢੰਗ ਦੇਖ ਕੇ ਹੀ ਮਹਿਮਾਨ ਸਮਝ ਜਾਂਦਾ ਹੈ ਕਿ ਉਹ ਕਿੰਨਾ ਖਾਸ ਹੈ? ਪੁੱਤਰ ਭਾਵੇਂ ਸੱਤ ਵੀ ਜੰਮ ਪੈਣ ਪਰ ਬਾਪ ਬਣਨ ਦੀ ਸੰਤੁਸ਼ਟੀ ਧੀ ਨੂੰ ਜਨਮ ਦੇ ਕੇ ਹੀ ਮਿਲੇਗੀ। ਧਾਰਮਿਕ ਅਸਥਾਨਾਂ 'ਤੇ ਰੁਪਈਆ ਚੜ੍ਹਾ ਕੇ ਲੱਖ ਮੰਗਣ ਦੀ ਆਦਤ ਨਵੀਂ ਨਹੀਂ, ਬੜੀ ਪੁਰਾਣੀ ਹੈ। ਦਸਵੰਧ ਪਹਿਲਾਂ ਹੱਕ ਦੀ ਕਮਾਈ 'ਚੋਂ ਹੀ ਦਿੱਤਾ ਜਾਂਦਾ ਸੀ, ਹੁਣ ਨਿਹੱਕੀ 'ਚੋਂ ਵੀ ਦਿੱਤਾ ਜਾਣ ਲੱਗਾ ਹੈ। ਇਸੇ ਲਈ ਬਹੁਤੀਆਂ ਅਰਦਾਸਾਂ ਸ਼ਾਇਦ ਵਾਹਿਗੁਰੂ ਰੱਦੀ ਦੀ ਟੋਕਰੀ ਵਲ ਹੀ ਵਧਾ ਦਿੰਦਾ ਹੈ। ਠੰਢੇ-ਮਿੱਠੇ ਜਲ ਦੀ ਛਬੀਲ 'ਤੇ ਪਾਣੀ ਦਾ ਘੁੱਟ ਭਰਨ ਲੱਗਿਆਂ, ਇਕ ਸ਼ਰੀਫ ਨੇ ਮੂੰਹ ਚੁੱਕ ਵੇਖਿਆ ਕਿ ਇਹ ਤਾਂ ਉਹੀ ਐ ਲਾਲਾ, ਜੀਹਨੂੰ ਕੱਲ੍ਹ ਵਿਆਜ ਦੀ ਕਿਸ਼ਤ ਮੋੜ ਕੇ ਆਇਐਂ ਤੇ ਉਹਨੂੰ ਗਿਲਾਸ ਵਿਚਲਾ ਪਾਣੀ ਆਪਣਾ ਹੀ ਖੂਨ ਲੱਗਣ ਲੱਗ ਪਿਆ ਸੀ। ਯਕੀਨ ਆ ਗਿਆ ਸੀ ਕਿ ਮਨੁੱਖ ਰੱਬ ਨੂੰ ਵੀ ਦਿਖਾਵੇ ਕਰਕੇ ਦਿਖਾਉਣ ਵਿਚ ਮਾਹਿਰ ਹੁੰਦਾ ਜਾ ਰਿਹਾ ਹੈ। ਕਈ ਇਸਤਰੀਆਂ ਨੂੰ 'ਕਰਵਾ ਚੌਥ' ਵਾਲੇ ਦਿਨ ਹੀ ਅਹਿਸਾਸ ਹੁੰਦਾ ਹੈ ਕਿ ਪਤੀ ਵੀ ਪਰਮੇਸ਼ਰ ਹੁੰਦੇ ਨੇ।

ਇਹ ਕਹਾਵਤਾਂ ਤਾਂ ਸੁਣੀਆਂ ਹਨ ਕਿ ਰੱਬ ਜਦੋਂ ਪੈਣ ਲੱਗਦੈ ਤਾਂ ਕਾਂ ਵਾਂਗ ਝਪਟ ਕੇ ਪੈਂਦੇ, ਪਰ ਜਦੋਂ ਦੇਂਦੈ ਤਾਂ ਛੱਪਰ ਪਾੜ ਕੇ। ਪਰ ਇਹ ਛੱਪਰ ਉਨ੍ਹਾਂ ਦਾ ਪਾਟ ਜਾਵੇ, ਜਿਨ੍ਹਾਂ ਦਾ ਛੱਪਰ ਹੋਵੇ ਈ ਨਾ ਤਾਂ ਲੱਗਦਾ ਨਹੀਂ ਕਿ ਰਾਹ ਕਈ ਵਾਰ ਟੇਡੇ ਹੁੰਦੇ ਨਹੀਂ, ਹੋ ਜਾਂਦੇ ਨੇ ਤੇ ਜਿਨ੍ਹਾਂ ਨੂੰ ਤੁਰਨ ਦੀ ਜਾਚ ਆ ਗਈ ਹੋਵੇ, ਉਹ ਸਿੱਧੇ ਤੁਰਨ ਵਿਚ ਔਖ ਮਹਿਸੂਸ ਨਹੀਂ ਕਰਦੇ। ਜੇ ਰੱਬ ਹੈ ਤਾਂ ਫਿਰ ਉਹਦੇ ਕੋਲ ਹੀ ਇਹ ਅਧਿਕਾਰ ਹੈ ਕਿ ਨਿਹੱਕੀ ਕਮਾਈ ਨੂੰ ਵੀ ਹੱਕ 'ਚ ਕਿਵੇਂ ਬਦਲਣਾ ਹੈ। ਮੰਨਦੇ ਹਾਂ ਕਿ ਗਰੀਬਾਂ ਨੂੰ ਕਚਹਿਰੀਆਂ ਵਾਜਾਂ ਮਾਰਦੀਆਂ ਹਨ ਤੇ ਅਦਾਲਤਾਂ ਬੂਹੇ ਢੋਅ ਲੈਂਦੀਆਂ ਹਨ ਪਰ ਗੁਰਜੰਟ ਦੀ ਗੱਲ ਸੁਣ ਕੇ ਲੱਗੇਗਾ ਕਿ ਕਈ ਵਾਰ ਤੇਰਾਂ-ਤੇਰਾਂ ਹੀ ਨਹੀਂ ਤੁਲਦਾ, ਉਹ ਚਾਹੇ ਤਾਂ ਇਸ ਤੋਂ ਵਧ ਵੀ ਤੋਲ ਸਕਦਾ ਹੈ।

ਗੁਰਜੰਟ ਸਿੰਘ ਦੇਖ ਤਾਂ ਟੈਲੀਵੀਜ਼ਨ 'ਤੇ ਕਰਾਈਮ ਰਿਪੋਰਟ ਰਿਹਾ ਸੀ ਪਰ ਖਿੜ-ਖਿੜ ਕੇ ਹੱਸੀ ਜਾ ਰਿਹਾ ਸੀ। ਰਿਪੋਰਟ ਸੀ ਕਿ ਇਕ ਵਪਾਰੀ ਕੋਲੋਂ ਕਰੀਬ ਡੇਢ ਕਰੋੜ ਰੁਪਏ ਲੁੱਟ ਲਏ ਗਏ। ਲੁਟੇਰੇ ਤਾਂ ਫੜ ਲਏ ਗਏ ਸਨ ਪਰ ਲੁੱਟ ਦੀ ਰਕਮ ਬਰਾਮਦ ਨਹੀਂ ਸੀ ਹੋ ਰਹੀ। ਗੁਰਜੰਟ ਨੂੰ ਮੂੰਹ 'ਚ 'ਹਾਏ ਓਏ ਮੇਰਿਆ ਡਾਢਿਆਂ ਰੱਬਾ, ਕਿਨ੍ਹਾਂ ਜੰਮੀਆਂ ਕਿਨ੍ਹਾਂ ਨੇ ਲੈ ਜਾਣੀਆਂ...' ਗੁਣਗੁਣਾਉਂਦਾ ਦੇਖ ਕੇ ਪਤਨੀ ਜੀਤੋ ਨੇ ਵਿਅੰਗ ਕਸਿਆ, 'ਅੱਜ ਦਿਨ ਕਿਧਰੋਂ ਚੜ੍ਹ ਪਿਐ, ਗਾਣੇ ਵੀ ਗਾਉਣੇ ਆ'ਗੇ।'

'ਭਗਤਣੀਏ, ਤੈਨੂੰ ਕੀ ਪਤੈ ਜਿਹੜਾ ਸੂਰਜ ਗੁਰਜੰਟ ਸਿਹੁੰ ਨੇ ਦੱਖਣ 'ਚੋਂ ਚੜ੍ਹਦਾ ਵੇਖਿਐ, ਉਹਦਾ ਬੁੱਲ੍ਹੇ ਵਾਂਙੂ ਮੈਨੂੰ ਈ ਪਤੈ ਕਿ ਤੂੰ ਕੀ ਜਾਣੇ ਮੈਂ ਕੌਣ?'

ਪੁਲਿਸ ਲੁਟੇਰਿਆਂ ਦੇ ਰਿਮਾਂਡ ਵਿਚ ਵਾਧਾ ਕਰਕੇ ਵੀ ਵੇਖ ਚੁੱਕੀ ਸੀ ਪਰ ਪੈਸੇ ਦਾ ਭੇਦ ਨਹੀਂ ਖੁੱਲ੍ਹ ਰਿਹਾ ਸੀ। ਲੁਟੇਰਿਆਂ ਨੇ ਇਹ ਤਾਂ ਦੱਸ ਦਿੱਤਾ ਸੀ ਕਿ ਉਨ੍ਹਾਂ ਨੇ ਪੈਸਿਆਂ ਨੂੰ ਇਕ ਟਰੰਕ 'ਚ ਪਾ ਕੇ ਟਰੇਨ ਦੇ ਇਕ ਡੱਬੇ 'ਚ ਟਿਕਾ ਦਿੱਤਾ ਸੀ, ਜੋ ਪੀਲੀਭੀਤ ਜਾ ਰਹੀ ਸੀ। ਜਿਸ ਸਟੇਸ਼ਨ ਤੋਂ ਉਨ੍ਹਾਂ ਦੇ ਇਕ ਸਾਥੀ ਨੇ ਟਰੰਕ ਚੁੱਕਣਾ ਸੀ, ਬਦਕਿਸਮਤੀ ਨਾਲ ਉਹਦੇ ਸਟੇਸ਼ਨ ਪਹੁੰਚਣ ਤੋਂ ਪਹਿਲਾਂ ਹੀ ਗੱਡੀ ਲੰਘ ਚੁੱਕੀ ਸੀ ਤੇ ਡੇਢ ਕਰੋੜ ਦੀ ਰਕਮ 'ਚੋਂ ਉਨ੍ਹਾਂ ਦੀ ਜੇਬ 'ਚ ਵੀ ਟਕਾ ਨਹੀਂ ਪਿਆ ਸੀ। ਰਕਮ ਦੀ ਬਰਾਮਦਗੀ ਨੂੰ ਲੈ ਕੇ ਪੁਲਿਸ ਕਾਫੀ ਗੰਭੀਰ ਤੇ ਹੈਰਾਨ ਸੀ।

ਅਸਲ ਵਿਚ ਦੁਆਬੇ ਤੋਂ ਉਠ ਕੇ ਸਮੰਦ ਸਿੰਘ ਆਪਣੇ ਪਰਿਵਾਰ ਨਾਲ ਪੀਲੀਭੀਤ ਚਲੇ ਗਿਆ। ਉਥੇ ਉਹਨੇ ਕੋਈ ਦੋ ਸੌ ਏਕੜ ਦੇ ਕਰੀਬ ਜ਼ਮੀਨ ਖਰੀਦੀ। ਉਹਦੇ ਤਿੰਨ ਪੁੱਤਰ ਸਨ-ਹਰੀ ਸਿੰਘ, ਪਾਖਰ ਸਿੰਘ ਤੇ ਛੋਟਾ ਗੁਰਜੰਟ ਸਿੰਘ। ਸਮੰਦ ਸਿੰਘ ਦੇ ਅੱਖਾਂ ਮੀਟਣ ਤੋਂ ਪਿੱਛੋਂ ਘਰ 'ਚ ਬੇ-ਇਤਫਾਕੀ ਨੇ ਦਾਖਲਾ ਲੈ ਲਿਆ। ਔਰਤਾਂ ਦੀ ਖਿੱਚੋਤਾਣ ਵਿਚ ਤਿੰਨੇ ਭਰਾ ਵਾਹਗੇ ਵਾਲੀ ਹੱਦ ਵਾਂਗ ਤਣ ਗਏ। ਗੁਰਜੰਟ ਦੀ ਘਰਵਾਲੀ ਜੀਤੋ ਨੇ ਕਿਹਾ ਕਿ ਇਹ ਦੋਵੇਂ ਜਣੇ ਇਕੋ ਘਰ ਵਿਆਹੇ ਹੋਏ ਨੇ, ਜ਼ਮੀਨ ਇਨ੍ਹਾਂ ਨੂੰ ਦੇ ਕੇ ਪੈਸੇ ਲੈ-ਲੈ। ਅਸੀਂ ਕੋਈ ਹੋਰ ਕਾਰੋਬਾਰ ਦੇਖ ਲਵਾਂਗੇ। ਗੁਰਜੰਟ ਵੀ ਸਹਿਮਤ ਹੋ ਗਿਆ। ਉਹਨੇ ਆਪਣੇ ਹਿੱਸੇ ਦੇ ਕਿਲੇ ਭਰਾਵਾਂ ਨੂੰ ਵੇਚ ਦਿੱਤੇ ਤੇ ਆਪ ਨਵਾਂ ਟਰੱਕ ਲੈ ਕੇ ਵੱਖਰਾ ਧੰਦਾ ਚਲਾਉਣ ਦਾ ਮਨ ਬਣਾ ਲਿਆ।

ਪੈਸੇ ਲੈ ਕੇ ਉਹ ਜਲੰਧਰ ਪਹੁੰਚਿਆ। ਟਰੱਕ ਖਰੀਦਿਆ ਤੇ ਸਤਲੁਜ ਵਾਲਿਆਂ ਨੂੰ ਬਾਡੀ ਲਗਾਉਣ ਲਈ ਦੇ ਦਿੱਤਾ। ਟਰੱਕ ਮੁਕੰਮਲ ਤਿਆਰ ਹੋ ਕੇ ਮਹੀਨੇ ਬਾਅਦ ਮਿਲਣਾ ਸੀ ਪਰ ਗੁਰਜੰਟ ਵਾਪਿਸ ਪੀਲੀਭੀਤ ਨਾ ਗਿਆ। ਇਹ ਸੋਚ ਕੇ ਕਿ ਖਾਲੀ ਹੱਥ ਨਹੀਂ ਪਰਤਣਾ, ਜਾ ਕੇ ਪਹਿਲਾਂ ਜੀਤੋ ਦੇ ਹੱਥ 'ਤੇ ਨਵੇਂ ਟਰੱਕ ਦੀਆਂ ਚਾਬੀਆਂ ਹੀ ਧਰਾਂਗਾ। ਜਿਸ ਦਿਨ ਟਰੱਕ ਤਿਆਰ ਹੋ ਕੇ ਮਿਲਿਆ, ਉਹਨੇ ਪਿਛਾਂਹ ਮੁੜਨ ਨਾਲੋਂ ਗੁਰੂ ਕੀ ਨਗਰੀ ਦੇ ਰਾਹ 'ਚ ਪੈਂਦੇ ਇਕ ਧਾਰਮਿਕ ਅਸਥਾਨ 'ਤੇ ਆਪਣਾ ਤੇ ਟਰੱਕ ਦਾ ਮੱਥਾ ਟਿਕਾਉਣ ਦੀ ਸੋਚੀ। ਇਸੇ ਨੇਹਚਾ ਨਾਲ ਉਸਨੇ ਗਿਆਰਾਂ ਡੱਬੇ ਲੱਡੂਆਂ ਦੇ ਲੈ ਕੇ, ਬਾਬਿਆਂ ਦੀ ਚੌਕੀ ਭਰਨ ਲਈ ਟਰੱਕ ਭਜਾ ਲਿਆ।

ਗ੍ਰੰਥੀ ਸਿੰਘ ਦੇ ਹੱਥ 'ਤੇ ਟਰੱਕ ਦੀ ਚਾਬੀ ਅਤੇ ਗਿਆਰਾਂ ਸੌ ਰੁਪਏ ਰੱਖ ਕੇ ਅਰਦਾਸ ਕਰਨ ਲਈ ਕਿਹਾ ਤੇ ਪਤਾ ਨਹੀਂ ਵਾਹਿਗੁਰੂ ਦੀ ਮਰਜ਼ੀ ਸੀ ਜਾਂ ਗ੍ਰੰਥੀ ਸਿੰਘ ਟਪਲਾ ਖਾ ਗਿਆ। ਉਹਨੇ ਅਰਦਾਸ ਕਰ'ਤੀ ਕਿ ਗੁਰਜੰਟ ਸਿੰਘ ਟਰੱਕ ਗੁਰੂ ਘਰ ਦੀ ਸੇਵਾ ਲਈ ਦਾਨ ਕਰਦੇ ਹਨ। ਇਨ੍ਹਾਂ ਨੂੰ ਚੜ੍ਹਦੀਆਂ ਕਲਾ ਬਖਸ਼ਣੀਆਂ ਤਾਂ ਕਿ ਹੋਰ ਵਧ ਸੇਵਾ ਕਰਦੇ ਰਹਿਣ।

ਇਹ ਸੁਣ ਕੇ ਗੁਰਜੰਟ ਸਿੰਘ ਦੇ ਖਿਸਕ ਗਈ ਪੈਰਾਂ ਹੇਠੋਂ ਜ਼ਮੀਨ ਕਿ ਉਹਨੇ ਤਾਂ ਭਾਈ ਨੂੰ 'ਲੋਹਾ ਰਾਸ ਆਵੇ, ਦੁਰਘਟਨਾ ਤੋਂ ਬਚਾਅ ਹੋਵੇ' ਦੀ ਅਰਦਾਸ ਲਈ ਚਾਬੀਆਂ ਉਹਦੇ ਹੱਥ ਧਰੀਆਂ ਸਨ ਤੇ ਇਹਨੇ ਤਾਂ ਟਰੱਕ ਦਾਨ ਕਰਨ ਦੀ ਅਰਦਾਸ ਹੀ ਕਰ'ਤੀ। ਲੋਕੀਂ ਤਾਂ ਦਸਵੰਧ ਚੜ੍ਹਾਉਂਦੇ ਹਨ, ਉਹਦਾ ਤਾਂ ਰੁਪਈਆ ਈ ਚੜ੍ਹਾ ਦਿੱਤਾ ਗਿਆ ਸੀ।

ਖੈਰ! ਸਿੰਘ ਦਾ ਸਿਦਕ ਜਾਗ ਗਿਆ ਕਿ ਸਿਰ ਜਾਂਦਾ ਜਾਵੇ, ਦਿਹਾੜੀ-ਦੱਪਾ ਕਰਕੇ ਟੱਬਰ ਪਾਲ ਲਵਾਂਗਾ। ਟਰੱਕ ਤਾਂ ਦੇ'ਤਾ ਧਰਮ ਖਾਤੇ ਤੇ ਉਹ ਪ੍ਰਸਾਦ ਲੈ ਕੇ ਵਾਪਿਸ ਲਾਰੀ ਚੜ੍ਹ ਕੇ ਜਲੰਧਰ ਆਪਣੇ ਕਿਸੇ ਦੋਸਤ ਕੋਲ ਆ ਗਿਆ। ਪਰ ਦੱਸਿਆ ਕੁਝ ਨਾ। ਇਹ ਕਹਿ ਕੇ ਕਿ ਹਾਲੇ ਬਾਡੀ ਤਿਆਰ ਹੋਣ ਵਿਚ ਕੁਝ ਦਿਨ ਹੋਰ ਲੱਗਣਗੇ, ਉਹ ਪੀਲੀਭੀਤ ਤੋਂ ਮਹੀਨੇ ਵੀਹ ਦਿਨ ਪਿੱਛੋਂ ਵਾਪਿਸ ਆਵੇਗਾ।

ਸਾਰੀ ਰਾਤ ਅੱਖਾਂ ਵਿਚ ਲੰਘ ਗਈ ਕਿ ਵਾਹਿਗੁਰੂ ਦਾ ਸਿੱਖ ਹੋਣ ਦੇ ਨਾਤੇ ਉਹਨੇ ਆਪਣੇ ਰਿਜ਼ਕ ਦੀ ਕੁਰਬਾਨੀ ਤਾਂ ਦੇ ਦਿੱਤੀ ਹੈ ਪਰ ਘਰ ਨੂੰ ਕਿਹੜਾ ਮੂੰਹ ਲੈ ਕੇ ਜਾਵੇਗਾ? ਕੀ ਦੱਸੇਗਾ ਬੱਚਿਆਂ ਨੂੰ? ਜ਼ਮੀਨ ਵੀ ਨਹੀਂ ਬਚੀ, ਭਾਈ ਸ਼ਰੀਕੇ 'ਚ ਬਦਲ ਗਏ ਨੇ ਤੇ ਗੁਰਜੰਟ ਦੀ ਲੱਗੀ ਵਾਲਿਆਂ ਵਾਂਗ, ਸਾਰੀ ਰਾਤ ਅੱਖ ਨਾ ਲੱਗੀ। ਸਵੇਰੇ ਉਠਿਆ, ਮੂੰਹ ਸਿਰ ਧੋਤਾ, ਚਾਰ ਪਰੌਂਠੇ ਬੈਗ 'ਚ ਪਾਏ ਤੇ ਜਲੰਧਰ ਰੇਲਵੇ ਸਟੇਸ਼ਨ 'ਤੇ ਆ ਗਿਆ। ਟ੍ਰੇਨ 'ਚ ਦੋ ਘੰਟੇ ਬਾਕੀ ਸਨ। ਮਨ ਖਿਆਲਾਂ 'ਚ ਡੁੱਬ-ਡੁੱਬ ਜਾਵੇ ਕਿ ਮੈਂ ਕਿਹੜਾ ਬਾਬੇ ਨਾਨਕ ਵਾਂਗ ਸੱਚਾ ਸੌਦਾ ਕਰਕੇ ਚੱਲਿਆ ਹਾਂ? ਫਿਰ ਸੋਚੇ, ਚਲੋ ਕਈਆਂ ਦਾ ਸੁਨਾਮੀ ਲਹਿਰਾਂ ਤੇ ਭੁਚਾਲਾਂ 'ਚ ਵੀ ਬੜਾ ਕੁਝ ਉਜੜ ਗਿਆ ਹੈ, ਉਹ ਵੀ ਤਾਂ ਜਿਉਂਦੇ ਹੀ ਨੇ। ਪਰ ਭਰਾਵਾਂ ਦੇ ਤਾਅਨਿਆਂ ਦਾ ਡਰ ਹੋਰ ਵੀ ਵੱਢ-ਵੱਢ ਖਾ ਰਿਹਾ ਸੀ।

ਫਿਰ 'ਵੇਖੀ ਜਾਊ, ਜੋ ਹੋਵੇਗਾ' ਸੋਚ ਕੇ ਉਹਨੇ ਸਟੇਸ਼ਨ ਦੇ ਸਾਹਮਣਿਓਂ ਠੇਕੇ ਤੋਂ ਲੀਟਰ ਦੀ ਬੋਤਲ ਲੈ ਲਈ ਕਿ ਚਲੋ ਲੰਬਾ ਸਫਰ ਤਾਂ ਚੰਗਾ ਲੰਘ ਜਾਵੇਗਾ। ਨਿਆਣਿਆਂ ਨੂੰ ਵੀ ਕਹਿ ਦਿਆਂਗਾ ਕਿ ਹਾਲੇ ਬਾਡੀ ਨਹੀਂ ਲੱਗੀ। ਤੇ ਫਿਰ ਟ੍ਰੇਨ ਦੀਆਂ ਚੀਕਾਂ 'ਚ ਬੰਦ ਹੋ ਕੇ ਉਹ ਫਿਕਰਾਂ 'ਚ ਇਕ ਜਮੂਰਾ ਬਣ ਕੇ, ਧੁਆਂਖੀ ਜ਼ਿੰਦਗੀ ਲੈ ਕੇ ਵਸਦੇ ਘਰ 'ਚ ਉਜਾੜਾ ਪਾਉਣ ਲਈ ਤੁਰ ਪਿਆ।

ਪੈਗ 'ਤੇ ਪੈਗ ਗੁਰਜੰਟ ਇਸ ਕਰਕੇ ਲਗਾਈ ਜਾਂਦਾ ਸੀ ਕਿ ਉਹ ਜਾਣਦਾ ਸੀ ਕਿ ਜਿਸ ਸਟੇਸ਼ਨ 'ਤੇ ਉਹਨੇ ਉਤਰਨਾ ਹੈ, ਉਹ ਆਖਰੀ ਹੈ ਤੇ ਉਥੋਂ ਅੱਗੇ ਟ੍ਰੇਨ ਜਾਵੇਗੀ ਹੀ ਨਹੀਂ।

ਕਦੇ ਜਾਗ ਕੇ, ਕਦੇ ਸੌਂ ਕੇ, ਕਦੇ ਸੋਫੀ, ਫਿਰ ਸ਼ਰਾਬੀ ਹਾਲਤ ਵਿਚ ਗੁਰਜੰਟ ਦਾ ਸਫਰ ਗੁਜ਼ਰਦਾ ਗਿਆ। ਏਨੇ ਲੰਬੇ ਸਫਰ 'ਚ ਨਾ ਉਹ ਕਿਸੇ ਨਾਲ ਬੋਲਿਆ, ਨਾ ਹੂੰ ਕਹੀ ਨਾ ਹਾਏ। ਦੋ ਲੀਟਰ ਕੋਕ ਦੀ ਬੋਤਲ 'ਚ ਅੱਧਾ ਕੋਕ ਤੇ ਅੱਧੀ ਸ਼ਰਾਬ ਉਹ ਘੁੱਟਾਂ-ਬਾਟੀ ਪੀਂਦਾ, ਆਖਰੀ ਸਟੇਸ਼ਨ ਤੋਂ ਪਹਿਲਾਂ ਖਾਲੀ ਬੋਤਲ ਬਾਹਰ ਸੁੱਟ ਕੇ ਕਹਿਣ ਲੱਗਾ, 'ਅੱਜ ਸਾਥ ਦੇਣ ਲਈ ਤੇਰਾ ਵੀ ਧੰਨਵਾਦ।' ਤੇ ਕੱਪੜਿਆਂ ਵਾਲੇ ਬੈਗ ਨੂੰ ਸਿਰਹਾਣੇ ਥੱਲੇ ਰੱਖ ਕੇ ਸੌਂ ਗਿਆ। ਤੇ ਫਿਰ ਗੁਰਜੰਟ ਦੀ ਅੱਖ ਉਦੋਂ ਖੁੱਲ੍ਹੀ, ਜਦੋਂ ਰੇਲਵੇ ਪੁਲਿਸ ਦੇ ਇਕ ਕਰਮਚਾਰੀ ਨੇ ਆ ਕੇ ਹਲੂਣਿਆ, 'ਥੋੜ੍ਹੀ ਡੱਫ ਲਿਆ ਕਰੋ, ਅੱਧਾ ਘੰਟਾ ਹੋ ਗਿਆ ਟਰੇਨ ਖਾਲੀ ਹੋਈ ਨੂੰ।' ਤੇ ਗੁਰਜੰਟ ਅੱਖਾਂ ਮਲਦਾ ਬੈਗ ਬਾਂਹ 'ਚ ਪਾ ਕੇ ਹੇਠਾਂ ਉਤਰ ਆਇਆ। ਪੁਲਿਸ ਵਾਲੇ ਨੇ 'ਵਾਜ਼ ਮਾਰ ਕੇ ਕਿਹਾ, 'ਆਹ ਟਰੰਕ ਤੇਰਾ ਪਿਓ ਚੁੱਕੂ ਜਿਹੜਾ ਉਪਰ ਪਿਐ' ਤੇ ਉਹਨੇ ਲਾਹ ਕੇ ਗੁਰਜੰਟ ਦੇ ਹੱਥ ਲਿਆ ਫੜ੍ਹਾਇਆ।

ਅੱਧੇ ਕੁ ਸ਼ਰਾਬੀ ਜਿਹੇ ਗੁਰਜੰਟ ਨੇ ਜਦੋਂ ਟੂਟੀ 'ਤੇ ਪਾਣੀ ਦੇ ਛਿੱਟੇ ਅੱਖਾਂ 'ਤੇ ਮਾਰੇ ਤਾਂ ਉਹਨੂੰ ਚੇਤਾ ਆਇਆ, 'ਇਹ ਟਰੰਕ ਤਾਂ ਸਾਲਾ ਮੇਰਾ ਹੈ ਈ ਨ੍ਹੀ ਸੀ। ਕਿਤੇ ਵਿਚ ਬੰਬ ਨਾ ਹੋਵੇ, ਬੰਬਾਂ ਵਾਲਾ ਮਸਾਲਾ ਨਾ ਹੋਵੇ' ਤੇ ਸਟੇਸ਼ਨ 'ਤੇ ਬਣੇ ਪੁਲਿਸ ਥਾਣੇ ਵਲ ਜਾਂਦਾ ਜਾਂਦਾ ਫਿਰ ਮੁੜ ਆਇਆ, 'ਇਨ੍ਹਾਂ ਸਾਲਿਆਂ ਨੇ ਕਿਹੜਾ ਕਿਸੇ ਨੂੰ ਦੇਣੈ, ਜੀਹਦਾ ਵਿਚ ਥਹੁ ਪਤਾ ਹੋਊ, ਪੁਜਾ ਦਿਆਂਗੇ ਉਥੇ। ਜੇ ਸਾਲਾ ਬੰਬ ਵੀ ਹੋਇਆ ਤਾਂ ਚੱਲ ਜੂ, ਪਹਿਲਾਂ ਕਿਹੜਾ ਜਿਉਂਦਾ ਘਰ ਨੂੰ ਚੱਲਿਐਂ.. ਲਾਸ਼ ਈ ਐ।'

ਤੇ ਫਿਰ ਉਹਨੇ ਸਣੇ ਬੈਗ ਤੇ ਟਰੰਕ ਦੇ ਟ੍ਰੇਨ ਤੋਂ ਅੱਗੇ, ਪਹਿਲਾਂ ਦੋ ਘੰਟੇ ਬੱਸ ਦਾ ਸਫਰ ਕੀਤਾ, ਫਿਰ ਅੱਧਾ ਕੁ ਘੰਟਾ ਟੈਂਪੂ ਦਾ ਤੇ ਫਿਰ ਮੀਲ ਕੁ ਅੱਗੇ ਤੁਰ ਕੇ ਜਾਣਾ ਪੈਣਾ ਸੀ। ਹੱਥ 'ਚ ਟਰੰਕ ਤੇ ਮੋਢੇ ਬੈਗ। ਮਨ 'ਚ ਖਿਆਲ ਆਉਣ ਕਿ ਜੁਆਕ ਕੀ ਸੋਚਣਗੇ? ਇਹੋ ਪਈ ਭਾਪਾ ਗਿਆ ਤਾਂ ਟਰੱਕ ਲੈਣ ਸੀ, ਚੁੱਕੀ ਟਰੰਕ ਆਉਂਦੈ।

ਅੱਧ ਕੁ ਜਿਹੇ 'ਚ ਜਾ ਕੇ ਗੁਰਜੰਟ ਨੇ ਸੋਚਿਆ, 'ਦੇਖ ਤਾਂ ਲਈਏ ਇਹਦੇ 'ਚ ਹੈ ਕੀ?' ਤੇ ਨਿੱਕੀ ਜਿਹੀ ਜਿੰਦੀ 'ਤੇ ਮਾਰਿਆ ਵੱਟਾ, ਅਹੁ ਗਈ ਟੁੱਟ ਕੇ। ਟਰੰਕ ਦਾ ਕੁੰਡਾ ਖੋਲ੍ਹਿਆ ਤਾਂ ਅੱਖਾਂ ਤੇ ਦਿਮਾਗ, ਤਾਲੂਏ ਨਾਲ ਜਾ ਲੱਗੇ 'ਕੱਠੇ। ਨੋਟ ਹੀ ਨੋਟ ਜਿਵੇਂ ਕਿਸੇ ਨੇ ਤੂੜੀ ਵਾਲਾ ਕੋਠਾ ਭਰਤਾ ਹੋਏ। ਚਾਲ ਬਦਲ ਗਈ, ਛਾਲਾਂ ਮਾਰਦਾ ਘਰ ਪਹੁੰਚਿਆ, ਟਰੰਕ ਟਿਕਾਇਆ ਚੁਬਾਰੇ 'ਤੇ। ਪੰਦਰਾਂ ਦਿਨਾਂ ਬਾਅਦ ਨਵਾਂ ਟਰੱਕ ਲੈ ਲਿਆ। ਫਿਰ ਕਿਸੇ ਹੋਰ ਸ਼ਹਿਰ 'ਚ ਟਰੱਕ ਪਾ ਲਏ ਤੇ ਮਹੀਨਿਆਂ 'ਚ ਵੱਡਾ ਟ੍ਰਾਂਸਪੋਰਟਰ ਬਣ ਗਿਆ।

ਗੋਡਿਆਂ ਪਰਨੇ ਹੋ ਕੇ ਵਾਹਿਗੁਰੂ ਦਾ ਸ਼ੁਕਰਾਨਾ ਕਰੇ ਕਿ ਲਏ ਤਾਂ ਪੰਦਰਾਂ ਕੁ ਲੱਖ ਸਨ ਪਰ ਮੋੜ'ਤੇ ਇਕ ਕਰੋੜ ਸਤਵੰਜਾ ਲੱਖ। ਸੱਚਿਆ ਪਾਤਸ਼ਾਹ, ਤੇਰਾ ਦਸਵੰਧ ਵਾਲਾ ਹਿਸਾਬ ਠੀਕ ਈ ਹੈ, ਅਸੀਂ ਹੀ ਗੁਣਾ-ਘਟਾਓ 'ਚ ਫਸ ਜਾਨੇ ਆ।

ਟੈਲੀਵੀਜ਼ਨ 'ਤੇ ਕਰਾਈਮ ਰਿਪੋਰਟ ਸੁਣ ਕੇ ਗੁਰਜੰਟ ਨੂੰ ਇਹ ਨਹੀਂ ਸਮਝ ਆ ਰਹੀ ਸੀ ਕਿ ਹੁਣ ਪੁਲਿਸ ਦੇ ਖਾਨੇ ਕਿਵੇਂ ਪਾਵੇ ਕਿ ਉਸ ਰਕਮ ਦਾ ਖਾਤਾ ਧਰਮ ਰਾਜ ਨੇ ਕਦੋਂ ਦਾ ਉਹਦੇ ਨਾਂ ਕਰ ਦਿੱਤਾ ਹੈ।

## ਜਰਾ ਹਟ ਕੇ -ਮਨਵੀਰ

### ਗਾਇਕਾ ਦਾ ਵਿਆਹ

ਕਈ ਸਾਲ ਪਹਿਲਾਂ ਲੁਧਿਆਣੇ ਦੇ ਇਕ ਪੈਟਰੋਲ ਪੰਪ 'ਤੇ "ਛੱਲੇ-ਮੁੰਦੀਆਂ" ਗੀਤ ਨਾਲ ਸਰੋਤਿਆਂ ਦੇ ਚੇਤਿਆਂ 'ਚ ਵੱਸਿਆ ਗਾਇਕ ਸੁਖਵਿੰਦਰ ਪੰਛੀ ਆਪਣੀ ਗੱਡੀ ਵਿਚ ਤੇਲ ਪੁਆ ਰਿਹਾ ਸੀ। ਉਸੇ ਪੈਟਰੋਲ ਪੰਪ 'ਤੇ ਪੈਟਰੋਲ ਪੁਆਉਣ ਲਈ ਰੁਕੀ ਗੱਡੀ ਵਿਚੋਂ ਲਾਲ ਚੂੜਾ ਪਹਿਨੀ ਦੋ-ਗਾਣੇ ਗਾਉਣ ਵਾਲੀ ਇਕ ਪੰਜਾਬੀ ਗਾਇਕਾ ਉਤਰੀ। ਉਸ ਝੱਟ ਪੰਛੀ ਨੂੰ ਵੇਖ ਕੇ ਨਿਹੋਰਾ ਦਿੱਤਾ, "ਵੇ ਤੂੰ ਮੇਰੇ ਵਿਆਹ 'ਤੇ ਨ੍ਹੀਂ ਆਇਆ। ਉਚੇਚਾ ਤੇਰੇ ਘਰ ਵਿਆਹ ਦਾ ਕਾਰਡ ਦੇਣ ਗਈ ਸੀ।"

"ਮਾਫੀ ਚਾਹਾਂਗਾ, ਅਗਲੀ ਵੇਰ ਆ ਜਾਂ'ਗੇ।"

"ਮੇਰਾ ਵਿਆਹ-ਮੁਕਲਾਵਾ 'ਕੱਠਾ ਹੀ ਹੋਇਐ। ਫੇਰ ਦਾ ਕੀ ਮਤਲਬ?" ਬੀਬੀ ਬੋਲੀ ਤੇ ਫਿਰ ਆਪਣੀ ਗੱਡੀ ਵਿਚ ਤੇਲ ਪੁਆਉਣ ਵਿਚ ਰੁਝ ਗਈ।

ਤੇ ਅੱਜ ਕੱਲ੍ਹ ਉਹ ਗਾਇਕਾ ਵਿਦੇਸ਼ਾਂ ਵਿਚ ਰਹਿੰਦੀ ਹੈ। ਪੰਛੀ ਉਹਦੇ ਦੋ ਵਿਆਹਾਂ ਵਿਚ ਜਾ ਆਇਆ। ਤਿੰਨ ਭਾਪਿਆਂ ਤੋਂ ਤਿੰਨ ਜੁਆਕ ਨੇ। ਤੇ ਹੁਣ ਖਬਰ ਮਿਲੀ ਹੈ ਕਿ ਪੰਛੀ ਉਸ ਦੇ ਅਗਲੇ ਵਿਆਹ 'ਤੇ ਸ਼ਗਨ ਪਾਉਣ ਨਹੀਂ ਸਗੋਂ ਗਾਉਣ ਜਾ ਰਿਹੈ।



## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਹਾਏ ਮਹਿੰਗਾਈ!

ਮਾੜੇ ਬੰਦੇ ਦੇ ਲੱਕ ਨੂੰ ਜਰਕ ਆ ਗਈ, ਵਿਚ ਹੌਕਿਆਂ ਦੇ ਚੜ੍ਹੇ ਸਵੇਰ ਸਾਈਆਂ।
ਟਮਾਟਰ ਅੱਸੀਆਂ ਨੂੰ ਕਿੱਲੋ ਵਿਕਣ ਲੱਗੇ, ਕਿੱਡਾ ਦਿਨੇ ਹੀ ਪੈ ਗਿਆ ਨ੍ਹੇਰ ਸਾਈਆਂ।
ਗੋਭੀ, ਗੰਢੇ ਤੇ ਆਲੂਆਂ ਨੂੰ ਅੱਗ ਪੈ ਗਈ, ਦਿਹਾੜੀਦਾਰ ਦੀ ਨਿਕਲ ਗਈ ਲੇਰ ਸਾਈਆਂ।
ਕਿਵੇਂ ਭੂਤਰਿਆ ਭੂਤਨਾ ਆਏ ਕਾਬੂ, ਲੋਕੀ ਚੁਬਾਰੇ 'ਚ ਭੰਨਣ ਲਲੇਰ ਸਾਈਆਂ।
ਲੀਡਰ ਥੁੱਕ ਨਾਲ ਬੜੇ ਪਕਾਉਣ ਲੱਗ ਪਏ, ਲਾ ਕੇ ਲਾਰਿਆਂ ਦੇ ਉਚੜੇ ਢੇਰ ਸਾਈਆਂ।
ਕਿਤੋਂ ਬਹੁੜ, ਗਰੀਬ ਦਾ ਫੜ੍ਹ ਪੱਲਾ, ਨੱਥ ਪਾ ਮਹਿੰਗਾਈ ਨੂੰ ਘੇਰ ਸਾਈਆਂ।
ਆ ਕੇ ਬੁਲਬੁਲਾਂ ਦੇ ਅੱਥਰੂ ਪੂੰਝ ਹੱਥੀਂ, ਚੁੱਲ੍ਹੇ ਮੂਢ ਜੋ ਰਹੀਆਂ ਨੇ ਕੇਰ ਸਾਈਆਂ।
ਚਲੋ ਦੇਰ ਤਾਂ ਘਰੇ ਤੇਰੇ ਆਈ ਹੁੰਦੀ, ਪੈਂਦਾ ਵੇਖਿਆ ਨਹੀਂ ਅੰਧੇਰ ਸਾਈਆਂ।
ਦੇ ਲੀਡਰਾਂ ਦੇ ਗਲ ਵਿਚ ਠੋਕ 'ਗੂਠਾ, ਮੁਲਕ ਮੇਰੇ 'ਤੇ ਕਰ ਦੇ ਮਿਹਰ ਸਾਈਆਂ।
ਮੱਝ ਸੂ ਪਈ ਕੱਢੀਏ ਕਿਵੇਂ ਧਾਰਾਂ, ਜਦੋਂ ਤੱਕ ਨਾ ਪਵੇਗੀ ਜੇਰ ਸਾਈਆਂ।

# ਸੂਫੀ ਦਰਵੇਸ਼ ਬਾਬਾ ਫਰੀਦ ਦਾ ਜੀਵਨ ਤੇ ਰਮਜ਼ਾਂ

**–ਹਰਪਾਲ ਸਿੰਘ ਪੰਨੂੰ**

ਬਾਬਾ ਫਰੀਦ ਦੀ ਪਰਿਵਰਸ਼ ਚੰਗੇ ਸਰਦੇ-ਪੁਜਦੇ ਅਮੀਰ ਖਾਨਦਾਨ ਵਿਚ ਹੋਈ। ਉਨ੍ਹਾਂ ਦੇ ਪਿਤਾ ਅਤੇ ਬਾਬਾ ਜੀ ਗਜ਼ਨੀ ਅਤੇ ਕੰਧਾਰ ਵਿਚ ਜੱਜ ਸਨ। ਅਫਗਾਨਿਸਤਾਨ ਵਿਚ ਹਾਲਾਤ ਖਰਾਬ ਹੋ ਗਏ ਤਾਂ ਇਸ ਪਰਿਵਾਰ ਨੇ ਹਿੰਦੁਸਤਾਨ ਦਾ ਰੁਖ ਕੀਤਾ। ਇਧਰ ਵੀ ਰਾਜਸੀ ਉਥਲ ਪੁਥਲ ਦਾ ਦੌਰ ਚਲ ਰਿਹਾ ਸੀ। ਚੜ੍ਹਦੀ ਜੁਆਨੀ ਵਿਚ ਉਨ੍ਹਾਂ ਨੇ ਗਜ਼ਨਵੀ ਹਕੂਮਤ ਦਾ ਪਤਨ ਤੇ ਗੌਰੀ ਹਕੂਮਤ ਦੀ ਚੜ੍ਹਤ ਦੇਖੀ, ਢਲਦੀ ਉਮਰ ਵਿਚ ਗੌਰੀਆਂ ਦਾ ਪਤਨ ਤੇ ਗੁਲਾਮ ਬੰਸ ਦੀ ਚੜ੍ਹਤ ਦੇਖੀ। ਤੁਰਕ ਆਏ, ਮੰਗੋਲ ਆਏ, ਹਕੂਮਤਾਂ ਸਥਾਪਤ ਕੀਤੀਆਂ, ਆਪੋ-ਆਪਣੇ ਨਗਾਰੇ ਵਜਾ ਕੇ ਚਲੇ ਗਏ। ਤਾਕਤ ਦੀ ਇਸ ਜੋਰ ਅਜਮਾਈ, ਸ਼ਾਨੋ-ਸ਼ੌਕਤ ਤੇ ਖ਼ੂੰਖਾਰ ਟੱਕਰ ਵਿਚ ਬਾਬਾ ਫਰੀਦ ਅਤੇ ਉਨ੍ਹਾਂ ਦੇ ਮੁਰੀਦ ਇਸ ਸਭ ਕੁਝ ਤੋਂ ਬੇਖਬਰ, ਬੇਪ੍ਰਵਾਹ ਬੰਦਗੀ ਵਿਚ ਆਪਣੇ ਦਿਨ ਗੁਜ਼ਾਰਦੇ। ਇਨ੍ਹਾਂ ਦੀਆਂ ਖਾਨਗਾਹਾਂ 'ਤੇ ਅਮੀਰ-ਗਰੀਬ, ਦਾਤੇ-ਮੰਗਤੇ, ਮੁਸਲਮਾਨ-ਹਿੰਦੂ ਹਰ ਵਰਗ ਦੇ ਲੋਕ ਆਉਂਦੇ, ਆਪੋ-ਆਪਣੀ ਅਰਦਾਸ ਕਰਕੇ ਪਰਤ ਜਾਂਦੇ। ਹਰੇਕ ਲੋੜਵੰਦ ਨੂੰ ਅਸੀਸ ਅਤੇ ਧਰਵਾਸ ਮਿਲਦਾ। ਬਾਦਸ਼ਾਹਾਂ ਨੇ ਕਿਲੇ ਅਤੇ ਮਹਿਲ ਬਣਵਾਏ। ਹੁਣ ਜਦੋਂ ਇਨ੍ਹਾਂ ਪੁਰਾਣੇ ਮਹਿਲਾਂ ਨੂੰ ਦੇਖਣ ਜਾਂਦੇ ਹਾਂ, ਉਥੇ ਚਮਗਿੱਦੜਾਂ ਅਤੇ ਕਬੂਤਰਾਂ ਦਾ ਵਾਸਾ ਹੈ, ਮੌਤ ਦਾ ਸਨਾਟਾ ਸਾਹਮਣੇ ਦਿਖਾਈ ਦਿੰਦਾ ਹੈ। ਫਕੀਰਾਂ ਦੇ ਮਕਬਰਿਆਂ ਉਪਰ ਜਾਉ, ਕੱਵਾਲ ਗਾ ਰਹੇ ਹਨ, ਦਾਨੀ ਲੋਕ ਲੰਗਰ ਵਰਤਾ ਰਹੇ ਹਨ, ਲੋੜਵੰਦ ਖਾ ਰਹੇ ਹਨ, ਅਸੀਸਾਂ ਦੇ ਰਹੇ ਹਨ। ਚਾਹੀਦਾ ਤਾਂ ਇਹ ਸੀ ਕਿ ਮਹਿਲਾਂ ਵਿਚ ਜ਼ਿੰਦਗੀ ਦਿਸਦੀ ਤੇ ਕਬਰਾਂ ਉਪਰ ਮੌਤ। ਪਰ ਹੋ ਉਲਟ ਰਿਹਾ ਹੈ, ਕਬਰ ਉਪਰ ਜ਼ਿੰਦਗਾਨੀ ਦੀ ਖੈਰ ਮੰਗੀ ਜਾ ਰਹੀ ਹੈ, ਸੁੱਖਣਾ ਸੁੱਖੀਆਂ ਜਾ ਰਹੀਆਂ ਹਨ, ਪੁਰਾਣੀਆਂ ਸੁੱਖਾਂ ਦੀ ਪੂਰਤੀ ਹੋਣ ਸਦਕਾ ਸ਼ੁਕਰਾਨਾ ਕਰਨ ਵਾਸਤੇ ਕਾਫਲੇ ਜਾ ਰਹੇ ਹਨ।

ਜਿਨ੍ਹਾਂ ਭਰੋਸੇਯੋਗ ਗ੍ਰੰਥਾਂ ਵਿਚੋਂ ਬਾਬਾ ਜੀ ਦੇ ਬਚਨ ਪ੍ਰਾਪਤ ਹੁੰਦੇ ਹਨ, ਉਨ੍ਹਾਂ ਵਿਚੋਂ ਪ੍ਰਥਮ ਗੁਰੂ ਗ੍ਰੰਥ ਸਾਹਿਬ ਹਨ। ਗੁਰੂ ਨਾਨਕ ਦੇਵ ਜੀ ਜਦੋਂ ਏਸ਼ੀਆ ਦਾ ਭਰਮਣ ਕਰ ਰਹੇ ਸਨ, ਤਦ ਉਹ ਸੂਫੀਆਂ ਦੀਆਂ ਖਾਨਗਾਹਾਂ ਵਿਚ ਰੁਕਦੇ, ਸੰਵਾਦ ਰਚਾਉਂਦੇ ਤੇ ਜਿਥੋਂ ਕਿਤੋਂ ਬਾਬਾ ਫਰੀਦ ਦੀ ਬਾਣੀ ਹਾਸਲ ਹੁੰਦੀ, ਪ੍ਰਾਪਤ ਕਰਦੇ। ਜਨਮਸਾਖੀਆਂ ਵਿਚ ਹਵਾਲੇ ਹਨ ਕਿ ਗੁਰੂ ਨਾਨਕ ਦੇਵ ਜੀ ਬਾਬਾ ਫਰੀਦ ਦੀ ਬਾਣੀ ਦਾ ਗਾਇਨ ਕਰਦੇ। ਦੂਜੀ ਭਰੋਸੇਯੋਗ ਕਿਤਾਬ 'ਫਾਇਦੁਲਫਵਾਦ' ਹੈ। ਬਾਬਾ ਫਰੀਦ ਦੇ ਉਤਰ-ਅਧਿਕਾਰੀ ਸ਼ੇਖ ਨਿਜ਼ਾਮਉਦੀਨ ਔਲੀਆ, ਅਪਣੇ ਪ੍ਰਵਚਨਾ ਦੌਰਾਨ ਵਧੇਰੀਆਂ ਗੱਲਾਂ ਬਾਬਾ ਫਰੀਦ ਜੀ ਦੀਆਂ ਸੁਣਾਉਂਦੇ। ਉਨ੍ਹਾਂ ਦਾ ਇਕ ਸ਼ਰਧਾਲੂ ਅਮੀਰ ਹਸਨ ਸਿਜਜ਼ੀ ਅਜਿਹੇ ਮੌਕੇ ਅਪਣੇ ਕੋਲ ਕਲਮ, ਦਵਾਤ ਤੇ ਕਾਪੀ ਰੱਖਦਾ। ਨੇੜੇ ਬੈਠਾ ਨੋਟ ਕਰਦਾ ਜਾਂਦਾ। ਸ਼ੇਖ ਸਾਹਿਬ ਨੇ ਇਕ ਦਿਨ ਪੁੱਛਿਆ ਕਿ ਇਹ ਕੀ ਲਿਖ ਰਹੇ ਹੋ ਤਾਂ ਹਸਨ ਨੇ ਦੱਸ ਦਿੱਤਾ। ਇਸ ਪਿਛੋਂ ਤਾਂ ਸ਼ੇਖ ਸਾਹਿਬ ਵਧੀਕ ਚੇਤੰਨ ਹੋ ਕੇ ਸਹਿਜੇ-ਸਹਿਜੇ ਬੋਲਦੇ ਤਾਂ ਕਿ ਜਾਣਕਾਰੀ ਅਧੂਰੀ ਨਾ ਰਹਿ ਜਾਵੇ। ਦੇਖਿਆ ਕਿ ਕਿਤੇ-ਕਿਤੇ ਸਫ਼ਿਆਂ ਵਿਚਕਾਰ ਖਾਲੀ ਥਾਂ ਪਈ ਹੈ, ਹਸਨ ਨੇ ਦੱਸਿਆ, "ਜੀ, ਇਹ ਮੈਂ ਨੋਟ ਨਹੀਂ ਕਰ ਸਕਿਆ, ਸੋਚਿਆ ਜਦੋਂ ਤੁਹਾਡੇ ਪਾਸ ਫੁਰਸਤ ਹੋਈ, ਪੂਰੀ ਕਰ ਲਵਾਂਗਾ।" ਸ਼ੇਖ ਸਾਹਿਬ ਨੇ ਇਹ ਖਾਲੀ ਥਾਵਾਂ ਪੂਰੀਆਂ ਕਰਵਾਈਆਂ। ਬੇਸ਼ਕ ਵਧੀਕ ਸਮਾਂ ਬੀਤ ਜਾਣ ਕਾਰਨ, 'ਫਾਇਦੁਲਫਵਾਦ' ਦੀਆਂ ਵੀ ਕਈ ਜਿਲਦਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਵਖਰੇਵੇਂ ਹਨ, ਤਾਂ ਵੀ ਖਲਿਕ ਅਹਿਮਦ ਨਿਜ਼ਾਮੀ ਵਲੋਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਸੰਭਾਲੇ ਖਰੜੇ ਭਰੋਸੇਯੋਗ ਹਨ। ਨਿਜ਼ਾਮੀ ਜੀ ਨੇ 'ਖੈਰੁਲ ਮਜਾਲਿਸ' ਕਿਤਾਬ ਨੂੰ ਸੰਪਾਦਿਤ ਕਰਕੇ ਛਪਵਾਇਆ। ਪ੍ਰੋ. ਪ੍ਰੀਤਮ ਸਿੰਘ ਨੇ 'ਖੈਰੁਲ ਮਜਾਲਿਸ' ਨੂੰ ਆਧਾਰ ਬਣਾ ਕੇ 'ਸ਼੍ਰੇਸ਼ਟ ਗੋਸ਼ਟਾ' ਅਤੇ 'ਫਾਇਦੁਲਫਵਾਦ' ਦੇ ਆਧਾਰ 'ਤੇ 'ਦਿਲਾਂ ਲਈ ਰਾਹਤ' ਕਿਤਾਬਾਂ ਰਚੀਆਂ। ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਹੋਈਆਂ। 'ਸੀਅਰੁਲ ਔਲੀਆ' ਕਿਤਾਬ ਪੰਜਾਬੀ ਜ਼ੁਬਾਨ ਵਿਚ ਨਹੀਂ ਆਈ। 'ਖੈਰੁਲ ਮਜਾਲਿਸ', ਸ਼ੇਖ ਨਸੀਰੁੱਦੀਨ ਮਹਿਮੂਦ ਚਿਰਾਗਿ ਦਿੱਲੀ ਜੋ ਅਵਧ ਦੇ ਵਾਸੀ ਸਨ ਤੇ ਸ਼ੇਖ ਨਿਜ਼ਾਮੁੱਦੀਨ ਦੇ ਵਿਦਿਆਰਥੀ, ਨੇ ਲਿਖੀ। ਨਸੀਰੁਦੀਨ ਦਾ ਮੁਕਾਮ ਵੱਡੇ ਫਕੀਰਾਂ ਵਿੱਚ ਆਉਂਦਾ ਹੈ। 'ਸੀਅਰੁਲ ਅੱਲੀਆ', ਸੱਯਦ ਮੁਹੰਮਦ ਬਿਨ ਮੁਬਾਰਕ ਕਿਰਮਾਨੀ ਦੀ ਰਚਨਾ ਹੈ। ਕਿਰਮਾਨੀ ਦੇ ਬਾਬਾ ਅਤੇ ਪਿਤਾ ਜੀ ਸ਼ੇਖ ਫਰੀਦ ਦੇ ਬਹੁਤ ਨਜ਼ਦੀਕੀ ਸੇਵਾਦਾਰ ਸਨ। ਬਾਬਾ ਫਰੀਦ ਜੀ ਦੀਆਂ ਨਿੰਜੀ ਘਰੇਲੂ ਜ਼ਿੰਮੇਵਾਰੀਆਂ ਨਿਭਾਉਣੀਆਂ ਇਹਨਾਂ ਦਾ ਫਰਜ਼ ਸੀ। ਅਪਣੇ ਬਜ਼ੁਰਗਾਂ ਤੋਂ ਭਰੋਸੇਯੋਗ ਸਮੱਗਰੀ ਇਕੱਤਰ ਕਰਕੇ ਇਹ ਕਿਤਾਬ ਰਚੀ ਗਈ।

ਬਾਬਾ ਫਰੀਦ ਦੇ ਦਾਦਾ ਕਾਜ਼ੀ ਸ਼ੁਏਬ ਕਾਬਲ ਤੋਂ ਹਿਜਰਤ ਕਰਕੇ 1157 ਈਸਵੀ ਵਿਚ ਲਾਹੌਰ ਆ ਗਏ। ਥੋੜਾ ਸਮਾਂ ਲਾਹੌਰ ਰੁਕ ਕੇ ਕਸੂਰ ਚਲੇ ਗਏ। ਕਸੂਰ ਦੇ ਕਾਜ਼ੀ ਨੂੰ ਜਦੋਂ ਪਤਾ ਲੱਗਾ ਕਿ ਬਹੁਤ ਉਚੇ ਖਾਨਦਾਨ ਦਾ ਪਰਿਵਾਰ ਇਸ ਵਕਤ ਜ਼ਰੂਰਤਵੰਦ ਹੈ, ਉਸਨੇ ਸੁਲਤਾਨ ਪਾਸ ਗੱਲ ਕੀਤੀ। ਸੁਲਤਾਨ ਨੇ ਉਨ੍ਹਾਂ ਨੂੰ ਸੱਦ ਕੇ ਸਤਿਕਾਰ ਦਿੰਦਿਆਂ ਪੁੱਛਿਆ, "ਦੱਸੋ, ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ।" ਸ਼ੁਏਬ ਨੇ ਕਿਹਾ, "ਜੋ ਜੋ ਅਸਾਂ ਤੋਂ ਖੁੱਸ ਚੁੱਕਾ ਹੈ, ਉਹ ਦੁਬਾਰਾ ਹਾਸਲ ਕਰਨ ਦੀ ਇੱਛਾ ਨਹੀਂ ਹਜ਼ੂਰ। ਅਮਨਚੈਨ ਨਾਲ ਦਿਨ ਕਟੀ ਕਰਨ ਦੇ ਖਾਹਸ਼ਵੰਦ ਹਾਂ।" ਅਜਿਹਾ ਫਕੀਰਾਨਾ ਉਤਰ ਸੁਣਕੇ ਸੁਲਤਾਨ ਦੇ ਦਿਲ ਵਿਚ ਹੋਰ ਸਤਿਕਾਰ ਵਧ ਗਿਆ ਤੇ ਉਨ੍ਹਾਂ ਨੂੰ ਕੋਠੇਵਾਲ ਰਿਹਾਇਸ਼ ਦੇ ਕੇ ਕਾਜ਼ੀ (ਜੱਜ) ਨਿਯੁਕਤ ਕੀਤਾ।

ਕਾਜ਼ੀ ਦੇ ਤਿੰਨ ਬੇਟੇ ਸਨ। ਵੱਡਾ ਇਜ਼ੁੱਦੀਨ ਮਹਿਮੂਦ ਸੀ, ਵਿਚਕਾਰਲਾ ਜਮਾਲੁੱਦੀਨ ਸੁਲੇਮਾਨ ਤੇ ਛੋਟਾ ਨਜੀਬੁੱਦੀਨ ਮੁਹੰਮਦ ਸੀ। ਬਾਬਾ ਫਰੀਦ ਵਿਚਕਾਰਲੇ ਜਮਾਲੁੱਦੀਨ ਦਾ ਬੇਟਾ ਸੀ। ਮਾਂ ਦਾ ਨਾਮ ਬੀਬੀ ਕਰਸੁਮ ਸੀ। ਦਾਦਾ ਸ਼ੁਏਬ ਕਾਬਲ ਦੇ ਬਾਦਸ਼ਾਹ ਫਰੁੱਖ ਸ਼ਾਹ ਦੇ ਬੜਾ ਕਰੀਬੀ ਸੀ। ਸੁਲਤਾਨ ਸ਼ਹਾਬੁੱਦੀਨ ਗੌਰੀ, ਜਮਾਲੁੱਦੀਨ ਦਾ ਮਾਮਾ ਸੀ। ਦਿੱਲੀ ਦੇ ਸੁਲਤਾਨ ਗੌਰੀ ਦਾ ਸਮਾਂ 1175 ਤੋਂ 1265 ਈਸਵੀ ਤੱਕ ਦਾ ਹੈ।

ਮਾਂ ਕਰਸੁਮ ਬੜੀ ਨੇਕਬਖ਼ਤ ਧਰਮੀ ਬੀਬੀ ਸੀ, ਜੋ ਦਾਨਪੁੰਨ ਕਰਦੀ, ਦੇਰ ਤੱਕ ਨਮਾਜ਼ ਪੜ੍ਹਦੀ ਰਹਿੰਦੀ। ਗੋਦ ਵਿਚ ਫਰੀਦ ਨੂੰ ਬਿਠਾਈ, ਨਮਾਜ਼ ਦੀ ਸਮਾਪਤੀ ਉਪਰੰਤ ਅਰਦਾਸ ਕਰਦੀ, "ਹੇ ਪਰਵਰਦਗਾਰ, ਅਸੀਂ ਜਿਸਦੇ ਹੱਕਦਾਰ ਨਹੀਂ ਸਾਂ, ਉਹ ਸਨਮਾਨ ਤੇ ਇੱਜ਼ਤਾਂ ਪ੍ਰਾਪਤ ਹੋਈਆਂ। ਅਸੀਂ ਤੇਰਾ ਕਰਜ਼ ਨਹੀਂ ਉਤਾਰ ਸਕਦੇ। ਹੇ ਪਿਤਾ, ਫਰੀਦ ਨੂੰ ਏਸ ਕਾਬਲ ਬਣਾ ਕਿ ਇਹ ਤੇਰਾ ਕਰਜ਼ ਬੰਦਗੀ ਰਾਹੀਂ ਉਤਾਰੇ। ਇਸ ਬੀਬੀ ਦੀ ਸਖਸ਼ੀਅਤ ਨਾਲ ਕਈ ਕਰਾਮਾਤੀ ਸਾਖੀਆਂ ਜੁੜੀਆਂ ਹੋਈਆਂ ਹਨ। ਰਾਤ ਨੂੰ ਚੋਰੀ ਕਰਨ ਚੋਰ ਘਰ ਅੰਦਰ ਦਾਖਲ ਹੋਇਆ ਤਾਂ ਅੰਨ੍ਹਾ ਹੋ ਗਿਆ। ਬਾਹਰ ਜਾਣ ਦਾ ਰਾਹ ਨਾ ਲੱਭੇ। ਬੀਬੀ ਕਰਸੁਮ ਨੇ ਕਿਹਾ, "ਵਾਅਦਾ ਕਰ ਕਿ ਅਗੋਂ ਤੋਂ ਨੇਕ-ਚਲਣੀ ਨਾਲ ਦਿਨ ਬਿਤਾਏਂਗਾ ਤਾਂ ਠੀਕ ਹੋ ਜਾਏਂਗਾ। ਵਾਅਦਾ ਕਰਨ ਤੇ ਚੋਰ ਦੀ ਨਜ਼ਰ ਪਰਤ ਆਈ।



ਦਿੱਲੀ ਜਾਂਦਿਆਂ ਹੋਇਆਂ ਪ੍ਰਸਿਧ ਫਕੀਰ ਸ਼ੇਖ ਜਲਾਲੁੱਦੀਨ ਤਬਰੇਜ਼ੀ ਕੋਠੇਵਾਲ ਵਿਚੋਂ ਦੀ ਲੰਘਿਆ। ਇਹ ਖ਼ੁਆਜਾ ਕੁਤੁਬੁੱਦੀਨ ਬਖ਼ਤਿਆਰ ਕਾਕੀ ਦਾ ਮਿੱਤਰ ਸੀ। ਉਸਨੇ ਪੁੱਛਿਆ, "ਕੀ ਇਥੇ ਕੋਈ ਪੁੱਜਿਆ ਹੋਇਆ ਦਰਵੇਸ਼ ਵੀ ਹੈ?" ਲੋਕਾਂ ਨੇ ਕਿਹਾ, "ਨਹੀਂ ਜੀ, ਅਜਿਹਾ ਇਥੇ ਕੋਈ ਨਹੀਂ। ਹਾਂ ਇਕ ਕਾਜ਼ੀ ਬੱਚਾ ਹੈ ਜਿਸਨੂੰ ਲੋਕ ਪਾਗਲ ਆਖਦੇ ਹਨ, ਉਹ ਘਰ ਅਤੇ ਮਸਜਿਦ ਵਿਚ ਹਰ ਵੇਲੇ ਨਮਾਜ਼ ਪੜ੍ਹਦਾ ਰਹਿੰਦਾ ਹੈ।" ਜਲਾਲੁੱਦੀਨ ਫਰੀਦ ਜੀ ਪਾਸ ਗਏ। ਅਪਣੇ ਚੋਲੇ ਵਿਚੋਂ ਅਨਾਰ ਕੱਢ ਕੇ ਤੋੜਿਆ ਤੇ ਫਰੀਦ ਨੂੰ ਦੇਣਾ ਚਾਹਿਆ। ਫਰੀਦ ਨੇ ਕਿਹਾ, "ਜੀ ਮੈਂ, ਰੋਜ਼ੇ ਰੱਖੇ ਹੋਏ ਹਨ, ਇਸ ਕਰਕੇ ਨਹੀਂ ਖਾ ਸਕਦਾ।" ਫਕੀਰ ਚਲਾ ਗਿਆ। ਜਦੋਂ ਅਨਾਰ ਤੋੜਿਆ ਗਿਆ, ਇਕ ਦਾਣਾ ਤਿੜਕ ਕੇ ਜ਼ਮੀਨ ਉਪਰ ਡਿੱਗਾ। ਇਹ ਦਾਣਾ ਚੁੱਕ ਕੇ ਫਰੀਦ ਨੇ ਰੁਮਾਲ ਦੀ ਕੰਨੀ ਵਿਚ ਬੰਨ੍ਹ ਲਿਆ ਤਾਂ ਕਿ ਸ਼ਾਮੀਂ ਰੋਜ਼ਾ ਇਸੇ ਨਾਲ ਖੋਲ੍ਹਿਆ ਜਾਵੇ। ਦਿਨ ਛਿਪਣ ਤੋਂ ਬਾਅਦ ਇਹ ਦਾਣਾ ਮੂੰਹ ਵਿਚ ਪਾਇਆ ਤਾਂ ਵਿਸਮਾਦ ਦੀ ਅਵਸਥਾ ਵਿਚ ਆ ਗਏ। ਪਿਛੋਂ ਦੇਰ ਤੱਕ ਇਸ ਗੱਲ ਦਾ ਪਛਤਾਵਾ ਕਰਦੇ ਰਹੇ ਕਿ ਸਾਰਾ ਅਨਾਰ ਕਿਉਂ ਨਾ ਹਾਸਲ ਕੀਤਾ? ਇਕ ਦਾਣੇ ਵਿਚ ਏਨੀ ਕਰਾਮਾਤ ਹੈ, ਪੂਰੇ ਅਨਾਰ ਨੇ ਕਿੰਨੇ ਜਲਵੇ ਦਿਖਾਉਣੇ ਸਨ, ਕੀ ਪਤਾ? ਕਈ ਸਾਲਾਂ ਬਾਅਦ ਜਦੋਂ ਸਾਈਂ ਬਖ਼ਤਿਆਰ ਕਾਕੀ ਨੂੰ ਆਪਣਾ ਮੁਰਸ਼ਦ ਧਾਰਨ ਕੀਤਾ, ਤਦ ਇਹ ਪ੍ਰਸ਼ਨ ਉਨ੍ਹਾਂ ਨੂੰ ਪੁੱਛਿਆ। ਸਾਈਂ ਨੇ ਫੁਰਮਾਇਆ, "ਫਰੀਦੁੱਦੀਨ, ਹੁਣ ਤੱਕ ਲੱਖਾਂ ਰੁੱਤਾਂ ਆਈਆਂ ਤੇ ਗਈਆਂ। ਇਨ੍ਹਾਂ ਵਿਚੋਂ ਕੋਈ-ਕੋਈ ਰੁੱਤ ਕਰਮਾਂ ਵਾਲੀ ਹੁੰਦੀ ਹੈ। ਹਰੇਕ ਰੁੱਤ ਵਿਚ ਲੱਖਾਂ ਅਨਾਰ ਪਕਦੇ ਹਨ ਪਰ ਕੋਈ-ਕੋਈ ਅਨਾਰ ਕਰਮਾਂ ਵਾਲਾ ਹੁੰਦਾ ਹੈ। ਇਕ ਅਨਾਰ ਵਿਚ ਕਿੰਨੇ ਦਾਣੇ ਹੁੰਦੇ ਹਨ, ਸਾਰੇ ਨਹੀਂ, ਕੋਈ ਦਾਣਾ ਹੁੰਦਾ ਹੈ ਅਜਿਹਾ, ਜਿਹੜਾ ਭਾਗਾਂ ਵਾਲਾ ਹੈ ਤੇ ਉਹ ਤੇਰੇ ਹਿੱਸੇ ਆਇਆ ਕਿਉਂਕਿ ਤੂੰ ਕਰਮਾਂ ਵਾਲਾ ਹੈਂ। ਬਾਕੀ ਦੇ ਅਨਾਰ ਵਿਚ ਕੁਝ ਨਹੀਂ ਸੀ ਤੇ ਜਿਸ ਦਾਣੇ ਉਪਰ ਤੇਰਾ ਹੱਕ ਸੀ, ਤੇਰੇ ਵਾਸਤੇ ਬਣਿਆ ਸੀ, ਉਹ ਚਲ ਕੇ ਆਪ ਤੇਰੇ ਕੋਲ ਪੁੱਜਾ, ਕਿਸੇ ਹੋਰ ਨੂੰ ਉਹ ਹਾਸਲ ਨਹੀਂ ਹੋਇਆ।

ਬੰਦਗੀ ਕਾਰਨ ਚੜ੍ਹਦੀ ਜੁਆਨੀ ਵਿਚ ਹੀ ਉਨ੍ਹਾਂ ਦੀ ਸ਼ੁਹਰਤ ਦੂਰ-ਦੂਰ ਤੱਕ ਫੈਲਣ ਲੱਗੀ। ਨਾ ਕਿਸੇ ਨੂੰ ਮਿਲਦੇ ਸਨ, ਨਾ ਕੋਠੀਵਾਲ ਵਿਚੋਂ ਬਾਹਰ ਜਾਂਦੇ ਸਨ, ਤਦ ਵੀ ਮੁਲਤਾਨ ਦੇ ਸੁਹਰਾਵਰਦੀ ਸਿਲਸਿਲੇ ਦੇ ਫਕੀਰ ਸ਼ੇਖ ਬਹਾਵੁਦੀਨ ਜ਼ਕਰੀਆ ਨੇ ਸੁਨੇਹਾ ਭੇਜਿਆ, "ਮੈਂ ਆਪਦੇ ਦਰਸ਼ਨਾਂ ਦਾ ਅਭਿਲਾਸ਼ੀ ਹਾਂ।" ਸਾਈਂ ਬਖ਼ਤਿਆਰ ਕਾਕੀ ਇਧਰ ਦੀ ਲੰਘੇ ਤਾਂ ਆਪ ਨੇ ਚਰਨ ਛੂਹ ਕੇ ਬੇਨਤੀ ਕੀਤੀ, "ਮੈਂ ਤੁਹਾਡੇ ਸਿਲਸਿਲੇ ਵਿਚ ਸ਼ਾਮਲ ਹੋਣ ਦਾ ਇੱਛੁਕ ਹਾਂ।" ਸਾਈਂ ਨੇ ਫੁਰਮਾਇਆ, "ਪਹਿਲਾਂ ਵਿਦਿਆ ਹਾਸਲ ਕਰੋ। ਜਾਹਲ ਫਕੀਰ ਸਰਕਸ ਦਾ ਮਖੌਲੀਆ ਹੋਇਆ ਕਰਦਾ ਹੈ।" ਅਠਾਰਾਂ ਸਾਲ ਦੀ ਉਮਰ ਵਿਚ ਸਕੂਲ ਦੀ ਵਿਦਿਆ ਮੁਕਾ ਕੇ ਮੁਲਤਾਨ ਸਾਈਂ ਬਖ਼ਤਿਆਰ ਕਾਕੀ ਦੇ ਚਰਨਾਂ ਵਿਚ ਹਾਜ਼ਰ ਹੋ ਗਏ। ਬਖ਼ਤਿਆਰ ਨੇ ਇਥੋਂ ਜਦੋਂ ਦਿੱਲੀ ਜਾਣ ਦੀ ਤਿਆਰੀ ਕੀਤੀ ਤਾਂ ਫਰੀਦ ਨੂੰ ਨਾਲ ਲੈ ਗਏ। ਉਥੇ ਜਾ ਕੇ ਬਾ-ਕਾਇਦਗੀ ਨਾਲ ਬਾਬਾ ਜੀ ਨੂੰ ਚਿਸ਼ਤੀ ਸਿਲਸਿਲੇ ਵਿਚ ਸ਼ਾਮਲ ਕੀਤਾ। ਪੰਜ ਸਾਲ ਉਨ੍ਹਾਂ ਦੀ ਨਿਗਰਾਨੀ ਵਿਚ ਵਿਦਿਆ ਪ੍ਰਾਪਤ ਕੀਤੀ। ਇਨ੍ਹਾਂ ਦਿਨਾਂ ਵਿਚ ਬਾਬਾ ਜੀ ਨੇ ਸਖ਼ਤ ਮਿਹਨਤ ਕੀਤੀ। ਬੰਦਗੀ ਵਿਚ ਇੰਨਾ ਲੀਨ ਰਹਿੰਦੇ ਸਨ ਕਿ ਆਪਣੇ ਮੁਰਸ਼ਦ ਦੇ ਦਰਸ਼ਨ ਕਰਨ ਵੀ ਮਹੀਨੇ ਵਿਚ ਇਕ ਦੋ ਵਾਰ ਹੀ ਜਾਂਦੇ।

ਸਾਈਂ ਬਖ਼ਤਿਆਰ ਕਾਕੀ ਦੇ ਮੁਰਸ਼ਦ ਖਵਾਜ਼ਾ ਮੁਈਨੁੱਦੀਨ ਚਿਸ਼ਤੀ, ਦਿੱਲੀ ਉਨ੍ਹਾਂ ਪਾਸ ਆਏ ਤਾਂ ਜੁਆਨ ਬਾਬਾ ਫਰੀਦ ਨੂੰ ਦੇਖਣ ਸਾਰ ਕਿਹਾ, "ਇਹ ਬਾਜ਼ ਹੈ ਬਖ਼ਤਿਆਰ, ਜਿਸ ਨੇ ਸਵਰਗ ਤੋਂ ਉਰੇ ਕਿਧਰੇ ਆਪਣਾ ਆਲ੍ਹਣਾ ਨਹੀਂ ਬਣਾਉਣਾ। ਇਸ ਨੂੰ ਅਸੀਸ ਦੇਹ।" ਬਖ਼ਤਿਆਰ ਨੇ ਕਿਹਾ, "ਤੁਸੀਂ ਵੱਡੇ ਹੋ, ਮੁਰਸ਼ਦ ਹੋ। ਤੁਹਾਡੀ ਹਾਜ਼ਰੀ ਵਿਚ ਮੈਂ ਅਸੀਸ ਕਿਵੇਂ ਦੇ ਸਕਦਾ ਹਾਂ?" ਤਦ ਦੋਵਾਂ ਨੇ ਰਲ ਕੇ ਅਸੀਸਾਂ ਦਿੱਤੀਆਂ। ਚਿਸ਼ਤੀ ਸਿਲਸਿਲੇ ਵਿਚ ਇਹ ਕਰਾਮਾਤ ਪਹਿਲੀ ਵਾਰ ਹੋਈ ਕਿ ਇਕ ਮੁਰੀਦ ਨੂੰ ਮੁਰਸ਼ਦ ਅਤੇ ਮੁਰਸ਼ਦ ਦੇ ਮੁਰਸ਼ਦ ਤੋਂ ਇਕੱਠਿਆਂ ਵਰਦਾਨ ਮਿਲੇ ਹੋਣ।

ਸਾਲ ਬਾਅਦ ਖਵਾਜਾ ਫਿਰ ਬਖ਼ਤਿਆਰ ਪਾਸ ਆਏ। ਬਖ਼ਤਿਆਰ ਦੇ ਸਾਰੇ ਮੁਰੀਦਾਂ ਨੂੰ ਵਾਰੋ-ਵਾਰੀ ਅਸੀਸਾਂ ਦਿੱਤੀਆਂ। ਫਿਰ ਪੁੱਛਿਆ, "ਕੋਈ ਹੋਰ ਵੀ ਸ਼ਾਗਿਰਦ ਹੈ?" ਬਖ਼ਤਿਆਰ ਨੇ ਕਿਹਾ, "ਹਾਂ ਜੀ, ਇਕ ਹੈ, ਫਰੀਦ। ਉਹ ਚਲੀਹਾ ਕੱਟ ਰਿਹਾ ਹੈ।" ਮੁਈਨੁੱਦੀਨ ਨੇ ਕਿਹਾ, "ਚਲੋ ਦੇਖਦੇ ਹਾਂ।" ਖਾਨਗਾਹ ਦਾ ਦਰਵਾਜਾ ਖੋਲ੍ਹਿਆ। ਫਰੀਦ ਸੰਜਮ ਨਾਲ ਖਾਣ-ਪੀਣ ਅਤੇ ਨਿਰੰਤਰ ਬੰਦਗੀ ਕਰਦਾ-ਕਰਦਾ ਇੰਨਾ ਕਮਜ਼ੋਰ ਹੋ ਗਿਆ ਸੀ ਕਿ ਉਠ ਕੇ ਸੁਆਗਤ ਕਰਨ ਲੱਗਾ ਤਾਂ ਉਠਿਆ ਨਾ ਗਿਆ। ਬੈਠਿਆਂ-ਬੈਠਿਆਂ ਮੱਥਾ ਧਰਤੀ 'ਤੇ ਟਿਕਾ ਦਿੱਤਾ, ਹੰਝੂਆਂ ਦੀ ਬਰਸਾਤ ਹੋਣ ਲੱਗੀ। ਮੁਈਨੁੱਦੀਨ ਨੇ ਕਿਹਾ, "ਹੋਰ ਕਿੰਨਾ ਚਿਰ ਇਸ ਗਰੀਬ ਨੂੰ ਭੱਠੀ ਵਿਚ ਬਾਲਣਾ ਹੈ? ਹੁਣ ਬਖ਼ਸ਼ਿਸ਼ਾਂ ਕਰੋ ਬਖ਼ਤਿਆਰ।"

ਬਾਬਾ ਫਰੀਦ ਜੀ ਦੀਆਂ ਸਾਖੀਆਂ ਸਾਡੇ ਪਾਸ ਸ਼ੇਖ ਨਿਜ਼ਾਮੁੱਦੀਨ ਰਾਹੀਂ ਪ੍ਰਗਟ ਹੋਈਆਂ ਹਨ। ਇਨ੍ਹਾਂ ਸਾਖੀਆਂ ਵਿਚੋਂ ਸਦਾਚਾਰ, ਹਲੀਮੀ, ਮਿਠਾਸ, ਸਬਰ-ਸ਼ੁਕਰ ਅਤੇ ਕਰਾਮਾਤੀ ਅੰਸ਼ ਮਿਲਦੇ ਹਨ। ਕੁਝ ਪਾਠਕ ਕਰਾਮਾਤ ਲਫਜ਼ ਪੜ੍ਹਦਿਆਂ ਤ੍ਰਬਕ ਉਠਦੇ ਹਨ ਜਦੋਂ ਕਿ ਮੇਰੀ ਵਿਦਿਆ ਅਤੇ ਨਿਸ਼ਚਾ ਇਹ ਦਸਦਾ ਹੈ ਕਿ ਸੰਸਾਰ ਵਿਚ ਕਰਾਮਾਤਾਂ ਤੋਂ ਬਗੈਰ ਹੋਰ ਕੁਝ ਹੈ ਈ ਨਹੀਂ।

ਇਕ ਮੁਰੀਦ ਆਪ ਦੇ ਦਰਬਾਰ ਵਿਚ ਹਾਜ਼ਰ ਹੋਇਆ ਤੇ ਕਹਿਣ ਲੱਗਾ, "ਜੀ, ਮੇਰਾ ਪਰਿਵਾਰ ਵੱਡਾ ਹੈ। ਪੰਜ ਧੀਆਂ ਹਨ। ਗਰੀਬੀ ਹੈ। ਕੁਝ ਦਇਆ ਕਰੋ। ਮੇਰੀ ਇਕ ਧੀ ਅੰਨ੍ਹੀ ਹੈ।" ਬਾਬਾ ਜੀ ਨੇ ਕਿਹਾ, "ਜਾਉ, ਸਬਰ ਕਰੋ।" ਉਹ ਬੋਲਿਆ, "ਤੁਹਾਡੀ ਇਕ ਸ਼ਾਹਜ਼ਾਦੀ ਅੰਨ੍ਹੀ ਹੁੰਦੀ, ਫੇਰ ਤੁਹਾਨੂੰ ਪਤਾ ਲਗਦਾ ਕਿ ਇਹ ਦੁੱਖ ਕਿਸ ਤਰ੍ਹਾਂ ਦਾ ਹੁੰਦਾ ਹੈ। ਕਿਸੇ ਨੂੰ ਮੇਰੀ ਬਾਂਹ ਫੜਾਓ।" ਇਹ ਗੱਲਾਂ ਹੋ ਰਹੀਆਂ ਸਨ ਕਿ ਸੁਲਤਾਨ ਅਲਾਉਦੀਨ ਖਿਲਜੀ ਦੀ ਸੈਨਾ ਦੇ ਵਜ਼ੀਰ ਜ਼ਫਰ ਖਾਨ ਦਾ ਪੋਤਰਾ ਦਰਬਾਰ ਵਿਚ ਮੱਥਾ ਟੇਕਣ ਆਇਆ। ਬਾਬਾ ਜੀ ਨੇ ਇਸ ਦੁਖੀ ਮੁਰੀਦ ਦੀ ਗੱਲ ਕੀਤੀ, ਉਸਨੇ ਕਿਹਾ, "ਜੀ ਮੇਰਾ ਘਰ ਹਾਜ਼ਰ ਹੈ। ਮੈਂ ਇਸ ਪਰਿਵਾਰ ਦੀ ਖਿਦਮਤ ਕਰਾਂਗਾ।" ਮੌਲਾਨਾ ਦੇ ਦਿਨ ਸੁੱਖ ਨਾਲ ਬੀਤਣ ਲੱਗੇ।

ਹਾਂਸੀ ਤੋਂ ਸਾਈਂ ਬਖ਼ਤਿਆਰ ਕਾਕੀ ਨੇ ਆਪਣੀਆਂ ਨਿਸ਼ਾਨੀਆਂ ਦਿੱਲੀ ਬਾਬਾ ਫਰੀਦ ਪਾਸ ਭੇਜਣ ਦਾ ਹੁਕਮ ਦਿੱਤਾ ਯਾਨੀ ਕਿ ਆਪਣੇ ਉਤਰ-ਅਧਿਕਾਰੀ ਥਾਪ ਦਿੱਤੇ। ਲੋਕ ਵੱਡੀ ਗਿਣਤੀ ਵਿਚ ਦਰਸ਼ਨਾਂ ਲਈ ਆਉਣ ਲੱਗ ਪਏ। ਬੰਦਗੀ ਵਿਚ ਵਿਘਨ ਪੈਣ ਲੱਗਾ ਤਾਂ ਫੈਸਲਾ ਕੀਤਾ ਕਿ ਦਿੱਲੀ ਸਾਡੇ ਲਈ ਠੀਕ ਨਹੀਂ। ਹਾਂਸੀ ਚਲਦੇ ਹਾਂ। ਹਾਂਸੀ ਜਾ ਕੇ ਵੀ ਉਹੀ ਹਾਲ ਹੋਇਆ। ਲੋਕ ਹਟਦੇ ਹੀ ਨਹੀਂ ਸਨ। ਪਤਾ ਲੱਗਾ ਕਿ ਅਜੋਧਨ (ਪਾਕਿਸਤਾਨ) ਦੇ ਲੋਕ ਗੁਸਤਾਖ, ਰੁੱਖੇ ਤੇ ਨਾਸਤਕ ਹਨ, ਫਕੀਰਾਂ ਦੀ ਭੋਰਾ ਇੱਜ਼ਤ ਨਹੀਂ ਕਰਦੇ। ਫੈਸਲਾ ਹੋਇਆ ਕਿ ਅਜੋਧਨ ਚੱਲਿਆ ਜਾਵੇ। ਉਥੇ ਜਾ ਕੇ ਚੈਨ ਮਿਲਿਆ, ਕਹਿਣ ਲੱਗੇ, "ਇਹ ਫਕੀਰਾਂ ਦੀ ਸਹੀ ਥਾਂ ਹੈ।" ਇਥੇ ਇਕ ਵੱਡੇ ਕਰੀਰ ਹੇਠ ਆਸਣ ਜਮਾ ਲਿਆ ਤੇ ਬੰਦਗੀ ਕਰਨ ਲੱਗੇ। ਕਈ ਵਾਰ ਸੁਨੇਹਾ ਮਿਲਦਾ, "ਜੀ ਆਪ ਦੀ ਪਤਨੀ ਨੇ ਤਿੰਨ ਦਿਨ ਤੋਂ ਕੁਝ ਨਹੀਂ ਖਾਧਾ, ਜੀ ਆਪ ਦੇ ਫਲਾਣੇ ਸਾਹਿਬਜ਼ਾਦੇ ਨੂੰ ਦੋ ਦਿਨਾਂ ਤੋਂ ਖਾਣ ਲਈ ਕੁਝ ਨਸੀਬ ਨਹੀਂ ਹੋਇਆ। ਆਪ ਅਡੋਲ ਬੰਦਗੀ ਵਿਚ ਲੀਨ ਰਹਿੰਦੇ। ਇਨ੍ਹਾਂ ਸੁਨੇਹਿਆਂ ਨਾਲ ਕੋਈ ਫਰਕ ਨਾ ਪੈਂਦਾ। ਰੱਬ ਨੇ ਬਰਕਤਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ।

ਰਮਜ਼ਾਨ ਦੇ ਦਿਨੀਂ ਇਕ ਕਲੰਦਰ ਬਾਬਾ ਜੀ ਦੇ ਦਰਸ਼ਨ ਕਰਨ ਖਾਨਗਾਹ ਵਿਚ ਪੁੱਜਾ। ਬਾਬਾ ਜੀ ਬੰਦਗੀ ਵਿਚ ਲੀਨ ਸਨ। ਦਰਵਾਜ਼ਾ ਅੰਦਰੋਂ ਬੰਦ ਸੀ ਤੇ ਹੁਕਮ ਸੀ ਕਿ ਕਿਸੇ ਨੂੰ ਅੰਦਰ ਨਹੀਂ ਆਉਣ ਦੇਣਾ, ਦਰਵਾਜ਼ੇ ਤੇ ਦਸਤਕ ਨਹੀਂ ਦੇਣੀ। ਝੌਂਪੜੀ ਦੇ ਬਾਹਰ ਚਟਾਈ (ਮੁਸੱਲਾ) ਵਿਛੀ ਪਈ ਸੀ, ਜਿਸ ਉਤੇ ਬੈਠ ਕੇ ਬਾਬਾ ਜੀ ਬੰਦਗੀ ਕਰਿਆ ਕਰਦੇ ਸਨ, ਕਲੰਦਰ ਉਸ ਉਪਰ ਬੈਠ ਗਿਆ। ਬੇਸ਼ਕ ਇਹ ਗੁਸਤਾਖੀ ਸੀ ਪਰ ਉਸ ਵਕਤ ਡਿਊਟੀ ਤੇ ਹਾਜ਼ਰ ਸ਼ੇਖ ਬਦਰੁੱਦੀਨ ਇਸਹਾਕ ਨੇ ਬੇਅਦਬੀ ਦੇ ਡਰੋਂ ਕੁਝ ਨਾ ਕਿਹਾ। ਕਲੰਦਰ ਨੂੰ ਖਾਣਾ ਖੁਆਇਆ। ਫਿਰ ਉਸਨੇ ਚੋਲੇ ਵਿਚੋਂ ਭੰਗ ਕੱਢੀ ਤੇ ਠੂਠੇ ਵਿਚ ਘੋਟਣ ਲੱਗ ਗਿਆ। ਛਿੱਟੇ ਪਾਕਿ ਮੁਸੱਲੇ ਉਪਰ ਡਿੱਗਣ ਲੱਗੇ। ਇਸਹਾਕ ਨੇ ਇਸ ਹਰਕਤ ਦਾ ਬੁਰਾ ਮਨਾਇਆ ਤਾਂ ਕਲੰਦਰ ਗੁੱਸੇ ਵਿਚ ਆ ਗਿਆ ਤੇ ਉਸਨੂੰ ਮਾਰਨ ਲਈ ਇਹੋ ਠੂਠਾ ਚੁੱਕ ਲਿਆ। ਬਾਬਾ ਜੀ ਕੋਠੜੀ ਵਿਚੋਂ ਬਾਹਰ ਆਏ, ਕਲੰਦਰ ਦਾ ਹੱਥ ਫੜਕੇ ਕਹਿਣ ਲੱਗੇ, "ਮੇਰੀ ਅਰਜ਼ ਮੰਨ ਕੇ ਬਖ਼ਸ਼ ਦੇਹ।" ਕਲੰਦਰ ਨੇ ਕਿਹਾ, "ਦਰਵੇਸ਼ ਹੱਥ ਚੁੱਕਿਆ ਤਾਂ ਨਹੀਂ ਕਰਦੇ ਪਰ ਚੁੱਕ ਲੈਣ ਤਾਂ ਵਾਰ ਕਰਨਾ ਲਾਜ਼ਮੀ ਹੈ।" ਬਾਬਾ ਜੀ ਨੇ ਕਿਹਾ, "ਕੰਧ 'ਤੇ ਮਾਰ।" ਕਲੰਦਰ ਨੇ ਕੰਧ 'ਤੇ ਠੂਠਾ ਮਾਰਿਆ ਤਾਂ ਕੰਧ ਢਹਿ- ਢੇਰੀ ਹੋ ਗਈ।

ਜਿਸ ਉਪਰ ਵਧੀਕ ਮਿਹਰਬਾਨ ਹੁੰਦੇ, ਬਾਬਾ ਫਰੀਦ ਉਸਨੂੰ ਅਸੀਸ ਦਿਆ ਕਰਦੇ, "ਰੱਬ ਤੇਰੇ ਦਿਲ ਵਿਚ ਦਰਦ ਪੈਦਾ ਕਰੇ।" ਆਏ ਮੁਰੀਦਾਂ ਦੀਆਂ ਤਕਲੀਫਾਂ, ਦੁੱਖ ਸੁਣਦਿਆਂ ਉਨ੍ਹਾਂ ਦੀਆਂ ਅੱਖਾਂ ਭਿੱਜੀਆਂ ਰਹਿੰਦੀਆਂ, ਕਿਹਾ ਕਰਦੇ, "ਅੱਲਾਹ ਦਾ ਨਾਮ ਲਵੋ, ਬੰਦਗੀ ਕਰੋ, ਭਰੋਸਾ ਰੱਖੋ, ਮਾਲਕ ਮਦਦਗਾਰ ਹੈ।" ਉਨ੍ਹਾਂ ਦਾ ਪਿਆਰਾ ਮੁਰੀਦ ਮੁਹੰਮਦ ਸ਼ਾਹ ਆਇਆ। ਬਾਬਾ ਜੀ ਨੇ ਪੁੱਛਿਆ, "ਏਨਾ ਉਦਾਸ, ਏਨਾ ਦੁਖੀ ਕਿਉਂ ਹੈਂ ?" ਮੁਹੰਮਦ ਨੇ ਕਿਹਾ, "ਜਦੋਂ ਮੈਂ ਪਰਿਵਾਰ ਛੱਡ ਕੇ ਆਪ ਪਾਸ ਆਇਆ, ਘਰ ਮੇਰਾ ਬਿਮਾਰ ਭਰਾ, ਮਰਨ ਕਿਨਾਰੇ ਸੀ। ਹੁਣ ਤੱਕ ਉਹ ਜਹਾਨ ਵਿਚੋਂ ਜਾ ਚੁੱਕਾ ਹੋਵੇਗਾ, ਯਕੀਨਨ।" ਬਾਬਾ ਜੀ ਨੇ ਫੁਰਮਾਇਆ, "ਜਿਹੜੀ ਤੇਰੀ ਇਸ ਵਕਤ ਹੈ, ਮੇਰੀ ਸਾਰੀ ਉਮਰ ਇਹੋ ਹਾਲਤ ਰਹੀ, ਬਸ ਮੈਂ ਕਿਸੇ ਨੂੰ ਦੱਸੀ ਨਹੀਂ ਇਹ ਗੱਲ ਕਦੀ।"

ਅਜੋਧਨ ਵਿਚ ਦੋ ਭਰਾ ਮੁਨਸ਼ੀ ਸਨ। ਇਕ ਦੇ ਮਨ ਵਿਚ ਅਜਿਹਾ ਵੈਰਾਗ ਪੈਦਾ ਹੋਇਆ ਕਿ ਨੌਕਰੀ ਛੱਡ ਕੇ ਬਾਬਾ ਜੀ ਦਾ ਮੁਰੀਦ ਹੋ ਗਿਆ। ਘਰ-ਬਾਰ, ਪਰਿਵਾਰ, ਜਾਇਦਾਦ ਆਪਣੇ ਭਰਾ ਦੇ ਸਪੁਰਦ ਕਰ ਦਿੱਤੇ। ਭਾਣਾ ਵਾਪਰਿਆ, ਦੁਨੀਆਂਦਾਰ ਭਰਾ ਬਿਮਾਰ ਹੋ ਗਿਆ, ਤਕਲੀਫ ਏਨੀ ਕਿ ਬਚਣ ਦੀ ਕੋਈ ਉਮੀਦ ਨਾ ਰਹੀ। ਫਕੀਰ ਭਰਾ ਦੌੜਦਾ ਹੋਇਆ ਬਾਬਾ ਫਰੀਦ ਦੇ ਦਰਬਾਰ ਵਿਚ ਆ ਹਾਜ਼ਰ ਹੋਇਆ। ਆ ਕੇ ਵਿਰਲਾਪ ਕਰਨ ਲੱਗਾ ਕਿ ਜੇ ਮੇਰੇ ਭਰਾ ਨੂੰ ਕੁਝ ਹੋ ਗਿਆ ਤਾਂ ਮੈਂ ਕਾਸੇ ਜੋਗਾ ਨਹੀਂ ਰਹਾਂਗਾ। ਬਾਬਾ ਜੀ ਨੇ ਨੇੜੇ ਬੁਲਾਇਆ ਤੇ ਕਿਹਾ, "ਤੇਰਾ ਭਰਾ ਠੀਕ ਹੈ। ਜਾਹ।" ਘਰ ਜਾ ਕੇ ਉਸਨੇ ਦੇਖਿਆ ਕਿ ਭਰਾ ਠੀਕ ਹੋ ਗਿਆ ਹੈ। ਸ਼ੁਕਰਾਨਾ ਕਰਨ ਦੁਬਾਰਾ ਬਾਬਾ ਜੀ ਦੀ ਖਾਨਗਾਹ 'ਤੇ ਗਿਆ। ਬਾਬਾ ਜੀ ਨੇ ਫੁਰਮਾਇਆ, "ਭਰੋਸਾ ਰੱਖਿਆ ਕਰੋ। ਦੁੱਖ-ਤਕਲੀਫਾਂ ਆ ਵੀ ਜਾਣ ਤਾਂ ਕੁਰਲਾਈਦਾ ਨਹੀਂ ਹੁੰਦਾ। ਕੀ ਸਾਡੇ ਉਪਰ ਕਦੀ ਕੋਈ ਬਿਪਤਾ ਨਹੀਂ ਆਈ? ਅਸੀਂ ਹਉਕਾ ਤੱਕ ਨਹੀਂ ਲੈਂਦੇ। ਸਬਰ ਤੇ ਸ਼ੁਕਰ ਕਰਨ ਦੀ ਆਦਤ ਪਾਉ। ਖੁਸ਼ੀ ਦੇ ਮੌਕੇ ਕਿਉਂ, ਦੁੱਖ ਦੇ ਮੌਕੇ 'ਤੇ ਵੀ ਸ਼ੁਕਰਾਨਾ ਕਰੀਦਾ ਹੈ। ਉਹ ਜੋ ਵੀ ਭੇਜੇ, ਉਸਦਾ ਸੁਆਗਤ ਕਰੋ।"

ਸ਼ੇਖ ਫਰੀਦ ਦੇ ਮੁਰੀਦ ਰਾਤੀਂ ਸੁੱਤੇ ਪਏ ਸਨ। ਬਾਬਾ ਜੀ ਸਿਮਰਨ ਕਰਦੇ ਟਹਿਲ ਰਹੇ ਸਨ, ਨੀਂਦ ਅਜੇ ਦੂਰ ਸੀ। ਉਨ੍ਹਾਂ ਦਾ ਸਭ ਤੋਂ ਛੋਟਾ ਬੇਟਾ ਨਿਜ਼ਾਮੁੱਦੀਨ ਸੀ, ਜਿਸਨੂੰ ਬੜਾ ਲਾਡ ਕਰਦੇ ਸਨ। ਇਸ ਲਾਡ ਸਦਕਾ ਉਹ ਕਈ ਵਾਰ ਗੁਸਤਾਖ ਵੀ ਹੋ ਜਾਂਦਾ ਸੀ ਪਰ ਬਾਬਾ ਜੀ ਨਜ਼ਰ- ਅੰਦਾਜ਼ ਕਰ ਦਿੰਦੇ। ਤਕਰੀਬਨ ਅੱਧੀ ਰਾਤ ਦਾ ਵਕਤ ਸੀ, ਬਾਬਾ ਜੀ ਅਪਣੇ ਬੇਟੇ ਦੇ ਨਜ਼ਦੀਕ ਗਏ ਤੇ ਵਾਜ ਮਾਰੀ, "ਨਿਜ਼ਾਮ।" ਨਿਜ਼ਾਮ ਸੁੱਤਾ ਰਿਹਾ, ਪਰ ਸ਼ੇਖ ਨਿਜ਼ਾਮੁੱਦੀਨ ਤੁਰੰਤ ਖੜੇ ਹੋ ਗਏ ਤੇ ਨਿਮਰਤਾ ਨਾਲ ਝੁਕ ਕੇ ਕਿਹਾ, "ਹੁਕਮ ਹਜ਼ੂਰ।" ਬਾਬਾ ਜੀ ਨੇ ਕਿਹਾ, "ਨਹੀਂ ਭਾਈ, ਤੁਹਾਨੂੰ ਨਹੀਂ, ਮੈਂ ਇਸ ਨਿਜ਼ਾਮ ਨੂੰ ਵਾਜ ਮਾਰੀ ਸੀ।" ਫਿਰ ਟਹਿਲਦੇ ਰਹੇ। ਅੱਧੇ ਪਹਿਰ ਬਾਦ ਫੇਰ ਵਾਜ ਮਾਰੀ, "ਨਿਜ਼ਾਮੁੱਦੀਨ।" ਇਸ ਵਾਰ ਵੀ ਉਨ੍ਹਾਂ ਦਾ ਬੇਟਾ ਸੁੱਤਾ ਰਿਹਾ ਤੇ ਸ਼ੇਖ ਨਿਜ਼ਾਮੁੱਦੀਨ ਖਲੋ ਗਿਆ, ਅਦਬ ਨਾਲ ਕਿਹਾ, "ਮਾਲਕ, ਕੀ ਆਗਿਆ ਹੈ?" ਬਾਬਾ ਜੀ ਨੇ ਕਿਹਾ, "ਨਹੀਂ ਓ ਭਾਈ। ਤੁਸੀਂ ਆਰਾਮ ਕਰੋ।" ਸ਼ੇਖ ਨਿਜ਼ਾਮੁੱਦੀਨ ਨੇ ਕਿਹਾ, "ਬਾਬਾ ਜੀ, ਕੋਈ ਕੰਮ ਆਖਣਾ ਹੈ ਤੁਸੀਂ, ਨਿਜ਼ਾਮ ਨੂੰ ਕਾਸ ਲਈ ਉਠਾਉਣਾ? ਮੈਨੂੰ ਹੁਕਮ ਕਰੋ, ਮੈਂ ਕਰਦਾ ਹਾਂ।" ਬਾਬਾ ਜੀ ਨੇ ਕਿਹਾ, "ਨਹੀਂ। ਕੋਈ ਕੰਮ ਨਹੀਂ। ਤੁਸੀਂ ਸੌਂ ਜਾਉ।" ਫਿਰ ਟਹਿਲਦੇ ਰਹੇ। ਅੰਮ੍ਰਿਤ ਵੇਲਾ ਹੋ ਗਿਆ, ਆਪਣੇ ਬੇਟੇ ਨਿਜ਼ਾਮ ਦੇ ਨਜ਼ਦੀਕ ਗਏ ਤੇ ਕਿਹਾ, "ਨਿਜ਼ਾਮੁੱਦੀਨ।" ਉਹ ਸੁੱਤਾ ਨਾ ਜਾਗਿਆ, ਹਜ਼ਰਤ ਨਿਜ਼ਾਮੁੱਦੀਨ ਨੇ ਹੱਥ ਜੋੜ ਕੇ ਕਿਹਾ, "ਹੁਕਮ ਮਾਲਕ।" ਬਾਬਾ ਜੀ ਮੁਸਕਰਾਏ ਤੇ ਫੁਰਮਾਇਆ, "ਜਿਸ ਨੂੰ ਕੁਝ ਦੇਣ ਦਾ ਮਨ ਸੀ, ਉਹ ਲੈਣ ਦਾ ਇਛੁੱਕ ਨਹੀਂ, ਇਕ ਤੂੰ ਹੈਂ, ਜੋ ਖੋਹ ਰਿਹਾ ਹੈਂ ਜਬਰਨ। ਠੀਕ ਐ ਫਿਰ। ਪਰਵਰਦਗਾਰ ਨੂੰ ਜੇ ਇਵੇਂ ਮਨਜ਼ੂਰ ਹੈ ਤਾਂ ਇਹੋ ਸਹੀ।" ਇਹ ਆਖਕੇ ਸ਼ੇਖ ਨਿਜ਼ਾਮੁੱਦੀਨ ਦੇ ਸਿਰ 'ਤੇ ਹੱਥ ਰੱਖਿਆ। ਬਖ਼ਸ਼ਿਸ਼ਾਂ ਦੀ ਬਰਸਾਤ ਹੋਈ।

ਇਕ ਹੋਰ ਦਿਨ ਇਸ ਤਰ੍ਹਾਂ ਵੀ ਹੋਇਆ। ਬਦਰੁੱਦੀਨ ਇਸਹਾਕ ਬਾਬਾ ਜੀ ਦਾ ਨਿੰਜੀ ਟਹਿਲੀਆ (ਗੜਵਈ), ਕਿਤੇ ਦੂਸਰੇ ਪਿੰਡ ਗਿਆ ਹੋਇਆ ਸੀ। ਉਸਦੀ ਥਾਂ ਸ਼ੇਖ ਨਿਜ਼ਾਮੁੱਦੀਨ ਨੇ ਡਿਊਟੀ ਸੰਭਾਲ ਲਈ। ਇਸਹਾਕ ਦੱਸ ਗਿਆ ਸੀ ਕਿ ਦਰਵਾਜ਼ੇ ਦੇ ਬਾਹਰ ਬੈਠੀਦਾ ਹੈ। ਬਾਬਾ ਜੀ ਆਵਾਜ਼ ਮਾਰਨ ਤਾਂ

ਹਾਜ਼ਰ ਹੋ ਜਾਉ। ਕੋਈ ਮਿਲਣ ਆਵੇ ਤਾਂ ਬੈਠਣ ਲਈ ਕਹੋ। ਅੰਦਰ ਝਾਤ ਮਾਰਦੇ ਰਹੋ, ਜੇ ਬਾਬਾ ਜੀ ਟਹਿਲਣ ਲਗ ਜਾਣ ਤਾਂ ਅੰਦਰ ਖਬਰ ਦੇ ਦਿਉ ਕਿ ਫਲਾਣਾ ਮਿਲਣ ਆਇਆ ਹੈ, ਸ਼ੇਖ ਨਿਜ਼ਾਮੁੱਦੀਨ ਪਹਿਰੇ 'ਤੇ ਬੈਠਾ ਸੀ ਕਿ ਅੰਦਰੋਂ ਬਾਬਾ ਜੀ ਦੇ ਗੁਣ- ਗੁਣਾਉਣ ਦੀ ਆਵਾਜ਼ ਸੁਣੀ। ਝਾਤ ਮਾਰੀ, ਬਾਬਾ ਜੀ ਬਹੁਤ ਪ੍ਰਸੰਨ ਵਿਸਮਾਦਿਕ ਅਵਸਥਾ ਵਿਚ ਗੁਣਗੁਣਾ ਰਹੇ ਸਨ;

'ਮਕਸੂਦਿ ਮਨ ਬੰਦਾਇ ਜ਼ਿ ਕਨੀਨ ਤੁਈ।
ਅਜ਼ ਬਹਰ ਤੂ ਮੀਰਮ ਅਜ਼ ਬਰਾਇ ਤੂ ਜ਼ੀਅਮ।'
(ਤੇਰੀ ਤਾਂਘ ਵਿਚ ਤੇਰੇ ਕਦਮਾਂ ਦੀ ਧੂੜ ਬਣ ਕੇ ਜੀਆਂ।
ਦੋਵਾਂ ਜਹਾਨਾ ਵਿਚ ਤੇਰੀ ਲੋੜ ਹੈ ਮੈਨੂੰ, ਤੇਰੇ ਲਈ ਮਰਾਂ, ਤੇਰੇ ਲਈ ਜੀਆਂ।)

ਨਿਜ਼ਾਮੁੱਦੀਨ ਨੇ ਸੋਚਿਆ, "ਹੁਣ ਅੰਦਰ ਜਾਣ ਦਾ ਵੇਲਾ ਹੈ, ਹੁਣ ਰਹਿਮਤਾਂ ਦੇ ਦਰ ਖੁੱਲਣਗੇ।" ਫਿਰ ਸੋਚਣ ਲੱਗਾ, "ਕਿਤੇ ਨਾਰਾਜ਼ ਨਾ ਹੋ ਜਾਣ। ਜਾਵਾਂ ਤਾਂ ਕੀ ਪਤਾ ਬਰਕਤਾਂ ਝੋਲੀ ਵਿਚ ਪੈ ਜਾਣ, ਪਰ ਜੇ ਗੁਸਤਾਖੀ ਸਮਝ ਲਈ ਤਾਂ ਖਿਮਾਂ ਮੰਗ ਲਵਾਂਗਾ, ਮਿਹਰਬਾਨ ਤਾਂ ਉਹ ਹਨ ਹੀ, ਬਖਸ਼ ਦੇਣਗੇ।" ਸਹਿਜੇ ਸਹਿਜੇ ਉਨ੍ਹਾਂ ਦੇ ਨਜ਼ਦੀਕ ਚਲਾ ਗਿਆ। ਬਾਬਾ ਫਰੀਦ ਪੱਛਮ ਵਲ, ਕਾਅਬੇ ਵਲ ਮੂੰਹ ਕਰਕੇ ਉਪਰਲੇ ਸ਼ਿਅਰ ਗੁਣ-ਗੁਣਾ ਰਹੇ ਸਨ। ਬਾਬਾ ਜੀ ਦੀ ਨਜ਼ਰ ਨਿਜ਼ਾਮੁੱਦੀਨ ਉਤੇ ਪਈ ਤਾਂ ਫੁਰਮਾਇਆ, "ਵੇਲੇ ਸਿਰ ਆਇਐਂ। ਜੋ ਤੇਰੇ ਦਿਲ ਵਿਚ ਹੈ, ਮੰਗ ਲੈ।" ਨਿਜ਼ਾਮੁੱਦੀਨ ਨੇ ਕਿਹਾ, "ਮਿਹਰਬਾਨ ਹੋਏ ਹੋ ਬਾਬਾ ਜੀ, ਤਾਕਤ ਦਿਉ ਕਿ ਮੈਂ ਦੀਨ ਦੇ ਰਸਤੇ ਤੋਂ ਕਦੀ ਭਟਕਾਂ ਨਾ।" ਬਾਬਾ ਜੀ ਨੇ ਅਸੀਸ ਦਿੱਤੀ, "ਇਹੋ ਹੋਏਗਾ ਨਿਜ਼ਾਮੁੱਦੀਨ। ਇਹੋ ਹੋਇਗਾ। ਧਰੂ ਤਾਰੇ ਵਾਂਗ ਤੂੰ ਅਡੋਲ ਰਹੇਂਗਾ।" ਇਸ ਘਟਨਾ ਬਾਬਤ ਦਸਦਿਆਂ ਪਿਛੋਂ ਹਜ਼ਰਤ ਨਿਜ਼ਾਮੁੱਦੀਨ ਆਪਣੇ ਮੁਰੀਦਾਂ ਨੂੰ ਕਿਹਾ ਕਰਦੇ ਸਨ, "ਕਈ ਵਾਰ ਮੇਰੇ ਮਨ ਵਿਚ ਖਿਆਲ ਆਇਆ ਕਰਦਾ ਹੈ ਕਿ ਉਸ ਸਮੇਂ ਮੈਂ ਬਾਬਾ ਜੀ ਅੱਗੇ ਇਹ ਅਰਜ਼ ਕਿਉਂ ਨਾ ਕੀਤੀ ਕਿ ਮੇਰੇ ਆਖਰੀ ਸਾਹ ਕੀਰਤਨ ਕਰਦਿਆਂ-ਕਰਦਿਆਂ ਚਲੇ ਜਾਣ। ਪਰ ਜੋ ਵੱਡੀ ਅਦਾਲਤ ਨੇ ਕਰਨਾ ਹੁੰਦਾ ਹੈ, ਫੈਸਲਾ ਉਹੋ ਹੁੰਦਾ ਹੈ ਭਾਈਓ। ਇਸ ਵਿਚ ਕਿਸੇ ਦਾ ਕੋਈ ਜੋਰ ਨਹੀਂ ਚਲਦਾ।"

'ਫਵਾਇਦੁੱਲਫਵਾਦ' ਵਿਚ ਸ਼ੇਖ ਨਿਜ਼ਾਮੁੱਦੀਨ ਬਾਬਾ ਫਰੀਦ ਬਾਰੇ ਦਸਦੇ ਹਨ; " ਸ਼ੇਖ ਫਰੀਦ ਦਾ ਭਰਾ ਸ਼ੇਖ ਨਜੀਬੁੱਦੀਨ ਮਸਜਿਦ ਵਿਚ ਉਚੇਰੀ ਵਿਦਿਆ ਪ੍ਰਾਪਤ ਕਰਨ ਗਿਆ ਤਾਂ ਉਸਤਾਦ ਨੇ ਪੁੱਛਿਆ, 'ਨਜੀਬੁੱਦੀਨ ਮੁਤਵੱਕਿਲ (ਈਮਾਨ ਵਾਲਾ) ਤੂੰ ਹੀ ਹੈਂ?' ਉਸਨੇ ਉੱਤਰ ਦਿਤਾ, 'ਮੈਂ ਤਾਂ ਜੀ ਮੁਤਅੱਕਲ (ਪੇਟੂ) ਹਾਂ, ਮੁਤਵੱਕਿਲ ਕੋਈ ਹੋਰ ਹੋਵੇਗਾ।' ਫਿਰ ਪੁਛਿਆ ਗਿਆ, 'ਇਸਲਾਮ ਦੇ ਸ਼ੇਖ ਫਰੀਦੁੱਦੀਨ ਦਾ ਭਰਾ ਹੈਂ ਨਾ ਤੂੰ ?' ਨਜੀਬ ਨੇ ਉਤਰ ਦਿੱਤਾ, 'ਦੁਨੀਆਂ ਵਾਸਤੇ ਤਾਂ ਇਹੋ ਗੱਲ ਸੱਚ ਹੈ। ਪਰ ਅਸਲ ਵਿਚ ਉਨ੍ਹਾਂ ਦਾ ਭਰਾ ਹੋਣ ਦਾ ਸੁਭਾਗ ਕਿਸ ਨੂੰ ਹੈ, ਕੌਣ ਜਾਣੇ।'

ਇਕ ਔਰਤ ਆਪ ਦੇ ਦਰਬਾਰ ਵਿਚ ਹਾਜ਼ਰ ਹੋਈ ਤੇ ਬੈਅਤ ਦੀ ਮੰਗ ਕੀਤੀ। ਬੈਅਤ ਇਕ ਪ੍ਰਣ ਦਾ ਨਾਮ ਹੈ ਕਿ ਮੈਂ ਦੀਨ ਦਾ ਤਾਬਿਆਦਾਰ ਰਹਾਂਗਾ। ਬਹੁਤ ਸਾਰੇ ਸੂਫੀ ਅਤੇ ਮੌਲਵੀ, ਔਰਤਾਂ ਨੂੰ ਬੈਅਤ ਦਾ ਅਧਿਕਾਰ ਨਹੀਂ ਦਿੰਦੇ ਪਰ ਚਿਸ਼ਤੀ ਸਿਲਸਿਲਾ ਇਹ ਵਿਤਕਰਾ ਨਹੀਂ ਕਰਦਾ ਸੀ। ਇੰਦਰਪ੍ਰਸਤ ਵਿਚ ਇਕ ਫਾਤਿਮਾ ਨਾਂ ਦੀ ਔਰਤ ਸੀਲ ਸੰਜਮ ਵਿਚ ਏਨੀ ਪਵਿੱਤਰ ਸੀ ਕਿ ਬਾਬਾ ਫਰੀਦ ਪ੍ਰਸੰਨ ਹੋ ਕੇ ਕਿਹਾ, "ਔਰਤ ਦੇ ਜਾਮੇ ਵਿਚ ਇਹ ਤਾਂ ਰੱਬ ਨੇ ਮਰਦ ਭੇਜਿਆ ਹੈ।"

ਬਾਬੇ ਨੇ ਫੁਰਮਾਇਆ ਕਿ ਇਕ ਵੇਰ ਮੈਂ ਆਪਣੇ ਮੁਰਸ਼ਦ ਸਾਈਂ ਬਖਤਿਆਰ ਕਾਕੀ ਪਾਸ ਗਿਆ ਤੇ ਬੇਨਤੀ ਕਰਕੇ ਚਲੀਹਾ ਕੱਟਣ ਦੀ ਆਗਿਆ ਮੰਗੀ। ਆਪ ਨੇ ਕਿਹਾ, "ਕੋਈ ਲੋੜ ਨਹੀਂ। ਸ਼ੁਹਰਤ ਖੱਟਣ ਵਾਸਤੇ ਲੋਕ ਚਲੀਹੇ ਕਟਦੇ ਹਨ। ਸਾਡੇ ਸਿਲਸਿਲੇ ਵਿਚ ਇਸ ਦਾ ਰਿਵਾਜ ਨਹੀਂ।" ਮੈਂ ਕਿਹਾ ਜੀ ਮੈਂ ਸ਼ੁਹਰਤ ਖੱਟਣ ਵਾਸਤੇ ਆਗਿਆ ਨਹੀਂ ਮੰਗਦਾ। ਆਪ ਚੁੱਪ ਹੋ ਗਏ। ਕੋਈ ਉੱਤਰ ਨਾ ਦਿੱਤਾ। ਮੈਨੂੰ ਹੁਣ ਤੱਕ ਇਸ ਗੱਲ ਦਾ ਪਛਤਾਵਾ ਹੈ ਕਿ ਜਦੋਂ ਉਨ੍ਹਾਂ ਇਨਕਾਰ ਕਰ ਦਿਤਾ ਸੀ ਤਾਂ ਮੈਂ ਦੂਜਾ ਵਾਕ ਕਿਉਂ ਕਿਹਾ। ਇਹ ਗੁਸਤਾਖੀ ਮੈਥੋਂ ਹੋ ਗਈ ਸੀ। ਮੁਰਸ਼ਦ ਨੇ ਇਕ ਦਿਨ ਮੈਨੂੰ ਕਿਹਾ ਸੀ, "ਪੀਰ, ਮੁਰੀਦ ਦੀ ਕੰਘੀ ਹੁੰਦਾ ਹੈ।"

ਆਪ ਦੀ ਸੰਗਤ ਵਿਚ ਇਕ ਅਜਨਬੀ ਆਇਆ ਤੇ ਆਉਣ ਸਾਰ ਬਕਵਾਸ ਕਰਨ ਲੱਗਾ। ਬਾਬਾ ਜੀ ਦੀ ਸ਼ਾਨ ਦੇ ਖਿਲਾਫ਼ ਬੋਲਦਾ ਰਿਹਾ। ਬਾਬਾ ਜੀ ਨੇ ਕੋਈ ਉਜ਼ਰ-ਇਤਰਾਜ ਨਾ ਕੀਤਾ। ਸ਼ਾਂਤ ਸੁਣਦੇ ਰਹੇ। ਆਖਰ ਉਹ ਬੰਦਾ, ਇਹ ਲਫਜ਼ ਕਹਿ ਕੇ ਚਲਾ ਗਿਆ, "ਜਦੋਂ ਤੱਕ ਜਹਾਨ ਕਾਇਮ ਰਹੇਗਾ, ਮੇਰੇ ਗੁਨਾਹ ਅਤੇ ਤੁਹਾਡੀ ਦਰਿਆਦਿਲੀ ਉਦੋਂ ਤੱਕ ਕਾਇਮ ਰਹਿਣਗੇ।"

ਰੋਜ਼ਿਆਂ ਦੇ ਦਿਨਾਂ ਵਿਚ ਬਾਬਾ ਜੀ ਬਿਮਾਰ ਹੋ ਗਏ, ਸੋ ਰੋਜ਼ਾ ਛੱਡਣਾ ਪਿਆ। ਖਰਬੂਜਾ ਮੰਗਵਾਇਆ। ਇਕ ਫਾੜੀ ਮੈਨੂੰ ਫੜਾਈ। ਮੈਂ ਰੋਜ਼ਾ ਤੋੜਨ ਦਾ ਇਛੁਕ ਨਹੀਂ ਸਾਂ, ਪਰ ਮੁਰਸ਼ਿਦ ਦਾ ਹੁਕਮ ਵੀ ਨਹੀਂ ਮੋੜਿਆ ਜਾ ਸਕਦਾ ਸੀ। ਸੋਚਿਆ, ਗੁਨਾਹ ਬਖਸ਼ਾਣ ਲਈ ਦੋ ਮਹੀਨੇ ਹੋਰ ਰੋਜ਼ੇ ਰੱਖ ਲਵਾਂਗਾ ਪਰ ਬਾਬਾ ਜੀ ਦਾ ਹੁਕਮ ਮੰਨਣਾ ਚਾਹੀਦਾ ਹੈ। ਮੈਂ ਫਾੜੀ ਖਾਣ ਹੀ ਵਾਲਾ ਸਾਂ ਕਿ ਆਪ ਨੇ ਰੋਕਦਿਆਂ ਕਿਹਾ, "ਤੂੰ ਨਾ ਖਾਹ। ਬਿਮਾਰ ਹੋਣ ਕਾਰਨ ਮੈਨੂੰ ਤਾਂ ਖਾਣ ਦੀ ਛੋਟ ਹੈ, ਤੇਰੇ ਲਈ ਠੀਕ ਨਹੀਂ। ਮੈਂ ਸ਼ੁਕਰਾਨਾ ਕੀਤਾ।

ਇਕ ਦਿਨ ਮੁਹੰਮਦ ਨਾਮ ਦਾ ਬੰਦਾ ਆਪ ਪਾਸ ਬੈਠਾ ਸੀ ਕਿ ਖਾਣੇ ਦਾ ਵਕਤ ਹੋ ਗਿਆ। ਝੌਂਪੜੀ ਵਿਚ ਅਜਿਹਾ ਕੋਈ ਕੱਪੜਾ ਨਹੀਂ ਸੀ ਕਿ ਵਿਛਾ ਕੇ ਦਸਤਰਖਾਨ ਵਜੋਂ ਵਰਤ ਲਿਆ ਜਾਂਦਾ। ਮੁਹੰਮਦ ਦੇ ਦਿਲ ਵਿਚ ਖਿਆਲ ਆਇਆ ਕਿ ਬਾਬਾ ਜੀ ਦਸਤਰਖਾਨ ਤੇ ਸੁਸ਼ੋਭਿਤ ਹੋਣੇ ਚਾਹੀਦੇ ਸਨ, ਇਸ ਤਰ੍ਹਾਂ ਜ਼ਮੀਨ 'ਤੇ ਬੈਠੇ ਖਾਣਾ ਖਾਂਦੇ ਠੀਕ ਨਹੀਂ ਲਗਦੇ। ਬਾਬਾ ਜੀ ਨੇ ਉਂਗਲ ਨਾਲ ਰੇਤ ਉਪਰ ਦਾਇਰਾ ਵਾਹਿਆ ਤੇ ਕਿਹਾ, "ਇਹ ਰਿਹਾ ਮੇਰਾ ਦਸਤਰਖਾਨ ਮੁਹੰਮਦ ਭਰਾ। ਪ੍ਰਸ਼ਾਦ ਛਕ।"

ਆਰਿਫ, ਬਾਬਾ ਜੀ ਦਾ ਹਮ-ਉਮਰ ਅਤੇ ਹਮ-ਜਮਾਤੀ ਸੀ, ਦੋਸਤ ਸੀ ਬਚਪਨ ਦਾ। ਮੁਲਤਾਨ ਦੇ ਮਲਿਕ ਨੇ ਉਸਨੂੰ ਬੁਲਾਕੇ ਕਿਹਾ, "ਬਾਬਾ ਜੀ, ਇਸ ਵੇਲੇ ਹਾਂਸੀ ਵਿਚ ਹਨ। ਸਾਡੀ ਅਰਜ਼ ਤਾਂ ਉਨ੍ਹਾਂ ਮੰਨਣੀ ਨਹੀਂ। ਤੁਸੀਂ ਉਨ੍ਹਾਂ ਦੇ ਬਚਪਨ ਦੇ ਸਖੇ ਹੋ, ਜਾਉ, ਆਖੋ ਕਿ ਬਾਬਾ ਜੀ ਜਿਸ ਮੁਲਤਾਨ ਦੀਆਂ ਗਲੀਆਂ ਵਿਚ ਖੇਡਦੇ-ਖੇਡਦੇ ਤੁਸੀਂ ਵੱਡੇ ਹੋਏ, ਉਹ ਗਲੀਆਂ ਤੁਹਾਡੇ ਦੀਦਾਰ ਵਾਸਤੇ ਸਹਿਕ ਰਹੀਆਂ ਹਨ। ਕਿਰਪਾ ਕਰੋ ਤੇ ਮੁਲਤਾਨ ਦੀ ਇਕ ਫੇਰੀ ਪਾਉ। ਮਲਿਕ ਨੇ ਉਸਨੂੰ ਘੋੜਾ ਦਿਤਾ, ਰਸਤੇ ਵਿਚ ਖਾਣ-ਪੀਣ ਲਈ ਸਮੱਗਰੀ ਦਿਤੀ ਅਤੇ ਇਕ ਥੈਲੀ ਵਿਚ ਸੌ ਮੁਹਰਾਂ ਪਾ ਕੇ ਦਿਤੀਆਂ ਕਿ ਇਹ ਸਾਡੇ ਵਲੋਂ ਨਜ਼ਰਾਨਾ ਉਨ੍ਹਾਂ ਦੇ ਚਰਨਾਂ ਵਿਚ ਰੱਖਣਾ।


ਆਰਿਫ ਅਗਲੇ ਦਿਨ ਹਾਂਸੀ ਵਲ ਤੁਰ ਪਿਆ ਤੇ ਤੁਰਨ ਤੋਂ ਪਹਿਲਾਂ ਪੰਜਾਹ ਮੁਹਰਾਂ ਥੈਲੀ ਵਿਚੋਂ ਕੱਢ ਕੇ ਘਰ ਰੱਖ ਗਿਆ। ਚਲੋ-ਚਾਲ, ਚਲੋ-ਚਾਲ ਹਾਂਸੀ ਪੁੱਜ ਗਿਆ। ਘੋੜਾ ਰੁੱਖ ਨਾਲ ਬੰਨ੍ਹਿਆ। ਬਾਬਾ ਜੀ ਦੇਖਦੇ ਰਹੇ, ਪਛਾਣਦੇ ਰਹੇ ਤੇ ਕਿਹਾ, "ਸ਼ਾਇਦ ਆਰਿਫ ਹੈ ਆਪਣਾ ਗਰਾਈਂ ਭਾਈ।" ਆਰਿਫ ਨੇ ਮੱਥਾ ਟੇਕਿਆ ਤੇ ਪੰਜਾਹ ਮੁਹਰਾਂ ਵਾਲੀ ਥੈਲੀ ਬਾਬਾ ਜੀ ਦੇ ਚਰਨਾਂ ਵਿਚ ਰੱਖੀ। ਬਾਬਾ ਜੀ ਖੜ੍ਹੇ ਹੋ ਗਏ। ਆਰਿਫ ਨੂੰ ਜੱਫੀ ਵਿਚ ਲੈ ਕੇ ਕਹਿਣ ਲੱਗੇ, "ਮੈਂ ਤਾਂ ਤੁਹਾਨੂੰ ਦੋਸਤ ਸਮਝਦਾ ਰਿਹਾ ਪਰ ਤੁਸੀਂ ਤਾਂ ਮੇਰੇ ਭਰਾ ਨਿਕਲੇ ਆਰਿਫ। ਤੁਸੀਂ ਤਾਂ ਸਕੇ ਭਰਾ ਹੋ ਮੇਰੇ।" ਆਰਿਫ ਨੂੰ ਗੱਲ ਦੀ ਸਮਝ ਨਾ ਲੱਗੀ ਤੇ ਕਿਹਾ, "ਜੀ ਮੈਨੂੰ ਕੁਝ ਪਤਾ ਨਹੀਂ ਲੱਗਾ ਕਿ ਮੈਂ ਆਪ ਦਾ ਭਰਾ ਕਿਵੇਂ ਹਾਂ।" ਬਾਬਾ ਜੀ ਨੇ ਕਿਹਾ, "ਭਰਾ ਜੰਮਣਸਾਰ ਆਪਣੇ ਭਰਾ ਦੀ ਜਾਇਦਾਦ ਦੇ ਅੱਧ ਦਾ ਹਿੱਸੇਦਾਰ ਨਹੀਂ ਹੋ ਜਾਂਦਾ ਭਲਾ?

ਸ਼ਰਮਿੰਦਗੀ ਨਾਲ ਆਰਿਫ ਕਹਿਣ ਲੱਗਾ, "ਮਾਫ਼ ਕਰ ਦਿਉ ਬਾਬਾ ਜੀ। ਦਰਅਸਲ ਮੈਂ ਡਰ ਗਿਆ ਕਿ ਰਸਤੇ ਵਿਚ ਕਿਤੇ ਸਾਰਾ ਧਨ ਡਾਕੂ ਈ ਨਾ ਲੁੱਟ ਲੈਣ। ਇਸ ਕਰਕੇ ਸੋਚਿਆ ਕਿ ਜਦੋਂ ਤੁਸੀਂ ਮੁਲਤਾਨ ਆਉਗੇ, ਬਾਕੀ ਰਕਮ ਉਦੋਂ ਆਪ ਦੀ ਨਜ਼ਰ ਕਰ ਦਿਆਂਗਾ।" ਬਾਬਾ ਜੀ ਹੱਸ ਪਏ, ਕੁਝ ਨਾ ਕਿਹਾ।

ਝੌਂਪੜੀ ਦੇ ਦੁਆਲੇ ਕੰਧਾਂ ਨਹੀਂ ਸਨ। ਮੁਰੀਦਾਂ ਨੇ ਬੇਨਤੀ ਕੀਤੀ ਕਿ ਕੰਧਾਂ ਉਸਾਰ ਦੇਈਏ। ਬਾਬਾ ਜੀ ਨੇ ਨਾਂਹ ਕਰ ਦਿਤੀ, "ਫਰੀਦ ਇੱਟ ਉਪਰ ਇਟ ਨਹੀਂ ਚਿਣਨ ਦਏਗਾ।" ਮੁਰੀਦਾਂ ਨੇ ਕਿਹਾ, "ਜੀ ਸੱਪ ਫਿਰਦੇ ਰਹਿੰਦੇ ਹਨ, ਦੁਰਘਟਨਾ ਹੋ ਜਾਏਗੀ।" ਬਾਬਾ ਜੀ ਨੇ ਕਿਹਾ, "ਕੋਈ ਨਹੀਂ ਕਿਸੇ ਨੂੰ ਕੁਝ ਕਹਿੰਦਾ ਸੱਪ। ਬੇਖੌਫ ਰਹੋ।" ਮੁਰੀਦਾਂ ਨੇ ਵਧੀਕ ਮਿੰਨਤਾਂ ਕੀਤੀਆਂ ਤਾਂ ਇਸ ਸ਼ਰਤ ਤੇ ਕੰਧਾਂ ਕਰਨ ਦੀ ਆਗਿਆ ਦਿੱਤੀ ਕਿ ਪੱਕੀ ਇੱਟ ਨਹੀਂ ਲੱਗੇਗੀ। ਟੋਭੇ ਵਿਚੋਂ ਆਪਾਂ ਸਾਰੇ ਰਲਕੇ ਡਲੇ ਪੁੱਟ ਕੇ ਲਿਆਵਾਂਗੇ। ਕੰਧਾਂ ਇਕ ਗਜ਼ ਤੋਂ ਵਧੀਕ ਉਚੀਆਂ ਨਹੀਂ ਹੋਣਗੀਆਂ।

ਇਕ ਵਾਰ ਆਪਣੇ ਮੁਰੀਦ ਸਿਰਾਜੁੱਦੀਨ ਕੋਲ ਅਬੋਹਰ ਗਿਆ ਹੋਇਆ ਸਾਂ। ਕਿਸੇ ਗੱਲ ਸਦਕਾ ਮੁਹੱਲੇ ਦੀਆਂ ਔਰਤਾਂ ਸਿਰਾਜੁੱਦੀਨ ਦੀ ਔਰਤ ਨਾਲ ਲੜ ਕੇ ਉਸਨੂੰ ਗਾਲਾਂ ਦੇਣ ਲੱਗ ਪਈਆਂ, ਉਸ ਉਪਰ ਦੂਸ਼ਣ ਲਾਉਣ ਲੱਗੀਆਂ। ਔਰਤ ਗੁੱਸੇ ਵਿਚ ਨਾ ਆਈ, ਪੁੱਛਿਆ, "ਤੁਸੀਂ ਮੇਰੇ ਉਪਰ ਜਿਹੜੀਆਂ- ਜਿਹੜੀਆਂ ਤੁਹਮਤਾਂ ਲਾ ਰਹੀਆਂ ਹੋ, ਉਹ ਬੈਅਤ ਤੋਂ ਪਹਿਲਾਂ ਦੀਆਂ ਨੇ ਕਿ ਬਾਅਦ ਦੀਆਂ ?" ਇਹ ਗੱਲ ਸੰਗਤ ਨੂੰ ਸੁਣਾ ਕੇ ਬਾਬਾ ਫਰੀਦ ਜੀ ਨੇ ਕਿਹਾ, "ਦੇਖਿਆ, ਕਿੰਨੀ ਸੁਹਣੀ ਗੱਲ ਕਹੀ ਇਸ ਨੇਕਬਖਅਤ ਬੀਬੀ ਨੇ?"

"ਉਹ ਭੀੜਾਂ ਤੋਂ ਦੂਰ ਉਜਾੜਾਂ ਵਿਚ ਵਸੇਬਾ ਕਰ ਲੈਂਦੇ ਤਾਂ ਉਥੇ ਮੇਲੇ ਲੱਗ ਜਾਂਦੇ। ਅੱਧੀ ਰਾਤ ਦਰਵਾਜਾ ਬੰਦ ਕਰਦੇ ਸਾਂ। ਕੋਈ ਬੰਦਾ ਅਜਿਹਾ ਨਹੀਂ ਹੁੰਦਾ ਸੀ, ਜਿਸਨੂੰ ਕੁਝ ਨਾ ਕੁਝ ਨਾ ਮਿਲਦਾ। ਆਪਣੇ ਪਾਸ ਕੁਝ ਰੱਖਦੇ ਹੀ ਨਹੀਂ ਸਨ। ਗਜ਼ਬ ਦਾ ਤਿਆਗ ਸੀ ਉਨ੍ਹਾਂ ਦਾ। ਆਦਮਜ਼ਾਤ ਵਿਚੋਂ ਕੌਣ ਉਨ੍ਹਾਂ ਵਰਗਾ ਹੋ ਸਕਦਾ ਹੈ? ਚਾਹੇ ਵਰ੍ਹਿਆਂ ਤੋਂ ਕੋਈ ਆਪ ਦਾ ਵਾਕਿਫ਼ ਹੁੰਦਾ, ਚਾਹੇ ਅਜਨਬੀ, ਗੱਲ ਇਕੋ ਤਰ੍ਹਾਂ ਕਰਦੇ ਹਰੇਕ ਨਾਲ। ਜਿਹੜੀ ਗੱਲ ਸਭ ਦੇ ਸਾਹਮਣੇ ਆਖਣਯੋਗ ਨਾ ਹੁੰਦੀ, ਉਹ ਇਕੱਲਿਆਂ ਵੀ ਨਹੀਂ ਕਰਦੇ ਸਨ। ਅੰਦਰੋਂ ਬਾਹਰੋਂ ਇਕੋ ਜਿਹੇ ਸਨ ਬਾਬਾ ਫਰੀਦ। ਏਨੀਆਂ ਮਿੱਠੀਆਂ ਤੇ ਮਿਹਰਬਾਨੀਆਂ ਨਾਲ ਭਰੀਆਂ ਗੱਲਾਂ ਸੁਣਦਿਆਂ ਕਈ ਬੰਦਿਆਂ ਦਾ ਦਿਲ ਕਰਦਾ ਕਿ ਇਸੇ ਅਵਸਥਾ ਵਿਚ ਪ੍ਰਾਣ ਨਿਕਲ ਜਾਣ ਤਾਂ ਕਿੰਨੀ ਚੰਗੀ ਕਿਸਮਤ ਹੋਵੇ। ਹੋਰ ਕੀ ਰੱਖਿਐ ਇਸ ਦੁਨੀਆਂ ਵਿਚ?



ਜਦੋਂ ਕਿਸੇ ਫਕੀਰ ਦਾ ਨਾਮ ਲੈ ਕੇ ਕੋਈ ਸੁਹਣੀ ਗੱਲ ਸੁਣਾਉਣ ਲਗਦੇ, ਸਾਨੂੰ ਉਦੋਂ ਪਤਾ ਲੱਗ ਜਾਂਦਾ ਸੀ ਕਿ ਇਹ ਇਨ੍ਹਾਂ ਦੀ ਖੁਦ ਦੀ ਸਾਖੀ ਹੈ ਪਰ ਆਪਣਾ ਨਾਮ ਛੁਪਾ ਲੈਂਦੇ ਸਨ। ਜਿੰਨਾ ਮਰਜ਼ੀ ਛੁਪਾਉਣ, ਅਸੀਂ ਬੁੱਝ ਲੈਂਦੇ ਸਾਂ।

ਤਿੰਨ ਵੇਲੇ ਅਜਿਹੇ ਹਨ ਜਦੋਂ ਰੱਬੀ ਰਹਿਮਤ ਨਾਜ਼ਲ ਹੁੰਦੀ ਹੈ, ਪਹਿਲਾ ਵੇਲਾ ਹੈ ਕੀਰਤਨ ਦਾ, ਦੂਜਾ ਜਦੋਂ ਬੰਦਗੀ ਦੀ ਤਾਕਤ ਹਾਸਲ ਕਰਨ ਲਈ ਸੰਜਮ ਨਾਲ ਭਜਨ ਕੀਤਾ ਜਾਵੇ ਤੇ ਤੀਜਾ ਰੁੱਸੇ ਦਰਵੇਸ਼ਾਂ ਦਾ ਰਾਜੀਨਾਵਾਂ ਹੋਣ ਵਕਤ। ਇਕ ਵਾਰ ਕੁਝ ਫਕੀਰ ਆਪ ਦੀ ਖਾਨਗਾਹ ਵਿਚ ਹਾਜ਼ਰ ਹੋ ਕੇ ਕਹਿਣ ਲੱਗੇ, "ਹਜ਼ੂਰ ਸਾਡਾ ਆਪਸ ਵਿਚ ਤਕਰਾਰ ਹੋ ਗਿਆ ਸੀ। ਅਸੀਂ ਇਹ ਅਰਜ਼ ਕਰਨ ਆਏ ਹਾਂ ਕਿ ਸਾਡੀ ਸੁਲਾਹ ਕਰਵਾ ਦਿਉ।" ਸ਼ੇਖ ਫਰੀਦ ਜੀ ਨੇ ਇਹ ਮਸਲਾ ਮੇਰੇ ਸਪੁਰਦ ਕਰ ਦਿੱਤਾ। ਮੈਂ ਉਨ੍ਹਾਂ ਦਰਵੇਸਾਂ ਨੂੰ ਇਕ ਪਾਸੇ ਲੈ ਗਿਆ ਤਾਂ ਕਿ ਆਰਾਮ ਨਾਲ ਗੱਲ ਸੁਣਾਂ। ਮੇਰੇ ਨਾਲ ਇਸਹਾਕ ਵੀ ਸੀ। ਬੜੀ ਹਲੀਮੀ ਨਾਲ ਉਹ ਇਸ ਤਰ੍ਹਾਂ ਇਕ ਦੂਜੇ ਨਾਲ ਗੱਲ ਕਰਨ ਲੱਗੇ, "ਉਸ ਦਿਨ ਤੁਸੀਂ ਮੈਨੂੰ ਇਹ ਗੱਲ ਕਹੀ ਸੀ, ਜਿਸ ਦੇ ਜਵਾਬ ਵਿਚ ਮੈਂ ਇਉਂ ਬੇਨਤੀ ਕੀਤੀ ਸੀ। ਤੁਸੀਂ ਉੱਤਰ ਦਿੰਦਿਆਂ ਇਉਂ ਫੁਰਮਾਇਆ ਤਾਂ ਮੈਨੂੰ ਤੁਹਾਡੀ ਗੱਲ ਪੂਰੀ ਸਮਝ ਵਿਚ ਨਹੀਂ ਆਈ, ਜਿਸ ਕਰਕੇ ਜਵਾਬ ਉਲਟ-ਪੁਲਟ ਦੇ ਬੈਠਾ ਸਾਂ। ਮੇਰੇ ਤੋਂ ਇਹ ਗੁਸਤਾਖੀ ਹੋ ਗਈ ਸੀ।" ਦੂਜੇ ਨੇ ਉਤਰ ਦਿਤਾ, "ਨਹੀਂ, ਤੁਸੀਂ ਠੀਕ ਉੱਤਰ ਦਿੱਤਾ ਸੀ, ਭੁੱਲ ਮੇਰੇ ਤੋਂ ਹੋਈ ਜੋ ਮੈਂ ਖਾਹ-ਮਖਾਹ ਤੈਸ਼ ਵਿਚ ਆ ਗਿਆ। ਮੈਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਸੀ। ਗਲਤੀ ਮੇਰੀ ਸੀ।" ਜਿਸ ਅੰਦਾਜ਼ ਨਾਲ ਉਨ੍ਹਾਂ ਨੇ ਆਪਸ ਵਿਚ ਗੱਲਾਂ ਕੀਤੀਆਂ, ਬਦਰੁੱਦੀਨ ਇਸਹਾਕ ਅਤੇ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਅਸੀਂ ਸਮਝ ਗਏ। ਇਹ ਤਾਂ ਆਪਸ ਵਿਚ ਕਦੀ ਲੜੇ ਨਹੀਂ ਹੋਣੇ, ਇਹ ਲੜਨ ਵਾਲੇ ਮਨੁੱਖ ਹੈ ਈ ਨਹੀਂ। ਇਹ ਤਾਂ ਸਾਨੂੰ ਅਕਲ ਦੇਣ ਆਏ ਸਨ ਕਿ ਲੜਨ ਮਗਰੋਂ ਇਸ ਤਰ੍ਹਾਂ ਦਾ ਸ਼ਿਸ਼ਟ ਵਿਹਾਰ ਕਰੀਦਾ ਹੁੰਦਾ ਹੈ। ਇਹ ਤਾਂ ਰੱਬ ਦੇ ਭੇਜੇ ਭਲੇ ਲੋਕ ਸਨ।

'ਜ਼ਿਆਉਦਦੀਨ' ਫਲਸਫੇ ਦਾ ਵਿਦਵਾਨ ਅਧਿਆਪਕ ਸੀ। ਉਹ ਸ਼ੇਖ ਸਾਹਿਬ ਦੇ ਦੀਦਾਰ ਕਰਨ ਆਇਆ ਤਾਂ ਸੋਚਦਾ ਆਇਆ ਕਿ ਮੈਨੂੰ ਦੀਨ ਅਤੇ ਵਿਆਕਰਣ ਦਾ ਕੋਈ ਇਲਮ ਨਹੀਂ। ਜੇ ਮੇਰੇ ਤੋਂ ਇਨ੍ਹਾਂ ਬਾਰੇ ਸਵਾਲ ਪੁੱਛਣ ਲੱਗ ਗਏ, ਫਿਰ ਕੀ ਕਰਾਂਗਾ? ਝਿਜਕਦਿਆਂ ਹੋਇਆਂ ਚਰਨੀਂ ਹੱਥ ਲਾ ਕੇ ਬੈਠ ਗਿਆ। ਉਸਨੂੰ ਪੁੱਛਿਆ, "ਹੱਕ ਵਿਚ ਅਤੇ ਵਿਰੋਧ ਵਿਚ ਕਿਸ ਪ੍ਰਕਾਰ ਦਲੀਲਾਂ ਦੇਈਦੀਆਂ ਹਨ? ਕਿਨ੍ਹਾਂ ਦਲੀਲਾਂ ਨਾਲ ਰੱਬ ਦੀ ਹੋਂਦ ਤੋਂ ਮੁਨਕਿਰ ਹੋਈਦਾ ਹੈ ਤੇ ਕਿਸ-ਕਿਸ ਦਲੀਲ ਨਾਲ ਉਸਦੀ ਹੋਂਦ ਨੂੰ ਸਿੱਧ ਕਰੀਦਾ ਹੈ?" ਗੱਲ ਕੀ, ਜੋ-ਜੋ ਉਸਨੂੰ ਆਉਂਦਾ ਸੀ, ਉਹੋ ਪੁੱਛਦੇ ਗਏ, ਭੋਰਾ ਸ਼ਰਮਸਾਰ ਨਹੀਂ ਕੀਤਾ।

ਪਾਕਿ ਪੱਤਣ ਦਾ ਕਾਜ਼ੀ ਬਾਬਾ ਜੀ ਨੂੰ ਸਖ਼ਤ ਨਫ਼ਰਤ ਕਰਦਾ ਸੀ ਤੇ ਹਰ ਵਕਤ ਖਿਲਾਫ਼ ਬੋਲਦਾ ਰਹਿੰਦਾ। ਉਸਨੇ ਸ਼ਹਿਰ ਦੇ ਮੌਲਵੀਆਂ ਦੀ ਮੀਟਿੰਗ ਮਸਜਿਦ ਵਿਚ ਬੁਲਾ ਲਈ। ਮੀਟਿੰਗ ਵਿਚ ਹਾਜ਼ਰੀਨ ਨੂੰ ਪੁੱਛਿਆ, "ਤੁਸੀਂ ਜਾਣਦੇ ਹੋ ਭਾਈਓ ਕਿ ਇਸਲਾਮ ਵਿਚ ਸੰਗੀਤ ਦੀ ਮਨਾਹੀ ਹੈ। ਜੇ ਕੋਈ ਮੁਸਲਮਾਨ ਹੋ ਕੇ ਗਾਉਣ-ਵਜਾਉਣ ਵਿਚ ਮਗਨ ਰਹੇ ਤੇ ਅਜਿਹੀ ਹਮਾਕਤ ਕਰੇ ਕਿ ਮਸਜਿਦ ਦੇ ਨਜ਼ਦੀਕ ਵੀ ਗਾਈ ਜਾਵੇ, ਉਸ ਨਾਲ ਕੀ ਸਲੂਕ ਕਰਨਾ ਚਾਹੀਦਾ ਹੈ?" ਸਰੋਤੇ ਚੁਪ ਹੋ ਗਏ। ਕੋਈ ਉੱਤਰ ਨਾ ਦਿੱਤਾ। ਇਕ ਬਜ਼ੁਰਗ ਨੇ ਆਖਰ ਪੁੱਛ ਹੀ ਲਿਆ, "ਜੀ, ਇਹ ਦੱਸੋ ਪਹਿਲਾਂ ਕਿ ਉਹ ਸ਼ਖਸ ਹੈ ਕੌਣ, ਜਿਸ ਬਾਬਤ ਤੁਸੀਂ ਫਤਵਾ ਜਾਰੀ ਕਰਨਾ ਚਾਹੁੰਦੇ ਹੋ। ਕਾਜ਼ੀ ਨੇ ਕਿਹਾ, "ਫਰੀਦੁੱਦੀਨ।" ਸਾਰੇ ਮੌਜੂਦ ਬੰਦਿਆਂ ਨੇ ਕੰਨਾਂ ਨੂੰ ਹੱਥ ਲਾਏ ਤੇ ਕਿਹਾ, "ਬਾਬਾ ਸ਼ੇਖ ਫਰੀਦ ਜੋ ਕਰਦਾ ਹੈ, ਸੋਈ ਕਰਨਯੋਗ ਹੈ। ਉਨ੍ਹਾਂ ਦੇ ਦਰਬਾਰ ਵਿਚ ਜਾਣ ਵਾਲਿਆਂ ਦੇ ਗੁਨਾਹ ਬਖਸ਼ੇ ਜਾਂਦੇ ਹਨ।" ਸਾਰੇ ਜਣੇ ਆਪੋ-ਆਪਣੇ ਘਰਾਂ ਨੂੰ ਚਲੇ ਗਏ।

ਬਲਬਨ ਅਜੇ ਬਾਦਸ਼ਾਹ ਨਹੀਂ ਬਣਿਆ ਸੀ, ਉਸਦਾ ਨਾਮ ਉਲਗ ਖਾਨ ਸੀ। ਇਧਰ ਪਾਕਿ ਪੱਤਣ ਵਲ ਦੀ ਲੰਘਿਆ ਤਾਂ ਦਰਸ਼ਨ ਕਰਨ ਆਇਆ। ਕੁਝ ਰਕਮ ਅਤੇ ਚਾਰ ਪਿੰਡਾਂ ਦੇ ਪਟੇ ਦੇ ਕਾਗਜ਼ ਆਪ ਦੇ ਚਰਨਾਂ ਵਿਚ ਰੱਖ ਕੇ ਮੱਥਾ ਟੇਕਿਆ। ਬਾਬਾ ਜੀ ਨੇ ਪੁੱਛਿਆ, "ਇਹ ਕੀ ਹੈ?" ਉਲਗਖਾਨ ਨੇ ਦੱਸਿਆ, "ਜੀ, ਪੈਸੇ ਦਰਵੇਸਾਂ ਲਈ ਹਨ ਤੇ ਚਾਰ ਪਿੰਡਾਂ ਦਾ ਪਟਾ ਆਪ ਲਈ।" ਬਾਬਾ ਜੀ ਨੇ ਫੁਰਮਾਇਆ, "ਪੈਸੇ ਰੱਖ ਜਾਉ। ਲੋੜਵੰਦਾਂ ਦੇ ਕੰਮ ਆਉਣਗੇ। ਪਟੇ ਚੁੱਕ ਲਵੋ, ਇਨ੍ਹਾਂ ਦੇ ਚਾਹਵਾਨ ਹੋਰ ਬਥੇਰੇ ਹਨ। ਸਾਡੇ ਵਡੇਰਿਆਂ ਨੇ ਜਾਗੀਰਾਂ ਨਹੀਂ ਲਈਆਂ ਕਦੀ।" ਉਲਗਖਾਨ ਨੇ ਕਿਹਾ, "ਜੀ, ਇਕ ਬਾਗ ਦਾ ਪਟਾ ਵੀ ਹੈ।" ਬਾਬਾ ਜੀ ਹੱਸ ਪਏ, ਕਿਹਾ, "ਮੈਂ ਤੇਰੇ ਬਾਗਾਂ ਦਾ ਘਾਹ ਨਹੀਂ ਬਣਨਾ ਭਾਈ। ਬਸ, ਅੱਲਾਹ ਦਾ ਨਾਮ ਲਿਆ ਕਰ।"

ਨਿਜ਼ਾਮੁੱਦੀਨ (1238-1325) ਦਾ ਪਰਿਵਾਰਿਕ ਨਾਮ ਸੱਯਦ ਮੁਹੰਮਦ ਸੀ, ਪਿੰਡ ਬਦਾਯੂੰ (ਯੂ ਪੀ), ਮਾਂ ਜ਼ੁਲੈਖਾਂ, ਪਿਤਾ ਦਾ ਨਾਮ ਸੱਯਦ ਅਹਿਮਦ ਅਤੇ ਬਾਬੇ ਦਾ ਨਾਮ ਅਲੀ ਸੀ। ਪੰਜ ਸਾਲ ਦੀ ਉਮਰ ਵਿਚ ਪਿਤਾ ਸੱਯਦ ਅਹਿਮਦ ਬੁਖਾਰੀ ਦੀ ਛਾਂ ਸਿਰ ਤੋਂ ਉਠ ਗਈ। ਕਮਾਈ ਦਾ ਸਹਾਰਾ ਨਾ ਰਿਹਾ ਤਾਂ ਗਰੀਬੀ ਵਿਚ ਘਿਰ ਗਏ। ਕਈ ਵਾਰ ਭੁੱਖਿਆਂ ਦਾ ਦਿਨ ਲੰਘਦਾ। ਜਿਸ ਡੰਗ ਖਾਣ ਵਾਸਤੇ ਰੋਟੀ ਨਾ ਮਿਲਦੀ, ਮਾਂ ਹੱਸ ਕੇ ਕਿਹਾ ਕਰਦੀ, "ਬੱਚਿਓ, ਅੱਜ ਆਪਾਂ ਰੱਬ ਦੇ ਮਹਿਮਾਨ ਹਾਂ। ਨਮਾਜ਼ ਪੜ੍ਹੋ। ਬਾਲਕ ਨਿਜ਼ਾਮ ਕਦੀ-ਕਦਾਈ ਖਾਣਾ ਖਾਂਦਿਆਂ ਮਾਂ ਤੋਂ ਪੁੱਛਦਾ, "ਹੁਣ ਰੱਬ ਦੇ ਮਹਿਮਾਨ ਕਦੋਂ ਹੋਵਾਂਗੇ ਆਪਾਂ ਮਾਂ?" ਆਪ ਮੁਰੀਦਾਂ ਨੂੰ ਇਨ੍ਹਾਂ ਦਿਨਾ ਬਾਬਤ ਦੱਸਿਆ ਕਰਦੇ ਸਨ, "ਘਰ ਵਿਚ ਪਿੱਤਲ, ਕਾਂਸੀ ਦੇ ਤਾਂ ਕੀ ਲੋਹੇ ਦੇ ਬਰਤਨ ਵੀ ਨਹੀਂ ਸਨ। ਕਸੋਰਿਆਂ ਜਾਂ ਠੂਠਿਆਂ ਵਿਚ ਦਾਲ-ਸਬਜ਼ੀ ਪੁਆ ਕੇ ਰੋਟੀ ਹੱਥ 'ਤੇ ਧਰਕੇ ਖਾ ਲੈਂਦੇ। ਕਦੀ ਕੋਈ ਠੂਠਾ ਡਿਗ ਕੇ ਟੁੱਟ ਜਾਂਦਾ ਤਾਂ ਮਾਂ ਝਿੜਕਦਿਆਂ ਹੋਇਆ ਆਖਦੀ, "ਘੁਮਿਆਰ ਰਿਸ਼ਤੇਦਾਰ ਨਹੀਂ ਹੈ ਆਪਣਾ। ਹੋਸ਼ ਨਾਲ ਖਾਣਾ ਖਾਓ। ਦਾਣਿਆਂ ਬਦਲੇ ਮਿਲਦੇ ਨੇ ਇਹ ਠੂਠੇ ਕਸੋਰੇ।"

ਹੋਸ਼ ਸੰਭਲੀ ਤਾਂ ਨਿਜ਼ਾਮੁੱਦੀਨ ਲੋਕਾਂ ਦੇ ਪਸ਼ੂ ਚਾਰਦਾ। ਸ਼ਾਮੀਂ ਖਾਣਾ ਖਾ ਕੇ ਬਦਾਯੂੰ ਦੀ ਮਸਜਿਦ ਵਿਚ ਮੌਲਵੀ ਕੋਲ ਪੜ੍ਹਨ ਚਲਾ ਜਾਂਦਾ। ਇਕ ਸ਼ਾਮ ਮਸਜਿਦ ਵਿਚ ਵਿਦਵਾਨ ਦਰਵੇਸ਼ ਠਹਿਰੇ ਹੋਏ ਸਨ। ਉਨ੍ਹਾਂ ਦੇ ਸਾਹਮਣੇ ਬਾਲਕ ਨਾਲ ਜਾਣ-ਪਛਾਣ ਕਰਾਉਂਦਿਆਂ ਮੌਲਵੀ ਜਲਾਲੁੱਦੀਨ ਤਬਰੇਜ਼ੀ ਨੇ ਕਿਹਾ, "ਅੱਲਾਹ ਤੋਂ ਸਿਵਾਇ ਇਹ ਬਾਲਕ ਜੀਵਨ ਭਰ ਕਿਸੇ ਅੱਗੇ ਸਿਰ ਨਹੀਂ ਝੁਕਾਏਗਾ, ਇੰਨਾ ਮੈਂ ਇਹਦੇ ਬਾਬਤ ਜਾਣ ਗਿਆ ਹਾਂ।" ਦਰਵੇਸ਼ਾਂ ਨੇ ਅਸੀਸਾਂ ਦਿੱਤੀਆਂ ਤੇ ਦਸਤਾਰ ਫਜ਼ੀਲਤ ਦੀ ਬਖਸ਼ਿਸ਼ ਕੀਤੀ।

ਅਬੂ ਬਕਰ ਕੱਵਾਲ ਤੋਂ ਬਾਬਾ ਫਰੀਦ ਦਾ ਨਾਮ ਸੁਣਿਆ, ਸ਼ੁਹਰਤ ਸੁਣੀ ਤਾਂ ਫੈਸਲਾ ਕੀਤਾ ਕਿ ਉਨ੍ਹਾਂ ਨੂੰ ਮੁਰਸ਼ਦ ਧਾਰਨ ਕੀਤਾ ਜਾਵੇ ਪਰ ਅਬੂ ਬਕਰ ਨੇ ਕਿਹਾ, "ਪਹਿਲਾਂ ਹੋਰ ਤਾਲੀਮ ਹਾਸਲ ਕਰਕੇ ਉਨ੍ਹਾਂ ਨੂੰ ਮਿਲਣ ਜੋਗਾ ਤਾਂ ਹੋਜਾ। ਮਾਂ ਅਤੇ ਭੈਣ ਸਮੇਤ ਦਿੱਲੀ ਜਾ ਪੁੱਜਾ। ਮਜ਼ਦੂਰੀ ਕਰਨੀ ਹੈ ਤਾਂ ਫਿਰ ਬਦਾਯੂੰ ਨਾਲੋਂ ਦਿੱਲੀ ਕਿਵੇਂ ਮਾੜੀ ਹੈ, ਇਹ ਸੋਚਕੇ ਇਕ ਨਿੱਕਾ ਕਾਰਵਾਂ ਰਵਾਨਾ ਹੋ ਗਿਆ। ਮੌਲਾਨਾ ਸ਼ੱਮਸੁੱਦੀਨ ਵੱਡਾ ਵਿਦਵਾਨ ਸੀ ਤੇ ਬਲਬਨ ਦੇ ਦਰਬਾਰ ਵਿਚ ਸਨਮਾਨਯੋਗ ਸ਼ਖਸੀਅਤ। ਉਸ ਕੋਲ ਜਾਣਾ ਸ਼ੁਰੂ ਕਰ ਦਿੱਤਾ। ਮੌਲਾਨਾ ਜਲਦੀ ਜਾਣ ਗਿਆ ਕਿ ਇਹ ਬਾਲਕ ਅਸਾਧਾਰਨ ਹੈ, ਇਸ ਕਰਕੇ ਧਿਆਨ ਦੇਣ ਲੱਗੇ। ਵੀਹ ਸਾਲ ਦੀ ਉਮਰ ਵਿਚ ਦਿੱਲੀ ਆਏ ਤੇ ਚਾਰ ਸਾਲ ਇਥੇ ਵਿਦਿਆ ਪ੍ਰਾਪਤ ਕਰਨ ਉਪਰੰਤ ਬਾਬਾ ਜੀ ਦੇ ਦੀਦਾਰ ਕਰਨ ਹਿਤ ਪਾਕਿ ਪੱਤਣ ਜਾਣ ਦਾ ਨਿਸ਼ਚਾ ਕੀਤਾ। ਰਵਾਨਗੀ ਤੋਂ ਪਹਿਲਾਂ ਸੁਲਤਾਨ ਨੇ ਖੁਸ਼ ਹੋ ਕੇ ਦਿੱਲੀ ਦੇ ਕਾਜ਼ੀ ਦੀ ਉਪਾਧੀ ਪ੍ਰਦਾਨ ਕੀਤੀ। ਨਿਜ਼ਾਮ ਨੇ ਨਜੀਬੁੱਦੀਨ ਮੁਤਵੱਕਲ ਦੀ ਸਲਾਹ ਲਈ ਤਾਂ ਉਨ੍ਹਾਂ ਫੁਰਮਾਇਆ, "ਇਨਸ਼ਾ ਅੱਲਾਹ ਤਾਅਲਾ ਤੋਆ ਹਰਗਿਜ਼ ਕਾਜ਼ੀ ਨਾ ਸੋਵੀ, ਅੱਮਾ ਚਿਜ਼ੇ ਸੋਵੀ ਕਿ ਮੁਨ ਦਾਨਮ। (ਰੱਬ ਕਰੇ ਤੂੰ ਕਦੇ ਕਾਜ਼ੀ ਨਾ ਬਣੇ, ਤੂੰ ਉਹੋ ਬਣੇ ਜੋ ਮੈਂ ਜਾਣਦਾ ਹਾਂ, ਤੂੰ ਬਣੇਗਾ।) ਇਹ ਬੋਲ ਸੁਣਨ-ਸਾਰ ਬਾਬਾ ਫਰੀਦ ਵਲ ਰਵਾਨਗੀ ਪਾ ਦਿੱਤੀ।


ਪਹਿਲੀ ਵਾਰ ਮੁਰਸ਼ਦ ਦੇ ਸਾਹਮਣੇ ਮੁਰੀਦ ਹਾਜ਼ਰ ਹੋਇਆ ਤਾਂ ਬਾਬਾ ਜੀ ਦੇ ਮੁਖੋਂ ਆਪ-ਮੁਹਾਰੇ ਇਹ ਸ਼ਿਅਰ ਪ੍ਰਗਟ ਹੋਇਆ;

'ਐ ਆਤਿਸ਼ੇ ਫਿਰਾਕਤ ਦਿਲਹਾ ਕਬਾਬ ਕਰਦਾ।
ਸੈਲਾਬ-ਇ-ਇਸ਼ਤਿਆਕਤ ਜਾਨਾਹਾ ਖਰਾਬ ਕਰਦਾ।।'
(ਐ ਬਿਰਹਾ ਦੀ ਅੱਗ, ਤੂੰ ਦਿਲ ਕਬਾਬ ਕੀਤੇ।
ਇਸ਼ਕ ਦੇ ਤੂਫਾਨ ਨੇ ਜ਼ਿੰਦਗੀਆਂ ਬਰਬਾਦ ਕੀਤੀਆਂ)

ਫਿਰ ਇਹ ਬੋਲ ਕਹੇ, "ਆਖਰ ਤੂੰ ਆ ਗਿਆ ਨਿਜ਼ਾਮੁੱਦੀਨ। ਹਿੰਦੁਸਤਾਨ ਦੀ ਲਗਾਮ ਕਿਸ ਦੇ ਹੱਥ ਫੜਾਵਾਂ, ਇਹ ਸੋਚ ਰਿਹਾ ਸਾਂ ਕਿ ਤੂੰ ਆ ਗਿਆ। ਮੇਰਾ ਦਿਲ ਮੈਨੂੰ ਆਖ ਰਿਹਾ ਸੀ ਕਿ ਤੂੰ ਆਏਂਗਾ। ਤਿਆਰ ਹੋ ਕੇ ਜੁਮੇ ਦੇ ਦਿਨ ਆ। ਤੈਨੂੰ ਸਿਲਸਿਲੇ ਵਿਚ ਸ਼ਾਮਲ ਕਰਾਂਗਾ।" ਨਿਜ਼ਾਮੁੱਦੀਨ ਇਹ ਮਿੱਠੇ ਬੋਲ ਸੁਣਕੇ ਖੁਸ਼ ਹੋਇਆ ਤੇ ਫਿਰ ਖਾਨਗਾਹ ਦੇ ਪੁਰਾਣੇ ਸੇਵਕਾਂ ਨੂੰ ਪੁੱਛਣ ਲੱਗਾ, "ਤਿਆਰ ਹੋ ਕੇ ਆਉਣ ਦਾ ਹੁਕਮ ਹੋਇਆ ਹੈ। ਇਹ ਤਿਆਰੀ ਕੀ ਹੁੰਦੀ ਹੈ?" ਸੇਵਕਾਂ ਨੇ ਕਿਹਾ, "ਭਾਗਾਂ ਵਾਲੇ ਹੋ ਤੁਸੀਂ ਨਿਜ਼ਾਮੁੱਦੀਨ। ਉਮਰਾਂ ਬੀਤ ਗਈਆਂ ਇਥੇ ਸੇਵਾ ਕਰਦਿਆਂ, ਪਰ ਸਿਲਸਿਲੇ ਵਿਚ ਸ਼ਾਮਲ ਨਹੀਂ ਕਰਦੇ ਬਾਬਾ ਜੀ। ਤੁਹਾਨੂੰ ਦੇਖਣ ਸਾਰ ਮਿਹਰਬਾਨ ਹੋ ਗਏ। ਤਿਆਰੀ ਦਾ ਮਤਲਬ ਹੈ ਕਿ ਦਸਤਾਰ ਅਤੇ ਮਿਠਾਈ ਲੈ ਕੇ ਆਓ। ਆਪਣੇ ਮੁਬਾਰਕ ਹੱਥਾਂ ਨਾਲ ਬਾਬਾ ਜੀ ਤੁਹਾਡੇ ਸਿਰ 'ਤੇ ਦਸਤਾਰ ਸਜਾਉਣਗੇ। ਮਿਠਾਈ ਦਾ ਪ੍ਰਸ਼ਾਦ ਸੰਗਤ ਵਿਚ ਵੰਡਣਗੇ।" ਘਰ ਨਾ ਦਸਤਾਰ ਸੀ, ਨਾ ਦਸਤਾਰ ਖਰੀਦਣ ਵਾਸਤੇ ਪੈਸੇ। ਮਾਂ ਨੇ ਗਵਾਂਢਣਾ ਨੂੰ ਕਿਹਾ, "ਆਪੋ- ਆਪਣੇ ਚਰਖੇ ਲੈ ਕੇ ਮੇਰੇ ਘਰ ਆਉਣਾ। ਮੇਰੇ ਕੋਲ ਰੂੰ ਨਹੀਂ। ਰੂੰ ਜਾਂ ਲੋਗੜ ਜੋ ਵੀ ਹੋਵੇ, ਆਪਣਾ-ਆਪਣਾ ਨਾਲ ਲਿਆਉਣਾ। ਰਾਤ ਭਰ ਸੂਤ ਕੱਤਾਂਗੀਆਂ।" ਜੁਲਾਹੇ ਨੂੰ ਆਖਿਆ, "ਬਾਬਾ ਕੱਲ੍ਹ ਦੀ ਸਵੇਰ ਹੋਰ ਕੰਮ ਨਹੀਂ ਕਰਨਾ, ਦਸਤਾਰ ਬੁਣਨੀ ਹੈ।" ਕੱਤਿਆ ਸੂਤ, ਕਿਸੇ ਦਾ ਮੋਟਾ, ਕਿਸੇ ਦਾ ਬਾਰੀਕ, ਜੁਲਾਹੇ ਨੂੰ ਦਿਤਾ। ਜੁਲਾਹੇ ਨੇ ਖੱਦਰ ਬੁਣਿਆ। ਮਾਂ-ਪੁੱਤ ਨੇ ਗਲੀਆਂ ਵਿਚੋਂ ਗੁੜ ਮੰਗਿਆ। ਕੱਛ ਵਿਚ ਖੱਦਰ ਦੀ ਪੱਗ ਤੇ ਮੋਢੇ ਉਪਰ ਗੁੜ ਦਾ ਥੈਲਾ ਟਿਕਾ ਕੇ ਇਹ ਜੁਆਨ ਬਾਬਾ ਫਰੀਦ ਦੇ ਦਰਬਾਰ ਵਿਚ ਪੇਸ਼ ਹੋਇਆ। ਉਨ੍ਹਾਂ ਦੇ ਚਰਨਾ ਵਿਚ ਦੋਵੇਂ ਚੀਜ਼ਾਂ ਰੱਖੀਆਂ। (ਚਲਦਾ)

## ਕਹਾਣੀ

# ਹਾਕਰ



**ਮਕਸੂਦ ਸਾਕਿਬ**

ਉਹਦੀਆਂ ਅੱਖਾਂ ਵੱਡੀਆਂ ਵੱਡੀਆਂ ਤੇ ਚਿੱਟੀਆਂ ਹੋ ਗਈਆਂ ਸਨ ਤੇ ਨੱਕ ਕੁਝ ਚੋਖਾ ਈ ਬਾਹਰ ਨੂੰ ਨਿਕਲ ਆਇਆ ਸੀ। ਮੂੰਹ ਸਿਰ ਦੇ ਵਾਲ ਢੇਰ ਵਧੇ ਹੋਵਣ ਕਰਕੇ ਉਹਨੂੰ ਸੰਞਾਣਨਾ ਕੋਈ ਸੌਖੀ ਕਾਰ ਨਹੀਂ ਸੀ। ਪਰ ਫੇਰ ਵੀ ਮੈਂ ਉਹਨੂੰ ਸੰਞਾਣ ਲਿਆ। ਉਹ ਪਹਿਲਾਂ ਬੱਸਾਂ ਵਾਲੇ ਅੱਡੇ ਵਿਚ ਅਖ਼ਬਾਰ ਵੇਚਦਾ ਹੁੰਦਾ ਸੀ ਤੇ ਫੇਰ ਉਹਨੂੰ ਮੈਂ ਰੇਲਵੇ ਸਟੇਸ਼ਨ 'ਤੇ ਗੱਡੀਆਂ ਵਿਚ ਸਮੋਸੇ-ਪਕੌੜੇ ਵੇਚਦੇ ਨੂੰ ਵੀ ਕੁਝ ਚਿਰ ਵੇਖਦਾ ਰਿਹਾ ਸਾਂ।

ਉਸ ਵੇਲੇ ਉਹਦੀ ਜਿਹੜੀ ਗਤ ਬਣੀ ਹੋਈ ਸੀ, ਉਹਨੂੰ ਸਮਝਣਾ ਮੇਰੇ ਵਸੋਂ ਬਾਹਰ ਸੀ। ਉਹਦੇ ਸਰੀਰ ਉਤੇ ਵਸਤਰਾਂ ਦੀ ਥਾਂ ਲੜਫਾਂ ਲਮਕਦੀਆਂ ਪਈਆਂ ਸਨ ਤੇ ਉਹ ਸਟੇਸ਼ਨ ਦੀ ਬਗੀਚੀ ਦੇ ਨਾਲ ਮਰਕਰੀ ਲਾਟੂ ਦੀ ਲੋਅ ਹੇਠਾਂ ਉਨ੍ਹਾਂ ਕੁੱਤਿਆਂ ਨੂੰ ਪਿਆ ਵੇਖਦਾ ਸੀ ਜਿਹੜੇ ਉਹਨੂੰ ਭੂਤ ਪਰੇਤ ਸਮਝ ਕੇ ਉਹਦੇ ਦਵਾਲੇ ਘੇਰਾ ਬੰਨ੍ਹ ਕੇ ਪਿਛਲੇ ਅੱਧੇ ਘੰਟੇ ਤੋਂ ਭੌਂਕਦੇ ਪਏ ਸਨ। ਰਾਤ ਚੋਖੀ ਹੋ ਜਾਣ ਕਰਕੇ ਸਟੇਸ਼ਨ ਅਸਲੋਂ ਈ ਸੁੰਨ ਮਸਾਣ ਹੋਇਆ ਪਿਆ ਸੀ। ਸ਼ੋਰਕੋਟੋਂ ਆਉਣ ਵਾਲੀ ਗੱਡੀ ਕੋਈ ਢਾਈ ਘੰਟੇ ਲੇਟ ਸੀ। ਏਸ ਕਰਕੇ ਬਗੀਚੀ ਦੇ ਪਰਲੇ ਪਾਸੇ ਕੋਈ ਟਾਂਗਾ ਵੀ ਖਲੋਤਾ ਹੋਇਆ ਨਹੀਂ ਸੀ ਵਿਖਾਈ ਦੇਂਦਾ। ਹੋਟਲ ਵਿਚ ਵੀ ਮੇਰੇ ਤੋਂ ਛੁੱਟ ਹੋਰ ਕੋਈ ਗਾਹਕ ਨਹੀਂ ਸੀ। ਕੁਝ ਚਿਰ ਪਹਿਲਾਂ ਬੈਠੀਆਂ ਹੋਈਆਂ ਦੋ ਤਿੰਨ ਸਵਾਰੀਆਂ ਗੱਡੀ ਲੇਟ ਸੁਣ ਕੇ ਮੁਸਾਫਰਖਾਨੇ ਵਿਚ ਲੱਕ ਸਿੱਧਾ ਕਰਨ ਟੁਰ ਗਈਆਂ ਸਨ। ਹੋਟਲ 'ਤੇ ਸਾਰਾ ਦਿਨ ਕੰਮ ਕਰਕੇ ਹੁਟੇ ਹੋਏ ਕਾਮੇ ਹੁਣ ਭੱਠੀ ਕੋਲ ਕੁਰਸੀਆਂ ਕਰਕੇ ਅੱਗ ਪਏ ਸੇਕਦੇ ਸਨ ਤੇ ਨਾਲੇ ਕਦੀ-ਕਦੀ ਬਾਹਰ ਝਾਤੀ ਮਾਰ ਕੇ ਹੱਸ ਛੱਡਦੇ ਸਨ।

ਮੈਂ ਆਦਤੋਂ ਮਜਬੂਰ ਸਾਰੇ ਬੇਲੀਆਂ ਦੇ ਟੁਰ ਜਾਣ ਮਗਰੋਂ ਬਾਰੀ ਅੱਗੇ 'ਕੱਲਾ ਈ ਬੈਠਾ ਨਾਲੇ ਚਾਹ ਪਿਆ ਪੀਂਦਾ ਸਾਂ ਤੇ ਨਾਲੇ ਬਾਹਰ ਉਨ੍ਹਾਂ ਕੁੱਤਿਆਂ ਦੇ ਘੇਰੇ ਵਿਚ ਖਲੋਤੇ ਹੋਏ ਨੂੰ ਵੇਖਦਾ ਪਿਆ ਸਾਂ। ਕੁੱਤੇ ਉਹਦੇ ਤੋਂ ਕੁਝ ਵਿੱਥ ਰੱਖ ਕੇ ਅਸਮਾਨਾਂ ਵਲ ਮੂੰਹ ਚੁੱਕ-ਚੁੱਕ ਕੇ ਪਏ ਭੌਂਕਦੇ ਸਨ। ਉਨ੍ਹਾਂ ਦੇ ਭੌਂਕਣ ਵਿਚ ਡਰ ਤੇ ਵਹਿਮ ਪਾਰੋਂ ਰੋਣ ਦੀ 'ਵਾਜ ਚੋਖੀ ਰਲੀ ਹੋਈ ਸੀ। ਉਹ ਪਿਛਲੇ ਅੱਧੇ ਘੰਟੇ ਤੋਂ ਜਿਥੇ ਖਲੋਤਾ ਸੀ, ਉਥੇ ਦਾ ਉਥੇ ਈ ਖਲੋਤਾ ਉਨ੍ਹਾਂ ਨੂੰ ਆਪਣੀਆਂ ਚਿੱਟੀਆਂ ਚਿੱਟੀਆਂ ਅੱਖਾਂ ਨਾਲ ਵੇਖੀ ਜਾਂਦਾ ਸੀ। ਉਹਦੀ ਤੱਕਣੀ ਤੇ ਇਕੋ ਪੈਂਤੜੇ ਵਿਚ ਖਲੋਤੇ ਤੋਂ ਏਸ ਤਰ੍ਹਾਂ ਸਹੀ ਹੁੰਦਾ ਸੀ ਜਿਵੇਂ ਉਹ ਕੁੱਤਿਆਂ ਨੂੰ ਕੀਲਣ ਦਾ ਕੋਈ ਤਪ ਕੱਢਦਾ ਹੋਇਆ ਆਪ ਈ ਪੱਥਰ ਹੋ ਗਿਆ ਸੀ।

ਮੇਰੀਆਂ ਅੱਖਾਂ ਅੱਗੇ ਉਹ ਪੁਰਾਣਾ ਵੇਲਾ ਆ ਗਿਆ ਜਦੋਂ ਮੈਂ ਛੋਟਾ ਜਿਹਾ ਹੁੰਦਾ ਸਾਂ ਤੇ ਮੇਰੇ ਅੱਬਾ ਜੀ ਮੈਨੂੰ ਤੇ ਮੇਰੇ ਵੱਡੇ ਭਰਾ ਨੂੰ ਸਾਈਕਲ ਉਤੇ ਬਿਠਾ ਕੇ ਹਰ ਰੋਜ਼ ਲੌਢੇ ਵੇਲੇ ਬਾਜ਼ਾਰ ਦੁੱਧ ਪਿਆਉਣ ਲੈ ਕੇ ਜਾਂਦੇ ਹੁੰਦੇ ਸਨ। ਮੰਦਰ ਦੇ ਹੇਠਾਂ ਉਦੋਂ ਰੱਖੇ ਦੁੱਧ ਦਹੀਂ ਵਾਲੇ ਦੀ ਹੱਟੀ ਹੁੰਦੀ ਸੀ ਤੇ ਉਹਦੇ ਨਾਲ ਘੋੜਿਆਂ ਦਾ ਸਾਜ਼ ਬਨਾਣ ਵਾਲੇ ਇਕ ਗੰਜੇ ਸਿਰ ਵਾਲੇ ਬੁੱਢੇ ਦੀ ਦੁਕਾਨ ਹੁੰਦੀ ਸੀ ਜਿਹਨੂੰ ਸਾਰੇ ਲੋਕ ਉਸਤਾਦ ਆਖ ਕੇ ਸੱਦਦੇ ਹੁੰਦੇ ਸਨ। ਅੱਬਾ ਜੀ ਨੇ ਸਾਨੂੰ ਦੋਵਾਂ ਭਰਾਵਾਂ ਨੂੰ ਰੱਖੇ ਦੁੱਧ ਦਹੀਂ ਵਾਲੇ ਕੋਲ ਬਿਠਾ ਕੇ ਆਪ ਉਸਤਾਦ ਕੋਲ ਜਾ ਕੇ ਬਹਿ ਜਾਣਾ ਤੇ ਕਿੰਨਾ ਚਿਰ ਨਾਲੇ ਹੁੱਕਾ ਪੀਂਦਿਆਂ ਰਹਿਣਾ ਤੇ ਨਾਲੇ ਗੱਲਾਂ ਕਰਦਿਆਂ ਰਹਿਣਾ।

ਉਸਤਾਦ ਚੌਂਕੜੀ ਮਾਰ ਕੇ ਬੈਠਾ ਹੁੰਦਾ ਸੀ। ਮੋਟਿਆਂ-ਮੋਟਿਆਂ ਸ਼ੀਸ਼ਿਆਂ ਵਾਲੀ ਐਨਕ ਉਹਦੇ ਉਚੇ ਸਾਰੇ ਨੱਕ ਦੀ ਕਰੂੰਬਲੀ ਉਤੇ ਹੁੰਦੀ ਤੇ ਉਹ ਆਪਣਾ ਚਿੱਟੇ ਵਾਲਾਂ ਦੀ ਝਾਲਰ ਜਿਹੀ ਵਾਲਾ ਗੰਜਾ ਸਿਰ ਨਿਵਾ ਕੇ ਕਦੀ ਘੋੜਿਆਂ ਦੇ ਸੀਨੇ-ਬੰਦ ਸੀਊਂਦਾ ਪਿਆ ਹੁੰਦਾ ਤੇ ਕਦੀ ਜੋਤਰੇ ਗੰਢਣ ਦੇ ਆਹਰੇ ਰੁੱਝਾ ਰਹਿੰਦਾ। ਵਿਚ-ਵਿਚ ਉਹ ਹੱਥ ਖਲਿਹਾਰ ਕੇ ਹੁੱਕੇ ਦਾ ਸੂਟਾ ਖਿੱਚ ਲੈਂਦਾ ਤੇ ਸ਼ੀਸ਼ਿਆਂ ਉਤੋਂ ਮੇਰੇ ਅੱਬਾ ਜੀ ਵਲ ਵੇਖਦਾ ਹੋਇਆ ਕੋਈ ਕਥਾ ਸੁਨਾਣ ਲੱਗ ਪੈਂਦਾ।

ਉਹਦੀਆਂ ਗੱਲਾਂ ਉਤੇ ਮੈਂ ਆਪਣੇ ਅੱਬਾ ਜੀ ਦੀਆਂ ਅੱਖਾਂ ਵਿਚ ਕਈ ਵਾਰੀ ਅੱਥਰੂ ਟੁਰਦੇ ਹੋਏ ਵੇਖੇ, ਜਿਨ੍ਹਾਂ ਨੂੰ ਉਹ ਝੱਟ ਆਪਣੀ ਲੱਕ ਦੀ ਚਾਦਰ ਦੇ ਲੜ ਵਿਚ ਸਾਂਭ ਲੈਂਦੇ। ਉਹ ਕੀ ਗੱਲਾਂ ਕਰਦੇ ਸਨ? ਬੱਸ ਹਿੰਦੂਆਂ-ਸਿੱਖਾਂ ਦੀਆਂ ਈ ਹੁੰਦੀਆਂ ਸਨ ਜਿਨ੍ਹਾਂ ਨੂੰ ਹਦੋਂ ਪਾਰ ਗਿਆਂ ਮੁੱਦਤਾਂ ਹੋ ਗਈਆਂ ਹੋਈਆਂ ਸਨ।

ਮੈਂ ਸਾਹਮਣੇ ਅੱਡੇ ਵਿਚ ਖਲੋਤੀਆਂ ਬੱਸਾਂ ਵਲ ਵੇਖਦਾ ਰਹਿੰਦਾ। ਇਨ੍ਹਾਂ ਬੱਸਾਂ ਦੀ ਈ ਤੇ ਉਹ ਪ੍ਰਦੱਖਣਾ ਕਰਦਾ ਹੁੰਦਾ ਸੀ। ਅਖ਼ਬਾਰਾਂ ਦਾ ਇਕ ਵੱਡਾ ਸਾਰਾ ਥੱਬਾ ਹਿੱਕ ਨਾਲ ਲਾ ਕੇ ਹੱਥ ਨਾਲ ਕੁਝ ਅਖਬਾਰ ਲਹਿਲਹਾਂਦਾ ਮੂੰਹ ਵਿਚੋਂ ਕੁਝ ਉਚੀ-ਉਚੀ ਕੂਕਦਾ ਹੋਇਆ। ਮੇਰੀ ਨਿਗਾਹ ਉਹਦੇ ਉਤੇ ਅੜ ਜਾਂਦੀ, ਉਹ ਇਕ ਭੈੜੀ ਜਿਹੀ ਕਮੀਜ਼ ਤੇ ਲੀਕਾਂ ਵਾਲਾ ਲਾਚਾ ਜਾਮਾ ਪਾ ਕੇ ਏਸ ਤਰ੍ਹਾਂ ਫਿਰਦਾ ਜਿਵੇਂ ਉਹਦੇ ਵਿਚ ਬਿਜਲੀ ਭਰੀ ਹੋਵੇ। ਬੱਸਾਂ ਦੀਆਂ ਬਾਰੀਆਂ ਅੱਗੋਂ ਹੱਥ ਵਿਚ ਫੜੇ ਅਖ਼ਬਾਰ ਫੜਾਂਦਾ, ਉਹ ਗਵਾਚ ਜਾਂਦਾ ਤੇ ਫੇਰ ਕਿਸੇ ਦੂਜੇ ਪਾਸਿਓਂ ਝੱਟ ਕਰਕੇ ਨਿਕਲ ਆਉਂਦਾ। ਉਹਦਾ ਇਹ ਸਾਰਾ ਅੰਦਾਜ਼ ਮੇਰੇ ਮਨ ਨੂੰ ਬੜਾ ਸੁਹਾਉਂਦਾ। ਮੈਂ ਉਹਨੂੰ ਈ ਨੀਝ ਲਾ ਕੇ ਵੇਖਦਾ ਰਹਿੰਦਾ ਰੱਖੇ ਦੀ ਹੱਟੀ ਦੇ ਅੱਗੇ ਪਈ ਕੁਰਸੀ ਉਤੇ ਬਹਿ ਕੇ। ਜਦੋਂ ਘਰ ਪਰਤਣ ਲਈ ਮੇਰਾ ਵੱਡਾ ਭਰਾ ਮੈਨੂੰ ਹਲੂਣ ਕੇ ਉਠਾਂਦਾ ਤੇ ਮੈਨੂੰ ਉਹਦੇ ਉਤੇ ਬੜਾ ਈ ਰੋਹ ਆਉਂਦਾ। ਮੈਂ ਅੱਬਾ ਜੀ ਦੇ ਨਾਲ ਸਾਈਕਲ ਉਤੇ ਬਹਿ ਕੇ ਉਹਦੇ ਨਾਲ ਪੂਰਾ ਰਾਹ ਨਾ ਬੋਲਦਾ। ਉਹਦੇ ਹਲੂਣੇ ਨਾਲ ਮੇਰੀ ਸਮਾਧੀ ਜੁ ਟੁੱਟ ਜਾਂਦੀ ਸੀ ਤੇ ਉਦੋਂ ਮਗਰੋਂ ਮੈਨੂੰ ਕੁਝ ਵੀ ਵਿਖਾਲੀ ਨਹੀਂ ਸੀ ਦੇਂਦਾ। ਬਸ ਹਰ ਸ਼ੈ ਕਤਰਾ ਕਤਰਾ ਈ ਜਾਪਣ ਲੱਗ ਪੈਂਦੀ ਸੀ।

ਘਰ ਵਿਚ ਮੈਂ ਬੋਹੜ ਦੇ ਪੱਤਰਾਂ ਦਾ ਥੱਬਾ ਬਣਾ ਕੇ ਹਿੱਕ ਨਾਲ ਲਾ ਲੈਂਦਾ ਤੇ ਫੇਰ ਐਵੇਂ ਈ ਕਿਸੇ ਸ਼ੈ ਦਵਾਲੇ ਕਾਹਲਾ-ਕਾਹਲਾ ਫਿਰਦਾ ਹੋਇਆ ਵਾਜ਼ਾਂ ਲਾਂਦਾ। 'ਆ ਗਿਆ... ਆ ਗਿਆ।' ਮੇਰੀ ਮਾਂ ਜਦੋਂ ਘਰ ਪ੍ਰਾਹੁਣੇ ਆਏ ਹੁੰਦੇ, ਮੈਨੂੰ ਏਸ ਤਰ੍ਹਾਂ ਖੇਡਦਿਆਂ ਵੇਖ ਕੇ ਹੱਸ ਪੈਂਦੀ। 'ਕਿਧਰੇ ਅਖ਼ਬਾਰ ਵੇਚਣ ਵਾਲੇ ਨੂੰ ਵੇਖ ਆਇਆ ਏ। ਉਹਦੀਆਂ ਨਕਲਾਂ ਲਾਹੁੰਦਾ ਰਹਿੰਦਾ ਏ।' ਜਦੋਂ ਪ੍ਰਾਹੁਣੇ ਨਾ ਆਏ ਹੁੰਦੇ, ਮੇਰੀ ਮਾਂ ਮੈਨੂੰ ਇਹ ਖੇਡ ਖੇਡਣ ਤੋਂ ਮੋੜ ਦੇਂਦੀ। 'ਨਾ ਪੁੱਤਰ, ਅਸੀਂ ਕੋਈ ਅਖ਼ਬਾਰ ਵੇਚਣ ਵਾਲੇ ਬਣਨਾ ਏ? ਸੁਖੀ ਸਾਂਦੀ ਅਸਾਂ ਤੇ ਪੜ੍ਹ ਲਿਖ ਕੇ ਸਾਹਬ ਬਣਨਾ ਏ ਸਾਹਬ।' ਮੈਨੂੰ ਲਫਜ਼ ਸਾਹਬ ਤੋਂ ਬੜੀ ਈ ਚਿੜ ਆਉਂਦੀ। ਮੇਰੀ ਐਡੀ ਸੋਹਣੀ ਖੇਡ ਨੂੰ ਹਮੇਸ਼ਾ ਇਹ ਸਾਹਬ ਆ ਕੇ ਈ ਤੇ ਭੰਗ ਕਰ ਜਾਂਦਾ ਸੀ।

ਉਹ ਅਖ਼ਬਾਰਾਂ ਦਾ ਥੱਬਾ ਵੇਚ ਕੇ ਜਦੋਂ ਅੱਡੇ ਵਿਚੋਂ ਟੁਰ ਜਾਂਦਾ, ਮੈਨੂੰ ਸਾਰਾ ਦਿਹੁੰ ਸੁੰਨ ਮਸਾਣ ਜਾਪਣ ਲੱਗ ਪੈਂਦਾ। ਬੱਸਾਂ ਦੀਆਂ ਬਾਰੀਆਂ ਵਿਚ ਬੈਠੇ ਹੋਏ ਮੁਸਾਫਰ ਫੋਟੋਆਂ ਜਾਪਣ ਲੱਗ ਪੈਂਦੇ। ਮੇਰੀ ਨਜ਼ਰ ਉਹਨੂੰ ਮੁੜ ਕੇ ਕਿਧਰੋਂ ਨਿਕਲਦੇ ਨੂੰ ਵੇਖਣ ਲਈ ਲੋਚਦੀ ਰਹਿੰਦੀ ਪਰ ਉਹ ਮੁੜ ਕੇ ਅਗਲੇ ਦਿਹਾੜੇ ਈ ਵਿਖਾਲੀ ਦੇਂਦਾ ਤੇ ਫੇਰ ਪੂਰਾ ਦਿਹੁੰ ਜੀਊਂਦਾ-ਜਾਗਦਾ ਹੋ ਜਾਂਦਾ।

ਮੈਂ ਆਪਣੇ ਅੱਬਾ ਜੀ ਤੇ ਵੱਡੇ ਭਰਾ ਨਾਲ ਅੱਲਾ ਰੱਖੇ ਦੁੱਧ ਦਹੀਂ ਵਾਲੇ ਦੀ ਹੱਟੀ 'ਤੇ ਜਾ ਕੇ ਕਿੰਨਾ ਚਿਰ ਈ ਵੇਖਦਾ ਰਿਹਾ ਤੇ ਕਿੰਨਾ ਚਿਰ ਈ ਘਰ ਆਲੇ ਬੋਹੜ ਦੇ ਪੱਤਰਾਂ ਨਾਲ ਅਖ਼ਬਾਰ ਵੇਚਣ ਵਾਲਾ ਬਣਦਾ ਰਿਹਾ। ਫੇਰ ਇਹ ਸਾਰਾ ਕੁਝ ਕਿਧਰੇ ਪਿਛਾਂਹ ਦੀ ਪਿਛਾਂਹ ਈ ਰਹਿ ਗਿਆ ਜਿਵੇਂ ਗੱਡੀ ਵਿਚ ਜਾਂਦਿਆਂ ਰੁੱਖ ਤੇ ਖੰਭੇ ਪਲ ਦੀ ਪਲ ਚੂੰਢੀ ਧੱਫਾ ਲੈ ਕੇ ਕਿੱਕਲੀ ਪਾਉਂਦੇ, ਕੋਲੋਂ ਦੂਰ ਦੁਰਾਡੇ ਨਿਕਲ ਜਾਂਦੇ ਨੇ।

ਕਈ ਵਰ੍ਹੇ ਲੰਘ ਜਾਣ ਮਗਰੋਂ ਮੈਂ ਕਿਸੇ ਪ੍ਰਾਹੁਣੇ ਨੂੰ ਗੱਡੀ ਚੜ੍ਹਾਣ ਸਟੇਸ਼ਨ 'ਤੇ ਆਇਆ ਤਾਂ ਇਕ ਕਾਲੇ ਜਿਹੇ ਰੰਗ ਦੇ ਨਿੱਕੀ-ਨਿੱਕੀ ਦਾੜ੍ਹੀ ਵਾਲੇ ਹਾਕਰ ਨੂੰ ਵੇਖ ਕੇ ਮੈਨੂੰ ਆਪਣੇ ਕੰਨਾਂ ਵਿਚ 'ਆ ਗਿਆ...ਆ ਗਿਆ' ਦੀਆਂ ਵਾਜਾਂ ਦਰਿਆ ਵਿਚੋਂ ਲੰਘਦੀ ਤ੍ਰਿਖੀ ਹਵਾ ਦੀਆਂ ਸੂਕਰਾਂ ਵਾਂਗੂੰ ਪੈਂਦੀਆਂ ਸਹੀ ਹੋਵਣ ਲੱਗ ਪਈਆਂ। ਉਸੇ ਵੇਲੇ ਕਿਸੇ ਹੋਰ ਲਾਂਭ ਨੂੰ ਜਾਣ ਵਾਲੀ ਇਕ ਗੱਡੀ ਪਲੇਟਫਾਰਮ 'ਤੇ ਆਉਂਦੀ ਪਈ ਸੀ। ਮੈਂ ਉਹਦੇ ਹੱਥ ਵਿਚ ਸਮੋਸਿਆਂ-ਪਕੌੜਿਆਂ ਦੇ ਕਈ ਲਿਫਾਫੇ ਵੇਖੇ। ਉਹ ਆਪਣੀ ਥਾਓਂ ਤੀਰ ਵਾਂਗੂੰ ਉਡਿਆ ਤੇ ਗੱਡੀ ਵਿਚੋਂ ਲੱਥਦੇ ਮੁਸਾਫਰਾਂ ਦੀ ਭੀੜ ਵਿਚ ਗਵਾਚ ਗਿਆ। ਫੇਰ ਉਹ ਮੈਨੂੰ ਕਿੰਨੀ ਵਾਰੀ ਈ ਸੱਖਣੇ ਹੱਥੀਂ ਗੋਲੀ ਵਾਂਗੂੰ ਪਰਤਦਾ ਤੇ ਸਮੋਸੇ ਫੜ ਕੇ ਚੜ੍ਹਦੇ-ਲਹਿੰਦੇ ਮੁਸਾਫਰਾਂ ਵਿਚ ਗਵਾਚਦਾ ਨਜ਼ਰ ਆਉਂਦਾ ਰਿਹਾ। ਛੇਕੜਲੀ ਵਾਰ ਜਦੋਂ ਉਹ ਲਫਾਫੇ ਲੈਣ ਆਇਆ, ਉਸ ਵੇਲੇ ਗਾਰਡ ਨੇ ਸੀਟੀ ਵਜਾ ਕੇ ਝੰਡੀ ਹਿਲਾਣੀ ਛੂਹ ਲਈ। ਇੰਜਣ ਦਾ ਭੋਂਪੂ ਵੀ ਡਾਕਰਿਆ। ਉਹਦੇ ਜਵਾਬ ਵਿਚ ਗੱਡੀ ਪਲੇਟ ਫਾਰਮ ਤੋਂ ਘਿਸਰਣ ਲੱਗ ਪਈ ਪਰ ਉਹ ਨਾ ਪਰਤਿਆ। ਮੈਨੂੰ ਚਿੰਤਾ ਜਿਹੀ ਲੱਗ ਗਈ ਤੇ ਮੈਂ ਆਪਣੇ ਅੱਗੋਂ ਲੰਘਦੇ ਹੋਏ ਡੱਬਿਆਂ ਦੀਆਂ ਬਾਰੀਆਂ ਵਿਚੋਂ ਉਹਨੂੰ ਲੱਭਦਾ ਰਿਹਾ ਪਰ ਪੰਡਾਂ ਵਾਂਗੂੰ ਲੱਦੇ ਹੋਏ ਲੋਕਾਂ ਵਿਚ ਮੈਨੂੰ ਉਹ ਨਜ਼ਰ ਨਾ ਆਇਆ। ਗੱਡੀ ਦਾ ਛੇਕੜਲਾ ਡੱਬਾ ਵੀ ਮੇਰੇ ਅੱਗੋਂ ਫਟ ਕਰਕੇ ਲੰਘ ਗਿਆ। ਮੈਂ ਆਪਣੇ ਪ੍ਰਾਹੁਣੇ ਨੂੰ ਵੀ ਭੁੱਲ ਕੇ ਆਪਣੀ ਥਾਓਂ ਉਠ ਖਲੋਤਾ ਤੇ ਪਲੇਟਫਾਰਮ ਦੇ ਕੰਢੇ 'ਤੇ ਜਾ ਕੇ ਧੂੰ ਦੇ ਕਾਲੇ ਬੱਦਲ ਛੱਡਦੇ ਇੰਜਣ ਦੇ ਮਗਰ ਨਸੀ ਜਾਂਦੇ ਡੱਬਿਆਂ ਨੂੰ ਵੇਖਣ ਲੱਗ ਪਿਆ। ਇੰਜਣ ਵੱਡੇ ਸਿਗਨਲਾਂ ਦੇ ਕੋਲ ਅੱਪੜ ਕੇ ਦੂਜੀ ਪੱਟੜੀ ਉਤੇ ਪਿਆ ਚੜ੍ਹਦਾ ਸੀ ਕਿ ਉਹ ਮੈਨੂੰ ਨਜ਼ਰ ਆਇਆ, ਇਕ ਬੂਹੇ ਵਿਚੋਂ ਲਮਕ ਕੇ ਉਤਰਦਾ ਤੇ ਫੇਰ ਗੱਡੀ ਦੇ ਨਾਲ ਨਾਲ ਅਗਾਂਹ ਨੂੰ ਨੱਸਦਾ।

ਉਹ ਹੁਣ ਪਰਤਿਆ ਆਉਂਦਾ ਸੀ ਪੱਟੜੀ ਦੇ ਵਿਚਕਾਰ ਲੱਕੜ ਦੇ ਸਲੀਪਰਾਂ ਨੂੰ ਟੱਪਦਾ ਜਿਵੇਂ ਕੋਈ ਯੋਧਾ ਆਪਣੇ ਕਿਸੇ ਭਾਰੇ ਵੈਰੀ ਨੂੰ ਭਾਂਜ ਦੇ ਕੇ ਪਰਤਦਾ ਪਿਆ ਹੋਵੇ। ਆਉਂਦਿਆਂ ਉਸ ਆਪਣੇ ਮੱਥੇ ਤੋਂ ਮੁੜ੍ਹਕੇ ਦੇ ਚੋਏ ਪੂੰਝੇ। ਜੇਬ ਵਿਚੋਂ ਸਿਗਰਟਾਂ ਦੀ ਡੱਬੀ ਕੱਢ ਕੇ ਇਕ ਸਿਗਰਟ ਲਾਇਆ ਤੇ ਵੇਲਣੀ ਫੜ ਕੇ ਹੇਠਾਂ ਵਿਛੀ ਹੋਈ ਇਕ ਫੂਹੜ ਉਤੇ ਬਹਿ ਗਿਆ।

ਉਹ ਇਕ ਕੜਾਹੀ ਵਿਚੋਂ ਮੈਦੇ ਦੀਆਂ ਪੇੜੀਆਂ ਕੱਢਦਾ। ਉਹਨੂੰ ਚਕਲੀ ਉਤੇ ਰੱਖ ਕੇ ਵੇਲਣੀ ਨਾਲ ਵੇਲਦਾ ਤੇ ਫੇਰ ਵਿਲੀ ਹੋਈ ਛੋਟੀ ਜਿਹੀ ਟਿੱਕੀ ਨੂੰ ਚਾਕੂ ਨਾਲ ਦੋ ਕਰਕੇ ਭਰਾਈ ਵਾਲਿਆਂ ਵਲ ਸੁੱਟ ਦੇਂਦਾ ਜਿਹੜੇ ਉਨ੍ਹਾਂ ਵਿਚ ਆਲੂ ਭਰ ਕੇ ਉਨ੍ਹਾਂ ਦੇ ਸਮੋਸੇ ਬਣਾ-ਬਣਾ ਕੇ ਪਰ੍ਹਾਂ ਇਕ ਫੱਟੇ ਦੇ ਉਤੇ ਰੱਖੀ ਜਾਂਦੇ।

ਭਰਾਈ ਕਰਨ ਵਾਲੇ ਦੋ ਜਾਣੇ ਸਨ ਤੇ ਉਹ ਵੇਲਣ ਵਾਲਾ 'ਕੱਲਾ। ਪਰ ਉਸ ਮੇਰੇ ਵੇਖਦਿਆਂ-ਵੇਖਦਿਆਂ ਉਨ੍ਹਾਂ ਅੱਗੇ ਟਿੱਕੀਆਂ ਦਾ ਇਕ ਢੇਰ ਲਾ ਦਿੱਤਾ। ਮੈਂ ਦਿਲ ਵਿਚ ਸੋਚਣ ਲੱਗ ਪਿਆ, ਇਹ ਬੰਦਾ ਵੀ ਕਮਾਲ ਦਾ ਏ। ਕਿੱਡੇ ਸਵਾਦ ਨਾਲ ਇਹ ਹਰ ਇਕ ਕੰਮ ਕਰਦਾ ਏ। ਨਾ ਇਹਨੂੰ ਕੋਈ ਥਕੇਵਾਂ ਹੁੰਦਾ ਏ, ਨਾ ਇਹਨੂੰ ਕੋਈ ਸਾਹ ਚੜ੍ਹਦਾ ਏ। ਬਸ ਕੰਮ ਈ ਕਰੀ ਆਉਂਦਾ ਏ। ਕਿਵੇਂ ਧੌਣ ਇਕਵਾਸੀ ਕਰਕੇ ਸਿਗਰਟ ਦਾ ਸੂਟਾ ਖਿੱਚਦਾ ਏ ਤੇ ਫੇਰ ਹੱਥ ਭਵਾਂ ਕੇ ਕੜਾਹੀ ਵਿਚੋਂ ਪੇੜੀ ਕਢਦਾ ਏ। ਟਿੱਕੀ ਨੂੰ ਕਿੰਦਾਂ ਅੱਧ ਵਿਚਕਾਰੋਂ ਦੋ ਕਰਦਾ ਏ, ਨਾ ਓਧਰ ਚੋਖੀ ਨਾ ਏਧਰ ਥੋੜ੍ਹੀ, ਹੱਦ ਮੁੱਕੀ ਹੋਈ ਏ। ਅਖ਼ਬਾਰ ਵੀ ਤੇ ਇਹ ਏਸੇ ਤਰ੍ਹਾਂ ਵੇਚਦਾ ਹੁੰਦਾ ਸੀ।

ਫੇਰ ਮੈਂ ਉਹਦੇ ਮੁੱਖ ਉਤੇ ਗਹੁ ਕਰਨ ਲੱਗ ਪਿਆ। ਉਹਦਾ ਮੁੱਖ ਉਸ ਤਰ੍ਹਾਂ ਭਰਿਆ-ਭਰਿਆ ਨਹੀਂ ਸੀ ਸਗੋਂ ਹੜਬਾਂ ਨਿਕਲ ਆਈਆਂ ਹੋਈਆਂ ਸਨ ਤੇ ਰੰਗ ਵੀ ਕਾਲਾ ਪੈ ਗਿਆ ਹੋਇਆ ਸੀ। 'ਖਬਰੇ ਬੀਮਾਰ ਰਿਹਾ ਏ ਵਿਚਾਰਾ। ਅਸਲੋਂ ਈ ਸ਼ਕਲ ਬਦਲ ਗਈ ਏ ਇਹਦੀ।' ਆਪਣੇ ਪ੍ਰਾਹੁਣੇ ਨੂੰ ਗੱਡੀ 'ਤੇ ਬਿਠਾ ਕੇ ਜਦੋਂ ਮੈਂ ਮੁੜਿਆ ਤਾਂ ਮੈਂ ਉਹਦੇ ਬਾਰੇ ਈ ਸੋਚਦਾ ਰਿਹਾ।

ਉਹ ਕੁੱਤਿਆਂ ਵਿਚ ਉਸੇ ਤਰ੍ਹਾਂ ਈ ਖਲੋਤਾ ਸੀ ਤੇ ਮੈਂ ਇਹ ਸਾਰਾ ਕੁਝ ਉਹਦੇ ਪਿੱਛੇ ਇਕ ਵੱਡੀ ਸਾਰੀ ਸਕਰੀਨ ਉਤੇ ਪਿਆ ਵੇਖਦਾ ਸਾਂ। ਏਸ ਸਾਰੀ ਖੇਡ ਵਿਚ ਉਹ ਤੇ ਕੁੱਤੇ ਏਸ ਤਰ੍ਹਾਂ ਸਨ ਜਿਵੇਂ ਨਿੰਮ੍ਹੇ-ਨਿੰਮ੍ਹੇ ਵਿਖਾਈ ਦਿੰਦੇ ਸਨ ਪਏ। ਮੈਨੂੰ ਪਤਾ ਵੀ ਨਾ ਲੱਗਾ ਕਿ ਕੁੱਤੇ ਹੁਣ ਉਹਦੇ ਨੇੜੇ ਚਲੇ ਗਏ ਹੋਏ ਸਨ ਤੇ ਇਕ ਵੱਡਾ ਸਾਰਾ ਕੁੱਤਾ ਜਿਹਦੇ ਵੱਡੇ-ਵੱਡੇ ਕੰਨ ਸਨ, ਉਹਦੀਆਂ ਲੱਤਾਂ ਨੂੰ ਪੈ ਗਿਆ ਤੇ ਉਹ ਪੱਥਰ ਹੋਇਆ ਥੱਲੇ ਡਿੱਗ ਪਿਆ। ਮੈਂ ਛੇਤੀ ਨਾਲ ਆਪਣੀ ਥਾਓਂ ਉਠ ਖਲੋਤਾ। ਬਾਹਰ ਕਾਊਂਟਰ ਦੇ ਕੋਲ ਛੋਟੇ ਉਹਨੂੰ ਵੇਖ ਕੇ ਹੱਸਦੇ ਪਏ ਸਨ। ਮੈਨੂੰ ਵੇਖ ਕੇ ਉਹ ਕੁਝ ਨਿੰਮੋਝੂਣੇ ਜਿਹੇ ਹੋ ਗਏ। ਹੋਟਲ ਵਾਲਾ ਉਨ੍ਹਾਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ, 'ਓਏ ਮਾਂ ਦਿਓ ਯਾਰੋ, ਜਾਓ ਛੁਡਾਓ ਉਹਨੂੰ।' ਝਾੜਾਂ ਖਾ ਕੇ ਦੋਵੇਂ ਛੋਟੇ ਬਾਹਰ ਨੂੰ ਨੱਸੇ ਤੇ ਕੁੱਤਿਆਂ ਨੂੰ ਵੱਟੇ ਮਾਰਨ ਲੱਗ ਪਏ। ਕੁੱਤੇ ਚਊਂ-ਚਊਂ ਕਰਦੇ ਹੋਏ ਖਿਲਰ-ਪੁਲਰ ਗਏ।

ਸਟੇਸ਼ਨ ਦੇ ਅਹਾਤੇ ਵਿਚ ਅਸਲੋਂ ਚੁੱਪ ਚਾਣ ਹੋ ਗਈ। ਮਰਕਰੀ ਲਾਟਾਂ ਦੀ ਲੋਅ ਬਗੀਚੀ ਦੀ ਵਾੜ 'ਤੇ ਬੜੀ ਸ਼ਾਂਤ ਹੋ ਕੇ ਪਈ ਕਿਰਦੀ ਸੀ ਤੇ ਉਹ ਕਿਸੇ ਟੁੱਟੀ-ਭੱਜੀ ਵਸਤ ਵਾਂਗੂੰ ਬੜੇ ਸਕੂਨ ਨਾਲ ਹੇਠਾਂ ਪਿਆ ਹੋਇਆ ਸੀ। ਦੋਵੇਂ ਛੋਟੇ ਉਹਦੇ ਵਲ ਆਏ ਤੇ ਉਹਦੀਆਂ ਕੱਛਾਂ ਵਿਚ ਹੱਥ ਦੇ ਕੇ ਉਹਨੂੰ ਉਤਾਂਹ ਉਠਾਣ ਲੱਗ ਪਏ। ਉਨ੍ਹਾਂ ਦੇ ਮੂੰਹੋਂ ਹਾਸੇ ਦੀਆਂ ਧਾਰਾਂ ਪਤਾ ਨਹੀਂ ਕਿਉਂ ਨਿਕਲ-ਨਿਕਲ ਜਾਂਦੀਆਂ ਸਨ। ਉਹ ਉਤਾਂਹ ਚੁੱਕਦੇ ਤੇ ਉਹ ਰੇਤ ਵਾਂਗੂੰ ਕਿਰ ਕੇ ਫੇਰ ਥੱਲੇ ਜਾ ਪੈਂਦਾ।

ਹੋਟਲ ਵਾਲੇ ਨੇ ਉਨ੍ਹਾਂ ਨੂੰ ਵਾਜ ਦਿੱਤੀ, 'ਓਏ ਦੰਦ ਈ ਕੱਢੀ ਆਉਂਦੇ ਓ, ਚੁੱਕ ਲਿਆਓ ਸੂ।'

ਦੋਵਾਂ ਛੋਟਿਆਂ ਸਿਰ ਨਿਵਾ ਲਏ ਤੇ ਫੇਰ ਉਹਨੂੰ ਮੌਰਾਂ ਤੋਂ ਫੜ ਕੇ ਧਰੂੰਹਦੇ ਹੋਏ ਅੰਦਰ ਭੱਠੀ ਦੇ ਕੋਲ ਲੈ ਆਏ। ਉਹਦਾ ਪੂਰਾ ਸਰੀਰ ਪਾਲੇ ਤੇ ਡਰ ਨਾਲ ਪੱਤਰੇ ਵਾਂਗੂੰ ਪਿਆ ਕੰਬਦਾ ਸੀ ਤੇ ਉਹ ਚਿੱਟੀਆਂ-ਚਿੱਟੀਆਂ ਕੌਡੀਆਂ ਵਰਗੀਆਂ ਅੱਖਾਂ ਨਾਲ ਬਸ ਬਾਹਰ ਈ ਵੇਖੀ ਜਾਂਦਾ ਸੀ।

ਹੋਟਲ ਵਾਲੇ ਨੇ ਭੱਠੀ ਵਿਚੋਂ ਕੋਲੇ ਕੱਢ ਕੇ ਉਹਦੇ ਪੈਰਾਂ ਅੱਗੇ ਸੁੱਟ ਦਿੱਤੇ ਪਰ ਉਸ ਉਨ੍ਹਾਂ ਵਲ ਰਤਾ ਕੁ ਵੀ ਧਿਆਨ ਨਾ ਦਿੱਤਾ। ਉਹ ਉਸੇ ਤਰ੍ਹਾਂ ਡਰੀਆਂ ਡਰੀਆਂ ਅੱਖਾਂ ਨਾਲ ਬਾਹਰ ਵੇਖੀ ਜਾਂਦਾ ਸੀ ਜਿਵੇਂ ਉਹ ਅਜੇ ਤੀਕਰ ਆਪਣੇ ਆਪ ਨੂੰ ਕੁੱਤਿਆਂ ਵਿਚ ਫਸਿਆ ਸਹੀ ਪਿਆ ਕਰਦਾ ਹੋਵੇ।

ਹੋਟਲ ਵਾਲਾ ਮੈਨੂੰ ਦੱਸਣ ਲੱਗਾ, 'ਵੇਖ ਲਉ ਬਾਊ ਜੀ, ਇਹ ਨਸ਼ੇ ਬੰਦੇ ਨਾਲ ਕੀ ਕਰਦੇ ਨੇ। ਇਹ ਚੰਗਾ ਭਲਾ ਕਾਰੀਗਰ ਹੁੰਦਾ ਸਾ ਜੇ ਏਸੇ ਤੁਹਾਡੇ ਸਟੇਸ਼ਨ 'ਤੇ। ਹੁਣ ਝੱਲ-ਵਲੱਲਾ ਹੋਇਆ ਬੈਠਾ ਏ।' ਮੈਂ ਅਗਾਂਹ ਹੋ ਕੇ ਉਹਨੂੰ ਬਾਂਹ ਤੋਂ ਫੜ ਲਿਆ।

'ਆਓ ਅੰਦਰ ਬੈਠੀਏ।'

ਉਹ ਮੇਰੇ ਵਲ ਵੇਖੇ ਬਿਨਾਂ ਡਰੇ ਹੋਏ ਜਨੌਰ ਵਾਂਗੂੰ ਆਪਣੀ ਥਾਂਓਂ ਉਠ ਖਲੋਤਾ। ਮੈਂ ਉਹਨੂੰ ਬਾਹੋਂ ਫੜ ਕੇ ਹੋਟਲ ਦੇ ਅੰਦਰ ਲੈ ਗਿਆ।

'ਯਾਰ ਦੋ ਕੱਪ ਚੰਗੀ ਜਿਹੀ ਚਾਹ ਵੀ ਘੱਲ ਦੇਵੀਂ।'

ਹੁਣ ਮੈਂ ਤੇ ਉਹ ਦੋਵੇਂ ਆਹਮੋ-ਸਾਹਮਣੇ ਬੈਠੇ ਸਾਂ। ਮੈਂ ਉਹਦੇ ਮੂੰਹ ਵਲ ਪਿਆ ਵੇਖਦਾ ਸਾਂ ਤੇ ਉਹ ਮੇਰੇ ਸਿਰ ਤੋਂ ਉਤੇ ਕੰਧ ਵਲ। ਛੋਟੇ ਮੂੰਹ ਅੰਦਰ ਕਰਕੇ ਸਾਡੇ ਵਲ ਝਾਤੀ ਮਾਰ ਲੈਂਦੇ। ਚਾਹ ਆਉਣ ਤੀਕਰ ਅਸੀਂ ਚੁੱਪ-ਚਾਣ ਬੈਠੇ ਰਹੇ। ਚਾਹ ਆਈ ਤੇ ਮੈਂ ਕੱਪ ਉਹਦੇ ਵਲ ਵਧਾ ਦਿੱਤਾ।

'ਲਉ, ਚਾਹ ਪੀਓ।' ਉਸ ਜਿਵੇਂ ਮੇਰੀ ਵਾਜ ਈ ਨਾ ਸੁਣੀ ਹੋਵੇ। ਉਹਦੇ ਦੋਵੇਂ ਹੱਥ ਮੇਜ਼ ਉਤੇ ਬੇਜ਼ਾਨ ਪਏ ਹੋਏ ਸਨ। ਸੁੱਕੇ-ਸੜੇ ਕਾਲੇ ਸ਼ਾਹ ਹੱਥ। ਜਿਨ੍ਹਾਂ ਉਤੇ ਵੱਡੇ ਚਟਾਕ ਪਏ ਹੋਏ ਸਨ ਜਿਵੇਂ ਕੋਈ ਸਿਗਰਟਾਂ ਬੁਝਾਂਦਾ ਰਿਹਾ ਹੋਵੇ ਉਨ੍ਹਾਂ ਉਤੇ। 'ਤੁਸੀਂ ਅਖ਼ਬਾਰ ਵੀ ਵੇਚਦੇ ਹੁੰਦੇ ਸਓ ਨਾ?' ਉਸ ਮੇਰੇ ਸਵਾਲ ਨੂੰ ਵੀ ਨਾ ਸੁਣਿਆ, ਬਸ ਉਸੇ ਤਰ੍ਹਾਂ ਗੁੰਮ ਸੁੰਮ ਬੈਠਾ ਰਿਹਾ। ਮੈਂ ਵੀ ਚੁੱਪ ਕਰ ਗਿਆ। ਉਹ ਉਸੇ ਤਰ੍ਹਾਂ ਮੇਰੇ ਸਿਰ ਦੇ ਉਤੋਂ ਕੰਧ ਵਲ ਪਿਆ ਵੇਖਦਾ ਸੀ। ਅਚਨਚੇਤ ਉਸ ਆਪਣੇ ਸਿਰ ਨੂੰ ਹਲੂਣਾ ਦਿੱਤਾ, ਜਿਵੇਂ ਕਿਸੇ ਨੂੰ ਟੁਰ ਜਾਣ ਦੀ ਸੈਨਤ ਪਿਆ ਕਰਦਾ ਹੋਵੇ।

'ਓਏ ਜਾਓ, ਟੁਰ ਜਾਓ।' ਉਹ ਅਚਨਚੇਤ ਕੜਕਾ ਮਾਰ ਕੇ ਬੋਲਿਆ। ਮੇਰਾ ਤਰੌਹ ਨਿਕਲ ਗਿਆ। ਉਹ ਹੁਣ ਹੌਲੀ-ਹੌਲੀ ਜਿਵੇਂ ਕਿਸੇ ਨੂੰ ਪਲੋਸੀਦਾ ਏ, ਪਿਆ ਆਖਦਾ ਸੀ।

'ਜਾਓ ਯਾਰ ਜਾਓ। ਤੁਹਾਨੂੰ ਹੋਰ ਕੋਈ ਕੰਮ ਨਹੀਂ? ਜਾਓ ਸ਼ਾਵਾਸ਼ੇ।' ਆਖਦਾ ਉਹ ਆਪਣੀ ਥਾਂਓਂ ਉਠ ਖਲੋਤਾ ਤੇ ਹੋਟਲ ਵਿਚ ਫਿਰਨ ਲੱਗ ਪਿਆ। ਨੀਵੀਂ ਪਾ ਕੇ ਜਿਵੇਂ ਕਿਸੇ ਉਚੇਚੀ ਸੋਚ ਦੇ ਗੇੜ ਵਿਚ ਫਸਿਆ ਹੋਵੇ। ਦੋ ਚਾਰ ਮਿੰਟ ਉਹ ਉਸੇ ਤਰ੍ਹਾਂ ਫਿਰਦਾ ਰਿਹਾ। ਫੇਰ ਇਕ ਦਮ ਖਲੋ ਕੇ ਕੰਧ ਵਲ ਵੇਖਣ ਲੱਗ ਪਿਆ।

'ਨਹੀਂ ਨਾ ਅਸਰ ਹੁੰਦਾ ਤੁਹਾਨੂੰ ਸਪੇਨ ਦਿਓ ਬਾਂਦਰੋ। ਲਾਲ ਕੰਨਾਂ ਤੇ ਹਰੀਆਂ ਬੂਥੀਆਂ ਵਾਲਿਓ। ਓਏ ਜਾਉ, ਟੁਰ ਜਾਓ। ਮੈਂ ਨਹੀਂ ਖਾਣੇ ਤੁਹਾਡੀਆਂ ਜੂੰਆਂ ਦੇ ਆਂਡੇ। ਅੱਛਾ ਨਹੀਂ ਜਾਣਾ ਤੁਸਾਂ ਮੈਨੂੰ ਖਵਾਲਿਓਂ ਬਿਨਾਂ ਤੇ ਲਿਆ ਦਿਓ ਮੈਂ ਖਾ ਲੈਨਾ ਤੇ ਬਣ ਜਾਨਾਂ ਤੁਹਾਡੇ ਵਰਗਾ। ਸਾਵੀ ਬੂਥੀ ਤੇ ਲਾਲ ਕੰਨਾਂ ਵਾਲਾ।' ਉਹ ਭੋਇੰ 'ਤੇ ਬਹਿ ਗਿਆ ਪੈਰਾਂ ਭਾਰ ਤੇ ਬਾਂਦਰਾਂ ਵਾਂਗੂੰ ਮੂੰਹ ਬਣਾ ਕੇ ਉਰ੍ਹਾਂ-ਪਰ੍ਹਾਂ ਤੱਕਣ ਲੱਗ ਪਿਆ।

ਬੂਹੇ ਵਿਚ ਖਲੋਤੇ ਛੋਟੇ ਉਚੀ-ਉਚੀ ਹੱਸਣ ਲੱਗ ਪਏ। ਉਨ੍ਹਾਂ ਨੂੰ ਹੱਸਦਿਆਂ ਵੇਖ ਕੇ ਹੋਟਲ ਵਾਲੇ ਨੇ ਵੀ ਝਾਤੀ ਮਾਰੀ ਅੰਦਰ ਨੂੰ ਤੇ ਫੇਰ ਹੋਠਾਂ ਉਤੇ ਮੁਸਕਰੇਵਾਂ ਖਿੰਡਾਂਦਾ ਅੰਦਰ ਆਣ ਕੇ ਇਕ ਪਾਸੇ ਬਹਿ ਗਿਆ। ਉਹ ਭੋਇੰ ਉਤੇ ਬਾਂਦਰ ਬਣਿਆ ਬੈਠਾ ਸੀ। ਉਹਨੂੰ ਕਿਸੇ ਦੇ ਹੱਸਣ ਤੇ ਅੰਦਰ ਆਉਣ ਦਾ ਰਤਾ ਜਿੰਨਾ ਵੀ ਚਿੱਤ-ਚੇਤਾ ਨਹੀਂ ਸੀ।

ਫੇਰ ਉਹ ਉਠ ਖਲੋਤਾ ਤੇ ਫਿਰਨ ਲੱਗ ਪਿਆ। ਉਸ ਦੋਵੇਂ ਹੱਥ ਪਿੱਛੇ ਬੰਨ੍ਹੇ ਹੋਏ ਸਨ। ਆਪਣੇ ਪਿੰਡੇ ਉਤੇ ਲਮਕਦੀਆਂ ਲੀਰਾਂ ਦੀ ਵੀ ਉਹਨੂੰ ਕੋਈ ਪਰਵਾਹ ਨਹੀਂ ਸੀ। ਮੈਂ ਆਪਣੀ ਥਾਂਵੇਂ ਪੱਥਰ ਹੋਇਆ ਇਹ ਸਭ ਕੁਝ ਪਿਆ ਵੇਖਦਾ ਸਾਂ। ਮੈਨੂੰ ਕੁਝ ਵੀ ਤੇ ਸਮਝ ਨਹੀਂ ਸੀ ਪਈ ਆਉਂਦੀ ਪਈ ਏਸ ਚੰਗੇ ਭਲੇ ਕੰਮ ਕਰਦੇ ਬੰਦੇ ਨੂੰ ਕੀ ਹੋ ਗਿਆ ਸੀ? ਉਹ ਫੇਰ ਟੁਰਦਾ-ਟੁਰਦਾ ਖਲੋ ਗਿਆ।

'ਉਹ ਵੀ ਤੁਹਾਡੇ ਵਰਗੀ ਈ ਸੀ, ਹਰ ਸ਼ੈ ਖਾ ਜਾਂਦੀ ਸੀ। ਲੋਹਾ, ਪੱਥਰ, ਮਿੱਟੀ, ਰੇਤ। ਹਰ ਸ਼ੈ ਈ ਤੇ ਉਹ ਖਾ ਗਈ ਸੀ। ਫੇਰ ਵੀ ਭੁੱਖੀ ਦੀ ਭੁੱਖੀ ਰਹਿੰਦੀ ਸੀ। ਉਹਨੂੰ ਤੁਹਾਡਾ ਈ ਤੇ ਪੋਖੋ ਆ ਗਿਆ ਹੋਇਆ ਸੀ। ਸਾਵੀ ਬੂਥੀ ਵਾਲੀ ਨੂੰ। ਲੱਗੀ ਇਕ ਦਿਨ ਮੈਨੂੰ ਜੂੰਆਂ ਦੇ ਆਂਡੇ ਕੱਢ ਕੇ ਖਵਾਣ। ਮੈਂ ਵੀ ਕੋਲ ਪਿਆ ਮਿਰਚਾਂ ਵਾਲਾ ਡੰਡਾ ਫੜ ਲਿਆ ਤੇ ਛੱਡਿਆ ਓਦੋਂ ਜਦੋਂ ਸਿਰ ਦੀ ਮਿਝ ਸਾਰੀ ਈ ਬਾਹਰ ਆ ਗਈ ਸੂ।'

'ਹੁਣ ਵੀ ਆ ਜਾਂਦੀ ਏ ਰਾਤ ਨੂੰ ਉਸੇ ਤਰ੍ਹਾਂ ਖੁੱਲ੍ਹੇ ਸਿਰ ਤੇ ਬਸ ਖਲੋ ਰਹਿੰਦੀ ਏ ਮੇਰੇ ਸਾਹਮਣੇ ਨਜ਼ਰਾਂ ਗੱਡ ਕੇ ਮੇਰੇ ਮੂੰਹ ਉਤੇ। ਮੈਂ ਵੀ ਕਹਿੰਨਾ, 'ਖਲੋਤੀ ਰਹੁ, ਮੈਨੂੰ ਕੀ।'

'ਆ ਗਿਆ... ਆ ਗਿਆ' ਉਸ ਇਕ ਦਮ ਉਚੀ ਸਾਰੀ ਹਾਕ ਲਾਈ ਤੇ ਇਕ ਹੱਥ ਹਿੱਕ ਉਤੇ ਰੱਖ ਕੇ ਦੂਜਾ ਲਹਿਲਹਾਂਦਾ ਹੋਇਆ ਉਸੇ ਤਰ੍ਹਾਂ ਫਿਰਨ ਲੱਗ ਪਿਆ ਜਿਵੇਂ ਉਹ ਕਦੀ ਬੱਸਾਂ ਦਵਾਲੇ ਫਿਰਦਾ ਹੁੰਦਾ ਸੀ। ਪਰ ਉਹਦੇ ਪੈਰ ਹੁੱਟੇ ਹੋਏ ਸਨ ਤੇ 'ਵਾਜ ਛਿਜੀ ਹੋਈ ਸੀ। ਉਹ ਏਸ ਤਰ੍ਹਾਂ ਈ ਸੀ ਜਿਵੇਂ ਕੋਈ ਬੁੱਢਾ ਐਕਟਰ ਆਪਣੇ ਇਕਲਾਪੇ ਵਿਚ ਆਪਣੀ ਈ ਝਾਕੀ ਖੇਡ ਕੇ ਚੇਤੇ ਪਿਆ ਕਰਦਾ ਹੋਵੇ ਜਿਹਦੇ ਉਤੇ ਕਦੀ ਬੜੀਆਂ ਤਾੜੀਆਂ ਵੱਜਦੀਆਂ ਹੁੰਦੀਆਂ ਸਨ। ਉਹ ਹੱਥ ਲਹਿਲਹਾਂਦਾ ਪਿਆ ਆਖਦਾ ਸੀ:

'ਮੈਂ ਥੋੜ੍ਹਾ ਤੇ ਨਹੀਂ ਨੱਸਿਆ ਲੋਹੇ ਦੇ ਘੋੜਿਆਂ ਦੇ ਨਾਲ। ਲੋਹੇ ਦੇ ਘੋੜੇ ਬੜੇ ਜ਼ਾਲਮ ਹੁੰਦੇ ਨੇ। ਇਨ੍ਹਾਂ ਦੀ ਹਿੱਕ ਵਿਚ ਦੋਜ਼ਖ ਨਾਲੋਂ ਚੋਖੀ ਅੱਗ ਬਲਦੀ ਏ ਤੇ ਇਹ ਆਪਣੇ ਸਿਰ ਵਿਚੋਂ ਐਨਾ ਕੁ ਧੂੰ ਕੱਢਦੇ ਨੇ ਕਿ ਕਈ ਨਵੇਂ ਆਸਮਾਨ ਬਣ ਜਾਂਦੇ ਨੇ। ਮੈਂ ਇਨ੍ਹਾਂ ਨੂੰ ਹਮੇਸ਼ਾ ਹੀਣਿਆਂ ਈ ਕੀਤਾ ਏ ਨਾਲ ਨੱਸ ਕੇ। ਹੁਣ ਮੈਂ ਬੜਾ ਸੁਖੀ ਆਂ। ਮੇਰੇ ਖੀਸੇ ਵਿਚ ਇਕੋ ਈ ਪਰਚੀ ਏ ਮੇਰੇ ਨਾਂ ਵਾਲੀ। ਮੈਨੂੰ ਕਿਸੇ ਹੋਰ ਦੀ ਚਿੰਤਾ ਨਹੀਂ। ਬਸ ਦੋ ਅੱਖਾਂ ਨੇ ਮੇਰੇ ਖੁੱਲ੍ਹੀਆਂ ਹੋਈਆਂ ਵੱਡੀਆਂ-ਵੱਡੀਆਂ, ਮੇਰੇ ਜਿੰਨ ਮੁਰਸ਼ਦ ਦੀਆਂ ਅੱਖਾਂ।' ਉਹ ਰੋਂਦਾ-ਰੋਂਦਾ ਨੱਚਣ ਲੱਗ ਪਿਆ। 'ਮੇਰੇ ਜਿੰਨ ਮੁਰਸ਼ਦ ਦੀਆਂ ਅੱਖਾਂ। ਬੋਹੜਾਂ ਦੀ ਛਾਂ, ਮੇਰੇ ਜਿੰਨ ਮੁਰਸ਼ਦ ਦੀਆਂ ਅੱਖਾਂ।' ਉਹ ਨੱਚਦਾ-ਨੱਚਦਾ ਹੋਟਲ ਵਿਚੋਂ ਬਾਹਰ ਨਿਕਲ ਗਿਆ। ਮੈਨੂੰ ਜਾਪਿਆ ਜਿਵੇਂ ਉਥੇ ਕੋਈ ਵਾਵਰੋਲਾ ਫਿਰ ਗਿਆ ਸੀ। 'ਬੋਹੜਾਂ ਦੀ ਛਾਂ, ਮੇਰੇ ਜਿੰਨ ਮੁਰਸ਼ਦ ਦੀਆਂ ਅੱਖਾਂ।'

ਮੇਰੇ ਕੰਨਾਂ ਵਿਚ ਉਹਦੀ ਵਾਜ ਘੂਕਦੀ ਪਈ ਸੀ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਇਹ ਜ਼ਮੀਨ ਅੱਜ ਵੀ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਂ ਚਲ ਰਹੀ ਹੈ ਤੇ ਔਕਾਫ ਬੋਰਡ ਇਸ ਦੇ ਬੰਦੋਬਸਤ ਦਾ ਇੰਤਜ਼ਾਮ ਕਰਦਾ ਹੈ। ਇਹ ਗੱਲ ਸਾਨੂੰ ਗੁਰਦੁਆਰਾ ਜਨਮ ਅਸਥਾਨ ਦੇ ਹੈਡ ਗ੍ਰੰਥੀ ਭਾਈ ਦਇਆ ਸਿੰਘ ਨੇ ਬਾਅਦ 'ਚ ਦੱਸੀ। ਇਸ ਤੋਂ ਪਹਿਲਾਂ ਮੈਨੂੰ ਇਹ ਤਾਂ ਪਤਾ ਸੀ ਪਈ ਨਨਕਾਣਾ ਸਾਹਿਬ ਗੁਰਦੁਆਰੇ ਦੇ ਨਾਂ ਕਾਫੀ ਜ਼ਮੀਨ ਹੈ ਪਰ ਐਨੀ ਦਾ



**ਮਝੈਲ ਸਿੰਘ ਸਰਾਂ**

ਨਹੀਂ ਸੀ ਪਤਾ। ਇਹ ਜਾਣ ਕੇ ਫਿਰ ਬਾਬੇ ਨਾਨਕ ਨੂੰ ਯਾਦ ਕੀਤਾ ਕਿ ਐਨੀ ਵੱਡੀ ਜਾਇਦਾਦ ਦੇ ਮਾਲਕ ਨੇ ਸ਼ਾਇਦ ਕਦੇ ਸੇਰ ਦਾਣੇ ਵੀ ਇਸ ਜ਼ਮੀਨ 'ਚੋਂ ਨਹੀਂ ਲਏ ਹੋਣੇ। ਸਗੋਂ ਬਾਬਾ ਤਾਂ ਸਭ ਛੱਡ-ਛੁਡਾ ਕੇ "ਚੜ੍ਹਿਆ ਸੋਧਨ ਧਰਤ ਲੋਕਾਈ" ਦੇ ਵਾਕ ਅਨੁਸਾਰ ਲੰਮੀਆਂ ਉਦਾਸੀਆਂ 'ਤੇ ਤੁਰ ਪਿਆ ਸੀ। ਉਹਨੇ ਤਾਂ ਸ਼ਾਇਦ ਕਦੇ ਅੱਖ ਭਰ ਕੇ 750 ਮੁਰੱਬਿਆਂ ਨੂੰ ਦੇਖਿਆ ਵੀ ਨਹੀਂ ਹੋਣਾ। ਐਨਾ ਤਿਆਗੀ ਵੀ ਕੋਈ ਇਨਸਾਨੀ ਜਾਮੇ ਵਿਚ ਹੋ ਸਕਦਾ ਹੈ, ਸ਼ਾਇਦ ਕੋਈ ਵੀ ਮਿਸਾਲ ਨਾ ਮਿਲੇ। ਅਸਲ ਵਿਚ ਬਾਬੇ ਨਾਨਕ ਨੇ ਜਿਸ ਪੰਥ ਦੇ ਧਾਰਨੀ ਲੋਕਾਂ ਨੂੰ ਬਣਾਉਣਾ ਸੀ, ਉਸ ਦੀਆਂ ਮਿਸਾਲਾਂ ਪਹਿਲਾਂ ਆਪ ਦੇਣੀਆਂ ਸਨ। ਜੇ ਦੁਨੀਆਂਦਾਰੀ ਪੱਖੋਂ ਆਪਾਂ ਸੋਚੀਏ ਤਾਂ ਬਾਬਾ ਨਾਨਕ ਤਾਂ ਐਡੀ ਵੱਡੀ ਜਾਇਦਾਦ ਨਾਲ ਸਾਰੀ ਜ਼ਿੰਦਗੀ ਐਸ਼ੋ-ਆਰਾਮ ਦੀ ਕੱਟਦਾ, ਕੀ ਲੋੜ ਪਈ ਸੀ ਸਾਲਾਂ-ਬੱਧੀ ਪੈਦਲ ਤੁਰ ਕੇ ਥਾਂ-ਕੁਥਾਂ ਜਾਣ ਦੀ ਤੇ ਲੋਕਾਂ ਦੀਆਂ ਗੱਲਾਂ ਸੁਣਨ ਦੀ। ਉਥੇ ਰਹਿ ਕੇ ਹੀ ਪ੍ਰਚਾਰ ਕਰੀ ਜਾਂਦਾ, ਚਿੱਟੇ ਕੱਪੜੇ ਪਾ ਕੇ, ਨਾਲੇ ਚੜ੍ਹਾਵਾ ਵਾਧੂ ਚੜ੍ਹਦਾ ਤੇ ਜਿੰਨੀ ਮਰਜ਼ੀ ਹੋਰ ਜ਼ਮੀਨ ਖਰੀਦ ਲੈਂਦਾ, ਜਿਦਾਂ ਸਾਡੇ ਅੱਜ ਦੇ ਕਈ ਸਾਧ-ਸੰਤ ਕਰਦੇ ਹਨ, ਜਿਨ੍ਹਾਂ ਵਿਚੋਂ ਕਈ ਤਾਂ ਜ਼ੋਰ ਨਾਲ ਕਬਜ਼ਾ ਕਰਨ ਦੇ ਵੀ ਆਦੀ ਹੋ ਗਏ ਹਨ। ਜੇ ਉਦੋਂ ਔਡੀਆਂ ਨਹੀਂ ਸਨ ਤਾਂ ਵੱਡੇ ਵੱਡੇ ਰਥ ਤਾਂ ਹੈ ਹੀ ਸਨ, ਲੈ ਕੇ ਮੌਜਾਂ ਕਰਦਾ। ਜੇ ਕਿਧਰੇ ਜਾਣਾ ਹੁੰਦਾ ਤਾਂ ਰਥ 'ਤੇ ਬਹਿ ਕੇ ਜਾਂਦਾ।

ਬਾਬੇ ਨਾਨਕ ਨੇ ਤਾਂ ਮਗਰਲੀ ਉਮਰ ਜਾ ਕੇ ਖੇਤੀ ਕਰਨ ਦਾ ਮਨ ਬਣਾਇਆ ਤਾਂ ਕਰਤਾਰਪੁਰ ਵਿਚ ਢਾਈ ਮੁਰੱਬੇ ਜ਼ਮੀਨ ਮੁੱਲ ਲੈ ਕੇ ਖੇਤੀ ਸ਼ੁਰੂ ਕੀਤੀ। ਉਸ ਵੇਲੇ ਵੀ ਤਾਂ ਉਹ ਇਸ 750 ਮੁਰੱਬਿਆਂ ਵਿਚ ਆ ਹੀ ਸਕਦੇ ਸਨ ਕਿਉਂਕਿ ਉਨ੍ਹਾਂ ਦੇ ਨਾਂ ਸੀ ਪਰ ਬਾਬੇ ਨੇ ਸੁੱਚੀ ਕਿਰਤ ਵੀ ਤਾਂ ਦੱਸਣੀ ਸੀ, ਇਸ ਲਈ ਉਨ੍ਹਾਂ ਪਹਿਲ ਆਪ ਕੀਤੀ। ਐਹੋ ਜਿਹੀਆਂ ਗੱਲਾਂ ਨੂੰ ਹੁਣ ਜਦੋਂ ਥੋੜ੍ਹਾ ਜਿਹਾ ਸੋਚਦਾ ਤਾਂ ਸਾਫ ਹੀ ਦਿਸਦਾ ਕਿ ਬਾਬੇ ਨਾਨਕ ਦਾ ਧਰਮ ਬਿਲਕੁਲ ਨਿਵੇਕਲਾ ਤੇ ਵੱਖਰਾ ਹੈ ਤੇ ਜਿਹੜੇ ਦਿਨ-ਰਾਤ ਇਹੀ ਪ੍ਰਚਾਰ ਕਰੀ ਜਾਂਦੇ ਨੇ ਕਿ ਸਿੱਖ ਕੋਈ ਵੱਖਰਾ ਧਰਮ ਨਹੀਂ, ਸਗੋਂ ਹਿੰਦੂ ਧਰਮ ਦਾ ਹੀ ਇਕ ਅੰਗ ਹੈ, ਕਿੰਨਾ ਝੂਠ ਬੋਲਦੇ ਨੇ।

ਇਹੀ ਮਿਸਾਲ ਲੈ ਲਈਏ, ਬਾਬੇ ਨਾਨਕ ਨੇ 19000 ਏਕੜ ਦੇ ਲਗਭਗ ਜ਼ਮੀਨ ਆਪਣੇ ਨਾਂ ਲੱਗੀ ਹੋਣ ਦੇ ਬਾਵਜੂਦ ਵੀ ਨਹੀਂ ਲਈ ਤੇ ਅੱਜ ਹਿੰਦੋਸਤਾਨ ਦਾ ਇਕ ਬਾਬਾ ਜਿਸਨੂੰ ਬਾਪੂ ਆਸਾ ਰਾਮ ਕਹਿੰਦੇ ਨੇ, ਜ਼ਬਰਦਸਤੀ ਕਬਜ਼ੇ ਕਰਕੇ 2500 ਏਕੜ ਜ਼ਮੀਨ ਬਣਾਈ ਬੈਠਾ, ਇਹਦਾ ਅੰਗ ਸਿੱਖ ਕਿੱਦਾਂ ਬਣ ਸਕਦੇ ਹਨ। ਗੁਰਦੁਆਰਾ 'ਕਿਆਰਾ ਸਾਹਿਬ' ਸਿੱਖਾਂ ਲਈ ਪ੍ਰੇਰਨਾ ਸਰੋਤ ਹੈ ਤਿਆਗ ਦਾ। ਕਿਤੇ ਸਾਡੇ ਪੰਥਕ ਕਹਾਉਣ ਵਾਲੇ ਲੀਡਰਾਂ ਤੇ ਸੰਤ ਮਹਾਪੁਰਸ਼ਾਂ 'ਤੇ ਵੀ ਬਾਬਾ ਨਾਨਕ ਮਿਹਰ ਕਰੇ, ਇਨ੍ਹਾਂ ਵਿਚ ਵੀ ਤਿਆਗ ਦੀ ਭਾਵਨਾ ਜਾਗ ਪਵੇ। ਉਥੋਂ ਤੁਰਨ ਲੱਗਿਆਂ ਅਸੀਂ ਫਿਰ ਗੁਰਦੁਆਰੇ ਵਲ ਸਿਰ ਨਿਵਾਇਆ ਤੇ ਪੁਲਿਸ ਵਾਲੇ ਤੋਂ ਵਿਦਾ ਲਈ। ਉਹਨੇ ਫਿਰ ਸਾਨੂੰ ਘੁੱਟ-ਘੁੱਟ ਕੇ ਹੱਥ ਮਿਲਾ ਕੇ ਖੁਦਾ ਹਾਫਿਜ਼ ਕਿਹਾ।

ਬਾਬੂ ਖਾਂ ਫਿਰ ਉਥੋਂ ਸਾਨੂੰ ਇਕ ਹੋਰ ਗੁਰਦੁਆਰੇ ਲੈ ਆਇਆ, ਇਹਦਾ ਨਾਂ ਗੁਰਦੁਆਰਾ 'ਤੰਬੂ ਸਾਹਿਬ' ਹੈ। ਗੁਰਦੁਆਰੇ ਦੀ ਬਿਲਡਿੰਗ ਬਹੁਤ ਸੋਹਣੀ ਹੈ ਤੇ ਨਾਲ ਹੀ ਹੋਰ ਵੀ ਕਮਰੇ ਹਨ। ਗੁਰਪੁਰਬ ਆਉਣ ਵਾਲਾ ਹੋਣ ਕਰਕੇ ਕਈ ਮਜ਼ਦੂਰ, ਜੋ ਸਾਰੇ ਹੀ ਮੁਸਲਮਾਨ ਸਨ, ਸਾਫ-ਸਫਾਈ ਵਿਚ ਲੱਗੇ ਹੋਏ ਸਨ ਤੇ ਦੋ ਕੁ ਬਾਬੂ ਟਾਈਪ ਦੇ, ਸੋਹਣੇ ਕੱਪੜਿਆਂ ਵਿਚ ਸਜੇ ਬੰਦੇ ਨਿਗਰਾਨੀ ਕਰ ਰਹੇ ਸਨ, ਸ਼ਾਇਦ ਔਕਾਫ ਬੋਰਡ ਦੇ ਅਧਿਕਾਰੀ ਹੋਣਗੇ। ਗੁਰਪੁਰਬ ਤੇ ਜਦੋਂ ਸੰਗਤ ਵਧ ਜਾਂਦੀ ਹੈ ਤਾਂ ਇਹ ਰਿਹਾਇਸ਼ੀ ਕਮਰੇ ਵਰਤੋਂ ਵਿਚ ਲਿਆਏ ਜਾਂਦੇ ਹਨ। ਇਸ ਗੁਰਦੁਆਰੇ ਦੇ ਪਿਛੋਕੜ ਬਾਰੇ ਇਸ ਤਰ੍ਹਾਂ ਹੈ ਕਿ ਇਥੇ ਬਾਬਾ ਨਾਨਕ ਜੀ ਵੇਲੇ ਸੰਘਣਾ ਵਣ ਹੁੰਦਾ ਸੀ। ਅਜੇ ਵੀ ਗੁਰਦੁਆਰਾ ਕੰਪਲੈਕਸ ਵਿਚ ਥੋੜ੍ਹੇ ਜਿਹੇ ਥਾਂ ਵਿਚ ਝਾੜੀਆਂ ਜਿਹੀਆਂ ਹਨ। ਕਿਹਾ ਜਾਂਦਾ ਹੈ ਕਿ ਜਦੋਂ ਬਾਬੇ ਨਾਨਕ ਨੇ 20 ਰੁਪਏ ਦਾ ਰਾਸ਼ਨ ਸਾਧੂ-ਸੰਤਾਂ ਨੂੰ ਚੂਹੜਕਾਣੇ (ਸੱਚਾ ਸੌਦਾ) ਕਈ ਦਿਨ ਰਹਿ ਕੇ ਛਕਾ ਦਿੱਤਾ ਤਾਂ ਖਾਲੀ ਹੱਥ ਨਨਕਾਣਾ ਸਾਹਿਬ ਨੂੰ ਆ ਗਏ। ਘਰ ਵਾਲੇ ਪਹਿਲਾਂ ਹੀ ਦੇਰ ਹੋਣ ਕਰਕੇ ਉਡੀਕਦੇ ਪਏ ਸਨ ਤੇ ਪਿਤਾ ਮਹਿਤਾ ਕਾਲੂ ਤਾਂ ਸ਼ਾਇਦ ਜ਼ਿਆਦਾ ਹੀ ਉਤਸ਼ਾਹਿਤ ਹੋਣ (ਕਿਉਂਕਿ ਉਹ ਵਪਾਰਕ ਰੁਚੀ ਵਾਲੇ ਸਨ) ਕਿ ਪੁੱਤ ਨਾਨਕ ਕਿੰਨੇ ਕੁ ਨਫੇ ਵਾਲਾ ਸੌਦਾ ਲਿਆਇਆ। ਬਾਬਾ ਨਾਨਕ ਸਿੱਧਾ ਘਰ ਨਾ ਗਿਆ ਤੇ ਇਥੇ ਸੰਘਣੇ ਵਣ ਵਿਚ ਆ ਕੇ ਬਹਿ ਗਿਆ। ਸ਼ਾਇਦ ਆਪਣੇ ਬਾਪ ਦੇ ਸੁਭਾਅ ਕਰਕੇ ਜਾਂ ਜਿਹੜਾ ਸੁਨੇਹਾ ਬਾਬੇ ਨੇ ਲੋਕਾਂ ਨੂੰ ਦੇਣਾ ਸੀ, ਉਹ ਘਰ ਦੀ ਚਾਰਦੀਵਾਰੀ 'ਚ ਨਾ ਦੇਣ ਦੀ ਬਜਾਏ ਸਭ ਲੋਕਾਂ ਦੇ ਸਾਹਮਣੇ ਬਾਹਰ ਖੁੱਲ੍ਹੇ ਥਾਂ 'ਤੇ ਦੇਣਾ ਸੀ। ਬਾਬੇ ਦੇ ਮਿੱਤਰਾਂ-ਦੋਸਤਾਂ ਨੂੰ ਵੀ ਪਤਾ ਲੱਗ ਗਿਆ ਕਿ ਨਾਨਕ ਕਈ ਦਿਨਾਂ ਬਾਅਦ ਆਇਐ ਤੇ ਫਲਾਣੇ ਥਾਂ ਵਣ ਵਿਚ ਬੈਠਾ ਹੈ। ਇਹ ਖ਼ਬਰ ਬਾਬੇ ਦੇ ਘਰ ਵੀ ਪਹੁੰਚ ਗਈ ਤੇ ਕਹਿੰਦੇ ਆ, ਪਈ ਮਹਿਤਾ ਕਾਲੂ ਨੂੰ ਸ਼ੱਕ ਪੈ ਗਈ ਕਿ ਨਾਨਕ ਨੇ ਜੇ ਨਫੇ ਵਾਲਾ ਸੌਦਾ ਕੀਤਾ ਹੁੰਦਾ ਤਾਂ ਸਿੱਧਾ ਘਰ ਆਉਣਾ ਸੀ, ਉਹਨੇ ਜ਼ਰੂਰ ਕੋਈ ਗੜਬੜ ਵਾਲੀ ਗੱਲ ਕੀਤੀ ਹੋਣੀ ਹੈ। ਉਹ ਗੁੱਸੇ ਵਿਚ ਘਰੋਂ ਉਸ ਥਾਂ ਵਲ ਚਲ ਪਿਆ, ਜਿਥੇ ਨਾਨਕ ਬੈਠਾ ਸੀ। ਉਸਦੇ ਆਉਣ ਤੋਂ ਪਹਿਲਾਂ ਹੀ ਬਹੁਤ ਸਾਰੇ ਲੋਕ ਉਥੇ ਇਕੱਠੇ ਹੋ ਗਏ ਸਨ। ਕਹਿੰਦੇ ਨੇ ਮਹਿਤਾ ਕਾਲੂ ਨੇ ਜਦੋਂ ਦੇਖਿਆ ਕਿ ਕੋਈ ਵੀ ਸਾਮਾਨ ਉਥੇ ਨਹੀਂ ਹੈ ਤਾਂ ਗੁੱਸੇ ਵਿਚ ਆਪਣੇ ਪੁੱਤ ਨਾਨਕ ਨੂੰ ਪੁੱਛਿਆ ਕਿ ਜਿਹੜੇ 20 ਰੁਪਏ ਤੈਨੂੰ ਦਿੱਤੇ ਸਨ ਸੌਦਾ ਕਰਨ ਲਈ, ਉਨ੍ਹਾਂ ਦਾ ਕੀ ਕੀਤਾ? ਤਾਂ ਕਹਿੰਦੇ ਨੇ ਕਿ ਬਾਬੇ ਨਾਨਕ ਨੇ ਕਿਹਾ ਕਿ ਮੈਂ ਖਰਾ ਸੌਦਾ ਕਰ ਆਇਆਂ। ਮਹਿਤਾ ਕਾਲੂ ਕਹਿਣ ਲੱਗੇ ਕਿ ਉਹ ਖਰਾ ਸੌਦਾ ਹੈ ਕਿਥੇ? ਮੈਨੂੰ ਵੀ ਦਿਖਾ, ਜਿਸ ਲਈ ਐਨੀ ਰਕਮ ਕੋਲੋਂ ਦਿੱਤੀ ਆ। ਤਾਂ ਬਾਬੇ ਨਾਨਕ ਨੇ ਸਾਰੀ ਗੱਲ ਦੱਸ ਦਿੱਤੀ ਤੇ ਦੱਸਿਆ ਕਿ ਭੁੱਖੇ ਨੂੰ ਰੋਟੀ ਖੁਆਉਣੀ ਹੀ ਖਰਾ ਤੇ ਸੱਚਾ ਸੌਦਾ ਹੈ। ਇਸ 'ਤੇ ਪਿਤਾ ਮਹਿਤਾ ਕਾਲੂ ਬਹੁਤ ਗੁੱਸੇ ਵਿਚ ਆ ਗਿਆ ਤੇ ਕਹਿੰਦੇ ਨੇ ਕਿ ਜੁਆਨ ਪੁੱਤ ਦੇ ਥੱਪੜ ਵੀ ਮਾਰ ਦਿੱਤਾ।

ਇਹੋ ਤਾਂ ਬਾਬਾ ਨਾਨਕ ਦੁਨੀਆਂ ਨੂੰ ਦੱਸਣਾ ਚਾਹੁੰਦਾ ਸੀ ਕਿ ਸੱਚ 'ਤੇ ਚੱਲਣ ਲਈ ਦੁਨੀਆਂ ਤਾਂ ਇਕ ਪਾਸੇ, ਆਪਣੇ ਬਾਪ ਦੀ ਨਾਰਾਜ਼ਗੀ ਵੀ ਝੱਲਣੀ ਪੈਣੀ ਏ ਤਾਂ ਇਸ 'ਖੰਡਿਓ ਤਿੱਖੀ, ਵਾਲਹੁ ਨਿੱਕੀ' ਸਿੱਖੀ 'ਤੇ ਤੁਰ ਹੋਣਾ ਤੇ ਸੱਚ ਦੇ ਪਾਂਧੀ ਬਣ ਹੋਣਾ ਹੈ। ਉਸ ਜਗ੍ਹਾ 'ਤੇ ਇਹ 'ਗੁਰਦੁਆਰਾ ਤੰਬੂ ਸਾਹਿਬ' ਬਣਿਆ ਹੋਇਆ ਹੈ।

ਇਸ ਤੰਬੂ ਸਾਹਿਬ ਗੁਰਦੁਆਰੇ ਦੇ ਨਾਲ ਹੀ ਇਕ ਹੋਰ ਗੁਰਦੁਆਰਾ ਵੀ ਹੈ, ਜਿਸਦਾ ਨਾਂ 'ਨਿਹੰਗ ਸਿੰਘ ਛਾਉਣੀ' ਹੈ ਪਰ ਸਾਡੇ ਕੋਲੋਂ ਅੰਦਰ ਨਾ ਜਾ ਹੋਇਆ ਤੇ ਇਸ ਦੇ ਇਤਿਹਾਸਕ ਪਿਛੋਕੜ ਬਾਰੇ ਵੀ ਕੋਈ ਜਾਣਕਾਰੀ ਨਹੀਂ ਲੈ ਹੋਈ।

ਅਗਲਾ ਗੁਰਦੁਆਰਾ, ਜਿਸਦੇ ਦਰਸ਼ਨਾਂ ਲਈ ਅਸੀਂ ਪਹੁੰਚੇ, ਉਸਦਾ ਨਾਂ 'ਗੁਰਦੁਆਰਾ ਪੱਟੀ ਸਾਹਿਬ' ਹੈ। ਬਾਹਰਲਾ ਗੇਟ ਲੰਘ ਕੇ ਅੰਦਰ ਸਾਹਮਣੇ ਗੁਰਦੁਆਰਾ ਸਾਹਿਬ ਹੈ। ਉਸ ਦਿਨ ਇਥੇ ਗੁਰਦੁਆਰੇ ਵਿਚ ਅਖੰਡ ਪਾਠ ਹੋ ਰਿਹਾ ਸੀ ਤੇ ਇਕ ਬੱਚੀ ਪਾਠ ਕਰ ਰਹੀ ਸੀ। ਇਸਦੇ ਨਾਲ ਕੁਝ ਰਿਹਾਇਸ਼ੀ ਕਮਰੇ ਵੀ ਹਨ, ਜਿਥੇ ਇਨ੍ਹਾਂ ਗੁਰਦੁਆਰਿਆਂ ਦੇ ਸੇਵਾਦਾਰਾਂ ਦੇ ਪਰਿਵਾਰ ਹੀ ਰਹਿੰਦੇ ਹਨ। ਉਥੇ ਸਾਨੂੰ ਥੋੜ੍ਹੀ ਚਹਿਲ-ਕਦਮੀ ਵੀ ਲੱਗੀ। ਕੁਦਰਤੀ ਹੀ ਹੈ ਕਿ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਤਾਂ ਰੱਬ ਆਪ ਵੀ ਉਥੇ ਹੁੰਦਾ ਹੈ। ਇਥੇ ਹੀ ਸਾਨੂੰ ਗੁਰਦੁਆਰਾ ਜਨਮ ਅਸਥਾਨ ਦੇ ਹੈਡ ਗ੍ਰੰਥੀ ਭਾਈ ਦਇਆ ਸਿੰਘ ਮਿਲੇ। ਅਸਲ ਵਿਚ ਉਨ੍ਹਾਂ ਦਾ ਪਰਿਵਾਰ ਵੀ ਇਥੇ ਹੀ ਰਹਿੰਦਾ ਹੈ। ਉਨ੍ਹਾਂ ਤੋਂ ਸਾਨੂੰ ਗੁਰਦੁਆਰੇ ਬਾਰੇ ਜਾਣਕਾਰੀ ਵੀ ਮਿਲੀ। ਉਂਦਾਂ ਵੀ ਉਸ ਨੇ ਕਈ ਗੱਲਾਂ-ਬਾਤਾਂ ਕੀਤੀਆਂ ਪਾਕਿਸਤਾਨ ਵਿਚ ਰਹਿੰਦੇ ਸਿੱਖਾਂ ਬਾਰੇ। ਉਹ ਮਧਰੇ ਕੱਦ ਦਾ ਗਠੀਲੇ ਸਰੀਰ ਵਾਲਾ ਮਸਾਂ 30 ਕੁ ਸਾਲਾਂ ਦਾ ਹੋਣਾ ਏ। ਉਸਨੇ ਸਾਨੂੰ ਦੱਸਿਆ ਕਿ ਨਨਕਾਣਾ ਸਾਹਿਬ ਵਿਚ ਡੇਢ ਸੌ ਤੋਂ ਵਧ ਘਰ ਸਿੱਖਾਂ ਦੇ ਹਨ। ਇਨ੍ਹਾਂ ਸਾਰਿਆਂ ਦਾ ਪਿਛਾ ਪਿਸ਼ਾਵਰ ਹੈ ਤੇ ਆਪਸ ਵਿਚ ਇਹ ਗੱਲਬਾਤ ਵੀ ਪਸ਼ਤੋ ਵਿਚ ਹੀ ਕਰਦੇ ਹਨ। ਉਸਦਾ ਰਿਸ਼ਤੇਦਾਰ ਹੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਵੀ ਹੈ। ਪਾਕਿਸਤਾਨ ਦੀ ਰਾਜਨੀਤੀ ਵਿਚ ਵੀ ਇਥੋਂ (ਨਨਕਾਣਾ ਸਾਹਿਬ) ਦੇ ਸਿੱਖ ਸ਼ਮੂਲੀਅਤ ਕਰਦੇ ਹਨ, ਪਰ ਇਨ੍ਹਾਂ ਦਾ ਝੁਕਾਅ ਬੇਨਜ਼ੀਰ ਭੁੱਟੋ ਦੀ ਪਾਰਟੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਵਲ ਹੈ। ਇਸੇ ਪਾਰਟੀ ਵਲੋਂ ਹੀ ਇਨ੍ਹਾਂ ਨੇ ਘੱਟ ਗਿਣਤੀਆਂ ਦੀ ਸੀਟ 'ਤੇ ਆਪਣਾ ਉਮੀਦਵਾਰ ਵੀ ਖੜ੍ਹਾ ਕੀਤਾ ਸੀ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ 'ਤੇ ਇਹ ਸਾਰੇ ਸਿੱਖ ਖੁਸ਼ ਵੀ ਹਨ। ਉਸਨੂੰ ਵੀ ਹਿੰਦੋਸਤਾਨ ਦੀ ਸਰਕਾਰ ਨਾਲ ਗਿਲਾ ਹੈ ਕਿ ਉਹਨੂੰ ਵਾਰ-ਵਾਰ ਅਰਜ਼ੀ ਦੇਣ 'ਤੇ ਵੀ ਉਧਰਲੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਵੀਜ਼ਾ ਨਹੀਂ ਦਿੱਤਾ ਗਿਆ। ਇਕ ਗੱਲ ਤਾਂ ਉਹਨੇ ਬੜੀ ਹੈਰਾਨੀ ਵਾਲੀ ਵੀ ਦੱਸੀ ਕਿ ਪਿਛਲੇ ਸਾਲ 2008 ਵਿਚ ਦਿੱਲੀ ਵਿਚ ਘੱਟ ਗਿਣਤੀ ਧਰਮਾਂ ਦੇ ਮੰਨਣ ਵਾਲਿਆਂ ਦਾ ਸੰਮੇਲਨ ਪ੍ਰਧਾਨ ਮੰਤਰੀ ਵਲੋਂ ਹੋਇਆ ਸੀ ਤਾਂ ਪਾਕਿਸਤਾਨ ਵਿਚੋਂ ਉਸਨੂੰ (ਦਇਆ ਸਿੰਘ) ਨੂੰ ਮਨਮੋਹਨ ਸਿੰਘ ਵਲੋਂ ਸਰਕਾਰੀ ਤੌਰ 'ਤੇ ਸ਼ਾਮਲ ਹੋਣ ਲਈ ਸੱਦਾ ਪੱਤਰ ਆਇਆ, ਜਦੋਂ ਉਹਨੇ ਪਾਕਿਸਤਾਨ ਵਿਚ ਭਾਰਤੀ ਅੰਬੈਸੀ ਵਿਚ ਵੀਜ਼ੇ ਦੀ ਅਰਜ਼ੀ, ਡਾ. ਮਨਮੋਹਨ ਸਿੰਘ ਦੇ ਸੱਦਾ-ਪੱਤਰ ਸਮੇਤ ਭੇਜੀ ਤਾਂ ਉਸ ਤੋਂ ਥੋੜ੍ਹੇ ਦਿਨ ਪਹਿਲਾਂ ਬੰਬਈ ਵਿਚ ਤਾਜ ਹੋਟਲ ਵਾਲਾ ਕਾਂਡ ਵਾਪਰ ਗਿਆ ਸੀ, ਜਿਸ ਕਰਕੇ ਇੰਟਰਵਿਊ 'ਤੇ ਉਸਨੂੰ ਉਸੇ ਬਾਰੇ ਪੁੱਛੀ ਜਾਣ ਜਾਂ ਪੁੱਛਣ ਕਿ ਤੂੰ ਨਨਕਾਣਾ ਸਾਹਿਬ ਦੇ ਗੁਰਦੁਆਰੇ ਦਾ ਹੈਡ ਗ੍ਰੰਥੀ ਏਂ, ਉਥੇ ਕਿਹੜੇ-ਕਿਹੜੇ ਖਾੜਕੂ ਆਉਂਦੇ ਨੇ ਅਤੇ ਉਨ੍ਹਾਂ ਨੇ ਅੱਧਾ ਘੰਟਾ ਇੰਟਰਵਿਊ ਤੋਂ ਬਾਅਦ ਵੀ ਵੀਜ਼ਾ ਨਾ ਦਿੱਤਾ। ਅਸੀਂ ਉਸ ਤੋਂ ਇਸਦਾ ਕਾਰਨ ਪੁੱਛਿਆ ਤਾਂ ਉਹ ਕਹਿੰਦਾ ਕਿ ਹਿੰਦੋਸਤਾਨ ਦੇ ਅੰਦਰੂਨੀ ਹਾਲਾਤ ਕੀ ਹਨ, ਦਾ ਤਾਂ ਮੈਨੂੰ ਕੁਝ ਪਤਾ ਨਹੀਂ, ਪਰ ਮਹਿਸੂਸ ਇੰਦਾਂ ਹੁੰਦਾ ਕਿ ਹਿੰਦੋਸਤਾਨ ਦੀ ਸਰਕਾਰ ਦੁਨੀਆਂ ਭਰ ਦੇ ਸਿੱਖਾਂ ਨੂੰ ਆਪਣੇ ਵਤਨ ਦੇ ਵਿਰੁਧ ਹੀ ਸਮਝੀ ਜਾਂਦੀ ਹੈ।

ਗੁਰਦੁਆਰਾ ਪੱਟੀ ਸਾਹਿਬ ਬਾਰੇ ਉਸਨੇ ਦੱਸਿਆ ਕਿ ਇਥੇ ਬਾਲ ਨਾਨਕ ਨੂੰ ਪਾਂਧੇ ਕੋਲ ਵਿੱਦਿਆ ਪੜ੍ਹਨ ਲਈ ਭੇਜਿਆ ਗਿਆ ਸੀ ਤੇ ਹੋਇਆ ਉਲਟ ਕਿ ਬਾਬੇ ਨਾਨਕ ਨੇ ਪਾਂਧੇ ਨੂੰ ਹੀ ਪੜ੍ਹਾ ਦਿੱਤਾ। ਪਾਂਧਾ ਤਾਂ ਉਸਨੂੰ ਦੁਨੀਆਂਦਾਰੀ ਵਾਲੀ ਪੜ੍ਹਾਈ ਵਲ ਮੋੜੇ ਪਰ ਬਾਬਾ ਉਸਨੂੰ ਆਤਮਿਕ ਉਪਦੇਸ਼ ਦੇਵੇ ਤਾਂ ਪਾਂਧਾ ਸੋਚੀਂ ਪੈ ਗਿਆ ਕਿ ਕਿਹੋ-ਜਿਹੇ ਨਿਆਣੇ ਨਾਲ ਵਾਹ ਪੈ ਗਿਆ, ਜਿਹੜੀਆਂ ਗੱਲਾਂ ਇਹ ਇਸ ਉਮਰ 'ਚ ਕਰਦਾ, ਮੇਰੇ ਤਾਂ ਐਨੇ ਗ੍ਰੰਥ ਪੜ੍ਹਨ ਬਾਅਦ ਵੀ ਕੁਝ ਪੱਲੇ ਨਹੀਂ ਪਿਆ। ਫਿਰ ਬਾਬੇ ਨਾਨਕ ਨੇ ਰਾਗ ਆਸਾ ਵਿਚ 'ਪੱਟੀ' ਨਾਮੀ ਬਾਣੀ ਰਚ ਕੇ ਪਾਂਧੇ ਨੂੰ ਸੁਣਾਈ ਤਾਂ ਪਾਂਧਾ ਤਾਂ ਸੁੰਨ ਹੋ ਗਿਆ ਕਿ ਇਹ ਨਿਆਣਾ ਅਜੇ ਹੁਣ ਉਹਦੇ ਕੋਲ ਪੜ੍ਹਨ ਆਇਆ ਤੇ ਇਹਨੇ ਇਹ ਕਿਥੋਂ ਸਿੱਖ ਲਿਆ। ਕਹਿੰਦੇ ਨੇ ਕਿ ਪਾਂਧੇ ਨੇ ਮਹਿਤਾ ਕਾਲੂ ਨੂੰ ਸੱਦ ਕੇ ਕਹਿ ਦਿੱਤਾ ਕਿ ਤੇਰੇ ਪੁੱਤ ਨੂੰ ਪੜ੍ਹਾਉਣਾ ਮੇਰੇ ਵਰਗੇ ਦੇ ਵੱਸ ਦੀ ਗੱਲ ਨਹੀਂ। ਇਹ ਤਾਂ ਕਿਸੇ ਹੋਰ ਦੁਨੀਆਂ ਦੀਆਂ ਗੱਲਾਂ ਦਸਦਾ ਲਗਦਾ।

ਗੁਰਦੁਆਰੇ ਦੇ ਬਾਹਰ ਥੋੜ੍ਹੀ ਜਿਹੀ ਵਿੱਥ 'ਤੇ ਇਕ ਹੋਰ ਕਮਰਾ ਬਣਿਆ ਹੋਇਆ ਹੈ। ਭਾਈ ਦਇਆ ਸਿੰਘ ਨੇ ਉਸ ਵਲ ਉਂਗਲ ਕਰਕੇ ਦੱਸਿਆ ਕਿ ਇਥੇ ਹੀ ਪਾਂਧੇ ਦਾ ਘਰ ਸੀ ਤੇ ਅੱਜ-ਕੱਲ੍ਹ ਰਾਤ ਨੂੰ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਨ ਇਸੇ ਕਮਰੇ ਵਿਚ ਕੀਤਾ ਜਾਂਦਾ ਹੈ।

ਪੱਟੀ ਸਾਹਿਬ ਗੁਰਦੁਆਰੇ ਤੋਂ ਥੋੜ੍ਹੀ ਦੂਰ ਹੀ ਗੁਰਦੁਆਰਾ 'ਬਾਲ ਲੀਲਾ' ਹੈ। ਇਸ ਇਲਾਕੇ ਵਿਚ ਸਿੱਖਾਂ ਦੀ ਵਸੋਂ ਵੀ ਕੁਝ ਜ਼ਿਆਦਾ ਲੱਗੀ ਕਿਉਂਕਿ ਸਾਨੂੰ ਬਾਹਰ ਬਾਜ਼ਾਰ ਜਾਂ ਗਲੀ ਹੀ ਕਹਿ ਲਈਏ, ਵਿਚ ਕਈ ਸਿੱਖ ਵੀਰ ਤੇ ਬੀਬੀਆਂ ਵੀ ਦਿਸੇ ਤੇ ਕੁਝ ਦੁਕਾਨਾਂ ਤਾਂ ਸਿੱਖਾਂ ਦੀਆਂ ਵੀ ਸਨ। ਉਥੋਂ ਹੀ ਅਸੀਂ 'ਬਾਲ ਲੀਲਾ' ਗੁਰਦੁਆਰੇ ਚਲੇ ਗਏ। ਉਥੇ ਵੀ ਪਾਠ ਹੋ ਰਿਹਾ ਸੀ ਤੇ ਵਿਰਲੇ-ਵਿਰਲੇ ਸਿੱਖ ਮੱਥਾ ਵੀ ਟੇਕਣ ਆ ਰਹੇ ਸਨ। ਗੁਰਦੁਆਰੇ ਦੀ ਇਮਾਰਤ ਦੀ ਹਾਲਤ ਖਸਤਾ ਜਿਹੀ ਲਗਦੀ ਹੈ, ਸ਼ਾਇਦ ਨਵੀਂ ਬਣਾਉਣੀ ਹੋਵੇ ਜਾਂ ਮੁਰੰਮਤ ਕਰਨੀ ਹੋਵੇ ਕਿਉਂਕਿ ਬਿਲਡਿੰਗ ਦਾ ਮਟੀਰੀਅਲ ਕਾਫੀ ਉਥੇ ਰੱਖਿਆ ਹੋਇਆ ਸੀ। ਇਥੇ ਵੀ ਸਰੋਵਰ ਬਿਲਕੁਲ ਗੁਰਦੁਆਰੇ ਦੇ ਨਾਲ ਹੀ ਹੈ ਪਰ ਸੁੱਕਾ ਹੀ ਰਹਿੰਦਾ ਲਗਦਾ ਹੈ। ਇਸ ਗੁਰਦੁਆਰੇ ਬਾਰੇ ਸਾਨੂੰ ਦੱਸਿਆ ਗਿਆ ਕਿ ਬਾਲ ਨਾਨਕ ਬਚਪਨ ਵਿਚ ਆਪਣੇ ਨਾਲ ਦੇ ਹਾਣੀ ਬੱਚਿਆਂ ਨਾਲ ਇਥੇ ਖੇਡਦੇ ਹੁੰਦੇ ਸਨ। ਅਸੀਂ ਜਦੋਂ ਗੁਰਦੁਆਰੇ ਤੋਂ ਮੁੜ ਰਹੇ ਸਾਂ ਤਾਂ ਇਕ ਪੁਰਾਣਾ ਵੱਡਾ ਸਾਰਾ ਬੋਰਡ ਉਥੇ ਲਿਖਿਆ ਪਿਆ ਸੀ ਤੇ ਪਰ੍ਹੇ ਥੋੜ੍ਹੀ ਦੂਰ ਹੀ ਪੁਲਿਸ ਦੀ ਸਕਿਉਰਿਟੀ ਵਾਲਾ ਹੌਲਦਾਰ ਵੀ ਖੜ੍ਹਾ ਸੀ। ਅਸਲ ਵਿਚ ਇਥੇ ਇਕ ਕੁਆਰਟਰ ਵਿਚ ਉਹ ਡਿਊਟੀ ਤੋਂ ਬਾਅਦ ਰਹਿੰਦਾ ਵੀ ਹੈ। ਮੈਂ ਉਸਨੂੰ ਕਿਹਾ ਕਿ ਔਹ ਬੋਰਡ ਪੜ੍ਹ ਕੇ ਸੁਣਾ ਕਿ ਕੀ ਲਿਖਿਆ ਹੈ। ਭਾਵੇਂ ਉਸਦੇ ਕੁਝ ਅੱਖਰ ਪੁਰਾਣੇ ਹੋਣ ਕਰਕੇ ਘਸਮੈਲੇ ਜਿਹੇ ਹੋ ਗਏ ਸਨ ਪਰ ਉਹਨੇ ਜੋ ਪੜ੍ਹ ਕੇ ਸੁਣਾਇਆ, ਉਹ ਇੰਦਾਂ ਹੈ, "ਗੁਰੂ ਨਾਨਕ ਬਾਲ ਉਮਰ ਵਿਚ ਇਥੇ ਬੱਚਿਆਂ ਨਾਲ ਖੇਡਦੇ ਹੁੰਦੇ ਸਨ ਤੇ ਨਾਲ ਹੀ ਉਨ੍ਹਾਂ ਨੂੰ ਆਤਮਿਕ ਗਿਆਨ ਦੀਆਂ ਗੱਲਾਂ ਵੀ ਸੁਣਾਇਆ ਕਰਦੇ ਸਨ। ਆਪਣੇ ਘਰੋਂ ਚੀਜ਼ਾਂ ਲਿਆ ਕੇ ਬੱਚਿਆਂ ਵਿਚ ਵੰਡ ਦਿੰਦੇ ਸਨ। ਇਥੇ ਉਨ੍ਹਾਂ ਦੇ ਬਾਲ ਕੌਤਕ ਦੇਖ ਕੇ ਲੋਕ ਬੜੇ ਹੈਰਾਨ ਹੁੰਦੇ ਸਨ। ਬਾਲ ਨਾਨਕ ਦੇ ਅਲੌਕਿਕ ਕੌਤਕਾਂ ਤੋਂ ਪ੍ਰਭਾਵਤ ਹੋ ਕੇ ਰਾਇ ਬੁਲਾਰ ਨੇ ਇਸ ਥਾਂ 'ਤੇ ਬੱਚਿਆਂ ਲਈ 'ਨਾਨਕ ਸੁਮ' ਨਾਂ ਦਾ ਸਥਾਨ ਬਣਾ ਦਿੱਤਾ, ਜੋ ਕਿ ਸਿੱਖ ਧਰਮ ਦਾ ਸਭ ਤੋਂ ਪਹਿਲਾ ਧਾਰਮਿਕ ਸਥਾਨ ਬਣਿਆ ਤੇ ਬਾਅਦ ਵਿਚ ਇਸ ਥਾਂ ਦਾ ਨਾਂ ਗੁਰਦੁਆਰਾ 'ਬਾਲ ਲੀਲਾ' ਰੱਖਿਆ ਗਿਆ।" ਇਸ ਬੋਰਡ ਦੀ ਇਬਾਰਤ ਸੁਣਨ ਤੋਂ ਬਾਅਦ ਇਸ ਸਵਾਲ ਦਾ ਜਵਾਬ ਵੀ ਮਿਲ ਗਿਆ, ਜਿਹੜਾ ਕਈ ਵਾਰੀ ਪਹਿਲਾਂ ਮਨ 'ਚ ਆਇਆ ਸੀ ਕਿ ਸਿੱਖਾਂ ਦਾ ਸਭ ਤੋਂ ਪਹਿਲਾ ਗੁਰਦੁਆਰਾ ਕਿਹੜਾ ਬਣਿਆ ਹੋਵੇਗਾ? ਇਹ ਤਾਂ ਪੱਕਾ ਸੀ ਕਿ ਗੁਰੂ ਨਾਨਕ ਜੀ ਨਾਲ ਹੀ ਸੰਬੰਧਤ ਹੋਣਾ ਹੈ, ਪਰ ਕਿਹੜਾ ਸੀ, ਉਹਦਾ ਜੁਆਬ, ਉਸ ਬੋਰਡ ਤੋਂ ਮਿਲਿਆ।



ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ (ਤਸਵੀਰ:ਡਾ. ਦਲਵੀਰ ਪੰਨੂ)

ਨਨਕਾਣਾ ਸਾਹਿਬ ਦੇ ਇਨ੍ਹਾਂ ਗੁਰਦੁਆਰਿਆਂ ਦੇ ਦਰਸ਼ਨ ਕਰਦਿਆਂ ਨੂੰ ਤ੍ਰਿਕਾਲਾਂ ਪੈ ਗਈਆਂ ਸਨ ਤੇ ਬਾਬੂ ਖਾਂ ਸਾਨੂੰ ਗੁਰਦੁਆਰਾ ਜਨਮ ਅਸਥਾਨ ਲੈ ਆਇਆ। ਪਾਕਿਸਤਾਨ ਦੇ ਅੰਦਰੂਨੀ ਹਾਲਾਤ ਨਾਜ਼ੁਕ ਹੋਣ ਕਰਕੇ, ਇਸ ਵਾਰ ਗੁਰਪੁਰਬ 'ਤੇ ਆਉਣ ਵਾਲੇ ਸ਼ਰਧਾਲੂਆਂ ਦੀ ਵੀ ਜਾਂਚ ਕੀਤੀ ਜਾਂਦੀ ਸੀ। ਇਸ ਮਕਸਦ ਲਈ ਗੁਰਦੁਆਰੇ ਦੇ ਬਾਹਰੀ ਗੇਟ ਦੇ ਨਾਲ ਹੀ ਪੁਲਿਸ ਵਾਲੇ ਬੈਠੇ ਸਨ, ਜਿਹੜੇ ਅੰਦਰ ਆਉਣ ਵਾਲੇ ਹਰੇਕ ਦੇ ਸਾਮਾਨ ਦੀ ਅਤੇ ਕਾਗਜ਼ ਪੱਤਰਾਂ ਦੀ ਬੜੀ ਬਾਰੀਕੀ ਨਾਲ ਜਾਂਚ ਕਰਦੇ ਸਨ। ਸਾਡੇ ਵੀ ਪਾਸਪੋਰਟ ਦੇਖੇ, ਅਟੈਚੀਆਂ ਵਿਚਲੇ ਸਾਮਾਨ ਬਾਰੇ ਪੁੱਛਿਆ। ਨਾਲੇ ਹਦਾਇਤ ਵੀ ਕਰ ਦਿੱਤੀ ਕਿ ਅੱਵਲ ਤਾਂ ਗੁਰਦੁਆਰੇ ਤੋਂ ਬਾਹਰ ਨਹੀਂ ਜਾਣਾ, ਜੇ ਕੋਈ ਸਾਮਾਨ ਬਾਜ਼ਾਰ ਵਿਚੋਂ ਲੈਣ ਜਾਣਾ ਪੈ ਗਿਆ ਤਾਂ ਗੇਟ ਪਾਸ ਲੈ ਕੇ ਜਾਣਾ, ਨਹੀਂ ਤਾਂ ਵਾਪਸ ਅੰਦਰ ਨਹੀਂ ਆਉਣ ਦਿੱਤਾ ਜਾਣਾ।

ਗੁਰਦੁਆਰਾ ਜਨਮ ਅਸਥਾਨ ਦੀ ਅੰਦਰਲੀ ਦਿੱਖ ਬਹੁਤ ਹੀ ਖੂਬਸੂਰਤ ਹੈ। ਗੁਰਦੁਆਰੇ ਤੋਂ ਪਹਿਲਾਂ ਬਹੁਤ ਹੀ ਸੁੰਦਰ ਫੁਆਰੇ ਲਾਏ ਹੋਏ ਹਨ ਤੇ ਰੰਗ-ਬਰੰਗੀਆਂ ਲਾਈਟਾਂ ਵੀ ਲੱਗੀਆਂ ਹੋਈਆਂ ਹਨ। ਬਹੁਤ ਹੀ ਖੁੱਲ੍ਹਾ ਥਾਂ ਹੈ ਤੇ ਫਲ-ਬੂਟੇ ਪਾਰਕ ਦੀ ਸੁੰਦਰਤਾ ਨੂੰ ਹੋਰ ਵੀ ਵਧਾਉਂਦੇ ਹਨ। ਬੈਠਣ ਲਈ ਪਾਰਕ ਵਿਚ ਬੈਂਚ ਵੀ ਲੱਗੇ ਹੋਏ ਹਨ। ਗੁਰਦੁਆਰੇ ਦੇ ਅੱਗੇ ਸਰੋਵਰ ਬਣਿਆ ਹੋਇਆ ਹੈ, ਜਿਸ ਵਿਚ ਸਾਫ ਪਾਣੀ ਭਰਿਆ ਹੋਇਆ ਸੀ। ਇਸ ਦੇ ਦੁਆਲੇ ਉਸਾਰੀ ਦਾ ਕੰਮ ਚੱਲ ਰਿਹਾ ਹੈ, ਜਿਸਨੂੰ ਬਾਬਾ ਜਗਤਾਰ ਸਿੰਘ (ਤਰਨਤਾਰਨ ਵਾਲੇ) ਕਾਰ ਸੇਵਾ ਰਾਹੀਂ ਕਰਵਾ ਰਹੇ ਹਨ। ਉਹ ਇਕ ਹੋਰ ਇਮਾਰਤ ਦੀ ਉਸਾਰੀ ਵੀ ਕਰਵਾ ਰਹੇ ਹਨ। ਇਥੇ ਯਾਤਰੀਆਂ ਦੇ ਰਹਿਣ ਲਈ ਕਈ ਰਿਹਾਇਸ਼ੀ ਕੰਪਲੈਕਸ ਬਣੇ ਹੋਏ ਹਨ, ਜਿਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ; ਮਹਿਤਾ ਕਾਲੂ ਕੰਪਲੈਕਸ, ਮਾਤਾ ਤ੍ਰਿਪਤਾ ਜੀ, ਬੇਬੇ ਨਾਨਕੀ ਜੀ, ਭਾਈ ਮਰਦਾਨਾ, ਭਾਈ ਬਾਲਾ, ਸ਼ਹੀਦ ਲਛਮਣ ਸਿੰਘ, ਰਾਇ ਬੁਲਾਰ ਕੰਪਲੈਕਸ। ਇਨ੍ਹਾਂ ਸਾਰਿਆਂ ਦਾ ਪ੍ਰਬੰਧ ਇਕ ਕੇਅਰਟੇਕਰ ਕੋਲ ਹੈ, ਜੋ ਕਿ ਔਕਾਫ ਬੋਰਡ ਦਾ ਕਰਮਚਾਰੀ ਹੈ। ਉਸ ਦਾ ਦਫਤਰ ਵੀ ਅੰਦਰ ਗੁਰਦੁਆਰੇ ਦੇ ਕੋਲ ਹੀ ਹੈ। ਅਸੀਂ ਵੀ ਰਹਿਣ ਲਈ ਕਮਰਾ ਲੈਣ ਕੇਅਰਟੇਕਰ ਕੋਲ ਹੀ ਗਏ। ਉਸਨੇ ਸਾਨੂੰ ਪੁੱਛਿਆ ਕਿ ਕਿਥੋਂ ਆਏ ਹੋ ਤੇ ਮਾਤਾ ਤ੍ਰਿਪਤਾ ਜੀ ਕੰਪਲੈਕਸ ਵਿਚ ਕਮਰਾ ਦੇ ਦਿੱਤਾ। ਆਪ ਵੀ ਨਾਲ ਹੀ ਚਾਬੀ ਲੈ ਕੇ ਚਲ ਪਿਆ। ਨਾਲੇ ਦੱਸਦਾ ਜਾਂਦਾ ਸੀ ਕਿ ਬਾਹਰਲੀਆਂ ਸੰਗਤਾਂ ਮਤਲਬ ਇੰਗਲੈਂਡ, ਕੈਨੇਡਾ, ਅਮਰੀਕਾ ਦੀ ਰਿਹਾਇਸ਼ ਇਸ ਨਵੇਂ ਬਣੇ ਕੰਪਲੈਕਸ ਵਿਚ ਕਰੀਦੀ ਹੈ। ਕਮਰਾ ਕਾਫੀ ਵੱਡਾ ਸੀ ਤੇ ਦੋ ਬੈਡ ਵੀ ਲੱਗੇ ਹੋਏ ਸਨ ਤੇ ਅਟੈਚਡ ਬਾਥਰੂਮ ਹੈ। ਸਫਾਈ ਵੀ ਠੀਕ ਸੀ। ਕੇਅਰਟੇਕਰ ਦਸਦਾ ਸੀ ਕਿ ਜਦੋਂ ਪੂਰੀ ਸੰਗਤ ਆ ਜਾਂਦੀ ਹੈ ਤਾਂ ਇਹ ਰਿਹਾਇਸ਼ ਵੀ ਘਟ ਜਾਂਦੀ ਹੈ ਤੇ ਸਰਕਾਰ ਵਲੋਂ ਕਈ ਸਕੂਲਾਂ ਨੂੰ ਬੰਦ ਕਰਵਾ ਕੇ ਯਾਤਰੀਆਂ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਹੈ। ਇਸ ਵਾਰ ਉਹ ਵੀ ਬੇਯਕੀਨੀ ਜਿਹੀ 'ਚ ਕਹਿੰਦਾ ਕਿ ਸ਼ਾਇਦ ਇਥੋਂ ਦੇ ਹਾਲਾਤ ਠੀਕ ਨਾ ਹੋਣ ਕਰਕੇ ਬਹੁਤੀ ਬਾਹਰਲੀ ਸੰਗਤ ਨਾ ਆਵੇ। ਉਥੋਂ ਜਾਣ ਤੋਂ ਪਹਿਲਾਂ ਉਸ ਨੇ ਕਾਗਜ਼ 'ਤੇ ਆਪਣਾ ਸੈਲ ਫੋਨ ਅਤੇ ਨਾਂ ਲਿਖ ਕੇ ਮੈਨੂੰ ਫੜਾਉਂਦਿਆਂ ਕਿਹਾ ਕਿ ਜੇ ਕਿਸੇ ਮਦਦ ਦੀ ਜ਼ਰੂਰਤ ਪੈ ਗਈ ਤਾਂ ਮੈਨੂੰ ਫੋਨ ਕਰ ਲਿਓ, ਮੈਂ ਇਥੇ ਦਫਤਰ ਵਿਚ ਹੀ ਸੌਂਦਾ ਹਾਂ। ਮੈਂ ਕਾਗਜ਼ ਦੇਖਿਆ ਤਾਂ ਉਹਨੇ ਆਪਣਾ ਨਾਂ ਉਰਦੂ ਵਿਚ ਲਿਖਿਆ ਹੋਇਆ ਸੀ। ਮੈਂ ਹੱਸਦੇ ਨੇ ਪੁੱਛ ਲਿਆ, "ਯਾਰ ਮੈਨੂੰ ਤਾਂ ਉਰਦੂ ਪੜ੍ਹਨਾ ਨਹੀਂ ਆਉਂਦਾ, ਉਦਾਂ ਆਪਣਾ ਨਾਂ ਦੱਸ ਜ਼ਰੂਰ ਦੇ।" ਤਾਂ ਉਹ ਵੀ ਖੁਸ਼ ਹੋ ਕੇ ਕਹਿੰਦਾ ਕਿ ਇਹ ਮੈਨੂੰ ਖਿਆਲ ਹੀ ਨਹੀਂ ਸੀ। ਉਸਨੇ ਆਪਣਾ ਨਾਂ ਮੁਹੰਮਦ ਕਬੀਰ ਦੱਸਿਆ। ਫਿਰ ਅਸੀਂ ਸਾਮਾਨ ਤਾਂ ਰੱਖ ਹੀ ਲਿਆ ਸੀ ਤੇ ਉਹਦੇ ਨਾਲ ਹੀ ਬਾਹਰ ਆ ਗਏ। ਨਾਲੇ ਲੰਗਰ ਬਾਰੇ ਵੀ ਪੁੱਛਣਾ ਸੀ ਕਿ ਕਿਥੇ ਹੈ।

*(ਬਾਕੀ ਅਗਲੇ ਅੰਕ 'ਚ)*

# ਕਾਵਿ-ਮੰਚ

## ਦਰਸ਼ਨ ਖਟਕੜ ਦੀਆਂ ਕੁਝ ਨਵੀਆਂ ਕਵਿਤਾਵਾਂ

### ਧੀਆਂ ਦੀ ਸੰਭਾਲ

ਧੀਆਂ ਦੀ ਸੰਭਾਲ ਮਾਏ ਹੋ ਗਈ ਮੁਹਾਲ,
ਤੇਰੀ ਕੁੱਖ ਸਾਡੀ ਸਾਂਭ ਨਾ ਕਰੇ।
ਖ਼ੂਨ ਦੀ ਨਦੀ 'ਚ ਧੱਕਾ ਦੇ ਕੇ ਧਿਆਣੀਆਂ ਨੂੰ,
ਜੱਗ ਘਰੋਂ ਵਿਦਿਆ ਕਰੇ।

ਪਸ਼ੂਆਂ ਦੀ ਪੁੱਗੇ ਸਿੰਗ ਬੰਦਿਆਂ ਦੇ ਉਗੇ,
ਤਾਂਹੀਓਂ ਬਾਲੜੀ ਬਲਾਤਕਾਰ ਹੋ ਗਿਆ।
ਚੈਨਲਾਂ ਦੀ ਲਾਗ ਲੱਗੇ ਇੱਜ਼ਤਾਂ ਨੂੰ ਦਾਗ,
ਡਰ ਮਾਪਿਆਂ ਦੇ ਆਰ ਪਾਰ ਹੋ ਗਿਆ।
ਉਡ ਉਡ ਪੈਣਾ ਸਿਰ ਢੇਰ ਦਾ ਜੋ ਕੂੜਾ,
ਉਹਨੂੰ ਹੂੰਝ ਲੋਕੀ ਕਰਦੇ ਪਰੇ।

ਸੌਦਿਆਂ ਦੇ ਸੇਕ ਵਿਚ ਸਾਂਝ ਸਿਰ ਸੱਟ ਵੱਜੀ,
ਹੋ ਗਿਆ ਵਪਾਰ ਹੈ ਵਿਆਹ।
ਸੜੀ ਦੀ ਸੁਣੌਣੀ ਨਹੀਂ ਸਹੁਰਿਆਂ ਤੋਂ ਆਉਣੀ,
ਹੁੰਦਾ ਪੇਕਿਆਂ ਨੂੰ ਕਦੋਂ ਹੈ ਵਸਾਹ।
ਸੋਗ ਦੀਆਂ ਸੂਰਤਾਂ ਨੂੰ ਕੱਚ ਦੀਆਂ ਮੂਰਤਾਂ ਨੂੰ,
ਲੋਕ ਨਹੀਂਓਂ ਰੱਖਦੇ ਘਰੇ।

ਖਰਚਾ ਵੀ ਵੱਡਾ ਨਾਲ ਖ਼ਤਰਾ ਵੀ ਵੱਡਾ,
ਦੇਖੋ ਹੋ ਗਈ ਕੁੜੀ ਹੈ ਮਹਿੰਗੇ ਮੁੱਲ ਦੀ।
ਜਸ਼ਨਾਂ ਦਾ ਮਾਣ ਨਹੀਂ ਤੇ ਲੋਹੜੀਆਂ ਦਾ ਹਾਣ ਨਹੀਂਓ,
ਸੱਧਰਾਂ ਦੇ ਤੁੱਲ ਨਹੀਂ ਹੈ ਤੁੱਲਦੀ।
ਖ਼ਤਰੇ ਦੀ ਖੇਡ ਨੂੰ ਖਿਡਾਵੇ ਕਿਹੜਾ ਢਿੱਡ ਉਤੇ,
ਕੌਣ ਕੰਡੇ ਹਿੱਕ ਤੇ ਧਰੇ।

ਧੀਆਂ ਦੀ ਸੰਭਾਲ ਮਾਏ ਹੋ ਗਈ ਮੁਹਾਲ,
ਤੇਰੀ ਕੁੱਖ ਸਾਡੀ ਸਾਂਭ ਨਾ ਕਰੇ।
ਖ਼ੂਨ ਦੀ ਨਦੀ 'ਚ ਧੱਕਾ ਦੇ ਕੇ ਧਿਆਣੀਆਂ ਨੂੰ,
ਜੱਗ ਘਰੋਂ ਵਿਦਿਆ ਕਰੇ।

### ਮਕਤਲ

ਮੈਂ ਉਨਾ ਦੂਰ ਜੀਣੇ ਤੋਂ ਔਹ ਜਿੰਨਾ ਦੂਰ ਮਕਤਲ ਹੈ।
ਨਾ ਮੇਰੇ ਵਿਚ ਹਲਚਲ ਹੈ ਤੇ ਨਾ ਮਕਤਲ 'ਚ ਹਲਚਲ ਹੈ।

ਤੂੰ ਜਿਸ 'ਚੋਂ ਨਿਕਲਣਾ ਲੋਚੇਂ, ਉਹੀ ਮੁੜ ਖਿੱਚ ਲੈ ਜਾਵੇ,
ਗ੍ਰਹਿਸਥੀ ਚੁੰਬਕਾਂ ਹੇਠਾਂ ਇਹ ਕ੍ਰਿਆਸ਼ੀਲ ਦਲਦਲ ਹੈ।

ਦੁੜਾਉਂਦੀ ਨਹੀਂ, ਘੁੰਮਾਉਂਦੀ ਹੈ, ਇਹ ਇਕ ਲਾਟੂ ਬਣਾ ਧਰਦੀ,
ਖੜ੍ਹੇ ਬੰਦਿਆਂ ਨੂੰ ਜੋ ਚਿੰਬੜੀ, ਚਲੋਚੱਲ ਹੈ ਚਲੋਚੱਲ ਹੈ।

ਸਾਂ ਜੰਗਲ ਵਿਚ ਤਾਂ ਸਭ ਰਿਸ਼ਤਿਆਂ ਲਈ ਇਕ ਸਲੀਕਾ ਸੀ,
ਤੇ ਹੁਣ ਉਨਾ ਕੁ ਅਸੱਭਿਅਕ ਹਾਂ ਕਿ ਜਿੰਨਾ ਦੂਰ ਜੰਗਲ ਹੈ।

ਵੜੋ ਅੰਦਰ ਤਾਂ ਨਹੀਂ ਠੋਹਕਰ, ਤੁਰੋ ਬਾਹਰ ਤਾਂ ਪਰਬਤ ਹੈ,
ਮਾਮੂਲੀ ਚੀਜ਼ ਨਹੀਂ ਕੋਈ ਇਹ ਟੂਣੇਹਾਰ ਸਰਦਲ ਹੈ।

ਕਿਵੇਂ ਮਕਤਲ ਬੁਲਾਵੇਗਾ ਗੁਨਾਹ ਦੀ ਜੇ ਨਹੀਂ ਜ਼ੁਰਅਤ,
ਇਹੀ ਮੌਸਮ ਦੀ ਮੁਸ਼ਕਲ ਹੈ, ਇਹੀ ਮੇਰੀ ਵੀ ਮੁਸ਼ਕਲ ਹੈ।

ਬੜਾ ਸਮਤੋਲ ਔਖਾ ਹੈ ਅਡੋਲੀ ਚਾਲ ਨਹੀਂ ਸੌਖੀ,
ਅਨੇਕਾਂ ਝਾੜੀਆਂ ਉਚੀ ਤੇ ਨੀਵੀਂ ਵੀ ਧਰਾਤਲ ਹੈ।

ਸਫ਼ਰ, ਸੰਗਰਾਮ, ਮਕਤਲ ਤੇ ਫ਼ਕੀਰੀ, ਦਰਦ ਦੇ ਕਿੱਸੇ,
ਕਿਵੇਂ ਛੋਹੀਏ ਨਾ ਜਦ ਜੀਵਨ ਹੀ ਖ਼ੁਦ ਗ਼ਜ਼ਲੇ-ਮੁਸੱਲਸੱਲ ਹੈ।

### ਪਹਾੜੀ ਰਾਸਤਾ

***(ਭਾਅ ਜੀ ਗੁਰਸ਼ਰਨ ਸਿੰਘ ਤੇ ਪ੍ਰੋ. ਰਣਧੀਰ ਸਿੰਘ ਦੇ ਨਾਂ)***

ਤੂੰ ਸੁਲਤਾਨ ਸੁਫ਼ਨਿਆਂ ਤੂੰ ਸੁਲਤਾਨ...
ਪਿਆਸੀ ਪੌਦ ਕੋਈ ਜਦ ਫ਼ਸਲ ਹੋ ਜਾਣ ਨੂੰ ਤਰਸੀ
ਤਾਂ ਤੂੰ ਆਇਆ।
ਖ਼ਾਕਾ ਬਣ ਗਈ ਤਸਵੀਰ ਨੂੰ ਜਦ ਰੰਗ ਨਾ ਟੱਕਰੇ
ਤਾਂ ਤੂੰ ਆਇਆ।

ਕੋਈ ਸੰਵਾਦ ਜੰਮਣ ਪੀੜ ਲਈ ਜਦ ਦੇਰ ਤੱਕ ਲੁੱਛਿਆ
ਤਾਂ ਤੂੰ ਆਇਆ।
ਅਦਾ ਹੋਣੇ ਲਈ ਜਦ ਫ਼ਰਜ਼ ਨੂੰ ਨਾ ਗਲਵੱਕੜੀ ਲੱਭੀ
ਤਾਂ ਤੂੰ ਆਇਆ।
ਤੂੰ ਸੁਲਤਾਨ ਸੁਫ਼ਨਿਆਂ ਤੂੰ ਸੁਲਤਾਨ...

ਉਤਰਾਈਆਂ ਚੜ੍ਹਾਈਆਂ ਪਹਿਨ ਕੇ
ਚਲਦੀ ਪਹਾੜੀ ਸੜਕ ਹੈ ਕੋਈ
ਵ.ਲ ਵਲੇਵੇਂਦਾਰ ਖ਼ੁਦ ਜ਼ਿੰਦਗੀ ਵਰਗੀ।
ਪਰਿੰਦੇ ਚਹਿਕਦੇ ਉਡਦੇ ਅਤੇ ਰੁੱਖ ਝੂਮਦੇ,
ਵਗਦੀ ਪੌਣ ਨੇ ਆ ਛੇੜਿਆ ਜੰਗਲ ਦਾ ਸ਼ੂਕਦਾ ਹੋਇਆ ਅਲਾਪ।
ਪਹਾੜੀ ਰਾਹ ਤੇ ਸਾਡੀ ਬੱਸ ਦਾ ਲੰਬਾ ਸਫ਼ਰ...

ਇਕ ਤਾਕੀ ਦੇ ਲਾਗੇ ਤੁਸੀਂ ਦੋ ਹੋ,
ਦੂਸਰੀ ਤਾਕੀ ਦੇ ਲਾਗੇ ਅਸੀਂ ਤਿੰਨ ਹਾਂ।
ਕੋਈ ਰਾਜ਼ ਤਾਂ ਹੋਣਾ ਜ਼ਰੂਰ,
ਆਵਾਜ਼ ਸੱਦਾ ਨਹੀਂ ਦਿੰਦੀ।
ਇਸ਼ਾਰੇ ਨੂੰ ਹੱਥ ਨਹੀਂ ਲੱਭਦੇ,
ਨਜ਼ਰਾਂ ਵਿਚ ਲਿਪਟ ਗਏ ਨੇ ਇਸ਼ਾਰੇ,
ਇਸ਼ਾਰਿਆ ਦੇ ਮੋਢੀਂ ਚੜ੍ਹੀਆਂ ਇਹ ਨਜ਼ਰਾਂ।

ਤੂੰ ਸੁਲਤਾਨ ਸੂਤਰਧਾਰ ਸੁਫ਼ਨਿਆਂ ਤੂੰ ਸੂਤਰਧਾਰ।
ਤੂੰ ਸੁਲਤਾਨ ਕਲਾਕਾਰ ਸੁਫ਼ਨਿਆਂ ਤੂੰ ਕਲਾਕਾਰ।

ਰੁਕੀ ਬੱਸ 'ਚੋਂ ਤੁਸੀਂ ਉਤਰੇ ਅਸੀਂ ਉਤਰੇ,
ਸਾਡੀ ਇਕ ਮੁਸਕਾਨ ਨਮਸਕਾਰ ਲਈ ਉਠੀ,
ਅਦਬ ਹੱਥ-ਘੁਟਣੀਆਂ ਵਿਚ ਲਰਜਣ ਆ ਗਿਆ,
ਨਜ਼ਰਾਂ ਬੋਲੀਆਂ ਤਾਂ
ਜੰਗਲ ਦੀ ਜੂਹ ਨੂੰ ਖੋਜਦੀ ਡੰਡੀ 'ਤੇ,
ਸ਼ੁਰੂ ਕਦਮ-ਤਾਲ ਸੀ ਆਪਣਾ।

ਝਾੜੀਆਂ ਦੀ ਓਟ ਵਿਚ,
ਦੋ ਟੋਲੀਆਂ ਦੀ ਗ਼ੁਫ਼ਤਗੂ,
ਕਦੇ ਮੱਥੇ 'ਤੇ ਪਰਬਤ ਧਾਰਾ ਵਾਂਗ ਵੱਟ ਉਭਰ ਆਏ।
ਹੱਥ ਮੁਦਰਾਵਾਂ ਨੇ ਕਈ ਵਿਖਿਆਨ ਵੀ ਕੀਤੇ,
ਸਿਰ ਰਹੇ ਹਿਲਦੇ,
ਕਦੇ ਹਾਂ ਵਿਚ ਕਦੇ ਨਾਂਹ ਵਿਚ।

ਵਗਦੀ ਪੌਣ ਨੇ ਖ਼ੂਬ ਸੁਣਿਆ,
ਸ਼ੂਕਦੇ ਜੰਗਲ ਨੇ ਖ਼ੂਬ ਤੱਕਿਆ,
ਪੁਸ਼ਤਾਂ ਦਾ ਲੇਖਾ ਜੋਖਾ ਕਰਦੀਆਂ ਪੁਸ਼ਤਾਂ।
ਅਰਪਨਾ ਦਾ ਅਰਘ ਸਫ਼ਰ ਦੇ ਨਾਂ ਕਰਦੀਆਂ,
ਉਠੇ ਤਾਂ ਹੱਥ-ਘੁਟਣੀਆਂ ਦਾ ਸੰਵਾਦ ਆ ਪੁੱਜਿਆ,
ਉਠੇ ਤਾਂ ਪੈਰ ਸੜਕ ਵੱਲ ਨੂੰ ਵਧ ਤੁਰੇ,
ਤੁਸੀਂ ਰਾਹੀ, ਅਸੀਂ ਰਾਹੀ।

ਅੱਗੇ ਪਹਾੜੀ ਰਾਸਤਾ ਜ਼ਿੰਦਗੀ ਵਰਗਾ,
ਨਿਰੰਤਰ ਸਫ਼ਰ ਬੱਸ ਦਾ ਜ਼ਿੰਦਗੀ ਵਰਗਾ,

ਤੂੰ ਸੁਲਤਾਨ ਸੁਫ਼ਨਿਆਂ ਤੂੰ ਸੁਲਤਾਨ।
ਤੂੰ ਸੁਲਤਾਨ ਸੁਫ਼ਨਿਆਂ ਤੂੰ ਸੁਲਤਾਨ।

### ਵੱਡੀ ਮੈਡਮ ਦੀ ਛੋਟੀ ਸਲਾਹ

ਨਾਮੀ-ਗ੍ਰਾਮੀ ਵੱਡੀ ਮੈਡਮ ਛੋਟੀ ਮੈਡਮ ਨੂੰ ਸਮਝਾਵੇ:
'ਹਾਲਾਂ ਵੀ ਕਿਉਂ ਤੈਨੂੰ ਇਹ ਗੱਲ ਸਮਝ ਨਾ ਆਵੇ
ਇਸ ਸਕੂਲ ਦਾ ਖਹਿੜਾ ਛੱਡ ਦੇ,
ਸੇਵਾਦਾਰਾਂ ਅਤੇ ਕਲਰਕਾਂ ਦੇ ਸਭ ਨਿਆਣੇ,
ਤੂੜੇ ਪਏ ਨੇ ਇੱਥੇ ਪੜ੍ਹਦੇ'।

'ਨਿੱਕੀ-ਨੰਨ੍ਹੀ ਚੌਂਹੀ ਪਾਸੀਂ ਹਰਲ ਹਰਲ ਪਈ ਕਰਦੀ,
ਜਾਤ-ਯੁੱਧ ਜਿੱਤਣ ਦੀ ਖ਼ਾਤਿਰ,
ਕੀ ਕੀ ਨਹੀਂ ਹੈ ਹੀਲਾ ਕਰਦੀ।
ਉਚ-ਜਾਤੀ ਦੇ ਪੰਛੀ ਫੜ ਕੇ,
ਕੋਲ ਬਰਾਬਰ ਹੋ ਹੋ ਖੜ੍ਹਦੀ!'

'ਮੋਬਾਇਲਾਂ, ਕੰਪਿਊਟਰ, ਸਾਇਬਰ-ਕੈਫ਼ੇ ਵਾਹਨਾਂ ਮੋਹਰੇ,
ਹਰ ਦੂਰੀ ਸਿਮਟੀ-ਸਿਮਟਾਈ।
ਰਾਖੀ ਜਾਂ ਨਿਗਰਾਨੀ ਦੀ ਕੀ ਵੁੱਕਤ ਭਾਈ!'

'ਆਪਣੀ ਧੀ ਨੂੰ ਪਰੇ ਸ਼ਹਿਰ ਵਿਚ,
ਪਾ ਦੇ ਲੱਭ ਸਕੂਲ ਕੋਈ ਚੱਜਦਾ।
ਆਪਣੀ ਜਾਤ ਦੇ ਨਾਲ ਤਾਂ ਭੱਜੂ,
ਜੇ ਕੋਈ ਭੱਜਦਾ...।'

### ਸਿਰਲੱਥਾਂ ਦੀ ਬਸਤੀ

ਸਿਰਲੱਥਾਂ ਦੀ ਬਸਤੀ ਦੇ ਵਿਚ ਹਰ ਹੀਲੇ ਹੀ ਜਾ ਆਈਂ।
ਜਨਮਾਂ ਤੀਕਰ ਵਸ ਜਾਣੇ ਲਈ ਆਪਣਾ ਨਾਮ ਲਿਖਾ ਆਈਂ।

ਦਰਵਾਜ਼ੇ 'ਤੇ ਜਦ ਵੀ ਕੋਈ ਪੁੱਛ ਗਿੱਛ ਹੋਈ ਝਿਜਕੀਂ ਨਾ,
ਆਪਣਾ ਸੀਸ ਤਲੀ 'ਤੇ ਧਰ ਕੇ, ਆਪਣੀ ਸਨਦ ਦਿਖਾ ਜਾਈਂ।

ਸਿਰ-ਸੱਖਣੀ ਧੜਦਾਰ ਸਭਾ 'ਚ ਸਿਰ ਖੁੱਸਣ ਦਾ ਖ਼ਤਰਾ ਹੈ,
ਇਸ ਦੇ ਗੁੰਮ ਹੋ ਜਾਣ ਤੋਂ ਪਹਿਲਾਂ, ਓਸ ਸਭਾ 'ਚੋਂ ਆ ਜਾਈਂ।

ਕੱਲੇ ਧੜ ਨੂੰ ਧੱਕੇ ਹੁਝਾਂ ਸਿਰ ਵਾਲੇ ਨੂੰ ਖ਼ਤਰਾ ਜਾਨ,
ਬਚ ਰਹਿਣੇ ਦਾ ਲਾਲਚ ਕਰਦਾ, ਸਿਰ ਨਾ ਕਿਤੇ ਗੁਆ ਆਈਂ।

ਉਸ ਨੂੰ ਨਾਲ ਲਈਂ ਨਾ ਮੂਲੋਂ ਪੈਰ ਪੈਰ 'ਤੇ ਵਰਜੇਗਾ,
ਤੁਰਨ ਸਮੇਂ ਹੀ ਦੂਰ ਕਿਤੇ ਤੂੰ ਦੁਨੀਆਂਦਾਰ ਬਿਠਾ ਆਈਂ।

ਚਾਨਣ ਦੇਣਾ ਤੇ ਕੱਟ ਹੋਣਾ ਦੋਵੇਂ ਕੰਮ ਹੀ ਸਿਰ ਜ਼ਿੰਮੇ,
ਏਹੋ ਕਰਮ ਕਰਾਈਂ, ਇਸ ਗ.ਲ ਹੋਰ ਨਾ ਝੰਜਟ ਪਾ ਆਈਂ।

### ਜੇ ਛਾਉਣੀਆਂ ਬਣਾ ਲੈਂਦੇ

ਜੇ ਛਾਉਣੀਆਂ ਬਣਾ ਲੈਂਦੇ,
ਤਾਂ ਛਾਨਣੀ ਛਾਨਣੀ ਹੋਣੋਂ ਬਚੇ ਰਹਿੰਦੇ।

ਬਚ ਜਾਂਦੇ ਸੜਕ ਹਾਦਸੇ ਦਾ ਕੋਈ ਮਨਹੂਸ ਅੰਕੜਾ ਬਣਨੋਂ,
ਬਚ ਜਾਂਦੇ ਮਾਰੂ ਰੋਗਾਂ ਨਾਲ ਲੜਨ ਦੇ,
ਤਗਮਿਆਂ ਤੱਕ ਤੌਕ ਗ.ਲ ਪਾਉਣੋਂ।

ਬਚ ਜਾਂਦੇ ਜੁਆਨ ਪੁੱਤ ਦੀ ਨਸ਼ੇ ਡੰਬੀ ਜਿੰਦ ਨੂੰ,
ਤੂੰਬਾ ਤੂੰਬਾ ਟੁੱਟਦੀ ਤੱਕਣੋਂ।

ਬਚ ਜਾਂਦੇ ਆਤਮਘਾਤ ਕਰ ਗਏ,
ਜੁਆਨ ਮੁੰਡਿਆਂ ਦੇ ਸਿਵਿਆਂ ਦੀ ਸੁਆਹ ਨੂੰ।
ਉਮਰ ਭਰ ਅੱਖਾਂ 'ਚ ਢੋਣੋਂ,
ਯਾਰਾਂ ਨੂੰ ਆਤਮਘਾਤ ਦੀ ਕਰੰਟੀ ਤਾਰ ਨਾਲ,
ਜੱਫ਼ੀ ਪਾਉਂਦਿਆਂ ਤੱਕਣੋਂ।

ਬਚ ਜਾਂਦੇ ਸਕੀਰੀਆਂ ਵਿਚ,
ਸਲਫ਼ਾਸ-ਸ਼ਿਕਾਰਾਂ ਦੇ ਪਿੰਜਰ ਗਿਣਨੋਂ।

ਜੇ ਜਰਨੈਲੀ ਸੜਕ 'ਤੇ,
ਸਾਉਣੀਆਂ ਦੇ ਸੰਕੇਤ ਦਰਜ ਕਰ ਲੈਂਦੇ।
ਸ਼ਹੀਦਾਂ ਦੀ ਸੂਚੀ ਬੇਸ਼ੱਕ ਫੈਲਦੀ ਜਾਂਦੀ,
ਜੰਗ ਦੀ ਤਪਸ਼ ਖਾ ਕੇ।
ਜੰਗਹੀਣ ਮੁਰਦਿਆਂ ਜਾਂ ਅਪਾਹਜਾਂ ਦੀ ਸੂਚੀ,
ਕਿਸੇ ਖੂੰਜੇ ਰੁ.ਲੀ ਰਹਿੰਦੀ।

ਜੇ ਛਾਉਣੀਆਂ ਬਣਾ ਲੈਂਦੇ,
ਤਾਂ ਛਾਨਣੀ ਛਾਨਣੀ ਹੋਣੋਂ ਬਚੇ ਰਹਿੰਦੇ।

*(ਲੰਮੀ ਕਵਿਤਾ 'ਜੇ ਛਾਉਣੀਆਂ ਬਣਾ ਲੈਂਦੇ' ਵਿਚੋਂ)*

### ਮੁੜ ਸੁਰਜੀਤੀ

ਤੂੰ ਹੁੱਬਦੀ ਰਹੀ ਏਂ ਦੌਲਤ ਮਸੀਹੇ ਨੂੰ ਦਫ਼ਨ ਕਰਕੇ।
ਉਹ ਮੁੜ ਸੁਰਜੀਤ ਹੋ ਜਾਂਦੈ, ਤਿਰੇ ਬਣਦੇ ਕਫ਼ਨ ਕਰਕੇ।

ਤੇਰਾ ਫ਼ਤਵਾ ਕਿ ਉਹ ਵਕਤਾ ਸਿਰਫ਼ ਹੈ ਚੰਦ ਲਮ੍ਹਿਆਂ ਦਾ,
ਯੁਗਾਂ ਦੀ ਛਿੜ ਕਥਾ ਜਾਵੇ, ਜਿਹਦੇ ਇਕ ਇਕ ਕਥਨ ਕਰਕੇ।

ਲੁਕਾਇਆ ਵੀ ਨਹੀਂ ਲੁਕਦਾ ਦਵੰਦ ਦੋਫਾੜ ਹਸਤੀ ਦਾ,
ਦਿਖਾਈ ਮਾਲ ਵੀ ਜਾਂਦੀ ਹੈ, ਜੇਬਾਂ ਦਾ ਹਨਨ ਕਰਕੇ।

ਕਦੇ ਨਹਿਰਾਂ, ਕਦੇ ਰੇਤੇ, ਕਦੇ ਮਸ਼ਕਾਂ ਨੂੰ ਸੱਦੇ ਨੇ,
ਵਿਆਕੁਲ ਹੋ ਗਈ ਦੌਲਤ, ਤੂੰ ਲੱਗੀ ਘਰ ਅਗਨ ਕਰਕੇ।

ਇਹ ਫੁੱਟਾਂ ਵਾਂਗ ਪੱਕ ਪੱਕ ਕੇ ਅਖ਼ੀਰੀ ਖੱਖੜੀਆਂ ਹੋਣਾ,
ਕਿ ਅੰਦਰੋਂ ਤਪਸ਼ ਤੇ ਬਾਹਰੋਂ, ਜੁਟੇ ਧੁੱਪ ਦੇ ਯਤਨ ਕਰਕੇ।

ਹੈ ਕਾਲੇ ਨਾਗ ਦਾ ਵਾਸਾ ਇਨ੍ਹਾਂ ਖੁੱਡਾਂ ਦਾ ਸੱਚ, ਮੰਨਿਆ,
ਅਸੀਂ ਪਰ ਜਾਣਦੇ ਬਰਮੀ ਨੂੰ, ਸਿਉਂਕਾਂ ਦਾ ਵਤਨ ਕਰਕੇ।

### ਤੇਰਾ ਦਰ

ਤੇਰਾ ਦਰ ਸਫ਼ਰ ਦੀ ਤਲਾਸ਼ ਹੈ ਮੇਰੇ ਪੈਰ ਕਰਦੇ ਸਫ਼ਰ ਗਏ।
ਏਹੋ ਦਰ ਹੈ ਆਸ ਬਹਾਰ ਦੀ ਸੈਆਂ ਪੱਤਝੜਾਂ 'ਚੋਂ ਗੁਜ਼ਰ ਗਏ।

ਮੈਂ ਚੁਰਾ ਚੁਰਾ ਜੋ ਜੋੜ ਲਏ ਮੇਰੇ ਪਲ ਉਹ ਪੂੰਜੀ ਅਜ਼ੀਮ ਨੇ,
ਉਹ ਵੀ ਜ਼ਖ਼ਮੀ ਹੋ ਡਿੱਗ ਪਏ, ਮੇਰੇ ਆਸ ਪਾਸ ਖਿਲਰ ਗਏ।

ਆਪਣੇ ਸ਼ਬਦਾਂ ਦੇ ਸਾਥ ਲਈ ਮੈਂ ਬੁਲਾ ਲਿਆਇਆ ਸਲੀਬ ਨੂੰ,
ਇਹ ਹੈ ਉਮਰ ਭਰ ਦਾ ਲਟਕਣਾ, ਹੈ ਸਲੀਬ ਨਾਲ ਜਿੱਧਰ ਗਏ।

ਵਸ ਜਾਣ ਤੇ ਪੁੱਟ ਹੋਣ ਦਾ ਰਿਹਾ ਰਿਸ਼ਤਾ ਮੁੱਢ-ਕਦੀਮ ਤੋਂ,
ਉਹ ਰਹੇ ਵਸਾਉਂਦੇ ਬਸਤੀਆਂ, ਘਰੋਂ ਲੋਕ ਜੋ ਹੋ ਬੇਘਰ ਗਏ।

ਜੋ ਨਕਸ਼ ਪੱਥਰ 'ਤੇ ਬਣੇ ਮੇਰੇ ਜ਼ਿਹਨ ਲਈ ਨੇ ਉਹ ਪੈਰ ਚਿੰਨ੍ਹ,
ਮੇਰੀ ਰੂਹ ਲਈ ਉਹ ਸਕੂਨ ਨੇ, ਮੇਰੇ ਯਾਰ ਨੇ ਜੋ ਉਕਰ ਗਏ।

ਨਹੀਂ ਰਾਸ ਆਈ ਰੂਹ ਬੈਂਤ ਦੀ ਜੋ ਬਚੀ ਮੌਕੇ 'ਤੇ ਝੁਕ ਗਈ,
ਜੇ ਝੁਕੇ ਤਾਂ ਹੋਈਆਂ ਬੇਨੂਰੀਆਂ, ਜੇ ਲੜੇ ਤਾਂ ਰੰਗ ਨਿਖ਼ਰ ਗਏ।

ਲੋਕੀਂ ਉਡਦੇ ਰਹਿਣ ਹਵਾ ਦੇ ਰੁਖ਼, ਸਾਡੀ ਉਲਟੇ ਰੁਖ਼ ਪਰਵਾਜ਼ ਹੈ,
ਜੇ ਡਿੱਗੇ ਤਾਂ ਪੱਥਰ ਮੀਲ ਦੇ, ਜੇ ਬਚੇ ਤਾਂ ਵੱਲ ਅੰਬਰ ਗਏ।

### ਬੇਟੀ ਦਾ ਵਰ

ਸਾਨੂੰ ਕੀ ਪਤਾ ਸੀ,
ਕਿ ਗਲੋਬੀ ਕਾਰੂੰਆਂ ਦਾ ਡੰਕਲ ਫ਼ਰਮਾਨ।
ਜ਼ੋਰਾਵਰ ਬਣ ਗਿਆ ਇੰਨਾ,
ਕਿ ਅੰਗੀਕਾਰ ਕਰਦੇ ਕਰਦੇ ਦੇਸਾਂ ਦੇ ਰਾਜੇ।
ਅੰਗੂਠਾ ਲਾਉਣਾ ਤਾਂ ਇਕ ਪਾਸੇ,
ਹੱਥ ਵੱਢ ਕੇ ਹੀ ਦੇ ਆਏ।

ਸਾਨੂੰ ਕੀ ਪਤਾ ਸੀ,
ਕਿ ਮੁਰਦਿਆਂ ਦੇ ਮੂੰਹਾਂ 'ਚੋਂ ਮੋਹਰਾਂ ਕੱਢਣ ਵਾਲੇ,
ਵਿਸ਼ਵ ਮਿੱਤਰ ਹੋਣ ਦੀਆਂ ਸਨਦਾਂ ਚੁੱਕੀ ਫਿਰਦੇ,
ਕਾਗੋਂ ਹੰਸ ਕਰਨੇ ਦੇ ਦਾਅਵੇ ਵੰਡਦੇ ਫਿਰਦੇ।

ਸਾਨੂੰ ਕੀ ਪਤਾ ਸੀ,
ਕਿ ਪੱਛਮ ਦਿਸ਼ਾ ਦੇ ਇਹ ਸੂਰਜ-ਪੁੱਤਰ,
ਸਗਲ ਸੰਸਾਰ ਨੂੰ ਸਭਿਅਕ ਬਣਾਉਣੇ ਦੀ,
ਮੁਹਿੰਮੇ ਫੇਰ ਚੜ੍ਹ ਆਏ।

ਸਾਨੂੰ ਕੀ ਪਤਾ ਸੀ,
ਕਿ ਉਨ੍ਹਾਂ ਦਾ ਮਾਲ ਸਭਿਅਕ ਹੁਣ,
ਕਿਸੇ ਈਸਟ ਇੰਡੀਆ ਕੰਪਨੀ ਦੇ ਬੇੜੇ ਨਹੀਂ ਢੋਂਦੇ।
ਕੇਬਲਾਂ/ਡਿਸ਼ਾਂ 'ਤੇ ਕਾਠੀ ਪਾ ਕੇ ਵੀ,
ਬੈਡਰੂਮਾਂ ਵਿਚ ਸਿੱਧਾ ਆ ਧਮਕਦਾ ਹੈ।

ਸਾਨੂੰ ਕੀ ਪਤਾ ਸੀ,
ਕਿ ਉਨ੍ਹਾਂ ਦੀ ਬੋਲੀ, ਸ਼ਕਲ-ਸੂਰਤ,
ਸਰਵਭੌਮਿਕ ਹੋਣ ਦਾ ਪੇਟੈਂਟ ਕਰਾ ਚੁੱਕੇ,
ਮਾਲ ਦੇ ਵਾਗੂੰ,
ਬਾਜ਼ਾਰਾਂ ਵਿਚ ਹੱਥੋ-ਹੱਥ ਵਿਕ ਜਾਵੇ।

ਸਾਨੂੰ ਕੀ ਪਤਾ ਸੀ,
ਕਿ ਸਾਡੀਆਂ ਮਾਵਾਂ ਨੂੰ ਨਿੰਦ ਨਿੰਦ ਕੇ ਨਖਿੱਧ ਕੇ ਕਿਉਂ,
ਵਲੈਤਣ ਮੇਮ ਨੂੰ ਮਾਸੀ ਬਣਾਇਆ ਜਾ ਰਿਹੈ।
ਕਿ ਸਾਡੀ ਪੌਦ ਨੂੰ ਗਲੋਬੀ-ਪਿੜਾਂ ਦੇ ਰੁਸਤਮ ਬਣਾਉਣੇ ਲਈ,
ਇਹ ਕੀ ਮੰਤਰ ਪੜ੍ਹਾਇਆ ਜਾ ਰਿਹੈ।

ਸਾਨੂੰ ਕੀ ਪਤਾ ਸੀ,
ਕਿ ਮੁੱਖ-ਧਾਰਾ ਰਿੰਗ ਮਾਸਟਰ ਦਾ ਛੈਂਟਾ ਹੈ ਹੁੰਦੀ,
ਜੋ ਵਰ੍ਹਦਾ ਹੀ ਵਰ੍ਹਦਾ ਹੈ।
ਕਦੇ ਕੌਮੀ ਮੁੱਖ-ਧਾਰਾ ਦਾ ਅਖੰਡ ਅੰਗ ਬਣ ਬਣ ਕੇ,
ਕਦੇ ਗਲੋਬੀ ਮੁੱਖ-ਧਾਰਾ ਦੀ ਲੱਦੀ ਧੌਂਸ ਬਣ ਬਣ ਕੇ।

ਸਾਨੂੰ ਸਿੱਧੜਾਂ ਨੂੰ ਤਾਂ,
ਮਾੜਾ-ਮੋਟਾ ਉਦਣ ਹੀ ਪਤਾ ਲੱਗਾ,
ਜਦੋਂ ਬਾਬਾ ਪੋਤਿਆਂ ਨੂੰ ਇਹ ਸਿਖਉਂਦਾ ਸੁਣਿਆਂ,
"ਡੋਂਟ ਡੂ ਦਿੱਸ ਮਾਈ ਚੈਪਸ"
(ਮੇਰੇ ਬੱਚਿਓ ਇਉਂ ਨਹੀਂ ਕਰੀਦਾ)
ਜਦੋਂ ਇਕ ਸੁਆਣੀ ਦੀ ਪੰਜਾਬੀ ਕਿਰ ਰਹੀ ਦੇਖੀ
"ਅੱਛੇ ਬੱਚੇ, ਐਸਾ ਨਹੀਂ ਕੀਆ ਕਰਤੇ"
ਜਦੋਂ ਇਕ ਕੰਨਿਆ ਦੇ ਮੂੰਹੋਂ ਇਹ ਵਾਕ ਸਰਵਣ ਕੀਤਾ
"ਹੋਰ ਤਾਂ ਸਭ ਚੱਲ ਹੀ ਜਾਂਦਾ ਹੈ ਡੈਡ
ਮੁੰਡਾ ਚੱਲਦਾ ਹੈ ਤਾਂ ਕਲੀਨ-ਸ਼ੇਵਨ ਹੀ ਚੱਲਦਾ ਹੈ"।

---

### .ਗ਼ਜ਼ਲ

ਕਦੇ ਇਹ ਖਾਰ ਲਗਦੀ ਹੈ, ਕਦੇ ਇਹ ਪਿਆਰ ਲਗਦੀ ਹੈ।
ਅਨੋਖੀ ਖੇਡ ਹੈ ਦੁਨੀਆਂ, ਕਦੇ ਤਲਵਾਰ ਲਗਦੀ ਹੈ।

ਕਦੇ ਇਸ ਜ਼ਿੰਦਗੀ ਨੂੰ ਮਾਨਣੇ ਦੀ ਤਾਂਘ ਉਠਦੀ ਹੈ,
ਕਦੇ ਇਹ ਆਪਣੇ ਹੀ ਪੈਰ ਉਤੇ ਭਾਰ ਲਗਦੀ ਹੈ।

ਵਕਤ ਦੇ ਹੱਥ ਵਿਚ ਹੀ ਖੇਡਦੀ ਹੈ ਸੋਚ ਬੰਦੇ ਦੀ,
ਕਦੇ ਇਹ ਬਿਰਧ ਲਗਦੀ ਹੈ, ਕਦੇ ਮੁਟਿਆਰ ਲਗਦੀ ਹੈ।

ਸਮਾਂ ਕਿੰਨਾ ਸਿਤਮਗਰ ਹੈ, ਉਹ ਭਾਵੇਂ ਕੋਲ ਹੈ ਮੇਰੇ,
ਮਗਰ ਦੋਵਾਂ ਵਿਚਾਲੇ ਫੇਰ ਵੀ ਦੀਵਾਰ ਲਗਦੀ ਹੈ।

ਅਸਾਂ ਨੂੰ ਜਾਪਦਾ ਹੈ ਹੁਣ ਅਸੀਂ ਜੀਵਾਂਗੇ ਮਰ ਮਰ ਕੇ,
ਅਸਾਂ ਨੂੰ ਜ਼ਿੰਦਗੀ ਆਪਣੀ ਬੜੀ ਦੁਸ਼ਵਾਰ ਲਗਦੀ ਹੈ।

ਨਾ ਮਾਰੂਥਲ ਹੀ ਲਗਦੀ ਹੈ, ਨਾ ਲਗਦੀ ਹੈ ਇਹ ਸਾਗਰ ਹੀ,
ਅਸਾਂ ਨੂੰ ਜ਼ਿੰਦਗੀ ਐ 'ਜਿੰਦ' ਇਨ੍ਹਾਂ ਵਿਚਕਾਰ ਲਗਦੀ ਹੈ।

ਗੁਜ਼ਾਰੀ ਰਾਤ ਹੈ ਜਿਸ ਨੇ, ਉਸਨੂੰ ਪਹਿਰ ਦੇ ਤੜਕੇ,
ਕਦੇ ਇਹ ਜਿੱਤ ਲਗਦੀ ਹੈ, ਕਦੇ ਇਹ ਹਾਰ ਲਗਦੀ ਹੈ।

***-ਰਾਜਿੰਦਰ ਜਿੰਦ, ਨਿਊ ਯਾਰਕ***
***ਫੋਨ: 917-776-9956***

### .ਗ਼ਜ਼ਲ

ਦੁਨੀਆਂ ਰੰਗ ਬਿਰੰਗੀ ਵੇਖੀ, ਮਾੜੀ ਵੇਖੀ ਚੰਗੀ ਵੇਖੀ।
ਹੱਸਦੀ ਨੱਚਦੀ ਟੱਪਦੀ ਵੇਖੀ, ਸੂਲੀ ਉਤੇ ਟੰਗੀ ਵੇਖੀ।
ਮੌਤ ਦਾ ਤਾਂਡਵ ਨੱਚਦੀ ਵੇਖੀ, ਆਪਣੇ ਖ਼ੂਨ 'ਚ ਰੰਗੀ ਵੇਖੀ।
ਰੰਗ ਬਿਰੰਗੇ ਕੱਪੜੇ ਪਾਏ, ਫਿਰ ਵੀ ਅੰਦਰੋਂ ਨੰਗੀ ਵੇਖੀ।
ਚੋਰਾਂ ਕੋਲੋਂ ਬਚਦੀ ਵੇਖੀ, ਸਾਧਾਂ ਹੱਥੋਂ ਡੰਗੀ ਵੇਖੀ।
ਲੂਬੰੜ ਚਾਲਾਂ ਚਲਦੀ ਵੇਖੀ, ਸਿੱਧੀ ਅਤੇ ਬੇਢੰਗੀ ਵੇਖੀ।
ਸ਼ਾਹਾਂ ਵਾਂਗ ਅਮੀਰੀ ਵੇਖੀ, ਫੱਕਰਾਂ ਵਾਂਗ ਮਲੰਗੀ ਵੇਖੀ।
ਪੁਰੇਵਾਲ ਨੇ ਕਈ ਕੁਝ ਵੇਖਿਆ, ਭੁੱਖ ਗਰੀਬੀ ਤੰਗੀ ਵੇਖੀ।

***-ਇੰਦਰਜੀਤ ਪੁਰੇਵਾਲ***
***ਫੋਨ: 845-702-1886***

# ਇਨਕਲਾਬ ਦੀ ਪਰਿਕਰਮਾ ਬਾਬਾ ਬੂਝਾ ਸਿੰਘ

*ਮਿਸਾਲੀ ਗ਼ਦਰੀ ਬਾਬੇ ਬੂਝਾ ਸਿੰਘ ਦੇ 40ਵੇਂ ਸ਼ਹੀਦੀ ਦਿਨ ਮੌਕੇ 27 ਜੁਲਾਈ ਨੂੰ ਪਿੰਡ ਚੱਕ ਮਾਈਦਾਸ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਫ਼ਿਲਮ 'ਬਾਬਾ ਇਨਕਲਾਬ ਸਿੰਘ' ਦਾ ਮਹੂਰਤ ਸ਼ਾਟ ਲਿਆ ਜਾ ਰਿਹਾ ਹੈ। ਇਹ ਫ਼ਿਲਮ ਬਾਬਾ ਬੂਝਾ ਸਿੰਘ ਦੇ ਜੀਵਨ 'ਤੇ ਆਧਾਰਿਤ ਹੈ। ਇਸ ਦੀ ਪਟਕਥਾ ਪੱਤਰਕਾਰ-ਫ਼ਿਲਮਸਾਜ਼ ਬਖ਼ਸ਼ਿੰਦਰ ਨੇ ਲਿਖੀ ਹੈ। ਖੋਜ ਕਾਰਜ ਕਹਾਣੀਕਾਰ ਅਜਮੇਰ ਸਿੱਧੂ ਦਾ ਹੈ। ਇਸ ਫ਼ਿਲਮ ਦੀ ਖਾਸੀਅਤ ਇਹ ਹੈ ਕਿ ਇਸ ਦੇ ਨਿਰਮਾਤਾ ਲੋਕ ਹਨ ਭਾਵ ਫ਼ਿਲਮ ਲੋਕਾਂ ਵੱਲੋਂ ਇਕੱਠੇ ਕੀਤੇ ਜਾ ਰਹੇ ਪੈਸਿਆਂ ਨਾਲ ਮੁਕੰਮਲ ਕੀਤੀ ਜਾਵੇਗੀ। ਇਸ ਫਿਲਮ ਦੇ ਨਿਰਮਾਣ ਵਿਚ ਮਾਲੀ ਹਿੱਸਾ ਪਾਉਣ ਦੇ ਚਾਹਵਾਨ ਪੰਜਾਬ ਟਾਈਮਜ਼ (ਫੋਨ: 847-359-0746) ਜਾਂ ਜਸਵੀਰ ਸਮਰ (ਫੋਨ: 91- 98156-22928) ਨਾਲ ਸੰਪਰਕ ਕਰ ਸਕਦੇ ਹਨ। -ਸੰਪਾਦਕ*

ਗ਼ਦਰੀ ਬਾਬੇ ਬੂਝਾ ਸਿੰਘ ਦੀ ਕਥਾ ਕਰਨੀ ਤੇ ਸੁਣਨੀ ਪੰਜਾਬ ਦੀਆਂ, ਤਕਰੀਬਨ ਪੌਣੀ ਸਦੀ ਦੀਆਂ ਅਹਿਮ ਸਰਗਰਮੀਆਂ ਉਤੇ ਝਾਤੀ ਮਾਰਨੀ ਹੈ। ਬਾਬਾ ਬੂਝਾ ਸਿੰਘ, ਆਮ ਬੰਦੇ ਦੀ ਜ਼ਿੰਦਗਾਨੀ ਸੌਖੇਰੀ ਬਣਾਉਣ ਲਈ ਜੂਝ ਰਹੇ ਲੋਕਾਂ ਲਈ ਬਹੁਤ ਵੱਡੇ ਸਵਾਲ ਛੱਡ ਗਿਆ ਹੈ। ਉਹ ਆਪਣੀ ਪਿਛਲੀ ਉਮਰ ਵਿਚ ਵੀ, 70ਵਿਆਂ ਵਿਚ ਉਠੇ ਹਥਿਆਰਬੰਦ ਸੰਘਰਸ਼ ਦੇ ਜ਼ਰੀਏ ਇਨਕਲਾਬ ਲਿਆਉਣ ਉਤੇ ਟੇਕ ਰੱਖਦਾ ਹੈ। ਇੱਥੇ ਸਵਾਲਾਂ



*ਬਾਬਾ ਬੂਝਾ ਸਿੰਘ*

ਦਾ ਸਵਾਲ ਤਾਂ ਇਹ ਹੈ ਕਿ ਸਾਰੀ ਉਮਰ ਲੋਕ ਲਹਿਰਾਂ ਦੇ ਲੇਖੇ ਲਾਉਣ ਵਾਲਾ ਬੰਦਾ ਪਿਛਲੀ ਉਮਰੇ ਜਦੋਂ ਉਹ ਸੌਖ ਨਾਲ ਰਹਿ ਸਕਦਾ ਸੀ, ਇਹ ਰਾਹ ਕਿਉਂ ਅਖਤਿਆਰ ਕਰਦਾ ਹੈ? ਪਿਛਲੀ ਉਮਰ ਵਿਚ ਜਦੋਂ ਆਮ ਤੌਰ 'ਤੇ ਸਰੀਰਕ ਹੀ ਨਹੀਂ, ਮਾਨਸਿਕ ਵੇਗ ਵੀ ਮੱਠਾ ਪੈ ਜਾਂਦਾ ਹੈ ਤਾਂ ਬੂਝਾ ਸਿੰਘ ਇਕ ਵਾਰ ਫਿਰ ਇਨਕਲਾਬ ਲਈ ਲੰਗੋਟ ਕੱਸ ਕੇ ਪੂਰੇ ਤਾਣ ਨਾਲ ਮੈਦਾਨ ਵਿਚ ਕੁੱਦ ਪੈਂਦਾ ਹੈ।

ਇਸ ਪ੍ਰਸੰਗ ਵਿਚ ਭਗਤ ਸਿੰਘ ਦੀ ਗੱਲ ਕਰਨੀ ਬਣਦੀ ਹੈ। ਭਗਤ ਸਿੰਘ ਦੀ ਚਰਚਾ, ਵੱਖਰੇ ਵੱਖਰੇ ਨੁਕਤਿਆਂ ਮੁਤਾਬਕ ਹਥਿਆਰਬੰਦ ਸੰਗਰਾਮੀਏ, ਕੌਮੀ ਨਾਇਕ ਅਤੇ ਚਿੰਤਕ ਵਜੋਂ ਹੁੰਦੀ ਹੈ। ਦੇਖਣ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਭਗਤ ਸਿੰਘ ਵੱਖ ਵੱਖ ਸਮਿਆਂ 'ਤੇ ਵੱਖਰੇ-ਵੱਖਰੇ ਰੂਪ ਵਿਚ ਅਤੇ ਵੱਖਰੀ-ਵੱਖਰੀ ਸਮਝ ਨਾਲ ਸਾਡੇ ਸਾਹਮਣੇ ਆਉਂਦਾ ਹੈ, ਪਰ ਇਹ ਸਾਰੇ ਰੂਪ ਆਪਸ ਵਿਚ ਖਹਿੰਦੇ ਨਹੀਂ, ਇਨ੍ਹਾਂ ਦਾ ਆਪਸ ਵਿਚ ਕੋਈ ਤਕਰਾਰ ਨਹੀਂ ਦਿਸਦਾ, ਉਹ ਆਪ ਇਕ-ਦੂਜੇ ਨੂੰ ਰੱਦ ਨਹੀਂ ਕਰਦੇ, ਸਗੋਂ ਇਕ-ਦੂਜੇ ਦੇ ਪੂਰਕ ਹਨ। ਇਨ੍ਹਾਂ ਦੇ ਸੁਮੇਲ ਤੋਂ ਭਗਤ ਸਿੰਘ ਦਾ ਜਿਹੜਾ ਅਕਸ ਉਭਰਦਾ ਹੈ, ਉਸ ਨੂੰ ਸਮਝਣ ਲਈ ਸਮੁੱਚਤਾ ਵਿਚ ਗੱਲ ਕਰਨੀ ਦਰਕਾਰ ਹੈ। ਦਰਅਸਲ ਇਹ ਰੂਪ ਭਗਤ ਸਿੰਘ ਦੇ ਭੱਥੇ ਵਿਚ ਪਏ ਉਹ ਤੀਰ ਹਨ, ਜਿਨ੍ਹਾਂ ਨੂੰ ਉਹ ਵੱਖ-ਵੱਖ ਮੌਕਿਆਂ 'ਤੇ ਆਪਣੀ ਸਹੂਲਤ ਅਤੇ ਪਹੁੰਚ ਮੁਤਾਬਕ ਵਰਤਦਾ ਹੈ। ਇਹੀ ਗੱਲ ਬਾਬਾ ਬੂਝਾ ਸਿੰਘ ਉਤੇ ਢੁੱਕਦੀ ਹੈ। ਜਦ ਵੀ ਕਦੀ ਇਨਕਲਾਬ ਦਾ ਹੋਕਾ ਲਗਦਾ ਹੈ, ਉਹ ਆਪਣੇ ਭੱਥੇ ਵਿਚੋਂ ਲੋੜ ਮੁਤਾਬਕ ਤੀਰ ਕੱਢ ਲੈਂਦਾ ਹੈ ਅਤੇ ਇਨਕਲਾਬ ਲਈ ਪਿੜ ਤਿਆਰ ਕਰਨ ਲੱਗਦਾ ਹੈ। 70ਵਿਆਂ ਵਿਚ ਜਦੋਂ ਇਨਕਲਾਬ ਦਾ ਹੋਕਾ ਲੱਗਿਆ ਤਾਂ ਉਹ ਆਪਣੀ ਜ਼ਿੰਦਗੀ ਦੇ 80 ਭਰਪੂਰ ਵਰ੍ਹੇ ਹੰਢਾ ਚੁੱਕਾ ਸੀ ਅਤੇ ਉਸ ਪੱਕੀ ਉਮਰੇ ਵੀ ਜਿਹੜਾ ਨੌਜਵਾਨ ਇਕ ਵਾਰ ਉਸ ਦਾ ਸਕੂਲ ਲਾ ਗਿਆ, ਉਹ ਰਾਤੋ-ਰਾਤ ਮੋਢੇ ਉਤੇ ਸਲੀਬ ਚੁੱਕ ਕੇ ਤੁਰ ਪਿਆ। ਇਹ ਉਸ ਸ਼ਖ਼ਸ ਦੀ ਕਥਾ ਹੈ, ਜਿਹੜਾ ਹਲ ਵਾਹੁਣ ਵੇਲੇ ਵੀ ਕਦੀ ਬਲਦ ਦੇ ਪ੍ਰੈਣੀ ਨਹੀਂ ਸੀ ਮਾਰਦਾ। ਇਸ ਸੂਰਤ ਵਿਚ ਹਿੰਸਾ ਦੇ ਅਰਥ, ਉਹ ਨਹੀਂ ਰਹਿੰਦੇ, ਜੋ ਅਕਸਰ ਅਤੇ ਆਮ ਤੌਰ 'ਤੇ ਪ੍ਰਚਾਰੇ-ਪ੍ਰਸਾਰੇ ਜਾਂਦੇ ਹਨ। ਨਾਲੇ ਇਸ ਹਿੰਸਾ ਦੀ ਗੱਲ ਕਰਨ ਵਾਲੇ, ਉਸ ਹਿੰਸਾ ਦੀ ਗੱਲ ਤੋਰਦੇ ਹੀ ਨਹੀਂ, ਜੋ ਬਹੁਤ ਸੂਖਮ ਢੰਗ ਨਾਲ ਲੋਕਾਂ ਉਤੇ ਵਰ੍ਹ ਰਹੀ ਹੁੰਦੀ ਹੈ।

ਪੰਜਾਬ ਦਾ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਪਿਆ ਹੈ, ਪਰ ਜਦੋਂ ਬੂਝਾ ਸਿੰਘ ਵਰਗਾ ਬਜ਼ੁਰਗ ਇਹ ਰਸਤਾ ਅਖ਼ਤਿਆਰ ਕਰਦਾ ਹੈ ਤਾਂ ਇਸ ਦੇ ਅਰਥਾਂ ਨੂੰ ਡਾਢੀ ਜ਼ਰਬ ਆ ਜਾਂਦੀ ਹੈ ਅਤੇ ਇਹ ਮਸਲਾ ਵਿਚਾਰਨ ਲਈ ਫਿਰ ਤੁਹਾਨੂੰ ਪੁਰਾਣੇ ਮੀਟਰ ਲਾਂਭੇ ਰੱਖਣੇ ਪੈਂਦੇ ਹਨ। ਇਸ ਤਰ੍ਹਾਂ ਹੀ ਜ਼ਿੰਦਗੀ ਦੇ ਮੋਕਲੇ ਪਿੜ ਵਿਚ ਵਿਚਰਦੇ, ਅਜਿਹੇ ਨਾਇਕਾਂ ਨਾਲ ਇਨਸਾਫ਼ ਕੀਤਾ ਜਾ ਸਕਦਾ ਹੈ। ਬਾਬਾ ਜਿੱਥੇ ਵੀ ਜਾਂਦਾ ਹੈ, ਆਪਣੀਆਂ ਪੈੜਾਂ ਛੱਡਦਾ ਜਾਂਦਾ ਹੈ। ਉਹ, ਨੇਤਾ ਜੀ ਸੁਭਾਸ਼ ਚੰਦਰ ਬੋਸ ਵਰਗੇ ਚੋਟੀ ਦੇ ਲੀਡਰ ਨੂੰ ਰੂਸੀ ਲੀਡਰਾਂ ਨਾਲ ਗੱਲਬਾਤ ਚਲਾਉਣ ਲਈ ਪ੍ਰੇਰ ਲੈਂਦਾ ਹੈ ਅਤੇ ਉਸ ਨੂੰ ਆਪਣੇ ਨਾਲ ਰੂਸ ਜਾਣ ਲਈ ਰਾਜ਼ੀ ਕਰ ਲੈਂਦਾ ਹੈ। ਇਸੇ ਤਰ੍ਹਾਂ ਵਿਦੇਸ਼ ਵਿਚ ਜਦੋਂ ਗ਼ਦਰੀਆਂ ਦੀ ਯਾਦਗਾਰ (ਦੇਸ਼ ਭਗਤ ਯਾਦਗਾਰ ਹਾਲ) ਲਈ ਫੰਡ ਇਕੱਠਾ ਕਰਨ ਗਏ ਸਾਥੀਆਂ ਨੂੰ ਦਿੱਕਤ ਆਉਂਦੀ ਹੈ ਤਾਂ ਦੇਸ਼ ਤੋਂ ਬੂਝਾ ਸਿੰਘ ਨੂੰ ਹੀ ਉਥੇ ਬੁਲਾਇਆ ਜਾਂਦਾ ਹੈ ਅਤੇ ਉਹ ਪੈਸਿਆਂ ਦੇ ਢੇਰ ਲਾ ਦਿੰਦਾ ਹੈ ਕਿਉਂਕਿ ਉਸ ਦੀ ਸ਼ਖ਼ਸੀਅਤ ਬਹੁਤ ਹੀ ਮਿਕਨਾਤੀਸੀ ਸੀ। ਇਸ ਦੇ ਨਾਲ ਹੀ ਬਾਬਾ ਉਨ੍ਹਾਂ ਲੋਕਾਂ ਨੂੰ ਵੀ ਸਵਾ ਸੇਰ ਹੋ ਕੇ ਟੱਕਰਦਾ ਹੈ, ਜਿਹੜੇ ਉਸ ਯਾਦਗਾਰ ਨੂੰ 'ਕਮਿਊਨਿਸਟਾਂ ਤੇ ਕਮਿਊਨਿਜ਼ਮ ਦੀ ਕਬਰ' ਦੱਸ ਕੇ ਹੁੱਜਤਾਂ ਕਰਦੇ ਹਨ। ਅੰਗਰੇਜ਼ਾਂ ਨੇ ਜਦੋਂ ਉਸ ਨੂੰ ਪਿੰਡ ਵਿਚ ਜੂਹ ਬੰਦ ਕੀਤਾ ਤਾਂ ਉਹ, ਉਸ ਦੀ ਨਿਗਰਾਨੀ ਕਰਨ ਲਈ ਬਿਠਾਏ ਹੋਏ ਸਿਪਾਹੀਆਂ ਨੂੰ ਆਪਣੇ ਵਿਚਾਰਾਂ ਨਾਲ ਪ੍ਰੇਰ ਕੇ, ਰਾਤ ਨੂੰ ਪਿੰਡੋਂ ਨਿਕਲ ਜਾਂਦਾ ਸੀ ਅਤੇ ਰਾਤ ਭਰ ਹੋਰ ਪਿੰਡਾਂ ਵਿਚ ਸਕੂਲਿੰਗ ਕਰਨ ਤੋਂ ਬਾਅਦ, ਦਿਨ ਚੜ੍ਹਨ ਤੋਂ ਪਹਿਲਾਂ ਫਿਰ ਪਿੰਡ ਮੁੜ ਆਉਂਦਾ ਸੀ। ਆਪਣੇ ਵਿਹਾਰ ਨਾਲ ਉਸ ਨੇ ਉਨ੍ਹਾਂ ਸਿਪਾਹੀਆਂ ਦਾ ਦਿਲ ਵੀ ਜਿੱਤ ਲਿਆ ਸੀ।

ਸਿਆਸੀ ਸਮਝ ਬਾਰੇ ਬਾਬੇ ਦੀਆਂ ਦੋ ਗੱਲਾਂ ਬਹੁਤ ਅਹਿਮ ਹਨ ਅਤੇ ਉਚੇਚਾ ਧਿਆਨ ਮੰਗਦੀਆਂ ਹਨ। ਇਨ੍ਹਾਂ ਦੋਹਾਂ ਦਾ ਬਾਅਦ ਦੀ ਸੰਸਾਰ ਸਿਆਸਤ ਉਤੇ ਡਾਢਾ ਅਸਰ ਪਿਆ। ਪਹਿਲੀ, ਰੂਸ ਅਤੇ ਚੀਨ ਬਾਰੇ ਸਮਝ ਸੀ। ਉਸ ਮੁਤਾਬਕ ਭਾਰਤੀ ਕਮਿਊਨਿਸਟਾਂ ਨੂੰ ਰੂਸ-ਚੀਨ ਕੈਂਪ ਦੇ ਹੇਠਾਂ ਲੱਗਣ ਦੀ ਥਾਂ ਬਰਾਬਰੀ ਦੇ ਆਧਾਰ 'ਤੇ ਜਮਹੂਰੀ ਇਨਕਲਾਬੀ ਫਰੰਟ ਬਣਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ। ਇਹ, ਅਸਲ ਵਿਚ ਧੜੇਬੰਦੀ ਤੇ ਪਿਛਲੱਗੂਪੁਣੇ ਨੂੰ ਸਦਾ ਸਦਾ ਲਈ ਅਲਵਿਦਾ ਦਾ ਹੋਕਾ ਸੀ। ਦੂਜੀ ਗੱਲ ਇਹ ਸੀ ਕਿ ਬਾਬਾ ਬੂਝਾ ਸਿੰਘ ਨੇ ਸੋਵੀਅਤ ਸੰਘ ਟੁੱਟਣ ਬਾਰੇ ਪੇਸ਼ੀਨਗੋਈ 1956 ਵਿਚ ਹੀ ਕਰ ਦਿੱਤੀ ਸੀ। ਉਦੋਂ ਲੰਡਨ




ਵਿਚ ਕਮਿਊਨਿਸਟ ਇੰਟਰਨੈਸ਼ਨਲ ਦੀ 20ਵੀਂ ਕਾਂਗਰਸ ਦੌਰਾਨ ਪੇਸ਼ ਕੀਤੀ ਗਈ, ਰਜਨੀ ਪਾਮਦੱਤ ਦੀ ਰਿਪੋਰਟ ਬਾਰੇ ਚਰਚਾ ਕਰਦਿਆਂ ਉਸ ਨੇ ਕਿਹਾ ਸੀ, "ਨਵੀਂ ਲਾਈਨ ਨਾਲ ਸੋਵੀਅਤ ਸੰਘ ਸਮਾਜਵਾਦੀ ਦੇਸ਼ ਨਹੀਂ ਰਹਿਗਾ। ਸਮਾਜਵਾਦ ਦੇ ਮਾਡਲ ਦੇ ਤੌਰ 'ਤੇ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਸੋਵੀਅਤ ਸੰਘ, ਆਉਣ ਵਾਲੇ ਸਮੇਂ ਵਿਚ ਢਹਿ ਢੇਰੀ ਹੋ ਜਾਵੇਗਾ।"

ਬੂਝਾ ਸਿੰਘ ਦਾ ਸਾਰਾ ਜੀਵਨ ਘਟਨਾਵਾਂ ਭਰਪੂਰ ਸੀ। ਸਾਧਾਰਨ ਕਿਸਾਨ ਟੱਬਰ ਵਿਚ ਜੰਮਿਆ-ਪਲਿਆ ਬੂਝਾ ਸਿੰਘ ਛੇਤੀ ਹੀ ਬਾਪੂ-ਬੇਬੇ ਨੂੰ ਨਿਕੰਮਾ ਦਿਸਣ ਲੱਗ ਪੈਂਦਾ ਹੈ। ਉਸ ਨੂੰ ਲੀਹੇ ਪਾਉਣ ਲਈ ਉਸ ਨੂੰ ਪਿੰਡ ਦੇ ਇਕ ਡੇਰੇ ਭੇਜਿਆ ਜਾਂਦਾ ਹੈ। ਡੇਰੇ ਜਾ ਕੇ ਉਹ ਡੇਰੇ ਜੋਗਾ ਹੀ ਹੋ ਜਾਂਦਾ ਹੈ, ਉਸ ਦੇ ਪ੍ਰਵਚਨ ਕਰਨ ਵੇਲੇ ਪਰਿੰਦੇ ਹੀ ਪਰ ਮਾਰਨੋਂ ਨਹੀਂ ਹਟ ਜਾਂਦੇ ਸਨ, ਪੱਤੇ ਵੀ ਹਿਲਣੋਂ ਹਟ ਜਾਂਦੇ ਹਨ। ਲੋਕਾਂ ਨੂੰ ਇਕਾਗਰ ਕਰ ਕੇ ਉਹ ਇਸ ਤਰ੍ਹਾਂ ਬੰਨ੍ਹ-ਬਹਾਉਂਦਾ ਹੈ ਕਿ ਉਸ ਦੇ ਪਿੰਡ ਦੇ ਇਕ ਗ਼ਦਰੀ ਨੂੰ ਜਾਪਦਾ ਹੈ ਕਿ ਲੋਕਾਂ ਨੂੰ ਇੰਨਾ ਬੰਨ੍ਹਣ ਵਾਲਾ ਇਹ ਬੰਦਾ ਤਾਂ ਗ਼ਦਰੀਆਂ ਦੇ ਕੰਮ ਦਾ ਹੈ। ਫਿਰ ਹੋਰ ਗ਼ਦਰੀਆਂ ਵਾਂਗ ਉਹ ਵੀ ਟੱਬਰ ਖ਼ਾਤਰ, ਕਮਾਈ ਕਰਨ ਪਰਦੇਸੀ ਹੁੰਦਾ ਹੈ। ਜਦੋਂ ਘਰ ਪਰਤਦਾ ਹੈ ਤਾਂ ਘਰਦਿਆਂ ਦੀ ਆਸ ਦੇ ਉਲਟ ਉਹਦੇ ਪੱਲੇ ਵਿਚੋਂ ਅਮਰੀਕੀ ਡਾਲਰਾਂ ਦੀ ਥਾਂ, ਇਨਕਲਾਬ ਦੀਆਂ ਚੰਗਿਆੜੀਆਂ ਨਿਕਲਦੀਆਂ ਹਨ। ਉਹ ਤਾਂ ਆਪਣੇ ਟੱਬਰ ਦੀ ਥਾਂ, ਕੁੱਲ ਜਹਾਨ ਦੇ ਗ਼ਰੀਬਾਂ ਦੀ ਕਬੀਲਦਾਰੀ ਨਜਿੱਠਣ ਤੁਰ ਪਿਆ ਸੀ। ਕੋਈ ਇਸ ਨੂੰ ਆਪਣੇ ਟੱਬਰ ਤੋਂ ਮੂੰਹ ਮੋੜਨਾ ਵੀ ਕਹਿ ਸਕਦਾ ਹੈ, ਉਸ ਉਤੇ ਮਾੜਾ ਪਤੀ, ਮਾੜਾ ਪਿਓ, ਮਾੜਾ ਭਰਾ ਹੋਣ ਦੇ ਇਲਜ਼ਾਮ ਵੀ ਲਾ ਸਕਦਾ ਹੈ, ਪਰ ਕੀ ਬੂਝਾ ਸਿੰਘ ਦੀਆਂ ਸਰਗਰਮੀਆਂ ਦੇ ਮੱਦੇਨਜ਼ਰ ਅਜਿਹੀਆਂ ਗੱਲਾਂ ਗ਼ੈਰ-ਦਿਆਨਤਦਾਰੀ ਵਾਲੀਆਂ ਨਹੀਂ? ਕਿਸੇ ਇਨਕਲਾਬੀ ਨਾਲ ਇਉਂ ਇਨਸਾਫ਼ ਕੀਤਾ ਜਾ ਸਕਦਾ ਹੈ? ਬਾਬੇ ਦੇ ਘਰੋਂ ਜਾਣ ਤੋਂ ਬਾਅਦ ਉਹਦੀ ਪਤਨੀ ਧੰਤੀ ਹੀ ਘਰ ਸਾਂਭਦੀ ਹੈ, ਆਪਣੇ ਦਿਓਰਾਂ, ਨਣਦਾਂ ਤੇ ਧੀਆਂ ਦੇ ਵਿਆਹ ਕਰਦੀ ਹੈ। ਬਾਬਾ ਬੂਝਾ ਸਿੰਘ ਅਤੇ ਉਸ ਦੇ ਪਰਿਵਾਰ ਦੀ ਕੁਰਬਾਨੀ ਦਾ ਮੁੱਲ ਨਹੀਂ ਪਾਇਆ ਜਾ ਸਕਦਾ।


ਮੁੱਢਲੀ ਜੀਵਨ ਸਰਗਰਮੀ 'ਸਾਧਾਂ ਦੇ ਡੇਰੇ' ਤੋਂ ਲੈ ਕੇ 'ਨਕਸਲਬਾੜੀ ਲਹਿਰ' ਤੱਕ ਦਾ ਸਫ਼ਰ ਬਾਬਾ ਬੂਝਾ ਸਿੰਘ ਦਾ ਜੀਵਨ ਸਫ਼ਰ ਹੀ ਨਹੀਂ, ਸਗੋਂ ਪੰਜਾਬ ਦੀ ਕਮਿਊਨਿਸਟ ਲਹਿਰ ਦੀ ਸਾਰਥਕ ਝਾਕੀ ਹੋ ਨਿਬੜਦਾ ਹੈ। ਗ਼ਦਰ ਲਹਿਰ, ਕਿਰਤੀ ਲਹਿਰ, ਪੈਪਸੂ ਮੁਜ਼ਾਰਾ ਲਹਿਰ, ਲਾਲ ਪਾਰਟੀ, ਕਮਿਊਨਿਸਟ ਪਾਰਟੀ ਵਿਚ ਬਾਬਾ ਪੂਰੀ ਜ਼ਿੰਮੇਵਾਰੀ ਅਤੇ ਦਿਆਨਤਦਾਰੀ ਨਾਲ ਕੁੱਦਦਾ ਹੈ। ਇਉਂ ਬਾਬੇ ਦਾ ਵਾਸਤਾ, ਸਮੇਂ ਦੀਆਂ ਉਨ੍ਹਾਂ ਲਹਿਰਾਂ ਨਾਲ ਰਿਹਾ, ਜਿਹੜੀਆਂ ਸੱਤਾ ਨੂੰ ਵੰਗਾਰ ਰਹੀਆਂ ਸਨ। ਦਰਅਸਲ ਬਾਬੇ ਦਾ ਮੁੱਖ ਏਜੰਡਾ ਹਰ ਵਕਤ ਇਨਕਲਾਬ ਹੀ ਰਿਹਾ ਅਤੇ ਇਸੇ ਮੁਤਾਬਕ ਉਸ ਦੀ ਹਰ ਸਰਗਰਮੀ ਚੱਲਦੀ ਸੀ।

'ਬਾਬਾ ਇਨਕਲਾਬ ਸਿੰਘ' ਸਿਰਲੇਖ ਵਾਲੀ ਇਹ ਫ਼ਿਲਮ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਂਗਲ ਲਾ ਕੇ ਤੋਰੇਗੀ। ਇਸ ਫ਼ਿਲਮ ਦੀ ਪਟਕਥਾ ਪੜ੍ਹ-ਸੁਣ ਕੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਬਾਬੇ ਨਾਲ ਮੇਲਾ ਹੋ ਗਿਆ ਹੈ ਜਾਂ ਤੁਸੀਂ ਬਾਬੇ ਦਾ ਸਕੂਲ ਲਾ ਲਿਆ ਹੈ ਜਾਂ ਕੁਝ ਸਮਾਂ ਬਾਬੇ ਨਾਲ ਸਫ਼ਰ ਕਰ ਲਿਆ ਹੈ। ਬਾਬੇ ਦਾ ਸਕੂਲ ਲਾ ਕੇ ਇਸ ਬਿਖੜੇ ਪੈਂਡੇ ਉਤੇ ਚੱਲਣ ਵਾਲਾ ਕਿਰਪਾਲ ਸਿੰਘ ਬੀਰ, ਬਾਬੇ ਬਾਰੇ ਬਹੁਤ ਹੁੱਬ ਕੇ ਗੱਲਾਂ ਕਰਦਾ ਹੈ। ਅਖੇ, ਸਕੂਲ ਲਾਉਣ ਤੋਂ ਬਾਅਦ ਬਾਬਾ ਟੈਸਟ ਵੀ ਲੈਂਦਾ ਸੀ। ਆਪ ਲਾਏ ਸਕੂਲ ਦਾ ਜ਼ਿਕਰ ਕਰਦਿਆਂ ਬੀਰ ਦੱਸਦਾ ਹੈ-ਪੰਜ ਜਣਿਆਂ ਦਾ ਲਿਖਤੀ ਟੈਸਟ ਹੋਇਆ ਤਿੰਨ ਵਿਚੋਂ ਦੋ ਪਾਸ ਹੋਏ ਤੇ ਤਿੰਨ ਫੇਲ੍ਹ। ਪਾਸ ਹੋਣ ਵਾਲੇ ਦੋਵੇਂ ਜਣੇ ਆਖ਼ਰ ਤੱਕ ਇਨਕਲਾਬੀ ਘੋਲਾਂ ਵਿਚੋਂ ਵੀ ਲਗਾਤਾਰ ਪਾਸ ਹੁੰਦੇ ਰਹੇ।

ਇਹ ਫ਼ਿਲਮ ਅਸਲ ਵਿਚ ਬਾਬੇ ਦੇ ਸਿਰੜ ਦੀ ਕਹਾਣੀ ਹੈ। ਜਦੋਂ ਬਾਬੇ ਦਾ ਪੁਲਿਸ ਮੁਕਾਬਲਾ ਬਣਾਇਆ ਗਿਆ ਤਾਂ ਉਸ ਦੀ ਉਮਰ ਬਿਆਸੀਆਂ ਨੂੰ ਢੁੱਕ ਚੁੱਕੀ ਸੀ। ਉਸ ਦਾ ਸਰੀਰ ਅੱਗੇ ਨੂੰ ਰਤਾ ਕੁ ਲਿਫ ਗਿਆ ਸੀ ਤੇ ਨਜ਼ਰ ਕਮਜ਼ੋਰ ਹੋ ਗਈ ਸੀ। ਇਕ ਤੋਂ ਦੂਜੀ ਥਾਂ ਜਾਣ ਲਈ ਉਸ ਨੂੰ ਕਿਸੇ ਨਾ ਕਿਸੇ ਸਾਥੀ ਦਾ ਸਹਾਰਾ ਲੋੜੀਂਦਾ ਸੀ। ਫ਼ਿਰ ਵੀ ਵੇਲੇ ਦੀ ਸਰਕਾਰ ਨੂੰ ਬਾਬੇ ਤੋਂ ਖ਼ਤਰਾ ਸੀ। ਦਰਸ਼ਨ ਸਿੰਘ ਖਟਕੜ ਨੂੰ ਦੁੱਖ ਹੈ ਤੇ ਉਹ ਕਹਿੰਦਾ ਹੈ ਕਿ ਸਰਕਾਰ ਬਾਬੇ ਨੂੰ ਨਜ਼ਰਬੰਦ ਕਰ ਸਕਦੀ ਸੀ, ਝੂਠੇ ਮੁਕੱਦਮੇ ਬਣਾ ਕੇ ਜੇਲ੍ਹ ਅੰਦਰ ਡੱਕ ਸਕਦੀ ਸੀ, ਪਰ ਜਿਵੇਂ ਨਹਿਰੂ ਦੀ ਜੇਲ੍ਹ ਵਿਚੋਂ ਕੁੱਬੇ ਹੋ ਕੇ ਆਏ ਬਾਬਾ ਸੋਹਣ ਸਿੰਘ ਭਕਨਾ ਨੇ ਕਿਹਾ ਸੀ ਕਿ ਅੰਗਰੇਜ਼ ਤਾਂ ਉਨ੍ਹਾਂ ਨੂੰ ਸਾਰੀ ਉਮਰ ਝੁਕਾ ਨਾ ਸਕੇ, 'ਆਪਣੀ' ਸਰਕਾਰ ਨੇ ਝੁਕਾ (ਕੁੱਬੇ ਕਰ) ਦਿੱਤਾ। ਉਵੇਂ ਹੀ ਬਾਬੇ ਦਾ ਪ੍ਰਸੰਗ ਹੈ। ਬਾਬੇ ਨੂੰ ਇਸ ਹੋਣੀ ਬਾਰੇ ਪੂਰਾ ਇਲਮ ਸੀ। ਉਸ ਨੂੰ ਪਤਾ ਸੀ, ਉਹ ਕੀ ਕਰ ਰਿਹਾ ਹੈ ਅਤੇ ਉਸ ਨੂੰ ਇਸ ਦੀ ਕੀ ਕੀਮਤ ਤਾਰਨੀ ਪੈਣੀ ਹੈ। ਇਸੇ ਲਈ ਜਦੋਂ ਸਰਕਾਰ ਵੱਲੋਂ ਉਸ ਨੂੰ ਮਾਰਨ ਦਾ ਫ਼ੈਸਲਾ ਕਰ ਲੈਣ ਦੀ ਸੂਹ ਮਿਲਦੀ ਹੈ ਤਾਂ ਸਾਥੀਆਂ ਵੱਲੋਂ ਉਸ ਨੂੰ ਉਹ ਇਲਾਕਾ ਛੱਡ ਕੇ ਇਧਰ-ਉਧਰ ਹੋ ਜਾਣ ਲਈ ਦਿੱਤੀ ਹੋਈ ਸਲਾਹ ਰੱਦ ਕਰਦਿਆਂ ਉਹਨੇ ਕਿਹਾ ਕਿ ਜਿਨ੍ਹਾਂ ਮੁੰਡਿਆਂ ਨੂੰ ਉਹ ਇਨਕਲਾਬ ਲਈ ਤਿਆਰ ਕਰ ਗਿਆ ਹੈ, ਉਨ੍ਹਾਂ ਨੂੰ ਏਦਾਂ ਮੈਦਾਨ ਵਿਚ ਛੱਡ ਕੇ ਨਹੀਂ ਜਾਵੇਗਾ। ਉਹ ਕੀ ਸੋਚਣਗੇ ਕਿ ਭੀੜ ਪਈ ਤਾਂ ਲਾਂਭੇ ਹੋ ਗਿਆ।...ਸਾਬਤ ਕਦਮੀਂ ਤੁਰਨ ਦਾ ਇਹ ਜਲੌਅ ਬਾਬਾ ਬੂਝਾ ਸਿੰਘ ਦੇ ਹਿੱਸੇ ਆਇਆ ਹੈ ਅਤੇ ਇਹ ਕੁਰਬਾਨੀ ਇਨਕਲਾਬਪਸੰਦਾਂ ਨੂੰ ਪ੍ਰੇਰਦੀ ਰਹੇਗੀ। ਬਖ਼ਸ਼ਿੰਦਰ ਦੀ ਇਹ ਫ਼ਿਲਮ 'ਬਾਬਾ ਇਨਕਲਾਬ ਸਿੰਘ' ਇਸ ਪ੍ਰੇਰਨਾ ਨੂੰ ਨਵੀਂ ਪੀੜ੍ਹੀ ਤੱਕ ਅਪੜਾਉਣ ਦਾ ਜ਼ਰੀਆ ਬਣੇਗੀ।

*-ਜਸਵੀਰ ਸਮਰ*

## ਜਸਬੀਰ ਜੱਸੀ ਦੀ ਪੰਜਾਬੀ ਫ਼ਿਲਮ 'ਖ਼ੁਸ਼ੀਆਂ'



ਹਾਲੀਵੁੱਡ ਦੇ ਫ਼ਿਲਮ ਨਿਰਦੇਸ਼ਕ ਤਰਲੋਕ ਮਲਿਕ ਪੰਜਾਬੀ ਫ਼ਿਲਮ 'ਖ਼ੁਸ਼ੀਆਂ' ਦਾ ਨਿਰਮਾਣ ਕਰ ਰਹੇ ਹਨ। ਮਲਿਕ ਨੇ ਆਪਣੀ ਇਸ ਫ਼ਿਲਮ ਦੀ ਸ਼ੂਟਿੰਗ ਕੁਝ ਦਿਨ ਪਹਿਲਾਂ ਹੀ ਪੰਜਾਬ ਤੇ ਅਮਰੀਕਾ ਦੀਆਂ ਖ਼ੂਬਸੂਰਤ ਥਾਵਾਂ 'ਤੇ ਮੁਕੰਮਲ ਕੀਤੀ ਹੈ। ਨਿਰਮਾਤਾ ਦਰਸ਼ਨ ਗਰਗ, ਡੀ. ਪੀ. ਗੋਇਲ ਤੇ ਪਰਦੀਪ ਬਾਂਸਲ ਵਲੋਂ ਘਨੂਈਆ ਫ਼ਿਲਮ ਪ੍ਰੋਡਕਸ਼ਨ ਦੇ ਬੈਨਰ ਹੇਠ ਮੁਕੰਮਲ ਕੀਤੀ ਗਈ ਫ਼ਿਲਮ 'ਚ 'ਦਿਲ ਲੈ ਗਈ ਕੁੜੀ ਗੁਜਰਾਤ ਦੀ' ਵਾਲੇ ਪੰਜਾਬੀ ਗਾਇਕ ਜੱਸੀ ਗੁਰਦਾਸਪੁਰੀਏ ਨੇ ਬਤੌਰ ਨਾਇਕ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਹੈ। ਉਸ ਨਾਲ ਬਾਲੀਵੁੱਡ ਅਦਾਕਾਰਾ ਟਿਸਕਾ ਚੋਪੜਾ 'ਤਾਰੇ ਜ਼ਮੀਨ ਪੇ ਫੇਮ' ਨਾਇਕਾ ਵਜੋਂ ਪਹਿਲੀ ਵਾਰ ਪੰਜਾਬੀ ਫ਼ਿਲਮ ਵਿਚ ਨਜ਼ਰ ਆਵੇਗੀ।

ਨਿਰਦੇਸ਼ਕ ਮਲਿਕ ਨੇ ਦੱਸਿਆ ਕਿ ਉਨ੍ਹਾਂ ਦਾ ਸੰਬੰਧ ਪੰਜਾਬ ਨਾਲ ਹੈ ਪਰ ਉਹ ਲੰਮੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ। ਹਾਲੀਵੁੱਡ 'ਚ ਰਹਿੰਦਿਆਂ ਉਹ ਜਿਥੇ ਕਈ ਫ਼ਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਹਨ, ਉਥੇ ਬਤੌਰ ਅਦਾਕਾਰ ਵੀ ਦਰਜਨਾਂ ਫ਼ਿਲਮਾਂ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਪਣੇ ਭਾਸ਼ਾਈ ਸਿਨੇਮਾ ਨੂੰ ਉਚਾ ਚੁੱਕਣ ਦੀ ਦਿਲੀ ਇੱਛਾ ਨਾਲ ਹੀ ਉਹ ਇਸ ਫ਼ਿਲਮ ਦਾ ਨਿਰਮਾਣ ਕਰ ਰਹੇ ਹਨ। ਬਾਲੀਵੁੱਡ ਤੇ ਹਾਲੀਵੁੱਡ ਦੀਆਂ ਆਧੁਨਿਕ ਤਕਨੀਕਾਂ ਨਾਲ ਬਣਾਈ ਜਾ ਰਹੀ ਫ਼ਿਲਮ 'ਖ਼ੁਸ਼ੀਆਂ' ਪੰਜਾਬੀ ਸਿਨੇਮੇ ਦੀਆਂ ਕਈ ਮਿੱਥਾਂ ਤੋੜਦੀ ਹੋਈ ਇਸ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰੇਗੀ।

ਕਲਾ ਨਿਰਦੇਸ਼ਕ ਤੀਰਥ ਸਿੰਘ ਗਿੱਲ ਨੇ ਦੱਸਿਆ ਕਿ ਇਸ ਫ਼ਿਲਮ ਦੇ ਜ਼ਰੀਏ ਲੋਕਾਂ ਨੂੰ ਤਿੰਨ ਚਾਰ ਦਹਾਕੇ ਪਹਿਲਾਂ ਦੇ ਪੇਂਡੂ ਮਾਹੌਲ, ਆਪਸੀ ਭਾਈਚਾਰੇ ਦੀ ਮੂੰਹ ਬੋਲਦੀ ਤਸਵੀਰ ਦੇ ਦਰਸ਼ਨ ਵੀ ਕਰਵਾਏ ਜਾਣਗੇ।

ਗਾਇਕ ਜਸਬੀਰ ਜੱਸੀ ਇਸ ਫ਼ਿਲਮ 'ਚ ਰਾਜ ਨਾਂ ਦੇ ਨੌਜਵਾਨ ਦੀ ਭੂਮਿਕਾ ਨਿਭਾ ਰਿਹਾ ਹੈ ਜੋ ਆਪਣੇ ਮਨ ਦੀਆਂ ਸਧਰਾਂ ਪੂਰੀਆਂ ਕਰਨ ਲਈ ਆਪਣੇ ਪਰਿਵਾਰ ਤੋਂ ਦੂਰ ਵਿਦੇਸ਼ ਜਾਂਦਾ ਹੈ। ਫ਼ਿਲਮ ਦੀ ਨਾਇਕਾ ਟਿਸਕਾ ਚੋਪੜਾ ਪਹਿਲੀ ਵਾਰ ਪੰਜਾਬੀ ਫ਼ਿਲਮ 'ਚ ਕੰਮ ਕਰਕੇ ਬੇਹੱਦ ਖ਼ੁਸ਼ੀ ਮਹਿਸੂਸ ਕਰ ਰਹੀ ਹੈ। ਉਹ ਇਸ ਫ਼ਿਲਮ 'ਚ ਜੂਹੀ ਨਾਂ ਦੀ ਲੜਕੀ ਦਾ ਕਿਰਦਾਰ ਨਿਭਾ ਰਹੀ ਹੈ ਜੋ ਅਮਰੀਕਾ 'ਚ ਰਹਿੰਦੀ ਹੈ ਅਤੇ ਉਸ ਨੂੰ ਫ਼ਿਲਮ ਦੇ ਨਾਇਕ ਰਾਜ ਨਾਲ ਮੋਹ ਹੋ ਜਾਂਦਾ ਹੈ।

ਕਈ ਐਵਾਰਡ ਜਿੱਤਣ ਵਾਲੀ ਪੰਜਾਬੀ ਫ਼ਿਲਮ 'ਚੰਨ ਪ੍ਰਦੇਸੀ' ਤੋਂ ਬਾਅਦ ਇਸ ਫ਼ਿਲਮ 'ਚ ਕਲਭੂਸ਼ਨ ਖਰਬੰਦਾ ਅਤੇ ਰਮਾਵਿਜ ਦੀ ਜੋੜੀ ਨੂੰ ਮੁੜ ਪਰਦੇ 'ਤੇ ਪੇਸ਼ ਕੀਤਾ ਜਾਵੇਗਾ। ਆਪਣੀ ਦਮਦਾਰ ਆਵਾਜ਼ ਅਤੇ ਅਦਾਕਾਰੀ ਨਾਲ ਜਾਣੇ ਜਾਂਦੇ ਦੀਪ ਢਿੱਲੋਂ ਇਸ ਫ਼ਿਲਮ 'ਚ ਪਿੰਡ ਦੇ ਜ਼ਿਮੀਂਦਾਰ ਦਾ ਕਿਰਦਾਰ ਨਿਭਾਅ ਰਹੇ ਹਨ।

ਵਿਵੇਕ ਸ਼ੌਕ ਅਤੇ ਗੁਰਪ੍ਰੀਤ ਘੁੱਗੀ ਦੀ ਜੋੜੀ ਆਪਣੀ ਕਾਮੇਡੀ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਵੇਗੀ। ਫ਼ਿਲਮ ਦੀ ਕਹਾਣੀ ਰਾਜਨ ਤੇ ਤਰਲੋਕ ਮਲਿਕ ਵਲੋਂ ਲਿਖੀ ਗਈ ਹੈ। ਗੀਤ ਕੁਮਾਰ ਅਤੇ ਜੱਗੀ ਸਿੰਘ ਦੇ ਲਿਖੇ ਹਨ, ਜਿਨ੍ਹਾਂ ਨੂੰ ਆਵਾਜ਼ ਜਸਬੀਰ ਜੱਸੀ, ਸਰਦੂਲ ਸਿਕੰਦਰ, ਜੱਗੀ ਸਿੰਘ ਨੇ ਦਿੱਤੀ ਹੈ। ਫ਼ਿਲਮ 'ਚ ਜਗਜੀਤ ਸਿੰਘ ਦੀ ਆਵਾਜ਼ ਵਿਚ ਇਕ ਸ਼ਬਦ ਵੀ ਗਾਇਆ ਗਿਆ ਹੈ। ਫ਼ਿਲਮ ਦਾ ਮਿਊਜ਼ਿਕ ਜੈ ਦੇਵ ਕੁਮਾਰ ਨੇ ਤਿਆਰ ਕੀਤਾ ਹੈ। ਆਰਟ ਡਾਇਰੈਕਟਰ ਤੀਰਥ ਸਿੰਘ ਗਿੱਲ ਹਨ। ਫ਼ਿਲਮ ਦੇ ਕੈਮਰਾਮੈਨ ਨਦਦੀਪ ਖ਼ਾਨ ਹਨ। ਇਹ ਫ਼ਿਲਮ ਜਲਦ ਹੀ ਰਿਲੀਜ਼ ਹੋਵੇਗੀ।


gPunjab
News Channel for Global Punjabis
NEWS BULLETINS
SPECIAL SHOWS
Programing Highlights
News
Views
Interviews
Panel Discussions
Talk Shows
Features
ਖਬਰ ਪੰਜਾਬ
Khabar Punjab
News from Punjab
ਪਿੰਡ ਗਲੋਬ
Pind Globe
Panel discussion on Punjabi Diaspora issues
ਖਬਰ ਇੰਡੀਆ
Khabar India
India's National News Bulletin
ਸਿੱਧੂ ਸ਼ੋਅ
Sidhu Show
Walk the talk by GS Sidhu
ਵੈਸਟਰਨ ਟਾਈਮ
Western Times
News from North America
ਬੌਲੀਵੁੱਡ ਐਕਸਪ੍ਰੈਸ
BOX OFFICE
Bollywood Express
News from Bollywood
Available only on:
DishNetwork on Channel no. 621
Call to subscribe 1 888 723 0195
CORPORATE OFFICE: 5160 Explorer Drive, Unit # 29, Mississauga, ON, L4W 4T7
US OFFICE: 1979, Marcus Ave, Suite 210, Lake Success, New York 11042
www.gpunjabtv.com | Toll Free: 1 877 321 1331

# DR. HARMESH KUMAR OF SABH FOUNDATION PROUDLY PRESENTS






*Bhangra King Gurdas Maan*

*Gurdas Maan 's name is almost synonymous with Bhangra. No wonder he is known as "Bhangra King "*

**GRAND SPONSORS**

**TAJ RANDHAWA**
Commercial Realtor-RemaxGold
for all your Commercial/Business
Needs to buy or sell
(LIC # 01495361)
559-259-4247

**VOHRA BROTHERS**
Fast n Esy Group
(Gas Station/Liquor Stores)
Viney Vohra
559-213-0462
Vikram Vohra
559-213-0459

**SPONSORED & SUPPORTED BY:**

Dr. Kuldip Thusu
Dr. Pedro Eva
Dr. Paramjit Sandhu
Paul Dhaliwal
Amrit Dhaliwal
Mickey Sra
Taj Mahal Photography
Sukhbir Bhandal
Remax Gold
Jim Muller (Borrego Springs Bank)
TJ (Express Graphics)
Jaswinder Singh
(New India Sweets & Spices)
Paul Sihota (Royal Express)
Nijjar Brothers (Madera)
Pritam Pasla (Liquor King)
Avtar Gill & Harry Gill
(Gill Insurance)
Realty World
(Dany Singh & Harpreet Bali)
Sudarshan Sharma
Royal India Market &
Royal Fabrics
Pritam Gill (A-1 Realty)
Balraj Brar
Charanjit Bath

**MARKETING CONSULTANT**

Jai Singh

# Saroyan Theatre

**700 M Street • Fresno, CA 93721**

## Saturday August 28, 2010 at 7:30 PM

## Fundraiser show for South Asian Seniors Home

**For Sponsorship, Tickets and other Info. Call:**
**Dr. Harmesh Kumar: 408-821-9325, Taj Randhawa: 559-259-4247,**
**Viney Vohra: 559-213-0462, Dilbag Banger: 559-940-2500,**
**Sukhi Gill: 559-472-8680, Aditi Khullar: 510-610-0750**

Attorney **Harjot Ginny Walia**, Legal Advisor for Gurdas Maan, Tel: (800)-598-0716

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**
CA DRE Lic.#01180969

# Short Sale Specialist

## We can sell your house in short sale at no cost to you.

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 Bedrooms, 2 Full Bath, 2 Car Garage
1464 sq ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




**1802 Picasso Way Stockton, CA 95206**
3 Bedrooms, 3 Baths, 2 Car Garage




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.